ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

# JAGAT GURU NANAK DEV
# PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

## The Motto of the University
## (SEWA)

SKILL ENHANCEMENT EMPLOYABILITY WISDOM ACCESSIBILITY




# M.A (PUNJABI)
# SEMESTER-I

## (PBIM21104T)
## ਚੌਥਾ ਪਰਚਾ : ਲੋਕਧਾਰਾ ਵਿਗਿਆਨ ਅਤੇ ਪੰਜਾਬੀ ਲੋਕਧਾਰਾ

ADDRESS: C/28, The Lower Mall, Patiala-147001
WEBSITE: www.psou.ac.in

SELF-INSTRUCTIONAL STUDY MATERIAL FOR JGND PSOU, ALL COPYRIGHTS WITH JGND PSOU, PATIALA

# JAGAT GURU NANAK DEV

# PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**

**PROGRAM COORDINATOR:**

**DR. AMARJIT SINGH**

**ASSISTANT PROFESSOR IN PUNJABI**

**COURSE COORDINATOR AND EDITOR:**

**MR. SARVARINDER SINGH**

**ASSISTANT PROFESSOR IN PUNJABI**

JAGAT GURU NANAK DEV

PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. G.S Batra

Dean Academic Affairs

# M.A (PUNJABI)
## (ਸਮੈਸਟਰ-ਪਹਿਲਾ)

## ਚੌਥਾ ਪਰਚਾ : ਲੋਕਧਾਰਾ ਵਿਗਿਆਨ ਅਤੇ ਪੰਜਾਬੀ ਲੋਕਧਾਰਾ

ਕੁੱਲ ਅੰਕ : 100
ਬਾਹਰੀ ਮੁਲਾਂਕਣ:70
ਅੰਦਰੂਨੀ ਮੁਲਾਂਕਣ:30
ਪਾਸ: 40%
ਕ੍ਰੈਡਿਟ:4

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਲੋਕਧਾਰਾ ਵਿਗਿਆਨ ਅਤੇ ਪੰਜਾਬੀ ਲੋਕਧਾਰਾ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਲੋਕਧਾਰਾ ਵਿਗਿਆਨ ਅਤੇ ਪੰਜਾਬੀ ਲੋਕਧਾਰਾ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਲੋਕਧਾਰਾ ਵਿਗਿਆਨ ਅਤੇ ਪੰਜਾਬੀ ਲੋਕਧਾਰਾ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

INSTRUCTIONS FOR THE PAPER SETTER/EXAMINER:

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

INSTRUCTIONS FOR THE CANDIDATES:

Candidates are required to attempt any two questions each from the sections A, and B of the question paper, and any ten short answer questions from Section C. They have to attempt questions only at one place and only once. Second or subsequent attempts, unless the earlierones have been crossed out, shall not be evaluated.

**ਭਾਗ ੳ**- ਲੋਕਧਾਰਾ: ਪਰਿਭਾਸ਼ਾ ਤੇ ਪ੍ਰਕਿਰਤੀ, ਲੋਕਧਾਰਾ ਅਧਿਐਨ ਦਾ ਵਿਸ਼ਾ ਖੇਤਰ
ਲੋਕਧਾਰਾ ਅਤੇ ਆਧੁਨਿਕਤਾ, ਲੋਕਧਾਰਾ ਅਤੇ ਸੰਚਾਰ ਮਾਧਿਅਮ

**ੳ**.1 ਲੋਕ ਸਾਹਿਤ:(ਸੰਕਲਪ, ਮੁੱਖ ਵੰਨਗੀਆਂ)
**ੳ**.2 ਸਾਹਿਤ ਅਤੇ ਲੋਕ ਸਾਹਿਤ : ਅੰਤਰ ਨਿਖੇੜਾ

**ਭਾਗ ਅ**- ਪੰਜਾਬੀ ਲੋਕਧਾਰਾ : ਲੋਕ ਵਿਸ਼ਵਾਸ ਤੇ ਰਹੁ-ਰੀਤਾਂ, ਲੋਕ ਧਰਮ, ਲੋਕ ਕਲਾਵਾਂ,ਲੋਕ ਗੀਤ/ਲੋਕ ਕਹਾਣੀ ਦਾ ਵਿਹਾਰਕ ਅਧਿਐਨ : ਲੋਕ ਰੰਗ (ਸੰਪਾ. ਸਤਿੰਦਰ ਔਲਖ, ਗੁਰਮੀਤ ਸਿੰਘ), ਪ੍ਰਕਾਸ਼ਕ : ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੁਸਤਕ ਦੇ ਆਧਾਰ *ਤੇ )

**ਅ.1** ਪੰਜਾਬੀ ਲੋਕਧਾਰਾ : ਲੋਕ ਵਿਸ਼ਵਾਸ ਤੇ ਰਹੁ-ਰੀਤਾਂ : ਮੁੱਢਲੀ ਪਛਾਣ-ਰਾ: ਪਰਿਭਾਸ਼ਾ ਤੇ ਪ੍ਰਕਿਰਤੀ ਅਤੇ ਲੋਕਧਾਰਾ ਅਧਿਐਨ ਦਾ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਲੋਕ ਸਾਹਿਤ ਦੀ ਵਿਆਖਿਆ।
3. ਭਾਗ ੳ.2 ਸਾਹਿਤ ਅਤੇ ਲੋਕ ਸਾਹਿਤ : ਅੰਤਰ ਨਿਖੇੜ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਵਿੱਚੋਂ ਸਾਹਿਤ ਅਤੇ ਲੋਕ ਸਾਹਿਤ ਦੇ ਵਿਕਾਸ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਲੋਕਧਾਰਾ: ਪਰਿਭਾਸ਼ਾ ਤੇ ਪ੍ਰਕਿਰਤੀ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਵਿਹਾਰਕ ਅਧਿਐਨ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

ਅੰਦਰੂਨੀ ਮੁਲਾਂਕਣ 30 ਅੰਕ

ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਲੋਕਧਾਰਾ: ਪਰਿਭਾਸ਼ਾ ਤੇ ਪ੍ਰਕਿਰਤੀ, ਸਾਹਿਤ ਅਤੇ ਲੋਕ ਸਾਹਿਤ ਦੀ ਪ੍ਰਕਿਰਤੀ ਅਤੇ ਵਿਹਾਰਕ ਅਧਿਐਨ ਵਾਲੇ ਭਾਗ ਨਾਲ, ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ 'ਤੇ ਅਧਾਰਿਤ ਹੋਣਗੇ।

## ਸਹਾਇਕ ਪਾਠ-ਸਮੱਗਰੀ

| **ਲੇਖਕ** | **ਸ਼ਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਕਰਨੈਲ ਸਿੰਘ ਥਿੰਦ | 2000 | ਲੋਕਧਾਰਾ ਅਤੇ ਪੰਜਾਬੀ ਲੋਕਧਾਰਾ | ਗੁ.ਨਾ.ਦੇ.ਯੂਨੀਵਰਸਿਟੀ |
| ਗੁਰਬਖਸ਼ ਸਿੰਘ ਫ਼ਰੈਕ | 1998 | ਸਭਿਆਚਾਰ ਅਤੇ ਪੰਜਾਬੀ ਸਭਿਆਚਾਰ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਦਵਿੰਦਰ ਵਿਦਿਆਰਥੀ | 2014 | ਗਿੱਧਾ | ਰਵੀ ਸਾਹਿਤ ਪ੍ਰਕਾਸ਼ਨ |

**ਸੰਬੰਧਿਤ ਪੁਸਤਕਾਂ**

| **ਲੇਖਕ** | **ਸ਼ਾਲ** | **ਸਿਰਲੇਖ** | **ਪਬਲਿਸ਼ਰ** |
|---|---|---|---|
| ਜੋਗਿੰਦਰ ਸਿੰਘ ਕੈਰੋਂ | 1950 | ਲੋਕਧਾਰਾ ਅਧਿਐਨ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਗੁਰਮੀਤ ਸਿੰਘ | 1966 | ਲੋਕਧਾਰਾ ਦੇ ਕੁਝ ਪੱਖ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

**M.A (PUNJABI)**
(ਸਮੈਸਟਰ-ਪਹਿਲਾ)

# ਚੌਥਾ ਪਰਚਾ : ਲੋਕਧਾਰਾ ਵਿਗਿਆਨ ਅਤੇ ਪੰਜਾਬੀ ਲੋਕਧਾਰਾ

## SECTION A

## Table of Contents


| Sr. No. | UNIT NAME | Page No. |
|---|---|---|
| Unit 1 | ਲੋਕਧਾਰਾ: ਪਰਿਭਾਸ਼ਾ ਤੇ ਪ੍ਰਕਿਰਤੀ | 9-27 |
| Unit 2 | ਲੋਕਧਾਰਾ ਅਧਿਐਨ ਦਾ ਵਿਸ਼ਾ ਖੇਤਰ | 28-36 |
| Unit 3 | ਲੋਕਧਾਰਾ ਅਤੇ ਆਧੁਨਿਕਤਾ | 37-56 |
| Unit 4 | ਲੋਕਧਾਰਾ ਅਤੇ ਸੰਚਾਰ ਮਾਧਿਅਮ | 57-66 |
| Unit 5 | ਲੋਕ ਸਾਹਿਤ:(ਸੰਕਲਪ, ਮੁੱਖ ਵੰਨਗੀਆਂ) | 67-74 |


SECTION B


| | | |
|---|---|---|
| Unit 6 | ਪੰਜਾਬੀ ਲੋਕਧਾਰਾ : ਲੋਕ ਵਿਸ਼ਵਾਸ ਤੇ ਰਹੁ-ਰੀਤਾਂ, ਲੋਕ ਧਰਮ, ਲੋਕ ਕਲਾਵਾਂ,ਲੋਕ ਗੀਤ/ਲੋਕ ਕਹਾਣੀ ਦਾ ਵਿਹਾਰਕ ਅਧਿਐਨ : ਲੋਕ ਰੰਗ(ਸੰਪਾ. ਸਤਿੰਦਰ ਔਲਖ, ਗੁਰਮੀਤ ਸਿੰਘ), ਪ੍ਰਕਾਸ਼ਕ : ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੁਸਤਕ ਦੇ ਆਧਾਰ *ਤੇ ) | 75-99 |
| Unit 7 | ਪੰਜਾਬੀ ਲੋਕਧਾਰਾ : ਲੋਕ ਵਿਸ਼ਵਾਸ ਤੇ ਰਹੁ-ਰੀਤਾਂ : ਮੁਢਲੀ ਪਛਾਣ | 100-103 |
| Unit 8 | ਵਿਹਾਰਕ ਅਧਿਐਨ<br>ਲੋਕ ਧਰਮ, ਲੋਕ ਕਲਾਵਾਂ | 104-107 |
| Unit 9 | ਲੋਕ ਗੀਤ ਦਾ ਵਿਹਾਰਕ ਅਧਿਐਨ | 100-113 |
| Unit 10 | ਲੋਕ ਕਹਾਣੀ ਦਾ ਵਿਹਾਰਕ ਅਧਿਐਨ | 114-134 |

# ਲੋਕਧਾਰਾ: ਪਰਿਭਾਸ਼ਾ ਤੇ ਪ੍ਰਕਿਰਤੀ

**ਲੋਕਧਾਰਾ** (ਅੰਗਰੇਜ਼ੀ: 'folklore') ਕਿਸੇ ਲੋਕ ਭਾਈਚਾਰੇ ਵਿੱਚ ਪ੍ਰਵਾਹਮਾਨ ਲੋਕ ਗੀਤਾਂ, ਲੋਕ ਸੰਗੀਤ, ਲੋਕ-ਨਾਚ, ਮਿਥਾਂ, ਲੋਕ ਕਹਾਣੀਆਂ, ਦੰਦ ਕਥਾਵਾਂ, ਜ਼ਬਾਨੀ ਇਤਿਹਾਸ , ਕਹਾਵਤਾਂ, ਵਿਅੰਗ, ਬੁਝਾਰਤਾਂ, ਲੋਕ ਧਰਮ, ਲੋਕ ਵਿਸ਼ਵਾਸ, ਜਾਦੂ-ਟੂਣੇ, ਵਹਿਮ-ਭਰਮ, ਲੋਕ ਸਾਜ਼, ਸੰਦ, ਬਰਤਨ ਭਾਂਡੇ ਅਤੇ ਲੋਕ ਹਥਿਆਰਾਂ ਆਦਿ ਦਾ ਇੱਕ ਜਟਿਲ ਤਾਣਾ ਬਾਣਾ ਹੁੰਦਾ ਹੈ। ਇਸ ਨੂੰ ਅਸੀਂ ਚਾਰ ਵੰਨਗੀਆਂ ਵਿੱਚ ਵੰਡਦੇ ਹਾਂ। [1]

## ਲੋਕਧਾਰਾ ਦੀ ਪਰਿਭਾਸ਼ਾ

ਅੱਜ ਦੇ ਬਹੁਤ ਤੇਜ਼ੀ ਨਾਲ ਬਦਲ ਰਹੇ ਸਮੇਂ ਵਿੱਚ ਮਨੁੱਖ ਸੌਖ ਪਸੰਦੀ ਵਾਲੀ ਜੀਵਨ ਸ਼ੈਲੀ ਨੂੰ ਅਪਣਾ ਰਹੇ ਹਨ। ਇਸ ਅਪਣਾਉਣ ਦੇ ਵਿਚੋਂ ਉਨ੍ਹਾਂ ਦੀ ਪਰੰਪਰਾ ਦੇ ਨਾਲ ਜੁੜਿਆ ਬਹੁਤ ਕੁਝ ਛੁਟ ਰਿਹਾ ਹੈ। ਇਸ ਹੇਰਵੇ ਦੇ ਅਧੀਨ ਆਪਣੀ ਵਿਰਾਸਤ ਦੀ ਸੰਭਾਲ ਕਿਤਾਬਾਂ, ਕੈਸਟਾਂ ਅਤੇ ਸੀ.ਡੀ. ਆਦਿ ਦੀ ਵਰਤੋਂ ਰਾਹੀਂ ਸਾਂਭਣ ਦੀ ਕੋਸ਼ਿਸ਼ ਕਰਦੇ ਹਨ। 'ਲੋਕਧਾਰਾ ਅਜਿਹਾ ਹੀ ਅਨੁਸ਼ਾਸ਼ਨ ਹੈ, ਜਿਸਦੀ ਕੋਈ ਇੱਕ ਪਰਿਭਾਸ਼ਾ ਨਿਸ਼ਚਿਤ ਨਹੀਂ ਕੀਤੀ ਜਾ ਸਕੀ ਹੈ।

ਲੋਕਧਾਰਾ ਅੰਗਰੇਜ਼ੀ ਦੇ ਸ਼ਬਦ **"ਫੋਕਲੋਰ"** ਦਾ ਸਮਾਨਾਰਥਕ ਹੈ। 'ਫੋਕਲੋਰ` ਸ਼ਬਦ ਦੀ ਪਹਿਲੀ ਵਾਰ ਵਰਤੋਂ 1846 ਈ. ਵਿੱਚ ਇੱਕ ਅੰਗਰੇਜ਼ੀ ਵਿਦਵਾਨ '**ਵਿਲੀਅਮ ਜਾਨ ਥਾਮਸ'** ਨੇ ਕੀਤੀ। ਇੱਕ ਗਿਆਨ ਦੇ ਨਵੇਂ ਖੇਤਰ ਦੇ ਰੂਪ ਵਿੱਚ ਲੋਕਧਾਰਾ ਦਾ ਉਦਗਮ ਜਰਮਨ ਭਰਾਵਾਂ "ਜੈਕੁਬ ਅਤੇ ਵਿਲੀਅਮ ਗਰਿਮ" ਦੁਆਰਾ ਮੌਖਿਕ ਬਿਰਤਾਂਤਾਂ ਦੇ ਇਕੱਤਰੀਕਰਨ, ਸੰਕਲਨ ਅਤੇ ਮਿਥਿਹਾਸ ਦੇ ਅਧਿਐਨ ਤੇ ਆਧਾਰਿਤ ਪ੍ਰਭਾਵਸ਼ਾਲੀ ਪੁਸਤਕਾਂ ਦੀ ਪ੍ਰਕਾਸ਼ਨਾਂ ਨਾਲ ਹੋਇਆ। ਉਨੀਵੀਂ ਸਦੀ ਵਿੱਚ ਪੱਛਮ ਵਿੱਚ ਲੋਕਧਾਰਾ ਅਧਿਐਨ ਲਈ ਵਿਭਿੰਨ ਅਧਿਐਨ ਪ੍ਰਣਾਲੀਆਂ ਦਾ ਵਿਕਾਸ ਹੋਣਾ ਆਰੰਭ ਹੋ ਗਿਆ।[2] ਪੰਜਾਬੀ ਵਿੱਚ ਫੋਕਲੋਰ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਬਾਵਾ ਬੁੱਧ ਸਿੰਘ ਨੇ ਕੀਤੀ। ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ ਰਾਜਾ ਰਸਾਲੂ ਵਿੱਚ ਬਾਵਾ ਬੁੱਧ ਸਿੰਘ ਨੇ 'ਫੋਕਲੋਰ` ਸ਼ਬਦ ਦੀ ਵਰਤੋਂ ਕੀਤੀ, ਇੱਕ ਵਾਰ ਤਾਂ ਫੋਕਲੋਰ ਨੂੰ ਤਤਸਮ ਰੂਪ ਵਿੱਚ ਹੀ ਵਰਤ ਕੇ ਕੰਮ ਸਾਰ ਲਿਆ ਹੈ। ਪਰ ਦੂਜੀ ਤੇ ਤੀਜੀ ਵਾਰ ਫੋਕਲੋਰ ਦਾ ਪੰਜਾਬੀ ਅਨੁਵਾਦ "ਕਹਾਣੀ" ਕੀਤਾ।[3] **"ਇਨਸਾਈਕਲੋਪੀਡੀਆ ਬ੍ਰਿਟੇਨਕਾ"** ਦੇ ਅਨੁਸਾਰ, ਫੋਕਲੋਰ ਆਮ ਲੋਕਾਂ ਦੇ ਉਹ ਪਰੰਪਰਾਗਤ ਵਿਸ਼ਵਾਸਾਂ, ਵਹਿਮਾਂ-ਭਰਮਾਂ, ਸ਼ਿਸ਼ਟਾਚਾਰਾਂ, ਰਸਮਾਂ-ਰੀਤਾਂ ਤੇ ਕਰਮ-ਕਾਂਡਾਂ ਦਾ ਸੋਮਾ ਹੈ। ਜਿਹੜੇ ਆਦਿ ਕਾਲ ਤੋਂ ਚਲੇ ਆ ਰਹੇ ਹਨ ਅਤੇ ਸਮਕਾਲੀ ਗਿਆਨ ਤੇ ਧਰਮ ਦੇ ਸਥਾਪਿਤ ਪੈਟਰਨਾਂ ਤੋਂ ਬਾਹਰ ਵੀ ਖੰਡਿਤ, ਸੁਧਰੇ ਪਰ ਨਿਸਬਤਨ ਬਦਲਦੇ ਰੂਪ ਵਿੱਚ ਆਧੁਨਿਕ ਯੁਗ ਤੀਕ ਵੀ ਹੋਂਦ ਕਾਇਮ ਕਰਦੇ ਹਨ। ਡਾ. ਭੁਪਿੰਦਰ ਸਿੰਘ ਖਹਿਰਾ ਅਨੁਸਾਰ, "ਸਮੇਂ ਸਥਾਨ ਤੇ ਸਨਮੁਖ ਪਰਿਸਥਿਤੀਆਂ ਦੇ ਪ੍ਰਸੰਗ ਵਿੱਚ ਲੋਕ ਸਮੂਹ ਦੀ ਸਭਿਆਚਾਰਕ ਸੋਚਣੀ ਦਾ ਵਿਅਕਤ ਰੂਪ ਹੀ ਲੋਕਧਾਰਾ ਹੈ। ਇਸ ਪ੍ਰਗਟਾਅ ਲਈ ਵਰਤੀ ਗਈ ਸਮੱਗਰੀ ਅਤੇ ਮਾਧਿਅਮ ਦੀ ਕਿਸਮ ਲੋਕਧਾਰਾ ਦੇ ਵਿਭਿੰਨ ਰੂਪਾਂ ਨੂੰ ਨਿਰਧਾਰਿਤ ਕਰਦੀ ਹੈ। ਜਿਵੇਂ ਉਚਾਰ ਤੇ ਸੰਗੀਤ ਦੇ

ਮਾਧਿਅਮ ਦੇ ਸੁਮੇਲ ਤੋਂ ਲੋਕਗੀਤ ਬਣਦਾ ਉਚਾਰ ਤੇ ਬਿਰਤਾਂਤ ਤੋਂ ਕਥਾ, ਕਥ ਤੇ ਕਾਰਜ ਤੋਂ ਰੀਤ ਸਭਿਆਚਾਰਕ ਸਥਾਪਨਾਵਾਂ ਤੋਂ ਲੋਕ-ਵਿਸ਼ਵਾਸ ਅਤੇ ਭਾਸ਼ਾ ਦੀ ਵਰਤੋਂ ਨਾਲ ਲੋਕ-ਸਾਹਿਤ, ਧਾਗੇ ਦੀ ਵਰਤੋਂ ਨਾਲ ਕਸੀਦਾਕਾਰੀ ਆਦਿ ਬਣਦਾ ਹੈ।"[4]

## ਲੱਛਣ

ਲੋਕਧਾਰਾ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦੀ ਤਰ੍ਹਾਂ ਹੀ ਇਸ ਦੇ ਲੱਛਣਾਂ ਨੂੰ ਨਿਸ਼ਚਿਤ ਕਰਨਾ ਆਸਾਨ ਨਹੀਂ ਹੈ। ਵਿਦਵਾਨਾਂ ਦੁਆਰਾ ਪ੍ਰਵਾਨ ਕੀਤੇ ਜਾਂਦੇ ਕੁਝ ਮੁੱਖ ਲੱਛਣ ਇਸ ਤਰ੍ਹਾਂ ਹਨ:

### ਪਰੰਪਰਾ

ਪਰੰਪਰਾ ਭਾਵੇਂ ਲੋਕਧਾਰਾ ਨਹੀਂ ਹੁੰਦੀ ਪਰ ਇਸ ਦੇ ਮੇਲ ਤੋਂ ਬਿਨਾਂ ਲੋਕਧਾਰਾ ਜੀਵੰਤ ਨਹੀਂ ਰਹਿ ਸਕਦੀ। ਪਰੰਪਰਾ ਦੇ ਵਿੱਚ ਉਹ ਤੱਤ ਸ਼ਾਮਿਲ ਹੁੰਦੇ ਹਨ ਜਿਹੜੇ ਇੱਕ ਸਮੂਹ ਲੰਮੇ ਸਮੇਂ ਤੋਂ ਆਪਣੇ ਜੀਵਨ ਦੇ ਵਿੱਚ ਰੀਤਾਂ ਦੇ ਤੌਰ ਤੇ ਗ੍ਰਹਿਣ ਕਰਦਾ ਹੈ। ਲੋਕਧਾਰਾ ਨੂੰ ਪਰੰਪਰਾ ਦੀ ਸਾਇੰਸ ਸਵੀਕਾਰ ਕੀਤਾ ਜਾਂਦਾ ਹੈ। ਲੋਕਧਾਰਾ ਵਿੱਚ ਲੋਕ ਜੀਵਨ ਦੀਆਂ ਪਰੰਪਰਾਵਾਂ ਨੂੰ ਹੀ ਦੇਖਿਆ ਜਾ ਸਕਦਾ ਹੈ।

### ਪ੍ਰਵਾਨਗੀ

ਲੋਕਧਾਰਾ ਆਪਣੇ ਸੰਗਠਿਤ ਰੂਪ ਵਿੱਚ ਉਦੋਂ ਹੀ ਪ੍ਰਵਾਨ ਹੋ ਸਕਦੀ ਹੈ ਜਦੋਂ ਉਸਨੂੰ ਲੋਕ-ਸਮੂਹ ਦੀ ਪ੍ਰਵਾਨਗੀ ਹਾਸਿਲ ਹੋਵੇ। ਸਮੇਂ ਦੇ ਨਾਲ ਲੋਕਧਾਰਾ ਦੇ ਵਿੱਚ ਬਹੁਤ ਕੁਝ ਸ਼ਾਮਿਲ ਅਤੇ ਨਿਖੜਦਾ ਰਹਿੰਦਾ ਹੈ। ਇਹ ਸਭ ਕੁਝ ਉਦੋਂ ਹੀ ਸੰਭਵ ਹੁੰਦਾ ਹੈ ਜਦੋਂ ਲੋਕ ਸਮੂਹ ਦੀ ਪ੍ਰਵਾਨਗੀ ਹਾਸਿਲ ਹੋਵੇ।

### ਮਨੋਸਥਿਤੀ

ਲੋਕਧਾਰਾ ਦਾ ਧਰਾਤਲ ਲੋਕ ਸਮੂਹ ਦੀ ਮਨੋਸਥਿਤੀ ਹੈ। ਮਨੋ-ਸਥਿਤੀ, ਲੋਕਾਂ ਦੀ ਜੀਵਨ-ਜੁਗਤ ਤੇ ਜੀਵਨ-ਸਥਿਤੀ ਤੇ ਨਿਰਭਰ ਕਰਦੀ ਹੈ। ਜੀਵਨ ਸਥਿਤੀ ਅੱਗੋਂ ਪੈਦਾਵਾਰ ਦੇ ਸਾਧਨਾਂ, ਰਿਸ਼ਤਿਆਂ, ਸੰਦਾਂ ਤੇ ਸਮੱਗਰੀ ਵਿੱਚ ਪਰਿਵਰਤਨ ਆਉਣ ਸਦਕਾ, ਜੀਵਨ-ਸਥਿਤੀ ਵਿੱਚ ਪਰਿਵਰਤਨ ਆਉਂਦਾ ਹੈ। ਇਸ ਪਰਿਵਰਤਨ ਨੂੰ ਲੋਕਧਾਰਾ ਦੇ ਸਾਰੇ ਰੂਪ ਸਵੀਕਾਰ ਕਰਦੇ ਹਨ।

### ਪਰਿਵਰਤਨ

ਬਦਲਾਵ ਤਾਂ ਸਮਾਜ ਦਾ ਨਿਯਮ ਹੈ। ਇਸ ਤਰ੍ਹਾਂ ਹੀ ਲੋਕਾਂ ਦੀ ਮਾਨਸਿਕਤਾ ਦੇ ਵਿੱਚ ਪਰਿਵਰਤਨ ਆਉਣ ਦੇ ਨਾਲ ਲੋਕਧਾਰਾ ਵਿੱਚ ਪਰਿਵਰਤਨ ਸਹਿਜੇ ਹੀ ਵਾਪਰ ਜਾਂਦਾ ਹੈ। ਲੋਕਧਾਰਾ ਦੇ ਵਿੱਚ ਨਵੇਂ ਤੱਤ ਸ਼ਾਮਿਲ ਹੋ ਜਾਂਦੇ ਹਨ ਅਤੇ ਪੁਰਾਣੇ ਜਿਹਨਾਂ ਦੀ ਸਾਰਥਕਤਾ ਨਹੀਂ ਹੁੰਦੀ ਤਿਆਗ ਦਿੱਤੇ ਜਾਂਦੇ ਹਨ।

**ਪ੍ਰਤਿਭਾ**

ਲੋਕਧਾਰਾ ਦੇ ਵਿਚੋਂ ਸਮੂਹ ਦੀ ਸੋਚ ਦਾ ਪ੍ਰਗਟਾਵਾ ਮਿਲਦਾ ਹੈ। ਲੋਕਧਾਰਾ ਸਮੂਹਿਕ ਸਿਰਜਣਾ ਹੁੰਦੀ ਹੈ। ਪਰ ਕੋਈ ਇੱਕ ਵਿਅਕਤੀ ਜਿਹੜਾ ਪਰੰਪਰਾ ਦੇ ਨਾਲ ਡੂੰਘੇ ਰੂਪ ਵਿੱਚ ਜੁੜਿਆ ਹੁੰਦਾ ਹੈ। ਅਜਿਹਾ ਵਿਅਕਤੀ ਆਪਣੇ ਨਿੱਜ ਤੱਕ ਸੀਮਤ ਨਾ ਹੋ ਕੇ ਸਮੂਹ ਦੀ ਪ੍ਰਤਿਨਿਧਤਾ ਹੀ ਕਰ ਰਿਹਾ ਹੁੰਦਾ ਹੈ। ਇਸ ਕੰਮ ਦੇ ਲਈ ਬਹੁਤ ਲੰਮੀ ਘਾਲਣਾ ਦੀ ਜ਼ਰੂਰਤ ਹੁੰਦੀ ਹੈ।

**ਪ੍ਰਬੰਧਕਤਾ**

ਲੋਕਧਾਰਾ ਦੀ ਇੱਕ ਖੂਬੀ ਇਹ ਵੀ ਹੈ ਕਿ ਇਹ ਪ੍ਰਸੰਗ ਦੇ ਅਧੀਨ ਹੀ ਵਿਚਰਦੀ ਹੈ। ਇਹ ਪ੍ਰਬੰਧ ਹੀ ਲੋਕਧਾਰਾ ਨੂੰ ਇੱਕ ਕਾਰਗਰ ਸੰਚਾਰ ਦਾ ਮਾਧਿਅਮ ਬਣਾਉਂਦਾ ਹੈ। ਲੋਕਧਾਰਾ ਦੇ ਸਾਰੇ ਤੱਤ ਵਿਉਂਤਬੱਧ ਤਰੀਕੇ ਦੇ ਨਾਲ ਪ੍ਰਗਟ ਹੁੰਦੇ ਹਨ। ਕੋਈ ਵੀ ਤੱਤ ਵਾਧੂ ਜਾਂ ਅਪ੍ਰਸੰਗਿਕ ਨਹੀਂ ਹੁੰਦਾ।

ਲੋਕਧਾਰਾ ਦੀ ਪ੍ਰਕਿਰਤੀ

ਲੋਕਧਾਰਾ ਸਮੂਹ ਦੀਆਂ ਭਾਵਨਾਵਾਂ, ਸਮੱਸਿਆਵਾਂ ਨੂੰ ਵਿਅਕਤ ਕਰਨ ਦਾ ਸਾਧਨ ਹੈ। ਲੋਕਧਾਰਾ ਦੀ ਭੂਮਿਕਾ ਨੂੰ ਮਨੁੱਖੀ ਸਮਾਜ ਕਦੇ ਵੀ ਅਣਗੌਲਿਆ ਨਹੀਂ ਕਰ ਸਕਦਾ। ਡਾ. ਵਣਜਾਰਾ ਬੇਦੀ ਦੇ ਅਨੁਸਾਰ, "ਲੋਕਧਾਰਾ ਇੱਕ ਚੂਲ ਹੈ। ਜਿਸ ਦੇ ਦੁਆਲੇ ਮਨੁੱਖੀ ਜੀਵਨ ਘੁੰਮਦਾ, ਰੇੜਕੇ ਵਿੱਚ ਪਿਆ, ਜ਼ਿੰਦਗੀ ਵਿਚੋਂ ਰਹੱਸ ਨਿਤਾਰਦਾ ਰਿਹਾ ਹੈ।"[5]

- ਲੋਕ ਸਾਹਿਤ
- ਲੋਕ ਮਨੋਵਿਗਿਆਨ
- ਲੋਕ ਸਮੱਗਰੀ
- ਲੋਕ ਕਲਾਵਾਂ

ਲੋਕਧਾਰਾ ਸਭਿਆਚਾਰ ਦਾ ਨਿਸ਼ਚਤ ਭਾਗ ਹੈ ਜਿਸ ਵਿੱਚ ਪਰੰਪਰਕ ਸਮੱਗਰੀ ਸ਼ਾਮਿਲ ਹੈ ਜੋ ਸਾਨੂੰ ਵਿਰਸੇ ਵਿਚੋਂ ਪ੍ਰਾਪਤ ਹੁੰਦੀ ਹੈ। ਇਸ ਵਿਚੋਂ ਲੋਕ ਮਾਨਸ ਦੀ ਅਭਿਵਿਅਕਤੀ ਹੁੰਦੀ ਹੈ ਅਤੇ ਇਸਨੂੰ ਜਨਸਮੂਹ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ ਅਤੇ ਇਸ ਦਾ ਸੰਚਾਰ "ਮੋਖਿਕ ਅਤੇ ਲਿਖਤੀ" ਦੋਵੇਂ ਤਰਾਂ ਨਾਲ ਹੁੰਦਾ ਹੈ। ਲੋਕਧਾਰਾ ਦਾ ਖੇਤਰ ਬਹੁਤ ਵਿਸ਼ਾਲ ਹੈ ਇਸ ਵਿੱਚ ਮਨੁੱਖੀ ਜੀਵਨ ਦੇ ਹਰ ਪੱਖ ਨਾਲ ਸੰਬੰਧਿਤ ਸਮੱਗਰੀ ਸ਼ਾਮਿਲ ਹੈ।

"ਲੋਕਧਾਰਾ ਦੀ ਸਮੱਗਰੀ ਵਿੱਚ ਵੰਨ-ਸੁਵੰਨੇ ਵਿਚਾਰ ਵਿਅਕਤ ਕਲਾਵਾਂ, ਲੋਕ ਵਿਸ਼ਵਾਸ, ਵਹਿਮ ਭਰਮ, ਜਾਦੂ ਟੂਣੇ ਅਤੇ ਮੰਤਰ ਵੀ ਆ ਜਾਂਦੇ ਹਨ।"[6] "ਲੋਕਧਾਰਾ ਵਿੱਚ ਮਨੁੱਖ ਦੀ ਸਾਰੀ ਸੋਚ, ਕਲਾ, ਸਾਹਿਤ ਤੇ ਦਰਸ਼ਨ ਆਦਿ ਦੀਆਂ ਰੂੜੀਆਂ ਸਮਾਈਆਂ ਹੋਈਆਂ ਹਨ। ਧਰਮ ਦੇ ਅਨੇਕਾਂ ਸਿਧਾਂਤ ਤੇ ਰੀਤਾਂ ਲੋਕਧਾਰਾ ਦੇ ਬੀਜਾਂ ਵਿਚੋਂ ਵਿਕਸੀਆਂ ਹਨ। ਕਲ ਦੇ ਮੁੱਢਲੇ ਪੈਟਰਨਾਂ ਦੀ ਜਨਮਦਾਤੀ ਲੋਕਧਾਰਾ ਹੈ: ਸਾਹਿਤ ਦੇ ਭਿੰਨ ਰੂਪ ਅਤੇ ਮੁਢਲੀਆਂ ਕਾਵਿ ਸ਼ੈਲੀਆਂ ਦੇ ਬੁਨਿਆਦੀ ਤੱਤਾਂ ਲੈ ਅ, ਤਾਲ, ਛੰਦ, ਅਲੰਕਾਰ ਆਦਿ ਦੀ ਲੋਕਧਾਰਾ ਦੇ ਗਰਭ ਵਿੱਚ ਪੈ ਕੇ ਨਿੰਮੇ ਹਨ। ਮੁੱਢਲੇ

ਨ੍ਰਿਤ ਤੇ ਨਾਟ ਲੋਕਧਾਰਾ ਦੀਆਂ ਕੁਝ ਰਹੁ ਰੀਤਾਂ ਦਾ ਹੀ ਭਾਵੁਕ ਸਮੂਹਤੀਕਰਣ ਹਨ। ਅਜੋਕੀ ਕਥਾ ਕਹਾਣੀ ਦੀ ਵਡਿਕੀ, ਸਿਖਿਕ ਕਥਾ ਲੋਕਧਾਰਾ ਦੀ ਦਾਦੀ ਅੰਮਾ ਹੈ। ਸ਼ਿਲਪ ਕਲਾ, ਮੂਰਤੀਕਲਾ ਤੇ ਬੁੱਤਕਾਰੀ ਦਾ ਮੁੱਢ ਵੀ ਲੋਕਧਾਰਾ ਦੀ ਕੁੱਖੋਂ ਹੀ ਹੋਇਆ ਹੈ। ਚਕਿਤਸਾ ਤੇ ਵਿਗਿਆਨ ਦਾ ਸੱਚ ਵੀ ਲੋਕਧਾਰਾ ਵਿੱਚ ਵੇਖਿਆ ਜਾ ਸਕਦਾ।"[7] "ਲੋਕਧਾਰਾ ਦਾ ਘੇਰਾ ਬੜਾ ਵਿਸ਼ਾਲ ਤੇ ਸਮੁੰਦਰ ਵਾਂਗ ਡੂੰਘਾ ਹੈ। ਮੁੱਠੀ ਭਰ ਭਰਮਾਂ, ਵਹਿਮਾਂ,ਰੀਤਾਂ-ਮਨੋਤਾਂ ਤੇ ਰਿਵਾਇਤਾਂ ਨੂੰ ਹੀ ਲੋਕਧਾਰਾ ਮੰਨ ਲੈਣਾ ਇਸ ਅਖੁਟ ਕੋਸ਼ ਨਾਲ ਅਨਿਆਂ ਕਰਨਾ ਹੈ। ਇਸ ਦਾ ਕਿਧਰੇ ਹੱਦਬੰਨਾ ਨਹੀਂ ਇਹ ਅਥਾਹ ਭੰਡਾਰ ਹੈ।"[8] ਕਰਨੈਲ ਸਿੰਘ ਥਿੰਦ ਨੇ ਲੋਕਧਾਰਾ ਦੇ ਕੀਤੇ ਵਰਗੀਕਰਨ ਵਿੱਚ ਜੀਵਨ ਦੇ ਹਰ ਪੱਖ ਨੂੰ ਛੋਹਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹ ਵਰਗੀਕਰਨ ਵਧੇਰੇ ਵਿਗਿਆਨਕ ਹੈ। ਉਹਨਾਂ ਲੋਕਯਾਨਿਕ ਸਮੱਗਰੀ ਦਾ ਵਰਗੀਕਰਨ ਇਸ ਤਰਾਂ ਕੀਤਾ ਹੈ।

ਲੋਕ ਰੀਤੀ ਰਿਵਾਜ਼, ਮੇਲੇ ਤੇ ਤਿਉਹਾਰ, ਪੂਜਾ ਵਿਧੀਆਂ, ਲੋਕ ਲੋਕਯਾਨ ਦੇ ਖੇਤਰ ਵਿੱਚ ਅਨੁਸ਼ਠਾਨਾਂ ਦਾ ਮਹੱਤਵ ਬਹੁਤ ਜ਼ਿਆਦਾ ਹੈ। ਅਨੁਸ਼ਠਾਨ ਦਾ ਕੋਸੀ ਅਰਥ ਉਪਕਰਮ ਜਾਂ ਕਿਸੇ ਕਾਰਜ ਦਾ ਆਰੰਭਣਾ ਹੈ।ਨਿਯਮ ਕਿਸੇ ਕਾਰਜ ਦੇ ਕਰਨ ਜਾਂ ਕਿਸੀ ਉੱਤਮ ਫ਼ਲ ਦੀ ਪ੍ਰਾਪਤੀ ਲਈ ਕਿਸੇ ਦੇਵਤਾ ਦੀ ਅਰਾਧਨਾ ਨੂੰ ਵੀ ਅਨੁਸ਼ਠਾਨ ਕਿਹਾ ਜਾਂਦਾ ਹੈ।ਕਾਨ੍ ਸਿੰਘ ਨਾਭਾ ਦੇ ਸ਼ਬਦਾਂ ਵਿਚ ਤੰਤਰ ਸ਼ਾਸਤਰ ਅਨੁਸਾਰ ਮੰਤਰ ਦਾ ਵਿਧੀ ਪੂਰਵਕ ਜਾਪ ਜਾਂ ਧਾਰਮਿਕ ਕਰਮ ਅਨੁਸ਼ਠਾਨ ਹੈ। ਅਨੁਸ਼ਠਾਨਾਂ ਨਾਲ ਕਈ ਪ੍ਰਕਾਰ ਦੇ ਧਾਰਮਿਕ ਵਿਸ਼ਵਾਸ ਜੁੜੇ ਹੋਏ ਹੁੰਦੇ ਹਨ।ਇਸ ਦ੍ਰਿਸ਼ਟੀ ਤੋਂ ਅਨੁਸ਼ਠਾਨਾਂ ਨੂੰ ਵਿਸ਼ਵਾਸ ਖੇਤਰ ਦਾ ਇਕ ਵਿਸਤ੍ਰਿਤ ਰੂਪ ਵੀ ਮੰਨਿਆ ਜਾ ਸਕਦਾ ਹੈ।ਰਹੁ ਰੀਤਾਂ, ਤਿਉਹਾਰ, ਪੂਜਾ ਦੀਆਂ ਵੱਖ-ਵੱਖ ਵਿਧੀਆਂ ਅਤੇ ਵਰਤ ਆਦਿ ਲੋਕ ਮਾਨਸ ਦੀ ਧਾਰਮਿਕ ਭਾਵਨਾ ਦਾ ਪ੍ਰਤਿਫ਼ਲ ਹੁੰਦੇ ਹਨ।[9] ਅਨੁਸ਼ਠਾਨ ਜੀਵਨ ਦਾ ਅਨਿੱਖੜਵਾਂ ਅੰਗ ਹਨ ਅਤੇ ਸਾਹਿਤ ਜੀਵਨ ਦਾ ਦਰਪਣ ਹੈ।ਇਸ ਲਈ ਸਾਹਿਤਕਾਰ ਅਨੁਸ਼ਠਾਨਿਕ ਸਾਮੱਗਰੀ ਨੂੰ ਸਹਿਜੇ ਹੀ ਆਪਣੀਆਂ ਸਾਹਿਤਿਕ ਕ੍ਰਿਤੀਆਂ ਦਾ ਭਾਗ ਬਣਾਉਂਦੇ ਆਏ ਹਨ। ਉਹ ਆਪਣੀਆਂ ਰਚਨਾਵਾਂ ਵਿਚ ਲੋਕ ਜੀਵਨ ਵਿੱਚ ਪ੍ਰਚਲਿਤ ਰੀਤੀ ਰਿਵਾਜਾਂ, ਸੰਸਕਾਰਾਂ,ਪੂਜਾ ਦੇ ਢੰਗਾਂ,ਪੂਰਬਾਂ ਅਤੇ ਉਤਸਵਾਂ ਆਦਿ ਬਾਰੇ ਅਨੁਸ਼ਠਾਨਿਕ ਸਾਮੱਗਰੀ ਦੀ ਵਰਤੋਂ ਦੋ ਢੰਗਾਂ ਨਾਲ ਕਰਦੇ :ਹਨ

(ੳ) ਅਨੁਸ਼ਠਾਨਿਕ ਸਾਮੱਗਰੀ ਦਾ ਸਾਧਾਰਨ ਰੂਪ ਵਿੱਚ ਰਚਨਾਵਾਂ ਦਾ ਭਾਗ ਬਣਨਾ।

(ਅ) ਅਨੁਸ਼ਠਾਨਿਕ ਸਾਮੱਗਰੀ ਨੂੰ ਰਚਨਾਵਾਂ ਵਿੱਚ ਸਮੋ ਕੇ ਇਸ ਨਾਲ ਜੁੜੀਆਂ ਭਾਵਨਾਵਾਂ ਦਾ ਖੰਡਨ ਕਰਨਾ।[10]

ਮੱਧਕਾਲੀਨ ਪੰਜਾਬੀ ਸਾਹਿਤ ਵਿੱਚ ਅਨੁਸ਼ਠਾਨਿਕ ਸਾਮੱਗਰੀ ਦੀ ਵਰਤੋਂ ਨੂੰ ਅੱਗੇ ਲਿਖੇ ਪੱਖਾਂ ਤੋਂ ਵਾਚਿਆ ਜਾ ਸਕਦਾ ਹੈ:

(੧) ਸੰਸਕਾਰ:

ਜਨਮ, ਵਿਆਹ ਤੇ ਮੌਤ ਨਾਲ ਸੰਬੰਧਤ,ਸਤੀ ਦੀ ਪ੍ਰਥਾ ਆਦਿ।

(੨) ਪੂਜਾ ਵਿਧੀਆਂ:

ਆਰਤੀ, ਮੂਰਤੀ ਪੂਜਾ,ਚੰਦ,ਸੂਰਜ ਅਤੇ ਗ੍ਰਹਿ ਪੂਜਾ,ਸੀਤਲਾ ਅਤੇ ਦੁਆਦਸ ਸਿਲਾ ਆਦਿ।

(੩) ਕਰਮ ਕਾਂਡ:

ਹੋਮ,ਤੀਰਥ,ਜਾਤਿ ਵਰਣ,ਗਮਣ,ਪੂਰਵ,ਉਤਸਵ,ਦਾਨ,ਸੂਤਕ,ਪਾਤਕ,ਜੂਠ,ਭਿੱਟ, ਚੌਂਕਾ,ਕਾਰਵ੍ਹ ਆਦਿ।

(੪) ਵਰਤ:

ਇਕਾਦਸ਼ੀ,ਅਹੋਈ,ਚੰਦ੍ਰਾਇਣ,ਮੌਨ,ਵਰਤ ਆਦਿ।

(੫) ਵੇਸ਼ ਭੂਸ਼ਾ:

ਤਿਲਕ ਜਾਂ ਟਿੱਕਾ,ਮਾਲਾ, ਭਗਵਾਂ ਵੇਸ਼,ਨਾਂਗੇ, ਜਟਾਂ ਵਧਾਉਣੀਆਂ,ਭਸਮ ਲਗਾਉਣੀ,ਅਗਨਿ ਤਪ ਆਦਿ। ਪ੍ਰਥਾਵਾਂ ਅਤੇ ਪਰੰਪਰਾਵਾਂ ਆਦਿ ਇਹਨਾਂ ਵਰਗਾਂ ਦੇ ਅੰਤਰਗਤ ਹੀ ਆ ਜਾਂਦੇ ਹਨ।

(1)ਸੰਸਕਾਰ:

ਜਦ ਕੋਈ ਵਿਅਕਤੀ ਕਿਸੇ ਕੰਮ ਨੂੰ ਬਾਰ-ਬਾਰ ਕਰਦਾ ਹੈ ਤਾਂ ਇਹ ਉਸਦੀ ਆਦਤ ਬਣ ਜਾਂਦੀ ਹੈ, ਪਰੰਤੂ ਜਦ ਸਾਰਾ ਭਾਈਚਾਰਾ ਹੀ ਉਸ ਨੂੰ ਦੁਹਰਾਉਣ ਲੱਗ ਜਾਂਦਾ ਹੈ ਤਾਂ ਉਹ ਰੀਤੀ ਦਾ ਰੂਪ ਧਾਰਣ ਕਰ ਜਾਂਦੀ ਹੈ। ਸੰਸਕਾਰ ਲੋਕ ਮਾਨਸ ਦਾ ਸੂਖਮ ਰੂਪ ਹਨ ਅਤੇ ਰੀਤੀ ਸੰਸਕਾਰਾਂ ਦਾ ਸਥੂਲ ਅਥਵਾ ਵਿਵਹਾਰਿਕ ਰੂਪ।[11]

(੧) ਜਨਮ ਸੰਸਕਾਰ:

ਜਨਮ ਸੰਬੰਧੀ ਰਸਮਾਂ ਭਾਵੇਂ ਬੱਚੇ ਦੇ ਜਨਮ ਲੈਣ ਤੋਂ ਪਹਿਲਾਂ ਸ਼ੁਰੂ ਹੋ ਜਾਂਦੀਆਂ ਹਨ, ਪਰੰਤੂ ਬੱਚੇ ਦੇ ਪ੍ਰਵੇਸ਼ ਨਾਲ ਗੁੜ੍ਹਤੀ, ਕੜੀਆਂ ਦਾ ਗਿਣਨਾ,ਦੁਧੀਆ ਧੁਆਈ, ਬਾਹਰ ਵਧਾਉਣਾ, ਪੰਜੀਰੀ ਵੰਡਣੀ, ਕੱਪੜੇ ਭੇਜਣੇ, ਤੇਰ੍ਹਵਾਂ, ਨਾਮਕਰਨ ਆਦਿ ਰੀਤਾਂ ਦੀ ਲੜੀ ਬੱਝ ਜਾਂਦੀ ਹੈ।

(੨) ਵਿਆਹ ਸੰਸਕਾਰ:

ਵਿਆਹ ਸੰਸਕਾਰ ਨਾਲ ਚੋਖੀਆਂ ਰਸਮਾਂ ਜੁੜੀਆਂ ਹੋਈਆਂ ਹਨ। ਸੂਫੀ ਅਤੇ ਕਿੱਸਾ ਕਵੀਆਂ ਨੇ ਸੰਕੇਤਕ ਅਤੇ ਵਿਸਤ੍ਰਿਤ ਰੂਪ ਵਿਚ ਕਈ ਰਸਮਾਂ ਦੇ ਹਵਾਲੇ ਦੇ ਕੇ ਆਪਣੇ ਹਾਵਾਂ ਭਾਵਾਂ ਨੂੰ ਨਿਰੂਪਣ ਕੀਤਾ ਹੈ। ਆਪਣੇ ਅਨੁਭਵ ਨੂੰ ਪ੍ਰਗਟਾਉਣ ਲਈ ਮਹਿੰਦੀ ਲਾਉਣੀ,ਖਾਰੇ ਬਿਠਾਉਣਾ,ਤੇਲ ਚੋਣਾ, ਵੱਟਣਾ ਮਲਣਾ, ਚੂੜਾ ਚੜ੍ਹਾਉਣਾ,ਨੱਥ ਪਹਿਣਨੀ,ਹਾਰ ਸ਼ਿੰਗਾਰ ਕਰਨਾ,ਜੰਝ ਚੜ੍ਹਨੀ, ਸਿੱਠਣੀਆਂ, ਡੋਲੀ,ਦਾਜ,ਖਟ ਆਦਿ ਰਹੁ ਰੀਤਾਂ ਦਾ ਜ਼ਿਕਰ ਸੂਫ਼ੀਆਂ ਦੀਆਂ ਰਚਨਾਵਾਂ ਵਿਚ ਮਿਲ ਜਾਂਦਾ ਹੈ।[12]

(੩)ਮਿਤ੍ਰਕ ਸੰਸਕਾਰ:

ਮਿਤ੍ਰ ਨਾਲ ਵੀ ਅਨੇਕਾਂ ਰਸਮਾਂ ਜੁੜੀਆਂ ਹੋਈਆਂ ਹਨ, ਵਿਅਕਤੀ ਨੂੰ ਮੰਜੇ ਤੋਂ ਲਾਹੁਣਾ, ਸ਼ਮਸ਼ਾਨ ਭੂਮੀ ਲਿਜਾ ਕੇ ਰੀਤਾਂ ਕਰਨੀਆਂ, ਘਿਓ ਤੇ ਖੁਸ਼ਬੂਦਾਰ ਵਸਤਾਂ ਮ੍ਰਿਤਕ ਦੀ ਭੇਟਾ ਕਰਨੀਆਂ,ਚੰਦਨ ਦੀ ਲੱਕੜ ਵਿਚ ਜਲਾਉਣਾ,ਸਮਾਧੀ ਬਣਾਉਣੀ, ਅਸਥੀਆਂ ਨੂੰ ਕਿਸੇ ਤੀਰਥ ਤੇ ਭੇਜਣਾ ਅਤੇ ਹਰ ਸਾਲ ਉਸ ਦੀ ਯਾਦ ਵਿੱਚ ਸ਼ਰਾਧ ਕਰਨੇ, ਕੁੱਝ ਇੱਕ ਵਰਰੀਤਾਂ

•ਦੀਵਾ ਵੱਟੀ

•ਪਿੰਡ ਦਾਨ

• ਸ਼ਰਾਧ

• ਮੜ੍ਹੀ ਮਸਾਣ ਦੀ ਪੂਜਾ

(2) ਪੂਜਾ ਵਿਧੀਆਂ:

ਭਾਰਤ ਵਿੱਚ ਅਣਗਿਣਤ ਦੇਵਤੇ ਮੰਨੇ ਜਾਂਦੇ ਹਨ ਅਤੇ ਪ੍ਰਾਚੀਨ ਕਾਲ ਤੋਂ ਇਨ੍ਹਾਂ ਦੀ ਪੂਜਾ ਹੁੰਦੀ ਆਈ ਹੈ। ਵੱਖ-ਵੱਖ ਧਾਰਮਿਕ ਸਥਾਨਾਂ ਨਾਲ ਨਾਨਾ ਪ੍ਰਕਾਰ ਦੀਆਂ ਪੂਜਾ ਵਿਧੀਆਂ ਦੇਖਣ ਵਿੱਚ ਆਉਂਦੀਆਂ ਹਨ। ਲੋਕ ਜੀਵਨ ਵਿੱਚ ਪ੍ਰਚਲਿਤ ਇਹ ਪਰੰਪਰਾਗਤ ਪੂਜਾ ਵਿਧੀਆਂ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਚੁੱਕੀਆਂ ਹਨ। ਲੋਕ ਮਾਨਸ ਨੇ ਇਨ੍ਹਾਂ ਢੰਗਾਂ ਨੂੰ ਵਿਸ਼ਵਾਸਾਂ ਦੀ ਅਜਿਹੀ ਧਾਰਣਾ ਨਾਲ ਜੋੜ ਦਿੱਤਾ ਹੈ ਕਿ ਅਸਭਿਅ ਨੂੰ ਸਭਿਅ ਸਮਝ ਕੇ ਸਵੀਕਾਰ ਕੀਤਾ ਜਾਂਦਾ ਹੈ। ਆਦਿ ਗ੍ਰੰਥ ਵਿੱਚ ਵਿਸ਼ੇਸ਼ ਅਸਥਾਨਾਂ ਉੱਪਰ ਨਾਨਾ ਪ੍ਰਕਾਰ ਦੀ ਖ਼ਾਸ ਸਮੱਗਰੀ ਰਾਹੀਂ ਦੇਵ ਪੂਜਾ ਤੇ ਮੂਰਤੀ ਪੂਜਾ ਆਦਿ ਦਾ ਖੰਡਣ ਕੀਤਾ ਗਿਆ ਹੈ।[14]

•ਮੂਰਤੀ ਪੂਜਾ

•ਆਰਤੀ

•ਚੰਦ ਸੂਰਜ ਤੇ ਗ੍ਰਹਿਆਂ ਦੀ ਪੂਜਾ

•ਸੀਤਲਾ

•ਦੁਆਦਸ ਸਿਲਾ[15]

3)ਕਰਮ ਕਾਂਡ:

ਕਰਮ ਕਾਂਡ ਵੇਦ ਆਦਿ ਗ੍ਰੰਥਾਂ ਦਾ ਅਜਿਹਾ ਪ੍ਰਕਰਣ ਹੈ ਜਿਸ ਵਿਚ ਹੋਮ ਯੋਗਰ, ਸ਼ਰਾਧ,ਤਰਪਣ ਅਤੇ ਵਰਤ ਆਦਿ ਕਰਮਾਂ ਦੇ ਕਰਨ ਦੀ ਵਿਧੀ ਦੱਸੀ ਗਈ ਹੋਵੇ। ਲੋਕ ਜੀਵਨ ਵਿੱਚ ਵਿਖਾਵੇ ਅਤੇ ਪਾਖੰਡ ਦੇ ਕਰਮਾਂ ਦਾ ਇਕ ਅਜਿਹਾ ਜਾਲ ਵਿੱਛਿਆ ਹੋਇਆ ਹੈ ਕਿ ਕਰਮਾਂ ਦੀ ਮੂਲ ਭਾਵਨਾ ਲੋਪ ਹੋ ਗਈ ਹੈ। ਯੱਗ ਕਰਵਾਉਣਾ,ਦਾਨ ਦੇਣਾ ਅਤੇ ਲੈਣਾ,ਵੇਦ ਪੜ੍ਹਨਾ ਆਦਿ ਛੇ ਕਰਮ ਆਮ ਪ੍ਰਸਿੱਧ ਹਨ।[16]

• ਹੋਮ ਯੋਗ

• ਤੀਰਥ ਗਮਨ

• ਪੂਰਬ

• ਤਿਉਹਾਰ ਦਾਨ

• ਚੁਲੀ

(4) ਵਰਤ:

ਅਨੁਸ਼ਠਾਨਿਕ ਖੇਤਰ ਦੀ ਬਹੁਤ ਸਾਰੀ ਸਮੱਗਰੀ ਅਜਿਹੀ ਹੈ ਜਿਸ ਨੂੰ ਵੇਸ ਭੂਸ਼ਾ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਇਸ ਵਿੱਚ ਟਿੱਕਾ ਜਾ ਤਿਲਕ ਲਗਾਉਣਾ,ਮਾਲਾ ਪਾਉਣੀ, ਨੰਗਿਆਂ ਫਿਰਨਾ, ਭਗਵਾਂ ਵੇਸ ਧਾਰਣ ਕਰਨਾ, ਜਟਾਂ ਵਧਾਉਣੀਆਂ ਅਤੇ ਭਸਮ ਲਗਾਉਣੀ ਆਦਿ ਕਰਮ ਸ਼ਾਮਿਲ ਕੀਤੇ ਜਾ ਸਕਦੇ ਹਨ। ਸਾਧਾਰਨ ਰਹਿਣੀ ਬਹਿਣੀ ਦੇ ਵਿਪਰੀਤ ਦਿਖਾਵੇ ਮਾਤਰ ਕਰਮ ਕਰਨ ਵਾਲੇ ਵਿਅਕਤੀ ਵਹਿਮਾਂ ਭਰਮਾਂ ਵਿੱਚ ਫਾਥੇ ਸਾਧਾਰਨ ਲੋਕਾਂ ਨੂੰ ਵੀ ਆਪਣੇ ਪਿੱਛੇ ਲਾ ਲੈਂਦੇ ਹਨ।[17]

• ਤਿਲਕ ਜਾਂ ਟਿੱਕਾ

• ਮਾਲਾ

## ਜਾਦੂ ਟੂਣੇ

ਆਦਿ ਕਾਲ ਤੋਂ ਹੀ ਮਨੁੱਖ ਵਿੱਚ ਪ੍ਰਾਕਿਤਕ ਸ਼ਕਤੀਆਂ ਉੱਤੇ ਕਾਬੂ ਪਾਉਣ ਤੇ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਦੀ ਚਾਲ ਨੂੰ ਆਪਣੀ ਮਰਜ਼ੀ ਅਨੁਕੂਲ ਕਰਨ ਦੀ ਇੱਛਾ ਬੜੀ ਪ੍ਰਬਲ ਰਹੀ ਹੈ।ਆਦਿਮ ਮਨੁੱਖ ਕੁਦਰਤ ਨੂੰ ਸਮਝਣੋਂ ਤਾਂ ਅਸਮਰਥ ਰਿਹਾ ਪਰ ਲੰਮੇ ਤਜਰਬੇ ਪਿੱਛੋਂ ਉਸ ਦਾ ਇਹ ਵਿਸ਼ਵਾਸ ਬਣ ਗਿਆ ਕਿ ਉਹ ਟੂਣਿਆਂ, ਮੰਤਰਾ ਤੇ ਰੀਤਾਂ ਨਾਲ ਪ੍ਰਕਿਰਤੀ ਤੇ ਜੀਵਨ ਗਤੀ ਉਤੇ ਕਾਬੂ ਪਾ ਸਕਦਾ ਹੈ। ਇਸੇ ਵਿਸ਼ਵਾਸ ਤੋਂ ਜਾਦੂ ਤੇ ਟੂਣੇ ਨੇ ਜਨਮ ਲਿਆ।

ਜਾਦੂ ਇਕ ਕਲਾ ਹੈ ਜੋ ਦੋ ਗਲਾਂ ਮਿੱਥ ਕੇ ਤੁਰਦੀ ਹੈ ਇਕ ਇਹ ਕਿ ਪ੍ਰਾਕਿਰਤੀ ਵਿੱਚ ਹਰੇਕ ਕਾਰਨ ਕਿਸੇ ਕਾਰਜ ਨੂੰ ਜਨਮ ਦਿੰਦਾ ਹੈ।ਤੇ ਇਕ ਘਟਨਾ ਪਿੱਛੋਂ ਦੂਜੀ ਘਟਨਾ ਬਿਨਾਂ ਕਿਸੇ ਦੈਵੀ ਜਾਂ ਅਧਿਆਤਮਕ ਸ਼ਕਤੀ ਦੇ ਦਖਲ ਦੇ ਆਪਣੇ ਆਪ ਸਹਿਜ ਰੂਪ ਵਿਚ ਹੀ ਵਾਪਰਦੀ ਹੈ। ਇਸ ਲਈ ਕੇ ਮੰਤਰਾਂ, ਕਰਮ ਕਾਂਡ ਤੇ ਰੀਤਾਂ ਨਾਲ ਕਾਰਨ ਪੈਦਾ ਕੀਤੇ ਜਾਣ ਤਾਂ ਕਾਰਜ ਆਪੇ ਸਿੱਧ ਹੋ ਜਾਂਦਾ ਹੈ। ਦੂਜਾ, ਕਿਸੇ ਵਸਤੂ ਜਾਂ ਸਥਿਤੀ ਉੱਤੇ ਕਾਬੂ ਪਾ ਲੈਣ ਦਾ ਭਰਮ ਪੈਦਾ ਕਰਨ ਨਾਲ ਉਹ ਵਸਤੂ ਜਾਂ ਸਥਿਤੀ ਸੱਚ ਮੁੱਚ ਹੀ ਵਸ ਵਿੱਚ ਹੋ ਜਾਂਦੀ ਹੈ।

ਜੇਕਰ ਮੀਹ ਚਾਹੀਦਾ ਹੋਵੇ ਤਾਂ ਬਦਲਾਂ ਦਾ ਸਵਾਂਗ ਭਰੋ,ਘਨਘੋਰ ਬਦਲਾਂ ਜਿਹੀ ਗੜਗੜਾਹਟ ਪੈਦਾ ਕਰੋ,ਵਰਸਦੀਆ ਬੂੰਦਾਂ ਨਾਲ ਮਿਲਦੀ ਜੁਲਦੀ ਅਵਾਜ਼ ਕਢੋ ਤੇ ਇਕ ਦੂਜੇ ਉਤੇ ਪਾਣੀ ਉਛਾਲੋ , ਇਸ ਤਰਾਂ ਨਕਲ ਉੱਤੇ ਅਧਾਰਤ ਟੂਣੇ ਨੂੰ ਭੁਲਾਵਾਂ ਜਾਦੂ ਕਹਿੰਦੇ ਹਨ।

ਜਾਦੂ ਦੀਆਂ ਕਈ ਕਿਸਮਾਂ ਹਨ।

ਲਾਗਵਾਂ ਜਾਦੂ

ਭਾਵਾਤਮਕ ਜਾਦੂ

ਚਿੱਟਾ ਜਾਦੂ

ਕਾਲਾ ਜਾਦੂ

**ਟੂਣਾ- ਟਪਾ**

ਜਿੱਥੇ ਕੋਈ ਰੀਤ ਇਸ ਨਿਸਚੇ ਨਾਲ ਕੀਤੀ ਜਾਵੇ ਕਿ ਇਸ ਨੂੰ ਪੂਰਨ ਵਿਦੀ ਅਨੁਸਾਰ ਕਰਨ ਨਾਲ, ਕਿਸੇ ਇੱਛਾ ਦੀ ਸੁਤੇ ਸਿੱਧ ਹੀ ਪੂਰਤੀ ਹੋ ਜਾਵੇਗੀ ਉਥੇ ਜਾਦੂ ਦੀ ਭਾਵਨਾ ਕੰਮ ਕਰਦੀ ਹੈ ਅਤੇ ਜਿਥੇ ਕੋਈ ਰੀਤ ਆਪਣੇ ਇਸ਼ਟ ਦੀ ਬਖਸ਼ਸ ਨੂੰ ਪ੍ਰਾਪਤ ਕਰਨ ਲਈ ਕੀਤੀ ਜਾਵੇ, ਉਥੇ ਧਰਮ ਦੀ ਭਾਵਨਾ ਹੁੰਦੀ ਹੈ।ਜਾਦੂ ਦੀਆਂ ਰੀਤਾਂ ਨੂੰ ਟੂਣਾ- ਟਪਾ ਕਿਹਾ ਜਾਂਦਾ ਹੈ।

**ਸਥਾਨਕ ਦੇਵੀ ਦਿਉਤੇ**

ਪੁਰਾਣਿਕ ਦੇਵੀ ਦੇਵਤਿਆਂ ਤੋਂ ਬਿਨਾਂ ਕੁਝ ਦਿਉਤੇ ਅਜਿਹੇ ਵੀ ਪੂਜੇ ਜਾਂਦੇ ਹਨ ਜਿਨ੍ਹਾਂ ਨੂੰ ਨਿਰੋਲ ਸਥਾਨਕ ਕਿਹਾ ਜਾਂਦਾ ਹੈ। ਇਹ ਪਿੰਡਾਂ ਦੇ ਨਿੱਕੇ ਨਿੱਕੇ ਰੱਬ ਹਨ ਜਿਹਨਾਂ ਉਤੇ ਲੋਕਾਂ ਦਾ ਪਕਾ ਨਿਸਚਾ ਹੈ ਅਤੇ ਦੁੱਖ ,ਕਲੇਸ਼ ਜਾਂ ਭੀੜਾਂ ਸਮੇਂ ਉਹ ਵਧੇਰੇ ਕਰਕੇ ਇਹਨਾਂ ਦੀ ਹੀ ਸ਼ਰਨ ਲੈਂਦੇ ਹਨ। ਫਿਰ ਲੋਕਾਂ ਦਾ ਪੱਕਾ ਨਿਸ਼ਚਾ ਹੈ ਕਿ ਭੀੜਾਂ ਵੇਲੇ ਪਤੀਆਂਣ ਨਾਲ ਇਹ ਦਿਉਤੇ ਉਹਨਾਂ ਨੂੰ ਇੰਜ ਬਹੁੜਦੇ ਹਨ ਜਿਵੇਂ ਰੁੱਤ ਨਾਲ ਬੇਰੀਆਂ ਨੂੰ ਬੂਰ ਅਾ ਪੈਂਦੇ ਹੈ। ਸਥਾਨਕ ਦੇਵਤਿਆਂ ਦੀਆਂ ਮੜੀਆਂ, ਮਟਿਲੇ, ਭੋਣ ਹਰ ਪਿੰਡ ਵਿਚ ਦੇਖੇ ਜਾ ਸਕਦੇ ਹਨ। ਇਹ ਮੜੀਆਂ ਦੋ ਕੂ ਉੱਚੀਆਂ ਇਟਾਂ ਦੀਆਂ ਬਣਿਆ ਹੁੰਦੀਆ ਹਨ। ਜਿਹਨਾਂ ਉਤੇ ਚੂਨਾ ਹੁੰਦਾ ਹੈ। ਉਪਰ ਅੰਡੇਦਾਰ ਗੁਲਈ ਹੁੰਦੀ ਹੈ। ਇਹਨਾਂ ਵਿੱਚ ਕੋਈ ਬੁਤ ਨਹੀਂ ਰਖਿਆ ਹੂੰਦਾ ਸਿਰਫ ਦੀਵਾ ਬਾਲ ਕੇ ਰੱਖਣ ਦੀ ਖਾਓ ਹੁੰਦੀ ਹੈ।

ਸਥਾਨਕ ਦੇਵੀ ਦੇਵਤੇ:

ਧਰਨੀ ਦੇਵੀ

ਖੇਤਰਪਾਲ

ਭੂਮੀਆ ਜਾਂ ਖੇੜਾ

ਜਠੇਰਾ

ਦਰਿਆ ਪੀਰ ਜਾਂ ਖਵਾਜਾ - ਖਿਜਰ

ਭੇਦਾਇਕ ਦੇਵੀ ਸੀਤਲਾ ਮਾਈ

ਠੰਡੀ ਮਾਤਾ[18]

**ਜੰਤਰ, ਮੰਤਰ,ਤੰਤਰ**

ਲੋਕਯਾਨ ਦੇ ਵਿਸ਼ਵਾਸ ਖੇਤਰ ਵਿਚ ਇਹਨਾਂ ਤਿੰਨਾਂ ਸ਼ਬਦਾਂ ਦੀ ਬਹੁਤ ਮਹਤਵ ਹੈ। ਜਾਦੂ ਟੂਣੇ ਦੀ ਸ਼ਕਤੀ ਦੇ ਵਿਵਰਣ ਨਾਲ ਭਰਪੂਰ ਗ੍ਰੰਥਾ ਨੂੰ ਤੰਤਰ ਸ਼ਾਸਤਰ ਕਿਹਾ ਜਾਂਦਾ ਹੈ। ਇਸ ਲਈ ਤੰਤਰ ਸ਼ਬਦ ਦਾ ਪ੍ਰਯੋਗ ਟੂਣੇ ਦੇ

ਅਰਥ ਵਿਚ ਲਿਆ ਜਾਵੇਗਾ। ਜੰਤਰ ਵਿਚ ਤਿੰਨ ਪ੍ਰਕਾਰ ਦੇ ਟੂਣੇ ਸ਼ਾਮਲ ਹਨ: ਚਾਰ ਜਾਂ ਅੱਠ ਨੁਕਰਾਂ ਦੇ ਲੀਕਾਂ ਖਿੱਚ ਕੇ ਬਨਾਏ ਪੂਜਾ ਜੰਤਰ, ਭੋਜ ਪਤਰ ਜਾਂ ਧਾਤੂ ਪਤਰ ਦੇ ਟੁਕੜੇ ਤੇ ਲਿਖ ਕੇ ਲਿਖੇ ਭੋਜਨ ਜੰਤਰ , ਜੋ ਧੋ ਕੇ ਪੀਤੇ ਜਾਂਦੇ ਹਨ ਅਤੇ ਲਿਖਤ ਜਾਂ ਉਕਰੇ ਰੂਪ ਵਿਚ ਤਾਵੀਜ਼ ਦੇ ਰੂਪ ਵਿਚ ਧਾਰਨ ਕਿਤੇ ਗਏ ਜੰਤਰ।

ਤੰਤਰ ਸ਼ਾਸਤਰ ਅਨੁਸਾਰ ਕਿਸੇ ਦੇਵਤੇ ਨੂੰ ਰਿਝਾਉਣ ਲਈ ਆਪਣੇ ਕਾਰਜ ਦੀ ਸਿੱਧੀ ਵਾਸਤੇ ਜਪਣਯੋਗ ਸ਼ਬਦ ਨੂੰ ਮੰਤਰ ਦੀ ਸੰਗਿਆ ਦਿੱਤੀ ਜਾਵੇਗੀ।

ਮੱਧਕਾਲੀਨ ਪੰਜਾਬੀ ਸਾਹਿਤ ਵਿਚ ਮੰਤਰਾਂ ਜੰਤਰਾ ਸਬੰਧੀ ਬਹੁਤ ਉਦਾਹਰਣ ਮਿਲਦੇ ਹਨ। ਤਾਵੀਜ਼ , ਝਾੜ, ਆਦਿ ਵੀ ਜੰਤਰਾਂ ਮੰਤਰਾਂ ਦੇ ਦੇਸੀ ਰੂਪ ਹਨ

ੳ) ਗੰਢੇ ਲੱਖ ਤਾਵੀਜ਼ ਤੇ ਧੁੱਪ ਧੂਣੀ

ਸੁਤ ਆਂਦੇ ਨੀ ਕੰਜ ਕਵਾਰੀਆ ਦੇ।[19]

ਲੋਕਧਾਰਾ ਅਧਿਐਨ ਦਾ ਵਿਸ਼ਾ ਖੇਤਰ

ਲੋਕਧਾਰਾ, ਸਭਿਆਚਾਰ, ਭਾਸ਼ਾ, ਸਾਹਿਤ, ਭੂਗੋਲ, ਇਤਿਹਾਸ, ਮਨੁੱਖੀ ਜੀਵਨ ਨਾਲ ਸੰਬੰਧਿਤ ਵਿਸ਼ੇਸ਼ ਅਤੇ ਮਹੱਤਵਪੂਰਨ ਗਿਆਨ ਖੇਤਰ ਹਨ , ਜਿਨ੍ਹਾਂ ਦਾ ਆਪਸ ਵਿੱਚ ਅਟੁੱਟ ਰਿਸ਼ਤਾ ਹੈ। ਇਹ ਗਿਆਨ ਖੇਤਰ ਕਿਸੇ ਖਿੱਤੇ ਦੇ ਲੋਕਾਂ ਦੇ ਸਮੁੱਚੇ ਜੀਵਨ ਸਫ਼ਰ ਨਾਲ ਅਤੇ ਸਬੰਧਿਤ ਸਮਾਜ ਦੇ ਵਿਲੱਖਣ ਲੱਛਣਾਂ ਨੂੰ ਨਿਰਧਾਰਤ ਕਰਨ ਵਿੱਚ ਵੀ ਸਹਿਯੋਗੀ ਬਣਦੇ ਹਨ। ਲੋਕਧਾਰਾ ਨਾਲ ਸਬੰਧਤ ਗਿਆਨ ਖੇਤਰ ਇਸ ਤਰ੍ਹਾਂ ਹਨ :

1. ਭੂਗੋਲ
2. ਇਤਿਹਾਸ
3. ਸਭਿਆਚਾਰ
4. ਸਭਿਆਚਾਰ
5. ਭਾਸ਼ਾ
6. ਸਾਹਿਤ

**ਲੋਕਧਾਰਾ ਅਤੇ ਭੂਗੋਲ**

ਕਿਸੇ ਵਿਸ਼ੇਸ਼ ਖਿੱਤੇ ਦੀ ਧਰਤੀ ਜਾਂ ਪ੍ਰਕਿਰਤਕ ਵਾਤਾਵਰਨ ਦੇ ਵਿਗਿਆਨਕ ਅਧਿਐਨ ਨੂੰ ਭੂਗੋਲ ਕਿਹਾ ਜਾਂਦਾ ਹੈ।ਭੂਗੋਲ ਅਤੇ ਲੋਕਧਾਰਾ ਦੋਵੇਂ ਵਰਤਾਰੇ ਕਿਸੇ ਵਿਸ਼ੇਸ਼ ਇਲਾਕੇ ਨਾਲ ਸਬੰਧ ਰਖਦੇ ਹਨ । ਜਿਹੋ-ਜਿਹਾ ਕਿਸੇ ਇਲਾਕੇ ਦਾ ਭੂਗੋਲਿਕ ਵਾਤਾਵਰਨ ਹੋਵੇਗਾ ਉਥੋਂ ਦੀ ਲੋਕਧਾਰਾ ਉੱਤੇ ਵੀ ਉਹੋ ਜਿਹਾ ਪ੍ਰਭਾਵ ਪੈਂਦਾ ਹੈ । ਜੇਕਰ ਕਿਸੇ ਇਲਾਕੇ ਵਿੱਚ ਕਿੱਕਰਾਂ ਤੇ ਟਾਹਲੀਆਂ ਵਧੇਰੇ ਹਨ ਤਾਂ ਉਥੋਂ ਦੀਆਂ ਲੋਕ- ਕਹਾਣੀਆਂ ਅਤੇ ਲੋਕਗੀਤਾਂ ਵਿੱਚ ਇਨ੍ਹਾਂ ਦਰੱਖਤਾਂ ਦਾ ਜ਼ਿਕਰ ਵਧੇਰੇ ਹੋਵੇਗਾ । ਜੇਕਰ ਕੋਈ ਵਧੇਰੇ ਉਪਜਾਊ ਤੇ ਖੇਤੀ ਪ੍ਰਧਾਨ ਖਿੱਤਾ ਹੈ ਤਾਂ ਉਥੋਂ ਦੀ ਲੋਕਧਾਰਾ ਵਿੱਚ ਕਿਸਾਨੀ ਜੀਵਨ ਦਾ ਜ਼ਿਕਰ ਵਧੇਰੇ ਮਿਲੇਗਾ ਕਿਉਂਕਿ ਕਿਸੇ ਇਲਾਕੇ ਦਾ ਜਿਹੋ ਜਿਹਾ ਭੂਗੋਲਿਕ ਵਾਤਾਵਰਨ ਹੁੰਦਾ

ਹੈ,ਉਥੋਂ ਦਾ ਰਹਿਣ-ਸਹਿਣ ਵੀ ਉਹੋ ਜਿਹਾ ਹੀ ਬਣ ਜਾਂਦਾ ਹੈ ਅਤੇ ਉਥੋਂ ਦੀ ਲੋਕਧਾਰਾ ਵੀ ਉਹੋ ਜਿਹਾ ਹੀ ਰੂਪ ਧਾਰਨ ਕਰ ਲੈਂਦੀ ਹੈ। ਜਿਵੇਂ ਹਿੰਦੁਸਤਾਨ ਦੇ ਬਾਕੀ ਪ੍ਰਾਂਤਾਂ ਦੇ ਮੁਕਾਬਲਤਨ ਪੰਜਾਬ ਨੂੰ ਖੇਤੀ ਪ੍ਰਧਾਨ ਪ੍ਰਾਂਤ ਹੋਣ ਸਦਕਾ ਖੁਸ਼ਹਾਲ ਮੰਨਿਆ ਜਾਂਦਾ ਹੈ ਅਤੇ ਇਥੋਂ ਦੇ ਲੋਕ- ਕਾਵਿ ਵਿੱਚ ਵੀ ਕਿਸਾਨੀ ਜੀਵਨ ਦਾ ਚਿਤਰਣ ਸਭ ਤੋਂ ਵੱਧ ਮੂਰਤੀਮਾਨ ਹੋਇਆ ਹੈ:

**ਲੋਕਧਾਰਾ ਅਤੇ ਇਤਿਹਾਸ**

ਇਤਿਹਾਸ ਭੂਤਕਾਲੀ ਸਮੇਂ ਵਿੱਚ ਲਿਖਿਆ ਅਜਿਹਾ ਗਿਆਨ ਹੈ ਜੋ ਮਨੁੱਖੀ ਜੀਵਨ ਦੀਆਂ ਪ੍ਰਾਪਤੀਆਂ ਅਤੇ ਅਸਫਲਤਾਵਾਂ ਦਾ ਬਿਓਰਾ ਹੈ ।ਪ੍ਰਾਚੀਨ ਕਾਲ ਵਿੱਚ ਮਨੁੱਖੀ ਜੀਵਨ ਜਿਨ੍ਹਾਂ ਸਮਾਜਕ , ਸਭਿਆਚਾਰਕ , ਆਰਥਿਕ ਪ੍ਰਸਥਿਤੀਆਂ ਵਿਚੋਂ ਲੰਘਿਆਂ , ਇਸ ਦੀ ਸਾਰੀ ਜਾਣਕਾਰੀ ਸਾਨੂੰ ਇਤਿਹਾਸ ਤੋਂ ਹਾਸਿਲ ਹੁੰਦੀ ਹੈ । ਇਤਿਹਾਸ ਅਸਲ ਵਿੱਚ ਮਨੁੱਖੀ ਸਮਾਜ ਨਾਲ ਹੀ ਜੁੜਿਆ ਹੋਇਆ ਹੈ । ਸਮਾਜਕ ਮਨੁੱਖ ਅੰਤਿਮ ਰੂਪ ਵਿੱਚ ਇੱਕ ਆਪਣੀ ਪਛਾਣ ਇਤਿਹਾਸ ਰਾਹੀਂ ਹੀ ਪ੍ਰਾਪਤ ਕਰਦਾ ਹੈ । ਅਤੀਤ ਦੀਆਂ ਘਟਨਾਵਾਂ ਦੀ ਰੌਸ਼ਨੀ ਵਿੱਚ ਉਹ ਆਪਣੇ ਵਰਤਮਾਨ ਦੀ ਸਿਰਜਣਾ ਕਰਦਾ ਹੈ । ਲੋਕਧਾਰਾ ਇਤਿਹਾਸ ਕੋਲੋਂ ਸਮੱਗਰੀ ਲੈ ਕੇ ਉਸਦੀ ਪੇਸ਼ਕਾਰੀ ਆਪਣੇ ਢੰਗ ਨਾਲ ਕਰਦੀ ਹੈ । ਜਿਵੇਂ ਕਿ ਪੰਜਾਬੀ ਲੋਕਧਾਰਾ ਵਿੱਚ ਬਹੁਤ ਸਾਰੀਆਂ ਲੋਕੋਕਤੀਆਂ ਇਹੋ ਜਿਹੀਆਂ ਮਿਲਦੀਆਂ ਹਨ ਜਿਹੜੀਆਂ ਉਸ ਸਮੇਂ ਦੇ ਸਮਾਜ ਦੇ ਇਤਿਹਾਸ ਅਤੇ ਰਾਜਨੀਤਿਕ ਹਾਲਾਤਾਂ ਦੀ ਤਰਜਮਾਨੀ ਕਰਦੀਆਂ ਹਨ ।

ਕਿਸੇ ਵੀ ਸਮਾਜ ਨਾਲ ਸਬੰਧਿਤ ਲੋਕਾਂ ਦਾ ਇਤਿਹਾਸ ਭਾਵੇਂ ਕਿੰਨਾ ਵੀ ਵਿਗਿਆਨਕ ਕਿਉਂ ਨਾ ਹੋਵੇ , ਪੂਰਨ ਰੂਪ ਵਿੱਚ ਲੋਕਧਾਰਕ ਲੱਛਣਾਂ ਤੋਂ ਮੁਕਤ ਨਹੀਂ ਹੁੰਦਾ ।

**ਲੋਕਧਾਰਾ ਅਤੇ ਸਭਿਆਚਾਰ**

ਲੋਕਧਾਰਾ ਅਤੇ ਸੱਭਿਆਚਾਰ ਮਨੁੱਖੀ ਜੀਵਨ ਨਾਲ ਸਬੰਧਿਤ ਵਿਸ਼ੇਸ਼ ਤੇ ਮਹੱਤਵਪੂਰਨ ਵਰਤਾਰੇ ਹਨ , ਜਿਨ੍ਹਾਂ ਦਾ ਆਪਸ ਵਿੱਚ ਅਟੁੱਟ ਰਿਸ਼ਤਾ ਹੈ । ਇਹ ਦੋਵੇਂ ਵਰਤਾਰੇ ਕਿਸੇ ਖਿੱਤੇ ਦੇ ਲੋਕਾਂ ਨਾਲ , ਉਨ੍ਹਾਂ ਦੇ ਸਮੁੱਚੇ ਜੀਵਨ ਸਫ਼ਰ ਨਾਲ , ਲੋਕ ਵਿਸ਼ਵਾਸਾਂ ਨਾਲ , ਲੋਕ ਮਨ ਤੇ ਪਰੰਪਰਾ ਨਾਲ ਨਿਰੰਤਰ ਗਤੀਸ਼ੀਲ ਰਹਿੰਦੇ ਹਨ ਅਤੇ ਸਬੰਧਿਤ ਸਮਾਜ ਦੇ ਵਿਲੱਖਣ ਲੱਛਣਾਂ ਨੂੰ ਨਿਰਧਾਰਤ ਕਰਨ ਵਿੱਚ ਵੀ ਸਹਿਯੋਗੀ ਬਣਦੇ ਹਨ । ਸਭਿਆਚਾਰ ਆਪਣੇ ਆਪ ਵਿੱਚ ਸਮੁੱਚੇ ਮਨੁੱਖੀ ਜੀਵਨ ਵਾਂਗ ਹੀ ਸਰਵ ਵਿਆਪਕ ਅਤੇ ਵਿਸ਼ਾਲ ਅਰਥ ਖੇਤਰ ਵਾਲਾ ਵਰਤਾਰਾ ਹੈ , ਜਿਸ ਵਿੱਚ ਮਨੁੱਖੀ ਜੀਵਨ ਦੇ ਬਹੁ ਪੱਖੀ ਪਹਿਲੂ ਸਮਾਏ ਹੋਏ ਹਨ ਅਤੇ ਲੋਕਧਾਰਾ ਸੱਭਿਆਚਾਰ ਨੂੰ ਪੇਸ਼ ਕਰਨ ਦਾ ਮਹੱਤਵਪੂਰਨ ਮਾਧਿਅਮ ਹੈ ।

ਲੋਕਧਾਰਾ ਸੱਭਿਆਚਾਰ ਦਾ ਇੱਕ ਭਾਗ ਵੀ ਹੈ ਅਤੇ ਪ੍ਰਗਟਾਅ ਮਾਧਿਅਮ ਵੀ । ਇਸ ਲਈ ਕਿਸੇ ਵੀ ਸਮਾਜ ਨੂੰ ਉਸਦੀ ਸਮਾਜਿਕਤਾ ਨੂੰ ਜਾਂ ਸੱਭਿਆਚਾਰ ਅਸਲੀਅਤ ਨੂੰ ਉਸਦੀ ਲੋਕਧਾਰਾ ਰਾਹੀਂ ਹੀ ਸਮਝਿਆ ਜਾ ਸਕਦਾ ਹੈ । ਡਾ. ਵਣਜਾਰਾ ਬੇਦੀ ਨੇ ਆਪਣੀ ਸੰਪਾਦਕ ਕੀਤੀ ਪੁਸਤਕ ਲੋਕ ਪਰੰਪਰਾ ਅਤੇ ਸਾਹਿਤ ਵਿੱਚ ਲੋਕਧਾਰਾ ਅਤੇ ਸੱਭਿਆਚਾਰ ਦੇ ਅੰਤਰ-ਸਬੰਧਾਂ ਬਾਰੇ ਚਰਚਾ ਕੀਤੀ ਹੈ :

ਲੋਕ ਵਿਅਕਤੀ ਪਰੰਪਰਾ ਨਾਲ ਬਝਿਆ , ਲੋਕਧਾਰਾ ਦੀਆਂ ਰੂੜ੍ਹੀਆਂ ਦਾ ਉਹ ਪੁਨਰ ਸਿਰਜਕ ਹੈ ਜਿਸ ਦੇ ਬਹੁਤੇ ਸੰਸਕ੍ਰਿਤਕ ਕਰਮ ਲੋਕ ਮਨ ਦੀ ਹੀ ਅਭਿਵਿਅਕਤੀ ਹਨ ਅਤੇ ਜਿਸ ਦੇ ਜੀਵਨ ਦਾ ਸਾਰਾ ਪ੍ਰਵਾਹ ਲੋਕ ਸੰਸਕਿਤੀ ਵਿਚੋਂ ਦੀ ਫੁੱਟਦਾ ਹੋਇਆ ਉਸੇ ਵਿੱਚ ਜਾ ਸਮਾਂਦਾ ਹੈ ।[21]

ਲੋਕਧਾਰਾ ਅਤੇ ਸੱਭਿਆਚਾਰ ਦੋਵੇਂ ਵਰਤਾਰੇ ਕਿਸੇ ਵੀ ਖਿੱਤੇ ਦੇ ਲੋਕਾਂ ਦੇ ਜੀਵਨ ਦੀ ਮੂੰਹ ਬੋਲਦੀ ਤਸਵੀਰ ਹੁੰਦੇ ਹਨ । ਜਿਸ ਤਰ੍ਹਾਂ ਪੰਜਾਬੀ ਸਭਿਆਚਾਰ ਸਦੀਆਂ ਬੱਧੀ ਪਿੰਡ ਕੇਂਦਰਿਤ ਤੇ ਕਿਸਾਨੀ ਮਾਨਸਿਕਤਾ ਵਾਲਾ ਰਿਹਾ ਹੈ ਤਾਂ ਇੱਥੋਂ ਦੀ ਲੋਕਧਾਰਾ ਵਿੱਚ ਵੀ ਖੇਤੀਬਾੜੀ ਦਾ ਜ਼ਿਕਰ ਵਧੇਰੇ ਹੈ । ਲੋਕਧਾਰਾ ਦੇ ਬਾਕੀ ਪੱਖਾਂ ਨਾਲੋਂ ਪੰਜਾਬੀ ਲੋਕ ਗੀਤਾਂ ਵਿੱਚ ਸਭਿਆਚਾਰ ਦਾ ਪ੍ਰਗਟਾਵਾ ਸਭ ਤੋਂ ਜ਼ਿਆਦਾ ਹੋਇਆ ਹੈ । ਡਾ. ਵਣਜਾਰਾ ਬੇਦੀ ਨੇ ਡਾ. ਨਾਹਰ ਸਿੰਘ ਰਚਿਤ ਪੁਸਤਕ ' ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ ' ਦੀ ਭੂਮਿਕਾ ਵਿਚ ਲਿਖਿਆ ਹੈ :

ਲੋਕਗੀਤ ਕਿਸੇ ਸਭਿਆਚਾਰ ਦੀ ਮੂਲ ਨੁਹਾਰ ਦੀ ਪਛਾਣ ਹੁੰਦੇ ਹਨ । ਕਿਸੇ ਜਾਤੀ ਦੇ ਸਭਿਆਚਾਰ ਦੇ ਨੈਣ-ਨਕਸ਼ , ਉਸਦੀ ਰਹਿਤ-ਬਹਿਤ , ਸੋਚ , ਮਨੌਤਾਂ ਅਤੇ ਵਿਵਹਾਰ ਆਪਣੇ ਸੁੱਚੇ-ਸੁੱਚੇ ਰੂਪ ਵਿੱਚ ਲੋਕਗੀਤਾਂ ਵਿੱਚ ਹੀ ਸੁਰੱਖਿਅਤ ਹੁੰਦੇ ਹਨ । ਇਸ ਪੱਖੋਂ , ਕਿਸੇ ਸਭਿਆਚਾਰ ਵਿਚ ਬਿਖਰੇ ਹਰ ਤਰ੍ਹਾਂ ਦੇ ਲੋਕਗੀਤ ਭਾਵੇਂ ਉਨ੍ਹਾਂ ਵਿੱਚ ਸਾਹਿਤਕ ਰੰਗ ਪੇਤਲਾ ਹੋਵੇ ਜਾਂ ਸੰਘਣਾ ਮਹੱਵਪੂਰਨ ਭੂਮਿਕਾ ਨਿਭਾ ਰਹੇ ਹੁੰਦੇ ਹਨ । ਇਹ ਕਿਸੇ ਸਭਿਆਚਾਰ ਦੀ ਰੂੜ੍ਹੀ ਨੂੰ ਆਪਣੇ ਅੰਦਰ ਸਮੋਈ ਰੱਖਦੇ ਹਨ [22]

ਲੋਕਧਾਰਾ ਸਭਿਆਚਾਰ ਦਾ ਅਜਿਹਾ ਪ੍ਰਗਟਾ ਮਾਧਿਅਮ ਹੈ , ਜਿਸ ਦੇ ਗਹਿਰੇ ਅਧਿਐਨ ਬਗੈਰ ਸਭਿਆਚਾਰ ਦੀ ਪਹਿਚਾਣ ਕਰਨੀ ਔਖੀ ਹੋ ਜਾਂਦੀ ਹੈ । ਇਹ ਇੱਕ ਪ੍ਰਵਾਹ ਵਾਂਗ ਪਰੰਪਰਾ ਤੋਂ ਚਲਦਾ , ਯੁੱਗਾਂ ਨਾਲ ਕਦਮ ਮੇਚ ਕੇ ਤੁਰਦਾ , ਹਰੇਕ ਸਭਿਆਚਾਰਕ ਵਰਤਾਰੇ ਅਤੇ ਮਨੁੱਖੀ ਸੋਚ ਵਿੱਚ ਆਪਣੀ ਅਹਿਮੀਅਤ ਦਰਸਾਉਂਦਾ ਹੈ । ਲੋਕਧਾਰਾ ਵਾਂਗ ਹੀ ਸਭਿਆਚਾਰ ਦਾ ਮਹੱਵਪੂਰਨ ਪ੍ਰਗਟਾ ਮਾਧਿਅਮ ਭਾਸ਼ਾ ਵੀ ਹੈ । ਭਾਸ਼ਾ ਨੂੰ ਲੋਕਧਾਰਾ ਅਤੇ ਸਭਿਆਚਾਰ ਵਿਚਕਾਰ ਸਬੰਧਾਂ ਦੀ ਕੜੀ ਮੰਨਦੇ ਹੋਏ ਡਾ. ਨਾਹਰ ਸਿੰਘ ਨੇ ਵਿਚਾਰ ਪ੍ਰਗਟਾਏ ਹਨ :

ਸਭਿਆਚਾਰ ਨੂੰ ਮਨੁੱਖੀ ਸਮੂਹ ਵਲੋਂ ਪ੍ਰਕ੍ਰਿਤੀ ਉੱਤੇ ਮਾਨਵੀ ਅਮਲ ਰਾਹੀਂ ਕੀਤੀਆਂ ਗਈਆਂ ਸਮੂਹਕ ਸਿਰਜਨਾਵਾਂ ਦੇ ਸਮੁੱਚੇ ਪ੍ਰਬੰਧ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ । ਲੋਕਧਾਰਾ ਅਤੇ ਭਾਸ਼ਾ ਇਸੇ ਅਮਲ ਵਿਚੋਂ ਸਹਿਜ ਰੂਪ ਵਿੱਚ ਉਪਜ ਕੇ ਇਸ ਸਮੁੱਚੇ ਅਮਲ ਦੇ ਪ੍ਰਗਟਾ ਮਾਧਿਅਮ ਵਜੋਂ ਕਾਰਜਸ਼ੀਲ ਰਹਿੰਦੇ ਹਨ । [23]

ਇਸ ਤਰ੍ਹਾਂ ਸਭਿਆਚਾਰ ਇੱਕ ਤਰ੍ਹਾਂ ਨਾਲ ਸਮੂਹਿਕ ਮਨੁੱਖੀ ਸਿਰਜਨਾ ਦਾ ਸਮੁੱਚ ਹੁੰਦਾ ਹੈ ਅਤੇ ਲੋਕਧਾਰਾ ਇਸ ਨੂੰ ਭਾਸ਼ਾ ਰਾਹੀਂ ਪ੍ਰਗਟਾਉਣ ਦਾ ਕਾਰਜ ਕਰਦੀ ਹੈ । ਸਭਿਆਚਾਰ ਨੂੰ ਜ਼ੁਬਾਨ ਲੋਕਧਾਰਾ ਦੁਆਰਾ ਪ੍ਰਾਪਤ ਹੁੰਦੀ ਹੈ ਪਰ ਇਸ ਦਾ ਮਾਧਿਅਮ ਭਾਸ਼ਾ ਬਣਦੀ ਹੈ ।

**ਲੋਕਧਾਰਾ ਅਤੇ ਭਾਸ਼ਾ**

ਮਨੁੱਖੀ ਦੀ ਬਾਕੀ ਪ੍ਰਕਿਰਤਕ ਜੀਵਾਂ ਨਾਲੋਂ ਵੱਖਰਤਾ ਅਤੇ ਵਿਸ਼ੇਸ਼ਤਾ ਭਾਸ਼ਾ ਕਰਕੇ ਹੀ ਹੈ । ਭਾਸ਼ਾ ਹੀ ਉਹ ਸੰਚਾਰ ਮਾਧਿਅਮ ਹੈ ਜਿਸ ਰਾਹੀਂ ਮਨੁੱਖੀ ਮਨ ਦੀਆਂ ਸੋਚਾਂ , ਕਲਪਨਾਵਾਂ , ਵਿਚਾਰਧਾਰਾਵਾਂ ਅਤੇ ਭਾਵਨਾਵਾਂ ਦਾ ਸ਼ਾਬਦਿਕ ਪ੍ਰਗਟਾਓ ਹੁੰਦਾ ਹੈ । ਮਨੁੱਖ ਦੇ ਸਮਾਜਿਕ ਪ੍ਰਾਣੀ ਹੋਣ ਵਿੱਚ ਵੀ ਭਾਸ਼ਾ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ , ਕਿਉਂਕਿ ਭਾਸ਼ਾ

ਹੀ ਮਨੁੱਖ ਨੂੰ ਮਨੁੱਖ ਅਤੇ ਸਮਾਜਿਕ ਮਰਿਆਦਾਵਾਂ ਦਾ ਸੰਚਾਰ ਕਰਨ ਦੇ ਵੀ ਸਮਰੱਥ ਹੈ। ਇਸ ਸੰਬੰਧੀ ਚਰਚਾ ਕਰਦੇ ਹੋਏ ਡਾ. ਸੁਰਜੀਤ ਸਿੰਘ ਭੱਟੀ ਨੇ ਆਪਣੀ ਪੁਸਤਕ ' ਪ੍ਰੰਪਰਾ : ਪੁਨਰ ਚਿੰਤਨ ' ਵਿੱਚ ਲਿਖਿਆ ਹੈ :

ਮਨੁੱਖ ਨੂੰ ਪਸ਼ੂ ਜਗਤ ਨਾਲੋਂ ਨਿਖੇੜਨ ਵਾਲੀਆਂ ਦੋ ਵਸਤਾਂ ਹਨ ਭਾਸ਼ਾ ਅਤੇ ਮਨੁੱਖ ਦੀ ਸੰਦ ਬਣਾਉਣ ਦੀ ਸਮਰੱਥਾ। ਭਾਸ਼ਾ ਇੱਕ ਸਮਾਜਿਕ ਵਰਤਾਰਾ ਹੈ। ਭਾਸ਼ਾ ਦਾ ਪ੍ਰਯੋਗ ਭਾਵੇਂ ਵਿਅਕਤੀ ਪੱਧਰ ਤੇ ਹੀ ਹੁੰਦਾ ਹੈ ਪਰੰਤੂ ਭਾਸ਼ਾ ਅਸਲ ਵਿੱਚ ਸਮਾਜਕ ਆਦਾਨ ਪ੍ਰਦਾਨ ਅਤੇ ਮਨੁੱਖੀ ਮਨ ਦੀਆਂ ਆਂਤਰਿਕ ਭਾਵਨਾਵਾਂ ਦੇ ਸੰਚਾਰ ਦਾ ਇੱਕੋ ਇੱਕ ਸਮਾਜਿਕ ਮਾਧਿਅਮ ਹੈ। [24]

ਭਾਸ਼ਾ ਅਤੇ ਲੋਕਧਾਰਾ ਦੋਵੇਂ ਹੀ ਮਨੁੱਖੀ ਸਮਾਜ ਨਾਲ ਗਹਿਰਾ ਸੰਬੰਧ ਰੱਖਦੇ ਹਨ ਕਿਉਂਕਿ ਸਮਾਜ ਹੀ ਲੋਕਧਾਰਾ ਅਤੇ ਭਾਸ਼ਾ ਨੂੰ ਅਰਥ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਲੋਕਧਾਰਾ ਅਤੇ ਭਾਸ਼ਾ ਵਿੱਚ ਸਾਂਝ ਇਨ੍ਹਾਂ ਦੋਵਾਂ ਵਿੱਚ ਹੀ ਸੰਚਾਰ ਦਾ ਗੁਣ ਮੌਜੂਦ ਹੋਣ ਕਾਰਨ ਹੈ। ਇਸ ਨੂੰ ਵਧੇਰੇ ਸਪੱਸ਼ਟ ਕਰਦਿਆਂ ਅਤੇ ਭਾਸ਼ਾ ਦੇ ਸਮਾਨ ਲੋਕਧਾਰਾ ਨੂੰ ਸੰਚਾਰ ਪ੍ਰਬੰਧ ਮੰਨਦਿਆਂ ਡਾ. ਗੁਰਮੀਤ ਸਿੰਘ ਨੇ ਆਪਣੀ ਪੁਸਤਕ ' ਲੋਕਧਾਰਾ ਪਰੰਪਰਾ ਤੇ ਆਧੁਨਿਕਤਾ ' ਵਿੱਚ ਵਿਚਾਰ ਚਰਚਾ ਕੀਤੀ ਹੈ :

' ਭਾਸ਼ਾ ' ਦੇ ਸਮਾਨਾਂਤਰ ਲੋਕਧਾਰਾ ਵੀ ਇੱਕ ਸੰਚਾਰ ਪ੍ਰਬੰਧ ਹੈ। ਭਾਸ਼ਾ ਵਾਂਗ ' ਲੋਕਧਾਰਾ ' ਵੀ ਸਮਾਜ ਵਿਚੋਂ ਅਚੇਤ ਤੌਰ 'ਤੇ ਗ੍ਰਹਿਣ ਕੀਤੀ ਜਾਂਦੀ ਹੈ। ਇਸੇ ਲਈ ਇਹ ਭਾਸ਼ਾ ਸਮੂਹ ਦੇ ਮੈਂਬਰਾਂ ਕੋਲ ਭਾਸ਼ਾਈ ਸਮਰੱਥਾ ਦੇ ਨਾਲ ਨਾਲ ਲੋਕਧਾਰਾਈ ਸਮਰੱਥਾ ਵੀ ਹੁੰਦੀ ਹੈ। ਉਹ ਇਸ ਨਾਲ ਭਾਸ਼ਾਈ ਤੇ ਲੋਕਧਾਰਾਈ ਨਿਭਾਓ ਨੂੰ ਸਮਝਦੇ ਹਨ ਅਤੇ ਇਸ ਦੀ ਮੱਦਦ ਨਾਲ ਸਮੂਹਕਤਾ ਸਵੈ ਦੀਆਂ ਭਾਵਨਾਵਾਂ ਨੂੰ ਸੰਚਾਰਦੇ ਹਨ। [25]

ਭਾਸ਼ਾ ਅਤੇ ਲੋਕਧਾਰਾ ਦੋਵੇਂ ਗਿਆਨ ਖੇਤਰ ਸਭਿਆਚਾਰ ਦੇ ਪ੍ਰਗਟਾਅ ਮਾਧਿਅਮ ਵਜੋਂ ਕਾਰਜ ਕਰਦੇ ਹਨ। ਮਨੁੱਖੀ ਜੀਵਨ ਦੇ ਸਾਰੇ ਲੋਕਧਾਰਕ ਪਾਸਾਰ ਭਾਵੇਂ ਕੇਵਲ ਭਾਸ਼ਾ ਰਾਹੀਂ ਉੱਘੜਨੇ ਸੰਭਵ ਨਾ ਹੋਣ ਕਿਉਂਕਿ ਲੋਕ ਜੀਵਨ ਦੇ ਕਈ ਲੋਕਧਾਰਕ ਆਧਾਰ ਕਿਤੇ ਚਿਤਰਾਂ ਰਾਹੀਂ , ਕਿਤੇ ਲੋਕ ਕ੍ਰਿੱਤਿਆਂ ਰਾਹੀਂ ਵੀ ਸਾਕਾਰ ਹੁੰਦੇ ਹਨ ਪਰ ਸਾਹਿਤਕ ਪੱਖੋਂ ਇਨ੍ਹਾਂ ਦੇ ਮਾਧਿਅਮ ਨਿਸ਼ਚਿਤ ਰੂਪ ਵਿੱਚ ਭਾਸ਼ਾ ਹੀ ਬਣਦੀ ਹੈ। ਜਿਵੇਂ ਕਿਸੇ ਦਰੀ ਉੱਤੇ ਪਾਏ ਡਿਜ਼ਾਇਨ ਨੂੰ ਪ੍ਰਗਟਾਉਣਾ ਤਾਂ ਦਰੀ ਪੇਸ਼ ਕਰਨ ਦੀ ਲੋੜ ਨਹੀਂ ਸਗੋਂ ਦਰੀ ਉੱਤੇ ਪਾਏ ਡਿਜ਼ਾਇਨ ਦੀ ਕਲਾਤਮਕਤਾ ਭਾਸ਼ਾਈ ਅਤੇ ਸੰਚਾਰ-ਜੁਗਤਾਂ ਰਾਹੀਂ ਵੀ ਭਲੀ- ਭਾਂਤ ਪ੍ਰਗਟ ਕੀਤੀ ਜਾ ਸਕਦੀ ਹੈ। ਡਾ. ਨਾਹਰ ਸਿੰਘ ਨੇ ਭਾਸ਼ਾ ਅਤੇ ਲੋਕਧਾਰਾ ਨੂੰ ਸਭਿਆਚਾਰ ਦਾ ਪ੍ਰਗਟਾ ਮਾਧਿਅਮ ਮੰਨਦੇ ਹੋਏ ਚਰਚਾ ਕੀਤੀ ਹੈ :

ਸਭਿਆਚਾਰ ਨੂੰ ਮਨੁੱਖੀ ਸਮੂਹ ਵਲੋਂ ਪ੍ਰਕਿਰਤੀ ਉੱਤੇ ਮਾਨਵੀ ਅਮਲ ਰਾਹੀਂ ਕੀਤੀਆਂ ਗਈਆਂ ਸਮੂਹਕ ਸਿਰਜਨਾਵਾਂ ਦੇ ਸਮੁੱਚੇ ਪ੍ਰਬੰਧ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਲੋਕਧਾਰਾ ਅਤੇ ਭਾਸ਼ਾ ਇਸੇ ਅਮਲ ਦੇ ਪ੍ਰਗਟਾ-ਮਾਧਿਅਮ ਵਜੋਂ ਕਾਰਜਸ਼ੀਲ ਰਹਿੰਦੇ ਹਨ। ....ਜਿੱਥੇ ਭਾਸ਼ਾਈ ਸੰਚਾਰ ਆਪ ਹੁਦਰੇ ਚਿਹਨਾਂ ਦੇ ਨਿਸ਼ਚਿਤ ਪ੍ਰਬੰਧ ਰਾਹੀਂ ਹੁੰਦਾ ਹੈ ਉੱਥੇ ਲੋਕਧਾਰਾ ਦੇ ਅਰਥ-ਸੰਚਾਰ ਲਈ ਭਾਸ਼ਾਈ ਤੇ ਗੈਰ-ਭਾਸ਼ਾਈ ਦੋਵੇਂ ਪ੍ਰਕਾਰ ਦੇ ਚਿਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ। [26]

ਇਸ ਤਰ੍ਹਾਂ ਸਭਿਆਚਾਰ ਇਕ ਵਿਸ਼ਾਲ ਵਰਤਾਰਾ ਹੈ ਜਦ ਕਿ ਭਾਸ਼ਾ ਅਤੇ ਲੋਕਧਾਰਾ ਸਭਿਆਚਾਰ ਪ੍ਰਬੰਧ ਵਜੋਂ ਕਾਰਜਸ਼ੀਲ ਹੁੰਦੇ ਹਨ। ਲੋਕਧਾਰਾ ਸਭਿਆਚਾਰ ਨੂੰ ਪ੍ਰਗਟਾਉਣ ਲਈ ਭਾਸ਼ਾਈ ਅਤੇ ਗੈਰ-ਭਾਸ਼ਾਈ ਦੋਵੇਂ ਤਰ੍ਹਾਂ ਦੇ ਮਾਧਿਅਮ ਵਰਤਦੀ ਹੈ।

ਭਾਸ਼ਾ ਅਤੇ ਲੋਕਧਾਰਾ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਜਦੋਂ ਭਾਸ਼ਾ ਲੋਕ ਕਾਵਿ ਭਾਸ਼ਾ ਵਿੱਚ ਤਬਦੀਲ ਹੁੰਦੀ ਹੈ ਤਾਂ ਇਸ ਨੂੰ ਸਮਝਣ ਲਈ ਧੜਕਦੇ ਦਿਲ , ਜਜ਼ਬੇ ਭਰਪੂਰ ਮਨ ਅਤੇ ਚੇਤੰਨ ਦਿਮਾਗ ਦਾ ਹੋਣਾ ਲਾਜ਼ਮੀ ਹੈ। ਇਹੀ ਤੱਤ ਭਾਸ਼ਾ ਦਾ ਲੋਕਧਾਰਕ ਆਧਾਰ ਬਣਦਾ ਹੈ। ਭਾਸ਼ਾ ਅਤੇ ਲੋਕਧਾਰਾ ਦੋਵੇਂ ਗਿਆਨਾਤਮਕ ਵਰਤਾਰੇ ਲੋਕ ਮਨਾਂ ਦੇ ਨੇੜੇ ਹੋਣ ਦੇ ਨਾਲ ਨਾਲ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਦੇ ਹੋਏ ਆਦਿਮ ਮਨੁੱਖ ਤੋਂ ਲੈ ਕੇ ਅਜੋਕੇ ਮਨੁੱਖ ਦੇ ਮਨ ਤੱਕ ਸਦੀਵੀ ਤੌਰ ਤੇ ਵਸੇ ਹੋਏ ਹਨ। ਜਿੱਥੇ ਭਾਸ਼ਾ ਸੰਚਾਰ ਦਾ ਮਾਧਿਅਮ ਹੈ ਉੱਥੇ ਲੋਕਧਾਰਾ ਵੀ ਲੋਕਾਂ ਦੀਆਂ ਭਾਵਨਾਵਾਂ ਦਾ ਭਾਸ਼ਾਈ ਸੰਚਾਰ ਕਰਦੀ ਹੈ।

**ਲੋਕਧਾਰਾ ਅਤੇ ਸਾਹਿਤ**

ਸਾਹਿਤ ਅਤੇ ਲੋਕਧਾਰਾ ਦੋਵੇਂ ਮਨੁੱਖੀ ਮਨ ਦੀ ਅਭਿਵਿਅਕਤੀ ਹਨ। ਕਈ ਵਿਦਵਾਨਾਂ ਨੇ ਲੋਕਧਾਰਾ ਨੂੰ ਮੌਖਿਕ ਤੇ ਸਮੂਹਿਕ ਗਤੀਸ਼ੀਲ ਪ੍ਰਵਾਹ ਅਤੇ ਸਾਹਿਤ ਨੂੰ ਲਿਖਤੀ ਤੇ ਵਿਅਕਤੀਗਤ ਮੰਨਿਆ ਹੈ। ਅਸਲ ਵਿਚ ਲੋਕਧਾਰਾ ਭਾਵੇਂ ਲੋਕ ਸਮੂਹ ਦੀ ਪ੍ਰਵਾਨਗੀ ਅਧੀਨ ਮੌਖਿਕ ਰੂਪ ਵਿੱਚ ਹੀ ਪੀੜ੍ਹਿਓ- ਪੀੜ੍ਹੀ ਅੱਗੇ ਤੋਂ ਅੱਗੇ ਸੰਚਾਰਿਤ ਹੁੰਦੀ ਹੈ।

ਲੋਕਧਾਰਾ ਅਤੇ ਸਾਹਿਤ ਦੇ ਸੰਬੰਧਾਂ ਦੀ ਪ੍ਰਮੁੱਖ ਕੜੀ ਲੋਕ-ਰੂੜੀਆਂ ਹਨ। ਜਿੱਥੇ ਇਹ ਰੂੜ੍ਹੀਆਂ ਲੋਕਧਾਰਾ ਦਾ ਅਨਿੱਖੜਵ ਅੰਗ ਹਨ , ਉੱਥੇ ਸਾਹਿਤ ਦੀ ਰਚਨਾਤਮਕ ਕਲਾ ਦਾ ਨਿਗਰ ਆਧਾਰ ਵੀ ਬਣਦੀਆਂ ਹਨ। ਡਾ. ਵਣਜਾਰਾ ਬੇਦੀ ਆਪਣੀ ਸੰਪਾਦਿਤ ਕੀਤੀ ਪੁਸਤਕ ' ਲੋਕ ਪਰੰਪਰਾ ਅਤੇ ਸਾਹਿਤ ' ਦੀ ਭੂਮਿਕਾ ਵਿੱਚ ਲੋਕਧਾਰਾ ਤੇ ਸਾਹਿਤ ਦੇ ਅੰਤਰ-ਸਬੰਧਾਂ ਬਾਰੇ ਵਿਚਾਰ ਕਰਦਿਆਂ ਲਿਖਦੇ ਹਨ :

ਪੰਜਾਬੀ ਸਾਹਿਤ ਤਾਂ ਮੌਲਿਆਂ ਅਤੇ ਵਿਗਸਿਆ ਹੀ ਲੋਕਧਾਰਾ ਦੇ ਤੱਤਾਂ ਅਤੇ ਰੂੜ੍ਹੀਆਂ ਉੱਤੇ ਹੈ। [27]

ਇਉਂ ਸਾਰਾ ਸਾਹਿਤ ਲੋਕਧਾਰਾ ਦੀਆਂ ਪਰੰਪਰਿਕ ਪ੍ਰਵਿਰਤੀਆਂ ਲੋਕ ਤੱਤਾਂ ਤੇ ਲੋਕ ਰੂੜ੍ਹੀਆਂ ਉੱਤੇ ਆਧਾਰਿਤ ਹੈ। ਮੱਧਕਾਲੀ ਸਾਹਿਤ ਨੇ ਤਾਂ ਲੋਕ ਰੂੜ੍ਹੀਆਂ ਤੇ ਤੱਤਾਂ ਨੂੰ ਵੱਡੀ ਮਾਤਰਾ ਵਿੱਚ ਅਪਣਾਇਆ ਹੈ। ਗੁਰਬਾਣੀ ਵਿੱਚ ਬੌਧਿਕ ਤੱਤ ਵਧੇਰੇ ਹੈ , ਪਰ ਬਾਕੀ ਸਿਰਜਨਾ ਜ਼ਿਆਦਾਤਰ ਭਾਵਾਂ ਦੀ ਪੱਧਰ 'ਤੇ ਹੋਣ ਕਰਕੇ ਇਸ ਵਿੱਚ ਸਮਕਾਲੀ ਮਾਨਸਿਕਤਾ ਦੇ ਅਨੁਕੂਲ ਲੋਕ-ਤੱਤਾਂ ਦਾ ਆ ਜਾਣਾ ਸੁਭਾਵਿਕ ਸੀ। ਇਸ ਸੰਬੰਧੀ ਡਾ. ਵਣਜਾਰਾ ਬੇਦੀ ਨੇ ਆਪਣੀ ਪੁਸਤਕ ਲੋਕਧਾਰਾ ਅਤੇ ਸਾਹਿਤ ਵਿਚ ਲਿਖਿਆ ਹੈ :

' ਗਗਨ ਮੈਂ ਥਾਲ ' ਸ਼ਬਦ ਦੀਆਂ ਮੁਢਲੀਆਂ ਪੰਗਤੀਆਂ ਵਿੱਚ ਗੁਰੂ ਨਾਨਕ ਇੱਕ ਨਵੀਂ ਮਿੱਥ ਸਿਰਜ ਕੇ ਲੋਕ-ਭਾਵਨਾ ਨੂੰ ਟੁੰਬ ਰਹੇ ਹਨ। ਮਿਥ ਸਿਰਜਨਾ ਲੋਕਧਾਰਾ ਦੀ ਹੀ ਪ੍ਰਕਿਰਤੀ ਹੈ।

ਬੇਸ਼ਕ ਲੋਕਧਾਰਾ ਅਤੇ ਸਾਹਿਤ ਵੱਖੋ-ਵੱਖਰੇ ਅਨੁਸ਼ਾਸਨ ਹਨ , ਦੋਹਾਂ ਵਿਚ ਸੰਸਾਰ ਪ੍ਰਬੰਧ ਅਤੇ ਸੰਚਾਰ ਪ੍ਰਕਿਰਿਆ ਪੱਖੋਂ ਅੰਤਰ ਹਨ। ਪਰ ਫਿਰ ਵੀ ਕੋਈ ਸਾਹਿਤਕਾਰ ਆਪਣੀ ਰਚਨਾ ਨੂੰ ਲੋਕਧਾਰਕ ਸਮੱਗਰੀ ਤੋਂ ਬਗੈਰ ਸੰਪੂਰਨ ਅਤੇ ਅਤੇ ਪ੍ਰਭਾਵਸ਼ਾਲੀ ਨਹੀਂ ਬਣਾ ਸਕਦਾ।

ਲੋਕਧਾਰਾ ਅਤੇ ਇਸਦੇ ਸਹਿਯੋਗੀ ਖੇਤਰਾਂ ਬਾਰੇ ਚਰਚਾ ਕਰਨ ਤੋਂ ਬਾਅਦ ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਲੋਕਧਾਰਾ , ਭੂਗੋਲ , ਇਤਿਹਾਸ , ਸਭਿਆਚਾਰ , ਭਾਸ਼ਾ ਅਤੇ ਸਾਹਿਤ ਆਪਸ ਵਿਚ ਸੰਬੰਧਿਤ ਮਹੱਤਵਪੂਰਨ ਗਿਆਨਾਤਮਕ ਵਰਤਾਰੇ ਹਨ । ਇਹ ਵਰਤਾਰੇ ਨਾ ਕੇਵਲ ਮਨੁੱਖ ਦੁਆਰਾ ਉਸ ਦੀ ਸਮਾਜਕ ਹੋਂਦ ਸਦਕਾ ਸਿਰਜੇ ਜਾਂਦੇ ਹਨ , ਸਗੋਂ ਸਿਰਜੇ ਜਾਣ ਉਪਰੰਤ ਇਹ ਸੰਬੰਧਿਤ ਸਮਾਜ ਦੇ ਵਿਲੱਖਣ ਲੱਛਣਾਂ ਨੂੰ ਨਿਰਧਾਰਤ ਕਰਨ ਵਿਚ ਵੀ ਸਹਿਯੋਗੀ ਬਣਦੇ ਹਨ। ਇਹ ਸਾਰੇ ਖੇਤਰ ਵਿਸ਼ੇਸ਼ ਕਰਕੇ ਲੋਕਧਾਰਾ, ਸਭਿਆਚਾਰ , ਭਾਸ਼ਾ ਤੇ ਸਾਹਿਤ ਆਪਸ ਵਿਚ ਇੱਕ ਦੂਜੇ ਨੂੰ ਇੰਨੇ ਰਚੇ - ਮਿਚੇ ਹੋਏ ਹਨ ।

ਹਵਾਲੇ


1.ਦੋ ਸ਼ਬਦ, ਜੋਗਿੰਦਰ ਸਿੰਘ ਕੈਰੋਂ ਰੁਪਿੰਦਰ ਕੌਰ .ਡਾ-ਸਮੱਗਰੀ ਤੇ ਪੇਸ਼ਕਾਰੀ:ਪੰਜਾਬੀ ਲੋਕਧਾਰਾ/, ਪੰਨਾ12-

2.ਬਲਬੀਰ ਸਿੰਘ ਪੂਨੀ, ਲੋਕਧਾਰਾ, ਵਾਰਿਸ ਸ਼ਾਹ, ਫਾਉਂਡੇਸ਼ਨ, ਅੰਮ੍ਰਿਤਸਰ, 1993, ਪੰਨਾ .9

3. ਸੋਹਿੰਦਰ ਸਿੰਘ ਬੇਦੀ . ਲੋਕਧਾਰਾ ਤੇ ਸਾਹਿਤ,ਲਾਹੌਰ ਬੁੱਕ ਸ਼ਾਪ, ਲੁਧਿਆਣਾ, 1986, ਪੰਨਾ .29-28

4. ਭੁਪਿੰਦਰ ਸਿੰਘ ਖਹਿਰਾ ., ਲੋਕਧਾਰਾ ਭਾਸ਼ਾ ਤੇ ਸਭਿਆਚਾਰ, ਪੰਨਾ .5

5. ਘ ਬੇਦੀਸੋਹਿੰਦਰ ਸਿੰ ., ਉਹੀ, ਪੰਨਾ .14

6.ਭੁਪਿੰਦਰ ਸਿੰਘ ਖਹਿਰਾ 6, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪੈਪਸੂ ਬੁੱਕ ਡਿਪੂ ਪਟਿਆਲਾ, 1989, ਪੰਨਾ24 .

7.ਸੁਹਿੰਦਰ ਸਿੰਘ ਬੇਦੀ ਲੋਕਧਾਰਾ ਦਾ ਮਹੱਤਵ, ਲੋਕਯਾਨ ਅਧਿਐਨ ਕਰਨੈਲ ਸਿੰਘ ਥਿੰਦ (ਸੰਪਾਦਕ), ਪੰਜਾਬੀ ਭਾਸ਼ਾ ਸਾਹਿਤ ਅਤੇ ਸਭਿਆਚਾਰ ਵਿਭਾਗਤਸਰਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿ :, ਪੰਨਾ ਨੰ23 .

8.ਉਹੀ, ਪੰਨਾ 24

9.page no.193
10.page no.194
11.page no.195
12.page no. 197
13.page no.201
14.page no.203
15.page no.204
16.page no.210

*17.ਬੇਦੀ, ਸੋਹਿੰਦਰ ਸਿੰਘ .(1973) ਪੰਜਾਬ ਦੀ ਲੋਕਨਵਯੁੱਗ ਪਬਲਿਸ਼ਰਜ਼ :ਦਿੱਲੀ .ਧਾਰਾ -, ਚਾਂਦਨੀ ਚੌਂਕ .pp. 40–.50*

*18.ਥਿੰਦ, ਕਰਨੈਲ ਸਿੰਘ .(1973) ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ .ਰਵੀ ਸਾਹਿਤ ਪ੍ਰਕਾਸ਼ਨ :ਅੰਮ੍ਰਿਤਸਰ . pp. 225–.226*

19.ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ ਭਾਗ ਪਹਿਲਾ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ 91,92,93

20.ਡਾ ਵਣਜਾਰਾ ਬੇਦੀ ., (ਸੰਪਾਦਕ ਸਾਹਿਤ ਲੋਕ ਪਰੰਪਰਾ ਅਤੇ (, ਪਰੰਪਰਾ ਪ੍ਰਕਾਸ਼ਨ , ਨਵੀਂ ਦਿੱਲੀ , 1978, ਪੰਨਾ5-

21. ਡਾ ਨਾਹਰ ਸਿੰਘ ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ ., ਲੋਕਗੀਤ ਪ੍ਰਕਾਸ਼ਨ , ਚੰਡੀਗੜ੍ਹ 2006, ਪੰਨਾ 11

22.ਡਾ ਨਾਹਰ ਸਿੰਘ ਪੰਜਾਬੀ ਲੋਕਧਾਰਾ ਅਧਿਐਨ ਨੂੰ ਵਣਜਾਰਾ ਬੇਦੀ ਦੀ ਦੇਣ .,

23.ਡਾ ਸੁਰਜੀਤ ਸਿੰਘ ਭੱਟੀ ., ਪਰੰਪਰਾ : ਪੁਨਰ ਚਿੰਤਨ , ਚੇਤਨਾ ਪ੍ਰਕਾਸ਼ਨ , ਲੁਧਿਆਣਾ , 2003, ਪੰਨਾ 145

24.ਡਾ ਗੁਰਮੀਤ ਸਿੰਘ ., ਲੋਕਧਾਰਾ ਪਰੰਪਰਾ ਤੇ ਆਧੁਨਿਕਤਾ , ਨਾਨਕ ਸਿੰਘ ਪੁਸਤਕਮਾਲਾ , ਅੰਮ੍ਰਿਤਸਰ , 2006,ਪੰਨਾ 7

*25. ਨਾਹਰ ਸਿੰਘ, ਨਾਹਰ ਸਿੰਘ .(1986) (.ਡਾ) ਪੰਜਾਬੀ ਲੋਕਧਾਰਾ ਅਧਿਐਨ ਨੂੰ ਵਣਜਾਰਾ ਬੇਦੀ ਦੀ ਦੇਣਪੰਜਾਬੀ :ਦਿੱਲੀ .*
*.ਅਕਾਦਮੀ p. .88*

26.ਡਾ ਲੋਕ ਪਰੰਪਰਾ ਅਤੇ (ਸੰਪਾਦਕ) ਵਣਜਾਰਾ ਬੇਦੀ .ਸਾਹਿਤ , ਪਰੰਪਰਾ ਪ੍ਰਕਾਸ਼ਨ , ਨਵੀਂ ਦਿੱਲੀ , 1978, ਪੰਨਾ 1

27.ਡਾ ਵਣਜਾਰਾ ਬੇਦੀ ., ਲੋਕਧਾਰਾ ਅਤੇ ਸਾਹਿਤ , ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ , ਨਵੀਂ ਦਿੱਲੀ , 1977, ਪੰਨਾ 11

# ਲੋਕਧਾਰਾ ਅਤੇ ਆਧੁਨਿਕਤਾ

ਲੋਕਧਾਰਾ ਇਕ ਗਤੀਸ਼ੀਲ ਵਰਤਾਰਾ ਹੈ ਜੋ ਕਿਸੇ ਖਾਸ ਦੌਰ ਵਿਚ ਕਿਸੇ ਇਕ ਖਾਸ ਭੌਗੋਲਿਕ ਖਿੱਤੇ ਦੀ ਸਦੀਆਂ ਦੇ ਸਫਰ ਵਿਚੋਂ ਕਸ਼ੀਦੀ ਜੀਵਨ ਜਾਚ ਦਾ ਪ੍ਰਗਟਾਵਾ ਹੁੰਦਾ ਹੈ। ਇਸ ਜੀਵਨ ਜਾਚ ਵਿਚ ਯੁਗ ਅਨੁਸਾਰ ਤਬਦੀਲੀਆਂ ਵੀ ਵਾਪਰਦੀਆਂ ਹਨ ਅਤੇ ਉਹਨਾਂ ਤਬਦੀਲੀਆਂ ਦੇ ਰਿਸਪਾਂਸ ਵੱਜੋਂ ਸੱਭਿੱਚਾਰਕ ਨੇਮ ਪ੍ਰਬੰਧ ਵਿਚ ਵੀ ਤਬਦੀਲੀਆਂ ਵਾਪਰਦੀਆਂ ਹਨ। ਕਿਸੇ ਵੀ ਸੱਭਿਆਚਾਰ ਦੇ ਬਹੁਤ ਸਾਰੇ ਪਹਿਲੂ ਹੁੰਦੇ ਹਨ, ਇਹਨਾਂ ਨੂੰ ਇਕ ਆਰਟੀਕਲ ਵਿਚ ਸਮੋਣਾ ਨਾਮੁਮਕਿਨ ਹੁੰਦਾ ਹੈ। ਇਸ ਲਈ ਇਸ ਤੇ ਜਿੰਨਾ ਵੀ ਅਧਿਐਨ ਹੋ ਸਕੇ ਥੋੜ੍ਹਾ ਹੀ ਹੁੰਦਾ ਹੈ। ਪੇਸ਼ ਹੈ : ਸੱਭਿਆਚਾਰ ਅਤੇ ਵਿਸ਼ੇਸ਼ ਤੋਰ ਤੇ ਪੰਜਾਬੀ ਸੱਭਿਆਚਾਰ ਦੇ ਕੁਝ ਵਿਸ਼ੇਸ਼ ਪਹਿਲੂਆਂ ਬਾਰੇ ਮੇਰੀ ਰਾਏ...

## 1. ਲੋਕਧਾਰਾ ਅਤੇ ਨੈਤਿਕ ਮੁੱਲ ਵਿਧਾਨ

ਹਰ ਲੋਕਧਾਰਾ ਆਪਣੇ ਦੌਰ ਤੇ ਨੈਤਿਕ ਮੁੱਲਾਂ ਦੀ ਬੁਨਿਆਦ ਤੇ ਹੀ ਉਸਰਿਆ ਹੁੰਦਾ ਹੈ। ਕੋਈ ਵੀ ਭਾਈਚਾਰਾ ਇਕ ਲੰਮੇ ਦੌਰ ਦੇ ਸਹਿਜ਼ ਵਿਕਾਸ ਵਿਚ ਆਪਣਾ ਮੁੱਲ ਵਿਧਾਨ ਤੈਅ ਕਰਦਾ ਹੈ ਅਤੇ ਫਿਰ ਉਸ ਤੇ ਪਹਿਰਾ ਦਿੰਦਾ ਹੈ। ਜਿਵੇਂ ਭਾਰਤੀ ਅਤੇ ਪੰਜਾਬੀ ਸੱਭਿਆਚਾਰ ਵਿਚ ਵਿਆਹ ਤੋਂ ਪਹਿਲਾਂ ਪੁਰਸ਼-ਇਸਤਰੀ ਲਿੰਗਕ ਜਾਂ ਪਿਆਰ ਸਬੰਧਾਂ ਵਿਚ ਨਹੀਂ ਬੱਝ ਸਕਦੇ ਸਨ।ਇਹ ਉਸ ਜਗੀਰੂ ਸਮਾਜ ਦਾ ਮੁੱਲ ਵਿਧਾਨ ਸੀ। ਜਦ ਵੀ ਕੋਈ ਇਸ ਨੈਤਿਕਤਾ ਨੂੰ ਉਲੰਘਣ ਦੀ ਕੋਸ਼ਿਸ਼ ਕਰਦਾ ਸੀ ਤਾਂ ਉਸ ਨੂੰ ਸਮਾਜ ਮਾਰ ਕੇ ਜਾਂ ਹਰਾ ਕੇ ਹੀ ਸਾਹ ਲੈਂਦਾ ਸੀ।
ਸਾਰੀਆਂ ਪ੍ਰੇਮ ਕਹਾਣੀਆਂ ਦੇ ਨਾਇਕ ਇਸ ਸਥਾਪਤ ਮੁੱਲ ਦੀ ਬਲੀ ਚੜ੍ਹੇ।
ਪੂਰਨ ਅਤੇ ਲੂਣਾ ਦੀ ਕਹਾਣੀ ਵੀ ਇਸੇ ਪ੍ਰਚਲਤ ਮੁੱਲ ਦੀ ਕਰੁਣਾਮਈ ਕਥਾ ਹੈ।
ਇਸੇ ਤਰ੍ਹਾਂ ਇਕ ਮੁੱਲ ਇਹ ਬਣਿਆ ਕਿ ਧੀਆਂ ਬੇਗਾਨਾ ਧਨ ਹੁੰਦੀਆਂ ਹਨ ਅਤੇ ਧੀ ਵਾਲਾ ਪਰਿਵਾਰ ਨੀਵਾਂ ਹੁੰਦਾ ਹੈ। ਅੱਜ ਤੱਕ ਵੀ ਸਾਡੇ ਵਿਆਹਾਂ ਵਿਚ ਮੁੰਡੇ ਵਾਲੇ ਖੌਰੂ ਪਾਉਂਦੇ ਹਨ ਅਤੇ ਧੀ ਵਾਲੇ ਚੁੱਪ ਹੁੰਦੇ ਹਨ। ਭਾਵੇਂ ਕਿ ਉਹ ਜੀਵਨ ਜਾਚ ਲਗਾਤਾਰ ਬਦਲ ਰਹੀ ਹੈ।
ਰਿਸ਼ਤਿਆਂ ਦੀ ਲੰਮੀ ਲੜੀ ਜੋ ਪੰਜਾਬੀ ਸੱਭਿਆਚਾਰ ਦਾ ਅਮੀਰ ਖਜ਼ਾਨਾ ਹੈ, ਨੈਤਿਕ ਮੁੱਲਾਂ ਤੇ ਹੀ ਖੜੀ ਹੈ। ਹਰ ਰਿਸ਼ਤੇ ਦੀ ਆਪਣੀ ਨੈਤਿਕਤਾ ਹੈ। ਆਪਣੀਆਂ ਹੱਦਾਂ ਹਨ ਅਤੇ ਆਪਣੀਆਂ ਖੁੱਲ੍ਹਾਂ ਹਨ।
ਮਾਂ ਧੀ, ਪਿਉ ਧੀ, ਸੱਸ-ਨੂੰਹ, ਸਹੁਰਾ-ਨੂੰਹ, ਜੀਜਾ ਸਾਲੀ, ਕਕੁੜਮ ਕੁੜਮਣੀ ਆਦਿ ਇਕ ਨੈਤਿਕ ਦਾਇਰੇ ਵਿਚ ਹੀ ਬੱਝੇ ਹੋਏ ਹਨ।
ਭਾਵੇਂ ਇਸ ਮੁੱਲ ਵਿਧਾਨ ਦੀਆਂ ਜੜਾਂ ਵੀ ਕਿਸੇ ਹੱਦ ਤੀਕ ਸਮਾਜਿਕ ਅਤੇ ਆਰਥਿਕ ਵਰਤਾਰਿਆਂ ਨੇ ਹੀ ਤੈਅ ਕਰਨੀ ਹੁੰਦੀ ਹੈ ਪਰ ਫੇਰ ਵੀ ਇਹ ਨੈਤਿਕ ਮੁੱਲ ਵਿਧਾਨ ਕਿਸੇ ਸੱਭਿਆਚਾਰ ਦੀ ਬੁਨੀਆਦੀ ਗਤੀ ਨੂੰ ਪ੍ਰਭਾਵਿਤ ਕਰਦਾ ਹੀ ਹੈ।

### 2. ਲੋਕਧਾਰਾ ਅਣਲਿਖਤ ਕਾਨੂੰਨਾਂ ਦਾ ਸੰਗ੍ਰਹਿ

ਸੱਭਿਆਚਾਰਕ ਰਵਾਇਤਾਂ ਕਿਸੇ ਖਿੱਤੇ ਵਿਚ ਸਦੀਆਂ ਤੋਂ ਵਸਦੇ ਲੋਕਾਂ ਦੀ ਪੀੜ੍ਹੀ ਪੀੜ੍ਹੀ ਦਰ ਪੀੜ੍ਹੀ ਸਿਰਜੀ ਜੀਵਨ ਜਾਚ ਵਿੱਚੋਂ ਬੂੰਦ ਬੂੰਦ ਕਸੀਦ ਕੇ ਪੈਦਾ ਹੁੰਦੀਆਂ ਹਨ। ਇਹਨਾਂ ਦਾ ਅਧਾਰ ਕੋਈ ਲਿਖਤ ਸਮਝੌਤਾ ਜਾਂ ਕਨੂੰਨ ਨਹੀਂ ਹੁੰਦਾ ਬਲਕਿ ਇਸ ਦੀਆਂ ਰਵਾਇਤਾਂ ਸਾਂਝੇ ਹਿੱਤਾਂ ਦੇ ਅਧਾਰ ਤੇ ਲੋਕ ਸਹਿਮਤੀ ਨਾਲ ਮੌਖਿਕ ਅਧਾਰ ਤੇ ਸਥਾਪਤ ਹੁੰਦੀਆਂ ਹਨ।

ਇਕ ਉਦਾਹਰਨ ਲੈਂਦੇ ਹਾਂ :

ਮੁੰਡਾ ਜੰਮਣ ਤੇ ਨਿੰਮ ਬੰਨ੍ਹਿਆ ਜਾਂਦਾ ਹੈ। ਇਸ ਦੀ ਬੁਨਿਆਦ ਵਿਚ ਦੋ ਚੀਜ਼ਾਂ ਕਾਰਜਸ਼ੀਲ ਹਨ:

(ੳ) ਉਸ ਸਮਾਜ ਵਿਚ ਮੁੰਡੇ ਦੀ ਮਹਤਤਾ

(ਅ) ਮੁੰਡੇ ਨੂੰ ਰੋਗਾਂ ਤੋਂ ਬਚਾਉਣ ਦੀ ਭਾਵਨਾ

ਪੰਜਾਬ ਵਿਚ ਜਗੀਰੂ ਦੌਰ ਵਿਚ ਕੁੜੀ ਦੇ ਮੇਕਾਬਲੇ ਮੁੰਡੇ ਦੀ ਲੋੜ ਸਰਵਪ੍ਰਵਾਨਤ ਸੀ। ਖੇਡ ਦਾ ਮੈਦਾਨ, ਖੇਤ ਦਾ ਮੈਦਾਨ, ਜੰਗ ਦਾ ਮੈਦਾਨ ਆਦਿ ਸਭ ਥਾਵਾਂ ਤੇ ਸ਼ਕਤੀ ਦੀ ਲੋੜ ਸੀ, ਇਸ ਲਈ ਮੁੰਡੇ ਦੀ ਲੋੜ ਸਰਵਪ੍ਰਵਾਨਤ ਸੀ ਅਤੇ ਕੁੜੀਆਂ ਦਾ ਹੋਣਾ ਉਹਨਾਂ ਨੂੰ ਅਸੁਰਖਿਅਤ ਕਰਦਾ ਸੀ। ਮੁੰਡੇ ਦੀ ਇਸ ਲੋੜ ਵਿੱਚੋਂ ਬਹੁਤ ਸਾਰੀਆਂ ਉਹ ਰਵਾਇਤਾਂ ਸ਼ੁਰੂ ਹੋਈਆਂ ਜੋ ਭਾਵੇਂ ਅਣਲਿਖਤੀ ਸੀ ਪਰ ਸਰਵਪ੍ਰਵਾਨਤ ਸੀ ਅਤੇ ਪੀੜ੍ਹੀ ਦਰ ਪੀੜ੍ਹੀ ਅਪਣਾਈਆਂ ਜਾਂਦੀਆਂ ਰਹੀਆਂ।

ਮੁੰਡੇ ਨੂੰ ਰੋਗ ਰਹਿਤ ਰੱਖਣ ਲਈ ਨਿੰਮ ਬੰਨਣਾ

ਕੁੜੀ ਦੇ ਜੰਮਣ ਤੇ ਸੋਗ ਮਨਾਉਣਾ

ਮੁੰਡੇ ਦੇ ਜੰਮਣ ਤੇ ਜਸ਼ਨ ਮਨਾਉਣਾ

ਜੇ ਘਰ ਜਨਮਿਆ ਪੁੱਤ ਵੇ ਬਾਬਲਾ
ਹੁਣ ਦਾਰੂ ਦੀ ਰੁੱਤ ਵੇ ਬਾਬਲਾ
ਜੇ ਘਰ ਜਨਮੀ ਧੀ ਵੇ ਬਾਬਲਾ
ਸੋਚੀਂ ਪੈ ਜਾਏ ਜੀ ਵੇ ਬਾਬਲਾ

ਮੁੰਡੇ ਵਾਲੀ ਧਿਰ ਦਾ ਸਨਮਾਨ ਵਧਣਾ ਅਤੇ ਕੁੜੀ ਵਾਲੀ ਧਿਰ ਦਾ ਨਿਉਂ ਜਾਣਾ ਆਦਿ..ਇਹ ਸਾਰੀਆਂ ਅਣਲਿਖਤੀ ਪਰੰਪਰਾਵਾਂ ਹਨ ਜੋ ਭਾਈਚਾਰੇ ਵੱਲੋਂ ਸਰਵਪ੍ਰਵਾਨਤ ਸਨ। ਇੰਝ ਹੀ ਅਣਲਿਖਤੀ ਸਜ਼ਾਵਾਂ ਵੀ ਹੁੰਦੀਆਂ ਸਨ :

ਕਬੀਲੇ ਵਿੱਚੋਂ ਬਾਹਰ ਕੱਢ ਦੇਣਾ

ਭਾਂਡਾ ਸੇਕ ਦੇਣਾ

ਰਿਸ਼ਤੇਦਾਰੀਆਂ ਦਾ ਦਬਾਅ

ਅਤੇ ਕਈ ਵਾਰ ਮੌਤ ਤੱਕ ਦੀ ਸਜ਼ਾ ਦੇ ਦੇਣਾ

### 3. ਲੋਕਧਾਰਾ ਅਤੇ ਸੰਪਰਦਾਇਕਤਾ

ਕਿਸੇ ਇਕ ਭੂਗੋਲਿਕ ਖਿੱਤੇ ਵਿਚ ਕਈ ਸੰਪਰਦਾਵਾਂ ਦੇ ਲੋਕ ਵਸਦੇ ਹੁੰਦੇ ਹਨ। ਇਹਨਾਂ ਵਿੱਚ ਹਾਕਮ ਧੀਰ ਜਾਂ ਹਮਲਾਵਰ ਧੀਰ ਦੀ ਸੰਪਰਦਾ ਵੀ ਹੁੰਦੀ ਹੈ ਅਤੇ ਜ਼ਬਰ ਸਹਿਣ ਕਰਨ ਵਾਲੀ ਸਥਾਨਕ ਵਸਨੀਕਾਂ ਦੀਆਂ ਸੰਪਰਦਾਵਾਂ ਵੀ ਹੁੰਦੀਆਂ ਹਨ। ਸਮਾਂ ਪਾ ਕੇ ਇਹ ਸਾਰਿਆਂ ਸੰਪਰਦਾਵਾਂ ਇਕ ਦੂਜੇ ਤੋਂ ਪ੍ਰਭਾਵਿਤ ਹੁੰਦੀਆਂ ਆਪਣਾ ਕਾਫੀ ਕੁਝ ਇਕ ਦੂਜੇ ਵਿਚ ਜਜ਼ਬ ਕਰ ਲੈਂਦੀਆਂ ਹਨ। ਸੱਭਿਆਚਾਰ ਵਿਚ ਵਿਸ਼ੇਸ਼ ਹਾਲਤਾਂ ਤੋਂ ਬਿਨਾ ਇਹ ਵਰਗ ਸਹਿਜ਼ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ ਅਤੇ ਲੋਕਮਨ ਇਹਨਾਂ ਨੂੰ ਸਹਿਜ਼ ਰੂਪ ਵਿਚ ਸਵੀਕਾਰ ਕਰ ਲੈਂਦਾ ਹੈ ਜਿਵੇਂ: ਪੰਜਾਬੀ ਸਭਿਆਚਾਰ ਵਿੱਚ ਇੱਕੋ ਸਮੇਂ ਕਿੰਨੀਆਂ ਹੀ ਸੰਪਰਦਾਵਾਂ ਦੇ ਨਕਸ਼ ਪਛਾਣੇ ਜਾ ਸਕਦੇ ਹਨ:

ਦੇਵੀ ਦੀ ਮੈਂ ਕਰਾਂ ਕੜਾਹੀ, ਪੀਰ ਫਕੀਰ ਧਿਆਵਾਂ। ਹੈਦਰ ਸ਼ੇਖ ਦੇ ਦੇਵਾਂ ਬੱਕਰੇ, ਨੰਗੇ ਪੈਰੀਂ ਜਾਵਾਂ। ਹਨੂੰਮਾਨ ਦੀ ਦੇਵਾ ਮੰਨੀ, ਰਤੀ ਫਰਕ ਨਾ ਪਾਵਾਂ। ਨੀ ਮਾਤਾ ਭਗਵਤੀਏ, ਮੈਂ ਤੇਰਾ ਜਸ ਗਾਵਾਂ।

ਇਸ ਵਿਚ ਇਕੋ ਵੇਲੇ ਦੇਵੀ, ਹਨੂਮਾਨ (ਹਿੰਦੂ ਸੰਪਰਦਾ) ਅਤੇ ਪੀਰ-ਫਕੀਰ (ਇਸਲਾਮ ਸੰਪਰਦਾ) ਨੂੰ ਅਰਾਧਿਆ ਹੈ। ਇਸੇ ਤਰ੍ਹਾਂ ਇਕ ਹੋਰ ਬੋਲੀ ਹੈ ਜਿਸ ਵਿਚ ਹਿੰਦੂ ਮੱਤ, ਸਿੱਖ ਮੱਤ ਅਤੇ ਰਾਮ ਵਿਰੋਧੀ ਬਿੰਬ (ਰਾਵਣ) ਨੂੰ ਵੀ ਵਡਿਆਇਆ ਹੈ :

ਧਰਤੀ ਜੇਡ ਗਰੀਬ ਨਾ ਕੋਈ, ਇੰਦਰ ਜੇਡ ਨਾ ਦਾਤਾ । ਬ੍ਰਹਮਾ ਜੇਡ ਪੰਡਤ ਨਾ ਕੋਈ, ਸੀਤਾ ਜੇਡ ਨਾ ਮਾਤਾ । ਲਛਮਣ ਜੇਡ ਜਤੀ ਨਾ ਕੋਈ, ਰਾਮ ਜੇਡ ਨਾ ਭਰਾਤਾ । ਸਰਵਣ ਜੇਡ ਪੁੱਤਰ ਨਾ ਕੋਈ, ਜਿਸ ਰੱਬ ਦਾ ਨਾਮ ਗਿਆਤਾ । ਨਾਨਕ ਜੇਡ ਭਗਤ ਨਾ ਕੋਈ, ਜਿਨ ਹਰ ਦਾ ਨਾਮ ਪਛਾਤਾ । ਦੁਨੀਆਂ ਮਾਣ ਕਰਦੀ, ਰੱਬ ਸਭਨਾਂ ਦਾ ਦਾਤਾ ।

ਖੁਆਜਾ ਖਿਜ਼ਰ ਦੀ ਕੜਾਹੀ ਚੜ੍ਹਾਈ ਜਾਂਦੀ ਹੈ। ਦੇਵੀਆਂ ਦੇ ਛਤਰ ਚੜ੍ਹਾਏ ਜਾਂਦੇ ਨੇ। ਇੱਥੋਂ ਤੱਕ ਕਿ ਜਿਹੜੇ ਮੱਤਾਂ ਦਾ ਬਾਅਦ ਵਿਚ ਸਿੱਖ ਮਤ ਨੇ ਵਿਰੋਧ ਵੀ ਕੀਤਾ, ਉਹਨਾਂ ਦਾ ਵੀ ਸੱਭਿਆਚਾਰ ਵਿਚ ਮਾਨਤਾ ਹੈ। ਜਿਵੇਂ ਹਿੰਦੂ ਮਤ, ਜੋਗ ਮਤ ਅਤੇ ਸਾਧ ਮਤ ਆਦਿ

ਮਾਤਾ ਰਾਣੀਏ ਗੁਲਗੁਲੇ ਖਾਣੀਏ, ਬਾਲ ਬੱਚਾ ਰਾਜ਼ੀ ਰੱਖਣਾ।

ਜੋਗੀ ਉੱਤਰ ਪਹਾੜੋਂ ਆਏ, ਚਰਖੇ ਦੀ ਹੂਕ ਸੁਣ ਕੇ

ਪਿੰਡ ਤਾਂ ਸਾਡੇ ਡੇਰਾ ਸਾਧ ਦਾ, ਮੈਂ ਸੀ ਗੁਰਮੁਖੀ ਪੜ੍ਹਦਾ । ਬਹਿੰਦਾ ਸਤਿਸੰਗ ਦੇ ਵਿੱਚ, ਮਾੜੇ ਬੰਦੇ ਕੋਲ ਨੀ ਖੜ੍ਹਦਾ । ਜੇਹੜਾ ਫੁੱਲ ਵਿੱਛੜ ਗਿਆ, ਮੁੜ ਨੀ ਬੇਲ 'ਤੇ ਚੜ੍ਹਦਾ । ਬੋਲੀਆਂ ਪੌਣ ਦੀ ਹੋਗੀ ਮਨਸ਼ਾ, ਆ ਕੇ ਗਿੱਧੇ ਵਿੱਚ ਵੜਦਾ । ਨਾਲ ਸ਼ੌਕ ਦੇ ਪਾਵਾਂ ਬੋਲੀਆਂ, ਮੈਂ ਨੀ ਕਿਸੇ ਤੋਂ ਡਰਦਾ । ਨਾਉਂ ਪਰਮੇਸ਼ਰ ਦਾ, ਲੈ ਕੇ ਗਿੱਧੇ ਵਿੱਚ ਵੜਦਾ ।

ਸੱਭਿਆਚਾਰ ਵਿਚ ਤਾਂ ਇੱਥੋਂ ਤੱਕ ਦਾ ਸੰਪਰਦਾਇਕ ਸਦਭਾਵ ਹੁੰਦਾ ਹੈ ਕਿ ਇਹ ਵੀ ਕਿਹਾ ਜਾਂਦਾ ਹੈ :

ਅੱਲ੍ਹਾ ਵਾਹਿਗੁਰੂ ਹਰੀ ਦਾ ਨਾਮ ਇਕ ਹੈ, ਭਰਮਾਂ 'ਚ ਪੈ ਗਈ ਦੁਨੀਆ

ਇੱਸ ਦੇ ਉਲਟ ਇਹ ਵੀ ਹੈ ਕਿ ਲੋਕ ਮਨ ਕਿਸੇ ਵੀ ਸੰਪਰਦਾ ਨੂੰ ਕਾਹਲੀ ਵਿਚ ਸਵੀਕਾਰ ਨਹੀਂ ਕਰਦਾ ਬਲਕਿ ਸਹਿਜ ਤੌਰ ਤੇ ਅਪਣਾਉਂਦਾ ਹੈ। ਪੰਜਾਬੀ ਸੱਭਿਆਚਾਰ ਨੂੰ ਭਾਵੇਂ ਕਈ ਵਾਰ ਸਿੱਖ ਸੱਭਿਆਚਾਰ ਵੀ ਕਿਹਾ ਜਾਂਦਾ ਹੈ ਅਤੇ ਇਹਚ ਵੀ ਕੋਈ ਸੱਕ ਨਹੀਂ ਕਿ ਇਸ ਸੱਭਿਆਚਾਰ ਤੇ ਗੁਰੂ ਨਾਨਕ ਤੋਂ ਲੈਕੇ ਬੰਦਾ ਬਹਾਦਰ ਤੱਕ ਦੇ ਜ਼ੁਲਮ ਵਿਰੋਧੀ ਵਰਤਾਰੇ ਦਾ ਬਹੁਤ ਜ਼ਿਆਦਾ ਪ੍ਰਭਾਵ ਹੈ :

ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ

ਪੰਜਾਬ ਦੇ ਜੰਮਿਆ ਨੂੰ ਨਿੱਤ ਮੁਹਿੰਮਾਂ

ਮੋੜੀ ਬਾਬਾ ਕੱਛ ਵਾਲਿਆ ਸਰਦਾਰਾ, ਕਿ ਗਈ ਰੰਨ ਬਸਰੇ ਨੂੰ

ਪਰ ਨਾਲ ਹੀ ਧੱਕੇ ਨਾਲ ਠੋਸੇ ਵਰਤਾਰਿਆਂ ਦੀ ਆਲੋਚਨਾ ਵੀ ਕਰ ਦਿੰਦਾ ਹੈ :

ਰੱਬ ਫਿਰਦਾ ਧੰਨੇ ਦੇ ਖੁਰ ਵੱਢਦਾ, ਉਹਨੇ ਕਿਹੜਾ ਕੱਛ ਪਾਈ ਤੀ

ਮਰ ਜਾਣ ਸਿੰਘ ਸਭੀਏ, ਜਿੰਨਾਂ ਗਿੱਧੇ ਪਿੰਡਾਂ ਚੋਂ ਬੰਦ ਕੀਤੇ

ਕੀਹਦੇ ਕੀਹਦੇ ਪੈਰੀ ਹੱਥ ਲਾਵਾਂ, ਸੰਤਾਂ ਦੇ ਵੱਗ ਫਿਰਦੇ

ਇਸ ਤਰ੍ਹਾਂ ਲੋਕਧਾਰਾ ਅਤੇ ਸੱਭਿਆਚਾਰ ਨਾ ਕਿਸੇ ਸੰਪਰਦਾ ਨੂੰ ਇਕਦਮ ਰੱਦ ਕਰਦਾ ਹੈ ਤਾਂ ਅਪਣਾਉਂਦਾ ਹੈ ਬਲਕਿ ਸਹਿਜ਼ ਰੂਪ ਵਿਚ ਪੜਾਅਦਰ ਪੜਾਅ ਸਾਰਿਆਂ ਸੰਪਰਦਾਵਾਂ ਦੇ ਵਿਸ਼ਵਾਸ ਮੂਲਕ ਅਤੇ ਭਾਈਚਾਰਕ ਮੁੱਲਾਂ ਨੂੰ ਅਪਨਾਉਂਦਾ ਹੈ ਅਤੇ ਵਿਰੋਧੀ ਮੁੱਲਾਂ ਨੂੰ ਰੱਦ ਕਰਦਾ ਹੈ।

**4. ਲੋਕਧਾਰਾ ਦੀ ਵੱਖਰੀ ਪਛਾਣ ਦਾ ਮਸਲਾ**

ਦੁਨੀਆ ਦਾ ਹਰ ਸੱਭਿਆਚਾਰ ਦੂਜਿਆਂ ਨਾਲੋਂ ਵਿਲੱਖਣ ਅਤੇ ਮੁਕੰਮਲ ਹੈ। ਇਸ ਦੀ ਇਸ ਵਿਲੱਖਣਤਾ ਅਤੇ ਵੱਖਰੀ ਪਛਾਣ ਦੇ ਕਈ ਕਾਰਨ ਹੋ ਸਕਦੇ ਹਨ; ਭਾਰਤ ਵਿਚ ਪ੍ਰਵੇਸ਼ ਕਰਨ ਵਾਲੇ ਹਰ ਦੁਸ਼ਮਣ ਦਾ ਪਹਿਲਾ ਸਾਮ੍ਹਣਾ ਪੰਜਾਬੀਆਂ ਨਾਲ ਹੀ ਹੁੰਦਾ ਰਿਹਾ ਹੈ। ਕਾਰਨ ਸਿੱਧਾ ਜਿਹਾ ਹੈ ਕਿਉਂਕਿ ਭਾਰਤ ਦੇ ਇਕ ਪਾਸੇ ਹਿਮਾਲੀਆ ਪਰਬਤ ਮਾਲਾ ਹੈ, ਤੇ ਦੋ ਪਾਸੇ ਸਮੁੰਦਰ। ਪੁਰਾਣੇ ਦੌਰ ਵਿਚ ਇਹਨਾ ਤਿੰਨ੍ਹਾਂ ਨੂੰ ਪਾਰ ਕਰਨਾ ਬੇਹਦ ਮੁਸ਼ਕਿਲ ਸੀ । ਇਸ ਲਈ ਸਾਰੇ ਹਮਲਾਵਰ ਪੰਜ਼ਾਬ ਦੇ ਰਾਸਤਿਓ ਹੀ ਭਾਰਤ ਵਿਚ ਆਏ। ਇਸੇ ਲਈ ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ, ਖੜਗ ਭੁਜਾ ਜਾਂ ਸੰਤਰੀ ਵੀ ਕਿਹਾ ਗਿਆ। ਇਸੇ ਮਜ਼ਬੂਰੀ ਵਿੱਚੋਂ ਹੀ ਪੰਜਾਬ ਵਿਚ ਖਾੜਕੂ ਸੱਭਿਆਚਾਰ ਵਿਕਸਿਤ ਹੋਇਆ ਸ਼ਹੀਦੀਆਂ ਕੁਰਬਾਨੀਆਂ ਦਾ ਭਰਪੂਰ ਇਤਿਹਾਸ ਇਸ ਧਰਤੀ ਤੇ ਸਿਰਜਿਆ ਗਿਆ। ਇਸੇ ਲਈ ਕਿਹਾ ਜਾਂਦਾ ਸੀ :

ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ

ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ

ਘੋੜਿਆਂ ਦੀਆਂ ਕਾਠੀਆਂ ਤੇ ਸੌਣਾ

ਅਰਥਿਕ ਵਿਲੱਖਣਤਾ : ਹਰ ਖਿੱਤੇ ਦੀ ਵੱਖਰੀ ਆਰਥਿਕ ਵਿਵਸ਼ਥਾ ਹੁੰਦੀ ਹੈ ਜੋ ਉਥੋਂ ਦੇ ਸੱਭਿਆਚਾਰ ਨੂੰ ਵਿੱਲਖਣ ਬਣਾਉਂਦੀ ਹੈ। ਜਿਵੇਂ ਪੰਜਾਬ ਦੀ ਆਰਥਿਕਤਾ ਖੇਤੀ ਅਧਾਰਿਤ ਹੈ ਅਤੇ ਖੇਤੀ ਦਾ ਆਪਣਾ ਵਿੱਲੱਖਣ ਵਿਧਾਨ ਹੈ ਜਿਸ ਦਾ ਮੂਲ ਹੈ : ਦੱਬ ਕੇ ਵਾਹ ਤੇ ਰੱਜ ਕੇ ਖਾਹ

ਪੰਜਾਬ ਦੀ ਸਮੁੱਚੀ ਸੱਭਿਆਚਾਰਕ ਵਿਵਸ਼ਥਾ ਇਸ ਆਰਥੀਕ ਵਿਵਸ਼ਥਾ ਤੋਂ ਪ੍ਰਭਾਵਿਤ ਹੋਈ ਹੈ :

-ਖੇਤੀ ਦਾ ਤਾਕਤ ਅਧਾਰਿਤ ਹੋਣ ਕਾਰਨ ਮੁੰਡੇ ਦੀ ਅਹਿਮੀਅਤ : ਦੇਈ ਦੇਈ ਵੇ ਬਾਬਲਾ ਉਸ ਘਰੇਂ ਜਿੱਥੈ ਸੱਸ ਦੇ ਬਾਹਲੜੇ ਪੁੱਤ...

-ਕੁੜੀਆਂ ਦਾ ਸਰੀਰਕ ਤੌਰ ਤੇ ਕਮਜ਼ੋਰ ਹੋਣ ਕਾਰਨ ਬੇਲੋੜਾ ਹੋ ਜਾਣਾ

-ਸਾਰੇ ਮੇਲਿਆਂ ਅਤੇ ਵਿਆਹ ਸਾਹੇ ਦਾ ਦਿਨ ਖੇਤੀ ਨੂੰ ਧੀਆਨ ਵਿਚ ਰੱਖ ਕੇ ਤੈਅ ਕਰਨਾ :

ਤੁੜੀ ਤੰਦ ਸਾਂਭ ਹਾੜੀ ਵੇਚ ਵੱਟ ਕੇ
ਲੰਬੜਾ ਤੇ ਸਾਹਾਂ ਦਾ ਹਿਸਾਬ ਕੱਟਕੇ
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ

-ਖੇਤੀ ਅਧਾਰਿਤ ਕਲਾਵਾਂ ਅਤੇ ਧੰਧੇ ਵਿਕਸਿਤ ਹੋਣਾ : ਜਿਵੇਂ ਮੰਜੇ ਪੀੜ੍ਹੀਆਂ ਬੁਣਨਾ, ਲੁਹਾਰਾ ਅਤੇ ਤਰਖਾਣਾ ਕੰਮ.

-ਖੇਤੀ ਆਧਾਰਿਤ ਘਰਾਂ ਮਕਾਨਾਂ ਦੀ ਖੁੱਲੀ ਡੁੱਲ੍ਹੀ ਵਿਚਸਥਾ

ਸਿਆਸੀ ਵਿਚਾਰਧਾਰਾ ਵੀ ਕਿਸੇ ਵੀ ਸੱਭਿਆਚਾਰ ਦੀ ਵਿਲੱਖਣਤਾ ਨੂੰ ਤੈਅ ਕਰਨ ਲਈ ਉੱਥੋਂ ਦਾ ਸਿਆਸੀ ਵਿਧਾਨ : ਮਹੱਤਵਪੂਰਨ ਹੁੰਦਾ ਹੈ। ਜਿਵੇਂ ਮੁਗਲਾਂ ਦੇ ਰਾਜ ਸਮੇਂ ਉਰਦੂ ਫਾਰਸੀਨੇ ਸਾਡੀ ਪੰਜਾਬੀ ਭਾਸ਼ਾ ਤੇ ਬਹੁਤ ਪ੍ਰਭਾਵ ਪਾਇਆ। ਉਹਨਾਂ ਦੇ ਪਹਿਰਾਵਾ, ਉਨਾਂ ਦੇ ਮਨੋਰੰਜਨ, ਉਨਾਂ ਦੇ ਰਹਿਣ ਸਹਿਣ ਨੇ ਸਾਡੇ ਸਥਾਨ ਪਹਿਰਾਵਿਆਂ, ਮਨੋਰੰਜਨਾਂ ਅਤੇ ਰਹਿਣ ਸਹਿਣ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ। ਘੁੰਡ ਕੱਢਣ ਦੀ ਪ੍ਰਥਾ ਸਿੱਧੇ ਤੌਰ ਤੇ ਮੁਗਲ ਸੱਭਿਆਚਾਰ ਦੀ ਦੇਣ ਹੈ। ਇਸੇ ਤਰ੍ਹਾਂ ਜਦੋਂ ਸਿਆਸੀ ਸੱਤਾ ਅੰਗਰੇਜ਼ਾਂ ਦੇ ਹੱਥ ਵਿਚ ਆਈ ਤਾਂ ਉਨਾਂ ਦੀ ਭਾਸ਼ਾ, ਰਹਿਣ ਸਹਿਣ, ਮਨੋਰੰਜਨ ਅਤੇ ਢੰਗ ਤਰੀਕਿਆਂ ਨੇ ਪੰਜਾਬੀ ਸੱਭਿਆਚਾਰ ਨੂਮ ਵੱਡੇ ਪੱਧਰ ਤੇ ਪ੍ਰਭਾਵਿਤ ਕੀਤਾ। ਪੈਂਟ ਕੋਟ ਟਾਈ ਦਾ ਕਲਚਰ ਅੰਗਰੇਜ਼ਾਂ ਦੀ ਹੀ ਦੇਣ ਹੈ। ਸਾਡੀ ਭਾਸ਼ਾ ਵਿਚ ਹਜ਼ਾਰਾਂ ਸ਼ਬਦ ਅੰਗਰੇਜ਼ੀ ਪਿਛੋਕੜ ਦੇ ਹਨ। ਸਾਡੇ ਮਨੋਰੰਜਨ ਵਿਚ ਅੰਗਰੇਜ਼ੀ ਪੌਪ ਤੇ ਰੈਪ ਉਹਨਾਂ ਦੇ ਅਸਰ ਅਧੀਨ ਹੀ ਆਏ।

ਧਰਮ ਜਾਤ ਗੋਤ ਕਿਤੇ ਆਦਿ ਦੀ ਭੂਮਿਕਾ ਵੀ ਕਿਸੇ ਸੱਭਿਆਚਾਰ ਦੀ ਪਛਾਣ ਤੈਅ ਕਰਦੀ ਹੈ। ਆਮ ਤੌਰ ਤੇ ਬਹੁਤ ਗਿਣਤੀ ਦਾ ਸੱਭਿਆਚਾਰ ਘੱਟ ਗਿਣਤੀਆਂ ਤੇ ਹਾਵੀ ਹੋ ਕੇ ਸੱਮੁਚੇ ਸੱਭਿਆਚਾਰ ਦਾ ਪਰਿਆਏ ਬਣ ਜਾਂਦਾ ਹੈ। ਪੰਜਾਬ ਦੇ ਪ੍ਰਸੰਗ ਵਿਚ ਸਿੱਖ ਸੱਭਿਆਚਾਰ ਅਤੇ ਜੱਟ ਸਭਿਆਚਾਰ ਦੂਜੀਆਂ ਜਾਤੀਆਂ ਅਤੇ ਧਰਮਾਂ ਦੇ ਸੱਭਿਆਚਾਰਾਂ ਤੇ ਹਾਵੀ ਰਿਹਾ ਹੈ। ਜੱਟ ਹੋਣ ਅਤੇ ਜੱਟ ਅਖਵਾਉਣ ਵਿਚ ਹਰ ਆਦਮੀ ਮਾਣ ਮਹਿਸੂਸ ਕਰਦਾ ਰਿਹਾ ਹੈ। ਇਸੇ ਲਈ ਸਭ ਤੋਂ ਵੱਧ ਗੀਤ, ਫਿਲਮਾਂ ਆਦਿ ਇਸੇ ਮਾਨਸਿਕਤਾ ਨੂੰ ਕੈਸ਼ ਕਰਨ ਲਈ ਬਣੀਆਂ। ਇਸੇ ਤਰ੍ਹਾਂ ਕਿੱਤੇ ਵੀ ਸੱਭਿਆਚਾਰ ਨੂੰ ਪ੍ਰਭਾਵਿਤ ਕਰਦੇ ਹਨ।

ਇਸ ਪ੍ਰਕਾਰ ਭਾਸ਼ਾ ਵੀ ਕਿਸੇ ਸੱਭਿਆਚਾਰ ਦੀ ਪਛਾਣ ਉੱਪਰ ਅਸਰ ਅੰਦਾਜ਼ ਹੁੰਦੀ ਹੈ।

**5. ਪੰਜਾਬੀ ਲੋਕਧਾਰਾ ਦੀ ਭਾਰਤੀ ਲੋਕਧਾਰਾ ਵਿਚ ਥਾਂ**

ਬੇਸ਼ੱਕ ਦੁਨੀਆ ਦਾ ਹਰ ਇਕ ਸੱਭਿਆਚਾਰ ਹੀ ਮੁਕੰਮਲ ਅਤੇ ਵਿੱਲਖਣ ਹੁੰਦਾ ਹੈ ਕਿਉਂਕਿ ਇਹ ਕਿਸੇ ਵਿਸ਼ੇਸ਼ ਭੁਗੋਲਿਕ ਖਿੱਤੇ ਦੀ ਮੁਕੰਮਲ ਜੀਵਨ ਜਾਚ ਦਾ ਪ੍ਰਤੀਬਿੰਬ ਹੁੰਦਾ ਹੈ। ਜਿੱਥੋਂ ਤੱਕ ਭਾਰਤੀ ਸੱਭਿਆਚਾਰ ਵਿਚ ਪੰਜਾਬੀ ਸੱਭਿਆਚਾਰ ਦੀ ਮਹੱਤਤਾ ਦਾ ਪ੍ਰਸ਼ਨ ਹੈ, ਇਸ ਸਬੰਧ ਵਿਚ ਕਿਹਾ ਜਾ ਸਕਦਾ ਹੈ ਕਿ ਪੂਰੇ ਭਾਰਤ ਦੇ ਮੁਕਾਬਲੇ ਖਿੱਤੇ

ਪੱਖੋਂ ਅਤੇ ਗਿਣਤੀ ਪੱਖੋਂ ਬਹੁਤ ਨਿਗੁਣਾ ਹੋਣ ਦੇ ਬਾਵਜੂਦ ਪੰਜਾਬੀ ਸੱਭਿਆਚਾਰ ਨੇ ਭਾਰਤੀ ਸੱਭਿਆਚਾਰ ਨੂੰ ਵੱਡੀ ਮਾਤਰਾ ਵਿਚ ਪ੍ਰਭਾਵਿਤ ਕੀਤਾ ਹੈ।

ਪੰਜਾਬੀ ਸੱਭਿਆਚਾਰ ਦਾ ਸਭ ਤੋਂ ਅਹਿਮ ਵਰਤਾਰਾ ਇਸ ਵਿਚਲਾ ਖਾੜਕੂ ਤੱਤ ਹੈ। ਭੂਗੋਲਿਕ ਤੌਰ ਤੇ ਇਸ ਦੀ ਸਥਿਤੀ ਅਜਿਹੀ ਥਾਂ ਤੇ ਰਹੀ ਹੈ, ਜਿੱਥੇ ਇਸ ਨੂੰ ਹਰ ਵਿਦੇਸੀ ਹਮਲਾਵਰ ਨਾਲ ਸਭ ਤੋਂ ਪਹਿਲਾਂ ਲੜਾਈ ਲੜਨੀ ਪਈ। ਇਸ ਨਿਰੰਤਰ ਯੁੱਧ ਅਤੇ ਸੰਘਰਸ਼ ਦੀ ਪਿੱਠਭੂਮੀ ਕਾਰਨ ਪੰਜਾਬੀਆਂ ਦੇ ਸੁਭਾਅ ਵਿਚ ਖਾੜਕੂ ਤੱਤ, ਉਤਸ਼ਾਹ, ਜ਼ੁਲਮ ਅਤੇ ਜ਼ਾਲਮ ਨਾਲ ਟੱਕਰ ਲੈਣ ਦੀ ਪ੍ਰਵਿਰਤੀ ਆਦਿ ਮੀਰੀ ਗੁਣ ਪੈਦਾ ਹੋਏ ਜਿਸ ਨੇ ਮੱਧਕਾਲੀ ਦੌਰ ਵਿਚ 'ਹਿੰਦ ਦੀ ਚਾਦਰ' ਦੇ ਰੂਪ ਵਿਚ ਗੁਰੂ ਤੇਗਬਹਾਦਰ ਵਰਗੇ ਨਾਇਕ ਪੈਦਾ ਕੀਤੇ ਅਤੇ ਬਾਅਦ ਵਿਚ ਕਰਤਾਰ ਸਿੰਘ ਸਰਾਭਾ, ਉਧਮ ਸਿੰਘ, ਭਗਤ ਸਿੰਘ, ਸੁਖਦੇਵ ਆਦਿ ਦੇ ਰੂਪ ਵਿਚ ਕੁਰਬਾਨੀਆਂ ਦੀ ਇਕ ਭਰਪੂਰ ਫਸਲ ਪੈਦਾ ਕੀਤੀ ਅਤੇ ਗਿਣਤੀ ਪੱਖੋਂ ਸਭ ਤੋਂ ਘੱਟ ਹੋਣ ਦੇ ਬਾਵਜੂਦ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਪੰਜਾਬ ਦੇ ਜੁਝਾਰੂ ਸੱਭਿਆਚਾਰ ਦਾ ਝੰਡਾ ਬੁਲੰਦ ਕੀਤਾ।

ਪੰਜਾਬੀ ਸੱਭਿਆਚਾਰ ਦੀ ਭਾਰਤੀ ਸੱਭਿਆਚਾਰ ਨੂੰ ਦੂਜੀ ਅਹਿਮ ਦੇਣ 'ਸ਼ਬਦ' ਨੂੰ ਸਮਾਜਿਕ ਅਧਿਆਤਮਕ, ਨੈਤਿਕ ਅਤੇ ਸਿਆਸੀ ਤਬਦੀਲੀ ਦੇ ਸੰਦ ਦੇ ਤੌਰ ਤੇ ਵਰਤਣਾ। ਪੰਜਾਬ ਦੇ ਦਰਿਆਵਾਂ ਦੇ ਕੰਢਿਆਂ ਤੇ ਬੈਠ ਕੇ ਲਿਖੇ ਗਏ ਵੇਦਾਂ ਤੋਂ ਲੈ ਕੇ, ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਵਿਸ਼ਵ ਦੀ ਸਭ ਤੋਂ ਵੱਧ ਧਰਮ ਨਿਰਪੇਖ ਪੁਸਤਕ ਦੇ ਰੂਪ ਵਿਚ 'ਸ਼ਬਦ' ਨੂੰ ਗੁਰੂ ਦੇ ਰੂਪ ਵਿਚ ਸਥਾਪਤ ਕਰਨ ਦਾ ਹੋ ਅਹਿਦ ਹੋਇਆ, ਉਸਨੇ ਭਾਰਤ ਦੀ ਚਿੰਤਨਸ਼ੀਲ ਪਰੰਪਰਾ ਨੂੰ ਨਵਾਂ ਵਿਸਥਾਰ ਦਿੱਤਾ।

ਤੀਜਾ ਵੱਖ ਵੱਖ ਹਮਲਾਵਰਾਂ ਦੇ ਆਉਣ ਕਾਰਨ ਪੰਜਾਬ ਅਨੇਕ ਕੌਮਾਂ ਦੇ ਸੱਭਿਆਚਾਰਾਂ ਦੇ ਰੂਬਰੂ ਹੋਇਆ ਅਤੇ ਇਸ ਤੋਂ ਇਸ ਦੇ ਆਪਣੇ ਸੱਭਿਆਚਾਰ ਵਿਚ ਵੱਡੀਆਂ ਤਬਦੀਲੀਆਂ ਆਈਆਂ। ਕਿਤੇ ਆਰੀਆ ਸੱਭਿਆਚਾਰ, ਕਦੇ ਯੋਗ – ਸਾਧ ਸੱਭਿਆਚਾਰ, ਕਿਤੇ ਇਸਲਾਮ ਸੱਭਿਆਚਾਰ ਅਤੇ ਕਿਤੇ ਆਜ਼ਾਦੀ ਤੋਂ ਪਹਿਲਾਂ ਅਤੇ ਪਿੱਛੋਂ ਦਾ ਪੱਛਮੀ ਸੱਭਿਆਚਾਰਸ਼ਾਇਹਨਾਂ ਸਭ ਸੱਭਿਆਚਾਰ ਨੇ ਪੰਜਾਬੀਆਂ ਦੀ ਭਾ.., ਖੁਰਾਕ, ਰਹਿਣ ਸਹਿਣ, ਪਹਿਰਾਵੇ ਆਦਿ ਤੇ ਜ਼ਿਕਰਯੋਗ ਪ੍ਰਭਾਵ ਪਾਇਆ। ਇਸੇ ਲਈ ਪੰਜਾਬ ਦੇ ਸੱਭਿਆਚਾਰ ਨੂੰ ਸੱਭਿਆਚਾਰਾਂ ਦਾ ਪੰਘੂੜਾ ਕਿਹਾ ਗਿਆ ਹੈ।

ਸਿੱਖ ਸਮਾਜ ਦੀ 'ਸਰਬੱਤ ਦੇ ਭਲੇ' ਦੀ ਰੀਤ ਕਾਰਨ, ਅਤੇ ਜੰਗਾਂ ਯੁੱਧਾ ਆਦਿ ਕਾਰਨ ਦੋਲਤਾਂ ਆਦਿ ਦੇ ਜਮ੍ਹਾ ਕਰਨ ਤੋਂ ਨਿਰਲੇਪ ਰਹਿਣ ਕਾਰਨ ਪੰਜਾਬੀਆਂ ਦਾ ਖੁੱਲ੍ਹਦਿਲਾ ਸੁਭਾਅ ਵੀ ਭਾਰਤੀ ਸੱਭਿਆਚਾਰ ਨੂੰ ਵਿਸ਼ੇਸ਼ ਦੇਣ ਹੈ। ਇਸ ਦੇ ਤਹਿਤ ਹੇਠ ਲਿਖੀਆਂ ਚੀਜ਼ਾਂ ਸ਼ਾਮਿਲ ਹਨ :

-ਪੰਜਾਬੀਆਂ ਦਾ ਵਰਤਮਾਨ ਵਿਚ ਜਿਉਣ ਦਾ ਸੁਭਾਅ ਜਿਸਦਾ ਪਿਛੋਕੜ 'ਖਾਧਾ ਪੀਤਾ ਲਾਹੇ ਦਾਮ ਬਾਕੀ ਅਹਿਮਦ ਸ਼ਾਹੇ ਦਾ' ਨਾਲ ਜਾ ਕੇ ਮਿਲਦਾ ਹੈ।
-ਪੰਜਾਬੀਆਂ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਬਿਨਾ ਕਿਸੇ ਵੀ ਰਾਜੇ ਨੂੰ ਤਰਜ਼ੀਹ ਨਹੀਂ ਦਿੱਤੀ। ਬਲਕਿ ਰਾਜਿਆਂ ਦੇ ਉਲਟ ਫਕੀਰਾਂ, ਬਾਗੀਆਂ ਅਤੇ ਨਿਧੜਕ ਯੋਧਿਆਂ ਨੂੰ ਤਰਜ਼ੀਹ ਦਿੱਤੀ। ਸਾਡੀ ਲੋਕਧਾਰਾ ਵਿਚ ਬਾਈਧਾਰ ਦੇ

ਰਾਜਿਆਂ ਅਤੇ ਇਸਲਾਮ ਸ਼ਾਸ਼ਕਾਂ ਦੇ ਉਲਟ ਸਿੱਖ ਗੁਰੂ ਸਾਹਿਬਾਨਾਂ ਨਾਲ ਜੇੜਨ ਦਾ ਸ਼ਾਨਾਮੱਤਾ ਇਤਿਹਾਸ ਹੈ। ਅਕਬਰ ਨੂੰ ਚੈਲੰਜ ਕਰਨ ਵਾਲਾ ਜੈਮਲ ਫੱਤਾ ਸਾਡੀ ਪਰੰਪਰਾ ਹੈ। ਇਸਲਾਮਿਕ ਕੱਟੜਤਾ ਨੂੰ ਚੁਣੌਤੀ ਦੇਣ ਵਾਲੇ ਬੁੱਲ੍ਹਿਆਂ ਅਤੇ ਸ਼ਾਹ ਹੁਸੈਨਾਂ ਦਾ ਖੁਲ੍ਹਾ-ਖੁਲਾਸ਼ਾ ਜੀਵਨ ਸਾਡਾ ਆਦਰਸ਼ ਹੈ। ਜਿਉਣੇ ਮੌੜ ਅਤੇ ਸੁੱਚੇ ਸੂਰਮੇ ਸਾਡੀ ਅਣਖ ਦੇ ਲਖਾਇਕ ਹਨ। ਕਰਤਾਰ ਸਰਾਭਾ, ਉਧਮ ਸਿੰਘ ਅਤੇ ਭਗਤ ਸਿੰਘ ਸਾਡੇ ਰੋਲ ਮਾਡਲ ਹਨ। ਇਹ ਸਭ ਕੁਝ ਪੂਰੇ ਭਾਰਤੀ ਸੱਭਿਆਚਾਰ ਲਈ ਬਹੁਤ ਮਾਣ ਕਰਨ ਯੋਗ ਵਰਤਾਰਾ ਹੈ।

-ਵਰਤਮਾਨ ਦੌਰ ਵਿਚ ਪੰਜਾਬੀਆਂ ਦਾ ਗੀਤ ਸੰਗੀਤ, ਪੰਜਾਬੀਆਂ ਦੇ ਨਾਚ, ਪੰਜਾਬੀਆਂ ਦੇ ਮਨੋਰੰਜਨ, ਪੰਜਾਬੀਆਂ ਦੇ ਸਾਜ਼, ਪੰਜਾਬੀਆਂ ਦੇ ਪਹਿਰਾਵੇ ਅਤੇ ਪੰਜਾਬੀਆਂ ਦੇ 'ਬੱਲੇ ਬੱਲੇ ਸ਼ਾਵਾ ਸ਼ਾਵਾ' ਵਰਗੇ ਜੁਮਲੇ ਭਾਰਤ ਤਾਂ ਕੀ ਪੂਰੇ ਵਿਸ਼ਵ ਸੱਭਿਆਚਾਰ ਲਈ ਖਿੱਚ ਦਾ ਕੇਂਦਰ ਹਨ ਅਤੇ ਵਿਸ਼ਵ ਮੰਡੀ ਵਿਚ ਸਭ ਤੋਂ ਵੱਧ ਵਿਕ ਰਹੇ ਹਨ।

ਇਉਂ ਅਧਿਆਤਮ, ਫਕੀਰੀ, ਬਹਾਦਰੀ, ਮਨੋਰੰਜਨ ਆਦਿ ਸਾਰੇ ਖੇਤਰਾਂ ਵਿਚ ਪੰਜਾਬੀ ਸੱਭਿਆਚਾਰ ਭਾਰਤੀ ਸੱਭਿਆਚਾਰ ਲਈ ਰਾਹ ਦਸੇਰਾ ਰਿਹਾ ਹੈ।

**6. ਲੋਕ ਮਨ**

ਲੋਕ ਮਨ ਕਿਸੇ ਵਿਸ਼ਾਲ ਭਾਈਚਾਰੇ ਦੇ ਮਨ ਦੀ ਪਰ ਪ੍ਰਤੀਨਿਧਤਾ ਕਰਦਾ ਹੈ। ਉਹ ਭਾਈਚਾਰਾ ਜੋ ਸਦੀਆਂ ਤੋਂ ਕਿਸੇ ਇਕ ਵਿਸ਼ੇਸ਼ ਭੁਗੋਲਿਕ ਖਿੱਤੇ ਵਿਚ ਰਹਿੰਦਾ ਹੈ ਅਤੇ ਜਿਸ ਦੀ ਲੋੜਾਂ, ਇੱਛਾਂਵਾਂ ਅਤੇ ਸੋਚਾਂ ਲਗਭਗ ਇੱਕੋ ਤਰ੍ਹਾਂ ਦੀਆਂ ਹੁੰਦੀਆਂ ਹਨ। ਇਹ ਭਾਈਚਾਰਾ ਇਕ ਆਰਥਿਕ-ਸਮਾਜਿਕ ਅਤੇ ਸੱਭਿਆਚਾਰਕ ਇਕਾਈ ਦੇ ਰੂਪ ਵਿਚ ਕੰਮ ਕਰਦਾ ਹੈ। ਇਸ ਲਈ ਇਹ ਬਿਨਾ ਕਿਸੇ ਉਚੇਚ ਦੇ ਬਹੁਤ ਸਾਰੇ ਮੁੱਦਿਆਂ ਤੇ ਮੌਖਿਕ ਸਹਿਮਤੀ ਦੇ ਅਧਾਰ ਤੇ ਕਾਰਜਸ਼ੀਲ ਹੁੰਦਾ ਹੈ। ਇਸ ਵਿਚ ਬਹੁਤੇ ਫੈਸਲੇ ਇਸ ਦੀਆਂ ਆਪਣੀਆਂ ਪਰੰਪਰਾਵਾਂ ਦੇ ਅਧਾਰ ਤੇ ਹੁੰਦੇ ਹਨ ਅਤੇ ਇਹ ਪਰੰਪਰਾਵਾਂ ਲੰਮੇ ਸਮੇਂ ਦੀ ਰਸਮੀ ਗੈਰਰਸਮੀ ਪ੍ਰੈਕਟਿਸ ਵਿੱਚੋਂ ਸਾਮ੍ਹਣੇ ਆਉਂਦੀ ਹੈ। ਇਸ ਦੇ ਅਧਾਰ ਤੇ ਹੀ ਅਨੇਕ ਰੀਤਾਂ ਰਸਮਾਂ. ਨਿਯਮ ਅਤੇ ਵਿਹਾਰ ਦੇ ਨਿਯਮ ਤੈਅ ਹੋਏ :

ਜਨਮ ਸਮੇਂ ਦੇ

ਵਿਆਹ ਸਮੇਂ ਦੇ

ਮਰਨ ਸਮੇਂ ਦੇ

ਲੋਕ ਮਨ ਸਮੂਹਕ ਤੌਰ ਤੇ ਅਜਿਹੇ ਨਿਯਮਾਂ ਦੀ ਘਾੜਤ ਕਰਦਾ ਹੈ ਅਤੇ ਆਪ ਹੀ ਆਪਣੇ ਤੇ ਲਾਗੂ ਕਰਦਾ ਹੈ ਅਤੇ ਫਿਰ ਆਪ ਹੀ ਇਹਨਾਂ ਦੀ ਪਾਲਣਾ ਕਰਦਾ ਹੈ।

ਲੋਕ ਰੂੜ੍ਹੀ : ਲੋਕ ਰੂੜ੍ਹੀ ਲੋਕ ਮਨ ਦੁਆਰਾ ਆਪਣੇ ਅਨੁਭਵ ਵਿਚੋਂ ਸਥਾਪਤ ਕੀਤਾ ਨਿਯਮ ਹੁੰਦਾ ਹੈ ਜਿਸ ਨੂੰ ਸਮੁੱਚਾ ਭਾਈਚਾਰਾ ਮਾਨਤਾ ਦਿੰਦਾ ਹੈ। ਇਹ ਰੂੜ੍ਹੀ ਦੇ ਅਨੇਕ ਕਾਰਨ ਹੋ ਸਕਦੇ ਹਨ;

ਤਰਕ ਅਧਾਰਿਤ ਰੂੜ੍ਹੀ

ਵਿਸ਼ਵਾਸ ਅਧਾਰਿਤ ਰੂੜ੍ਹੀ

ਸ਼ਰਧਾ ਅਧਾਰਿਤ ਰੂੜ੍ਹੀ

ਜਿਵੇਂ ਲੋਕਧਾਰਾ ਵਿਚ ਥਾਂ ਥਾਂ ਤਾਹਨੇ ਅਤੇ ਮਿਹਣੇ ਦੀ ਰੂੜ੍ਹੀ ਕਾਰਸ਼ੀਲ ਹੈ :

ਰਾਂਝਾ ਨੂੰ ਉਸਦੀਆਂ ਭਾਬੀਆਂ ਤਾਹਨਾ ਦਿੰਦੀਆਂ ਹਨ..ਤੇ ਉਹ ਘਰੋਂ ਬੇਘਰ ਹੋ ਜਾਂਦਾ ਹੈ।

ਜਿਉਣੇ ਨੂੰ ਉਸ ਦਾ ਭਰਾ ਤਾਹਨਾ ਮਾਰ ਦਿੰਦਾ ਹੈ।

ਦਹੂਦ ਬਾਦਸ਼ਾਹ ਨੂੰ ..ਦੁੱਲੇ ਨੂੰ, ਸੁੱਚੇ ਸੂਰਮੇ ਨੂੰ ਸਮਾਜ ਵੱਲੋਂ ਤਾਹਨੇ ਦਿੱਤੇ ਜਾਂਦੇ ਹਨ , ਤਦ ਉਹ ਬਦਲਾ ਲੈਣ ਵਾਲੇ ਪਾਸੇ ਤੁਰਦੇ ਹਨ।

ਅਜਿਹੀਆਂ ਅਨੇਕ ਹੋਰ ਰੂੜ੍ਹੀਆਂ ਹਨ... ਦਿਓ..ਰਾਖਸ਼ਸ਼, ਡੈਣ, ਪਰੀ, ਪੰਜ ਪੀਰ...ਇਹ ਲੋਕ ਰੂੜ੍ਹੀਆਂ ਵਿੱਚੋਂ ਸਥਾਪਤ ਹੋਏ ਪਾਤਰ ਹਨ ਜੋ ਲੋਕਧਾਰਾ ਵਿਚ ਥਾਂ ਪੁਰ ਥਾਂ ਹਾਜ਼ਿਰ ਹੁੰਦੇ ਹਨ।

**7. ਲੋਕ ਵਿਸ਼ਵਾਸ**

ਲੋਕਮਨ ਦਾ ਆਪਣਾ ਵਿਗਆਨ ਹੁੰਦਾ ਹੈ ਜਿਸ ਰਾਹੀਂ ਉਹ ਅਣਜਾਣੇ/ਅਣਫੋਲੇ ਰਹੱਸਾਂ ਦੀ ਵਿਆਖਿਆ ਕਰਦਾ ਹੈ। ਆਦਿ ਕਾਲ ਤੋਂ ਹੀ ਮਨੁੱਖ ਦੇ ਅੱਗੇ ਲੱਖਾਂ ਸੁਆਲ ਪੈਦਾ ਹੁੰਦੇ ਰਹੇ ਹਨ ਅਤੇ ਹਰ ਦੌਰ ਵਿਚ ਮਨੁੱਖ ਆਪਣੀ ਸਮਝ ਦੇ ਦਾਇਰੇ ਵਿਚ ਇਹਨਾਂ ਦੇ ਜੁਆਬ ਲੱਭਦਾ ਰਹਿੰਦਾ ਹੈ। ਜ਼ਰੂਰੀ ਨਹੀਂ ਕਿ ਇਹਨਾਂ ਸੁਆਲਾਂ ਦੇ ਜੁਆਬ ਤਰਕ ਅਧਾਰਿਤ ਹੀ ਹੋਣ। ਸਗੋਂ ਲੋਕ ਮਨ ਦਾ ਬਹੁਤੇ ਸਾਰੇ ਜੁਆਬਾਂ ਦਾ ਉੱਤਰ ਵਿਸ਼ਵਾਸ ਵਿੱਚੋਂ ਲੱਭਦਾ ਹੈ। ਲੋਕ ਮਨ ਦੁਆਰਾ ਆਪਣੇ ਆਲੇ ਦੁਆਲੇ ਖਿੱਲਰੇ ਅਨੇਕ ਪ੍ਰਸ਼ਨਾਂ ਦੇ ਲੱਭੇ ਗਏ ਜੁਆਬਾਂ ਨੂੰ ਹੀ ਲੋਕ ਵਿਸ਼ਵਾਸ ਕਿਹਾ ਜਾਂਦਾ ਹੈ ।

ਜਿਵੇਂ ਬੰਦੇ ਮਰਕੇ ਕਿੱਥੇ ਜਾਂਦਾ ਹੈ?

ਕਿੱਥੋਂ ਆਉਂਦਾ ਹੈ?

ਮੀਂਹ ਕਿਉਂ ਪੈਂਦਾ ਹੈ?

ਮਾਤਾ ਦੇ ਦਾਗ ਕਿਉਂ ਨਿਕਲਦੇ ਹਨ?

ਗ੍ਰਹਿਣ ਕਿਉਂ ਲਗਦੇ ਹਨ?

ਜਿਵੇਂ ਮੀਂਹ ਪੈਣ ਜਾਂ ਨਾ ਪੈਣ ਦੇ ਸੁਆਲ ਦੇ ਜੁਆਬ ਵਿਚ ਉਸਨੇ ਆਪਣੇ ਵਿਸ਼ਵਾਸ ਰਾਹੀਂ ਇੰਦਰ ਦੇਵਤੇ ਦਾ ਸਰੂਪ ਘੜਿਆ ਅਤੇ ਮੀਂਹ ਪੈਣ ਨੂੰ ਉਸਦਾ ਵਰਦਾਨ ਅਤੇ ਨਾਂ ਪੈਣ ਨੂੰ ਜਾਂ ਬਹੁਤ ਜ਼ਿਆਦਾ ਪੈਣ ਨੂੰ ਉਸ ਦੀ ਕਰੋਪੀ ਮੰਨ ਲਿਆ। ਇਹ ਉਸ ਦਾ ਲੋਕ ਵਿਸ਼ਵਾਸ ਹੀ ਹੈ।

**8. ਲੋਕ ਸੰਸਕ੍ਰਿਤੀ**

ਸੰਸਕ੍ਰਿਤੀ ਸ਼ਬਦ ਸੱਭਿਆਚਾਰ ਦਾ ਹੀ ਪਰਿਆਏ ਹੈ। ਲੋਕ ਮਨ ਜਿਸ ਜੀਵਨ ਜਾਚ ਨੂੰ ਜਿਉਂਦਾ ਹੈ, ਉਹੀ ਇਸ ਦੀ ਸੰਸਕ੍ਰਿਤੀ ਹੈ। ਇਹ ਸੰਸਕ੍ਰਿਤੀ ਵਿਚ ਉਸ ਦੇ ਸਮੂਹ ਵਿਸ਼ਵਾਸ, ਰਹਿਣ ਸਹਿਣ ਅਤੇ ਖਾਣ ਪਹਿਨਣ ਦੇ ਤੌਰ ਤਰੀਕੇ, ਮੇਲੇ ਤਿਉਹਾਰ ਅਤੇ ਮਨੋਰੰਜਨ. ਧੰਦੇ ਅਤੇ ਕਲਾਵਾਂ ਆਦਿ ਸਭ ਕੁਝ ਹੁੰਦਾ ਹੈ। ਇਹ ਸੰਸਕ੍ਰਿਤੀ ਵਿਚ ਕਈ ਵਾਰ ਵਿਰੋਧੀ ਵਰਤਾਰੇ ਵੀ ਸ਼ਾਮਿਲ ਹੋ ਜਾਂਦੇ ਹਨ ਜਿਸ ਦੇ ਕਾਰਨ ਕਈ ਵਾਰ ਰਾਜਸੀ ਉੱਥਲ ਪੁਥਲ ਹੁੰਦਾ ਹੈ ਜਿਸ ਨਾਲ ਕਈ ਹੋਰ ਸੰਸਕ੍ਰਿਤੀਆਂ ਦੇ ਜੀਵਨ ਢੰਗ ਕਿਸੇ ਵਿਸ਼ੇਸ਼ ਭਾਈਚਾਰੇ ਦੀ ਸੰਸਕ੍ਰਿਤੀ ਨੂੰ ਪ੍ਰਭਾਵਿਤ ਕਰਦੇ ਹਨ। ਪਰ ਹੌਲੀ ਹੌਲੀ ਇਸ ਵਿਚੋਂ ਬਹੁਤ ਕੁਝ ਵਿਰੋਧ ਅਧਾਰਿਤ ਮਨਫ਼ੀ ਹੋ ਜਾਂਦਾ ਹੈ ਅਤੇ ਸਹਿਮਤੀ ਅਧਾਰਿਤ ਰਹਿ ਜਾਂਦਾ ਹੈ ਅਤੇ ਹੌਲੀ ਹੌਲੀ ਉਹ ਸੰਸਕ੍ਰਿਤੀ ਇਕ ਸੁਭਾਵਕ ਗਤੀ ਨਾਲ ਚੱਲ ਪੈਂਦੀ ਹੈ। ਜਿਵੇਂ ਇਸਲਾਮ ਦੇ ਆਉਣ ਨਾਲ ਸਾਡੇ ਪਹਿਰਾਵਿਆਂ, ਮਨੋਰੰਜਨਾਂ ਅਤੇ ਖੁਰਾਕਾਂ ਵਿਚ ਅੰਤਰ ਆਇਆ। ਜੋ ਕੁਝ ਵਿਰੋਧੀ ਸੀ, ਉਹ ਛੱਡ ਦਿੱਤਾ, ਪਰ ਜੋ

ਜਜ਼ਬ ਹੋ ਗਿਆ, ਉਹ ਸੁਮੇਲ ਦਾ ਰੂਪ ਧਾਰਨ ਕਰ ਗਿਆ। ਸਾਡੀ ਭਾਸ਼ਾ ਵਿਚ ਕਿੰਨੇ ਹੀ ਸ਼ਬਦ ਆਰਬੀ ਫਾਰਸੀ ਤੋਂ, ਕਿੰਨੇ ਹੀ ਸੰਸਕ੍ਰਿਤ ਤੋਂ ਅਤੇ ਕਿੰਨੇ ਹੀ ਅੰਗਰੇਜ਼ੀ ਤੋਂ ਸ਼ਾਮਿਲ ਹੋਏ ਜਿੰਨ੍ਹਾਂ ਨੂੰ ਅਜ ਕਿਸੇ ਵੀ ਰੂਪ ਵਿਚ ਇਸ ਤੋਂ ਬਾਹਰ ਨਹੀਂ ਕੱਢਿਆ ਜਾ ਸਕਦਾ ਅਤੇ ਕਈ ਤਾਂ ਬੇਪਛਾਣ ਹੋ ਕੇ ਪੂਰੀ ਤਰ੍ਹਾਂ ਪੰਜਾਬੀਅਤ ਦੀ ਸਾਂਝੀ ਸੰਸਕ੍ਰਿਤੀ ਦਾ ਅੰਗ ਬਣ ਚੁੱਕੇ ਹਨ। ਇਉਂ ਸੰਸਕ੍ਰਿਤੀ ਕਿਸੇ ਭਾਈਚਾਰੇ ਵਿਸ਼ੇਸ਼ ਦੀ ਸਦੀਆਂ ਲੰਮੀ ਜੀਵਨ ਵਿੱਚੋਂ ਸੁਭਾਵਕ ਤੌਰ ਤੇ ਸਥਾਪਤ ਹੋਇਆ ਨੇਮ ਪ੍ਰਬੰਧ ਹੈ ਜੋ ਗਤੀਸ਼ੀਲ ਹੈ ਅਤੇ ਵਕਤ ਦੇ ਨਾਲ ਬਦਲਦਾ ਰਹਿੰਦਾ ਹੈ।

**9. ਲੋਕਧਾਰਾ ਤੇ ਸਾਹਿਤ**

ਸਾਹਿਤ ਅਤੇ ਲੋਕਧਾਰਾ ਦਾ ਰਿਸ਼ਤਾ ਦੋ ਪਾਸੜ ਹੈ। ਇਕ ਪਾਸੇ ਸਾਹਿਤ ਲੋਕਧਾਰਾ ਨੂੰ ਸ਼ਬਦੀ ਜਾਮਾ ਪਹਿਨਾਉਂਦਾ ਹੈ ਦੂਜੇ ਪਾਸੇ ਲੋਕਧਾਰਾ ਸਾਹਿਤ ਲਈ ਬੁਨਿਆਦੀ ਸਮੱਗਰੀ ਮੁਹੱਈਆ ਕਰਾਉਂਦੀ ਹੈ। ਉਂਞ ਤਾਂ ਸਾਹਿਤ ਦੇ ਵੀ ਅੱਗੇ ਦੋ ਰੂਪ ਹਨ :

ਲੋਕ ਸਾਹਿਤ

ਵਿਸ਼ਿਸ਼ਟ ਸਾਹਿਤ

ਲੋਕ ਸਾਹਿਤ ਸਿੱਧੇ ਤੌਰ ਤੇ ਲੋਕਧਾਰਾ ਨੂੰ ਪ੍ਰਤੀਬਿੰਬਤ ਕਰਦਾ ਹੈ ਜਿਸ ਵਿਚ ਲੋਕਮਨ ਆਪਣੀ ਸਾਰੀਆਂ ਪਰਤਾਂ ਸਮੇਤ ਸਿੱਧੇ ਤੌਰ ਤੇ ਪ੍ਰਗਟ ਹੁੰਦਾ ਹੈ। ਲੋਕ ਮਨ ਤੇ ਸਾਰੇ ਪ੍ਰਭਾਵ ਕਿਸੇ ਨਾ ਕਿਸੇ ਰੂਪ ਵਿਚ ਲੋਕ ਸਾਹਿਤ ਦਾ ਹਿੱਸਾ ਬਣਦੇ ਹਨ।

ਲੋਕਗੀਤ, ਬੋਲੀਆਂ, ਸੁਹਾਗ, ਘੋੜੀਆਂ, ਟੱਪੇ, ਢੋਲੇ, ਮਾਹੀਏ, ਬੁਝਾਰਤਾਂ, ਬਾਤਾਂ, ਕਹਿਮੁਕਰਨੀਆਂ, ਲੋਕ ਕਹਾਣੀਆਂ, ਨੀਤੀ ਕਥਾਵਾਂ, ਸਾਖੀਆਂ. ਮੁਹਾਵਰੇ, ਅਖਾਣਾਂ, ਪ੍ਰੇਰਕ ਪ੍ਰਸੰਗ, ਸਿਆਣਪਾਂ, ਕਥਨ ਆਦਿ ਲੋਕ ਮਨ ਦੇ ਅਥਾਹ ਸਾਗਰ ਨੂੰ ਆਪਣੇ ਅੰਦਰ ਸਮੋਕੇ ਉਸ ਨੂੰ ਪਰਿਭਾਸਿਤ ਕਰਨ ਦਾ ਯਤਨ ਹੈ।

ਦੂਜੇ ਪਾਸੇ ਵਿਸ਼ਿਸ਼ਟ ਸਾਹਿਤ ਸਿੱਧੇ ਤੌਰ ਤੇ ਲੋਕਧਾਰਾ ਨੂੰ ਅਭਿਵਿਅਕਤ ਨਹੀਂ ਕਰਦਾ ਬਲਕਿ ਅਸਿੱਧੇ ਤੌਰ ਤੇ ਮਨੁੱਖੀ ਮਨ ਨੂੰ ਪਰਿਭਾਸ਼ਿਤ ਕਰਨ ਲਈ ਲੋਕਧਾਰਾ ਦਾ ਸਹਾਰਾ ਲੈਂਦਾ ਹੈ। ਇਉਂ ਸਾਹਿਤ ਦਾ ਅਧਾਰ ਲੋਕਧਾਰਾ ਹੁੰਦੀ ਹੈ। ਲੋਕਧਾਰਾ ਮਨੁੱਖੀ ਮਨ ਨੂੰ ਸਮਝਣ ਦਾ ਵੱਡਾ ਸਰੋਤ ਹੈ, ਇਸ ਲਈ ਸਾਹਿਤ ਵਿਚ ਅਕਸਰ ਇਸ ਨੂੰ ਕੋਟ ਕੀਤਾ ਜਾਂਦਾ ਹੈ ਕਿਉਕਿ ਸਾਹਿਤ ਵੀ ਮਨੁੱਖੀ ਮਨ ਨੂੰ ਸਮਝਣ ਦਾ ਸ਼ਾਬਦਿਕ ਯਤਨ ਹੀ ਹੈ। ਇਸੇ ਲਈ ਲੋਕਧਾਰਾ ਹਮੇਸ਼ਾ ਹੀ ਸਾਹਿਤ ਨੂੰ ਇਕ ਵੱਡਾ ਅਧਾਰ ਪ੍ਰਦਾਨ ਕਰਦੀ ਹੈ।

ਉਦਾਹਰਨ ਦੇ ਤੌਰ ਤੇ ਜੇਕਰ ਅਸੀਂ ਪੰਜਾਬ ਵਿਚ ਨਾਰੀ ਸੰਵੇਦਨਾ ਤੇ ਕੋਈ ਸਮਝ ਬਣਾਉਣੀ ਹੈ ਤਾਂ ਉਸ ਲਈ ਲੋਕਧਾਰਾ ਅਤੇ ਵਿਸ਼ੇਸ਼ ਤੌਰ ਤੇ ਲੋਕ ਸਾਹਿਤ ਦੇ ਸਮੁੰਦਰ ਅੰਦਰ ਉਤਰਨਾ ਹੀ ਪਵੇਗਾ। ਲੋਕ ਬੋਲੀਆਂ, ਸੁਹਾਗ ਅਤੇ ਘੋੜੀਆਂ ਲੋਕਧਾਰਾ/ਲੋਕਸਾਹਿਤ ਦੇ ਉਹ ਰੂਪ ਹਨ ਜਿੰਨ੍ਹਾਂ ਨੂੰ ਪੜ੍ਹੇ-ਗੁੜ੍ਹੇ ਬਿਨਾ ਬਿਨਾ ਨਾਰੀ ਦੇ ਅੰਤਰਮਨ, ਅੰਤਰ ਵੇਦਨਾ, ਉਸ ਦੇ ਦਮਨਮਈ ਸਰੋਕਾਰ, ਉਸਦੀ ਦੱਬੂ ਮਾਨਸਿਕਤਾ, ਉਸ ਦੀਆਂ ਵਰਜਨਾਵਾਂ ਨੂੰ ਠੀਕ ਪ੍ਰਸੰਗ ਵਿਚ ਸਮਝਿਆ ਹੀ ਨਹੀਂ ਜਾ ਸਕਦਾ। ਇਸ ਲਈ ਹਰ ਦੌਰ ਦਾ ਸਹਿਤ ਵਾਰ ਵਾਰ ਆਪਣੀ ਲੋਕਧਾਰਾ ਵੱਲ ਮੁੜਦਾ ਹੈ ਅਤੇ ਉੱਥੋਂ ਅਧਾਰ ਸਮੱਗਰੀ ਲੈ ਕੇ ਮਨੁੱਖੀ ਮਨ ਨੂੰ ਸਮਝਣ ਅਤੇ ਪਰਿਭਾਸਿਤ ਕਰਨ ਦਾ ਯਤਨ ਕਰਦਾ ਹੈ।

## ਲੋਕਧਾਰਾ ਅਤੇ ਸੰਚਾਰ ਮਾਧਿਅਮ

ਮੀਡੀਆ ਸਮੂਹਿਕ ਸੰਚਾਰ ਦਾ ਸਾਧਨ ਹੈ। ਇਹ ਮੀਡੀਆ (ਪੰਜਾਬੀ ਵਿਚ ਮਾਧੀਅਮ) ਸ਼ਬਦ ਦਾ ਬਹੁ-ਵਚਨ ਹੈ। ਜਿਸ ਦਾ ਅਰਥ ਹੈ ਦੋ ਬਿੰਦੂਆਂ ਨੂੰ ਜੋੜਨ ਵਾਲਾ ਹੁੰਦੈ। ਇਸ ਇਸਤੇਮਾਲ ਜਾਣਕਾਰੀ ਜਾਂ ਡਾਟਾ ਨੂੰ ਸਭਾਲਣ ਅਤੇ ਵੱਡੇ ਲੋਕ ਸਮੂਹ ਨੂੰ ਪ੍ਰਦਾਨ ਕਰਨ ਵਿਚ ਹੁੰਦਾ ਹੈ। denis mcquail ਅਨੁਸਾਰ ਇਕ ਵਿਧੀ ਜੋ ਕਿ ਜਾਣਕਾਰੀ ਨੂੰ ਇਕ ਬੰਦੇ ਤੋਂ ਦੂਜੇ ਬੰਦੇ ਤੀਕ ਪਹੁੰਚਾਉਂਦੀ ਹੈ, ਮੀਡੀਆ ਹੈ। ਮੀਡੀਆ ਸੰਚਾਰ ਜਾਂ ਜਨ ਸੰਚਾਰ ਦਾ ਮਾਧੀਅਮ ਹੈ ਜਿੱਥੇ ਇਕੋ ਵੇਲੇ ਵੱਡੇ ਪੱਧਰ ਤੇ ਲੋਕਾਂ ਨਾਲ ਸੰਚਾਰ ਸੰਭਵ ਹੁੰਦਾ ਹੈ। ਜਨ-ਸੰਚਾਰ ਇਕ ਵਿਸ਼ਾਲ ਦਾਇਰੇ ਵਿਚ ਫੈਲਿਆ ਹੋਇਆ ਅਜਿਹਾ ਮਾਧਿਅਮ ਹੈ ਜਿੱਥੇ ਮਨੁੱਖ ਨੂੰ ਜਾਣਕਾਰੀ ਹਾਸਲ ਹੁੰਦੀ ਹੈ, ਉੱਥੇ ਇਹ ਸਮਾਜੀਕਰਨ ਦੀ ਪ੍ਰਕਿਰਿਆ ਤਹਿਤ ਵਿਚਰਦਾ ਹੋਇਆ ਮਨੁੱਖ ਤੇ ਸਭਿਆਚਾਰਕ ਵਿਕਾਸ ਵਿਚ ਬਹੁਤ ਯੋਗਦਾਨ ਪਾਉਂਦਾ ਹੈ।

ਸੰਚਾਰ ਇਕ ਗਤੀਸ਼ੀਲ ਪ੍ਰਕਿਰਿਆ ਹੈ ਜੋ ਇਕ ਬੰਦੇ ਨੂੰ ਦੂਜੇ ਬੰਦੇ ਨਾਲ, ਇਕ ਸਮੂਹ ਤੋਂ ਦੂਜੇ ਸਮੂਹ ਨਾਲ ਜੋੜਦੀ ਹੈ ਇਸ ਦੇ ਕਈ ਕਾਰਜ ਹਨ, ਜਿਵੇਂ- ਸੂਚਨਾ ਦੇਣ ਵਿਚ, ਪ੍ਰੇਰਣਾ ਦੇਣ ਵਿਚ, ਸਿੱਖਿਆ ਦੇਣ ਵਿਚ, ਸਮਾਜੀਕਰਨ ਵਿਚ (ਸੰਚਾਰ ਸਮਾਜਿਕ ਪ੍ਰਕਿਰਾਵਾਂ, ਸੰਬੰਧਾਂ ਦਾ ਅਧਾਰ ਹੈ) ਸਭਿਆਚਾਰਕ ਜਾਂ ਲੋਕਧਰਾਈ ਵਿਸਥਾਰ ਵਿਚ (ਸੰਚਾਰ ਨਾਲ ਪ੍ਰੰਪਰਾਵਾਂ ਨੂੰ ਸੁਰਖਿਅਤ ਰੱਖਣ ) ਮਨੋਰਜੰਨ ਕਰਨ ਵਿਚ, ਇਸ਼ਤਿਹਾਰਬਾਜੀ ਲਈ (ਵਰਤਮਾਨ ਤੇ ਵਪਾਰਿਕ ਵਿਵਸਥਾ ਵਿਚ) ।

### ਸੰਬੰਧ:-(ਲੋਕਧਾਰਾ ਤੇ ਮੀਡੀਆ)

ਜਦੋਂ ਲੋਕਧਾਰਾ ਤੇ ਮੀਡੀਆ ਦੇ ਪਰਸਪਰ ਸੰਬੰਧ ਦੇਖਦੇ ਹਾਂ ਤਾਂ ਦੋਵੇਂ ਹੀ ਇਕ ਦੂਜੇ ਲਈ ਮਹੱਤਵ ਰੱਖਦੇ ਹਨ। ਲੋਕਧਾਰਾ ਮੀਡੀਆ ਲਈ ਉਦੋਂ ਮਹਤਵਪੂਰਨ ਹੈ ਜਦੋਂ ਉਸਨੇ ਲੋਕ ਸਮੂਹ ਨਾਲ ਸੰਚਾਰ ਕਰਨਾ ਹੁੰਦਾ ਹੈ। ਲੋਕਾਂ ਨਾਲ ਮਨੋਰੰਜਕ ਢੰਗ ਨਾਲ ਸੰਚਾਰ ਕਰਨ ਵਿਚ ਉਹਨਾਂ ਨੂੰ ਨੈਤਿਕਤਾ ਦਾ ਪਾਠ ਪੜਾਉਣ ਵਿਚ ਲੋਕਧਾਰਾ ਇਕ ਉਚਿਤ ਸਾਧਨ ਹੈ। ਇਸ ਦੇ ਵਿਪਰਿਤ ਮੀਡੀਆ ਵੀ ਲੋਕਧਾਰਾ ਦਾ ਮਹਤਵਪੂਰਨ ਅੰਗ ਹੈ। ਜਦੋਂ ਇਸ ਦਾ ਕੰਮ ਦੋ ਜਾਂ ਇਸ ਤੋਂ ਵੱਧ ਵਿਅਕਤੀਆਂ ਨੂੰ ਜੋੜਨਾ ਹੈ, ਸੰਚਾਰ ਕਰਨਾ ਹੈ।

ਸੰਚਾਰ ਮਨੁੱਖ ਦੀ ਸਦੀਵੀਂ ਲੋੜ ਰਿਹਾ ਹੈ। ਅਰੰਭਕ ਤੌਰ ਤੇ ਸੰਚਾਰ ਮੌਖਿਕ ਰੂਪ ਵਿਚ ਹੁੰਦਾ ਆਇਆ ਹੈ ਜਿਸ ਨੂੰ ਕਿ ਮੌਖਿਕ ਜਾਂ ਪਰੰਪਰਕ ਮੀਡੀਆ ਕਿਹਾ ਜਾਂਦਾ ਹੈ। ਮਾਨਵ ਜਾਤੀ ਆਪਣੇ ਮੁੱਢਲੇ ਸਮੇਂ ਤੋਂ ਹੀ ਵਿਚਾਰਾਂ, ਭਾਵਾਂ, ਸੂਚਨਾ ਦਾ ਸੰਚਾਰ ਮੌਖਿਕ ਰੂਪ ਵਿਚ ਕਰਦੀ ਆਈ ਹੈ ਪਰ 20ਵੀਂ ਸਦੀ ਵਿਚ ਆ ਕੇ ਸੰਚਾਰ ਦੇ ਮਾਧਿਅਮ ਵਿਚ ਵੱਡਾ ਅੰਤਰ ਆਇਆ ਹੈ। ਛਾਪੇਖਾਨੇ ਦਾ ਆਵਿਸ਼ਕਾਰ ਨਾਲ ਪ੍ਰਿੰਟ ਮੀਡੀਆ ਹੋਂਦ ਵਿਚ ਆਇਆ। ਜਿਸ ਨਾਲ ਕਿਤਾਬਾਂ, ਅਖਬਾਰਾਂ, ਮੈਗਜ਼ੀਨਾਂ ਦਾ ਆਗਮਨ ਹੁੰਦਾ ਹੈ। ਉਸ ਤੋਂ ਬਾਅਦ ਇਲੈਕਟ੍ਰੋਨਿਕ ਮੀਡੀਆ ਆਉਂਦਾ ਹੈ, ਜਿਸ ਵਿਚ ਰੇਡਿਓ, ਟੈਲੀਵਿਜ਼ਨ ਅਤੇ ਇੰਟਰਨੈੱਟ ਆਦਿ ਸ਼ਾਮਿਲ ਹਨ। ਇਸ ਤਰ੍ਹਾਂ ਸਾਡੇ ਸਾਹਮਣੇ ਮੀਡੀਆ ਦੇ ਦੋ ਰੂਪ ਆਉਂਦੇ ਹਨ, ਪਰੰਪਰਕ ਮੀਡੀਆ ਅਤੇ ਆਧੁਨਿਕ ਮੀਡੀਆ।

**ਪਰੰਪਰਕ ਮੀਡੀਆ**

ਪਰੰਪਰਕ ਮੀਡੀਆ ਤੋਂ ਭਾਵ ਲੋਕ ਸਮੂਹ ਵਿਚਲੇ ਪਰੰਪਰਕ ਤਰੀਕਿਆਂ ਨਾਲ ਹੈ। ਉਹ ਮਾਧਿਅਮ ਜੋ ਕਿ ਸਾਡੇ ਸਭਿਆਚਾਰ, ਸਾਡੀ ਲੋਕਧਾਰਾ ਦਾ ਮਹਤਵਪੂਰਨ ਅੰਗ ਹਨ। ਅਤੇ ਜਿਨ੍ਹਾਂ ਦਾ ਇਸਤੇਮਾਲ ਪਰੰਪਰਾਵਾਂ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੰਚਾਰ ਕਰਨ ਵਿਚ ਹੁੰਦਾ ਆਇਆ ਹੈ। ਇਹ ਕਿਸੇ ਖਾਸ ਲੋਕ ਸਮੂਹ ਦੀਆਂ ਆਪਣੀਆਂ ਸੰਚਾਰ ਵਿਧੀਆਂ ਹਨ। ਪ੍ਰਾਚੀਨ ਜਾਂ ਮੁੱਢਲੇ ਸਮੇਂ ਤੋਂ ਹੀ ਲੋਕ ਆਪਣੇ ਆਪ ਨੂੰ ਲੋਕ ਗੀਤਾਂ, ਨਾਚਾਂ, ਸ਼ਿਲਪ ਕਲਾਵਾਂ, ਉਤਸਵਾਂ, ਅਨੁਸ਼ਠਾਨਾਂ ਵਿਚ ਵਿਅਸਤ ਰੱਖਦੇ ਆਏ ਹਨ। ਇਹ ਮਨੋਰੰਜਨ ਦਾ ਨਿੱਜੀ ਰੂਪ ਸੀ। ਇਕ ਸਥਾਨਿਕ ਸੰਚਾਰ ਪਰਨਾਲੀ ਜਿਸ ਦਾ ਜਿਕਰ ਆਧੁਨਿਕ ਮੀਡੀਆ ਤੋਂ ਬਹੁਤਾ ਪੁਰਾਣਾ ਹੈ। R.K Ravindran ਅਨੁਸਾਰ, ਪਰੰਪਰਕ ਲੋਕ ਮੀਡੀਆ ਲੋਕਾਂ ਦੇ ਵਿਹਾਰ ਦੀ ਨਿਸ਼ਾਨਦੇਹੀ ਕਰਨ ਦਾ ਇਕ ਢਾਂਚਾ ਹੈ। ਜੋ ਅਗੇ ਜਨ-ਸੰਚਾਰ ਦੇ ਪਰੰਪਰਕ ਅਰਥ ਪੇਸ਼ ਕਰਦਾ ਹੈ। ਇਸ ਨੂੰ ਰਸਮਾਂ ਰਿਵਾਜ਼ਾਂ, ਵਿਸ਼ਵਾਸ਼ਾਂ, ਕਥਾਵਾਂ ਅਨੁਸ਼ਠਾਨਾਂ ਆਦਿ ਦੇ ਭੰਡਾਰ ਰੂਪ ਵਿਚ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ ਜੋ ਕਿ ਲੋਕਾਂ ਦੇ ਬਹੁਤ ਕਰੀਬ ਵਿਚਰਦੇ ਹਨ ਅਤੇ ਇਨਹਾਂ ਦਾ ਅਨੁਸਰਨ ਕਰਦੇ ਇਹਨਾਂ ਨੂੰ ਮਹਤਵ ਪਰਦਾਨ ਕਰਦੇ ਹਨ।

ਆਧੁਨਿਕ ਮੀਡੀਆ ਤੋਂ ਪਰੰਪਰਕ ਮੀਡੀਆ ਇੱਕ ਐਸਾ ਮਾਧਿਅਮ ਹੈ, ਜਿਸ ਵਿੱਚ ਕਲਾ ਦੇ ਵਿਭਿੰਨ ਪ੍ਰਕਾਰਾਂ ਜਿਵੇਂ ਕਿ ਲੋਕ ਨਾਟ ,ਮੇਲੇ ਤੇ ਤਿਓਹਾਰ,ਲੋਕ-ਨਾਚ,ਲੋਕ -ਗੀਤ, ਪਰੰਪਰਕ ਮੂਲ ਭਾਵਾਂ,ਲੋਕ ਕਥਾਵਾਂ, ਅਖਾਣਾਂ ਆਦਿ ਦੀ ਉਪਸਥਿਤੀ ਸ਼ਾਮਿਲ ਰਹਿੰਦੀ ਹੈ।ਇੰਨ੍ਹਾਂ ਦੁਆਰਾ ਸਮਾਜ ਦੀਆਂ ਲੋੜਾਂ ਦੀ ਪੂਰਤੀ ਕੀਤੀ ਜਾਂਦੀ ਹੈ। ਮੌਖਿਕ ਮੀਡੀਆ ਸਮਾਜ ਵਿੱਚ ਘਟਣ ਵਾਲੇ ਆਯੋਜਨਾਂ ਦੀ ਵਿਆਖਿਆ, ਪੀੜ੍ਹੀ ਤੋਂ ਪੀੜ੍ਹੀ ਤੱਕ ਸਮਾਜਿਕ ਵਿਰਾਸਤ ਪਹੁੰਚਾਉਣ ,ਨਵੀਂ ਪੀੜ੍ਹੀ ਦੇ ਸਮਾਜੀਕਰਨ ਵਿੱਚ ਅਤੇ ਸਮਾਜ ਦਾ ਮਨੋਰੰਜਨ ਦੇ ਭਾਵ ਨਾਲ ਘੜੀਆਂ ਗਈਆਂ ਹੋਣਗੀਆਂ ।ਅਖਾਣਾਂ ਸਮਾਜਿਕ ਆਰਥਿਕ ਸੁਧਾਰ ਲਈ ਵਧਿਆ ਰਾਹਨੁਮਾਈ ਕਰਦੀਆਂ ਸਥਾਪਿਤ ਹੁੰਦੀਆਂ ਹਨ। ਬੁਝਾਰਤ ਦਿਮਾਗੀ ਸ਼ਕਤੀ ਜਾਂਚਣ ਦੇ ਯੰਤਰ ਵਜੋਂ ਪ੍ਰਯੋਗ ਕੀਤੀ ਜਾਂਦੀ ਹੈ। ਜਦਕਿ ਲੋਕ ਗੀਤ ਮਾਨਸਿਕ ਤਨਾਅ ਦੇ ਨਿਵਾਰਨ ਵਿੱਚ ਯੋਗਦਾਨ ਪਾਉਂਦਾ ਹੈ।

ਮੀਡੀਆ ਦਾ ਇਹ ਰੂਪ ਸਿੱਖਿਅਕ ਸਤਰ, ਸਮਾਜਿਕ ਅਤੇ ਆਰਥਿਕ ਸਥਿਤੀ ਦੀ ਪ੍ਰਵਾਹ ਕੀਤੇ ਬਿਨ੍ਹਾਂ ਜਨ ਸਾਧਾਰਨ ਵਿੱਚ ਬਹੁਤ ਮਸ਼ਹੂਰ ਹੈ।ਇਸੇ ਲਈ ਹੀ ਇਸ ਵਿੱਚ ਆਪਣੇਪਣ, ਵਿਅਕਤੀਗਤ ਸੰਪਰਕ, ਆਮ ਭਾਸ਼ਾ, ਦਰਸ਼ਕਾਂ ਦੀ ਹਿੱਸੇਦਾਰੀ, ਗਤੀਸ਼ੀਲਤਾ, ਦੋਹਰਾਅ ਅਤੇ ਸਵੀਕਾਰਨ ਦੇ ਗੁਣ ਹੁੰਦੇ ਹਨ। ਕਲਾ ਦਾ ਇਹ ਪ੍ਰਾਚੀਨ ਰੂਪ ਜੋ ਲੋਕ ਦਿਲਾਂ ਦੇ ਕਰੀਬ ਹੁੰਦਾ ਹ।ੈ ਇਸ ਦੀ ਸਥਿਤੀ ਆਹਮੋ-ਸਾਹਮਣੇ ਦੀ ਹ।ੈ ਭਾਵ ਸੰਚਾਰਕ ਅਤੇ ਪ੍ਰਾਪਤ (ਸਰੋਤਾ /ਦਰਸ਼ਕ ਵਰਗ) ਇੱਕ ਦੂਜੇ ਦੇ ਸਾਹਮਣੇ ਹੁੰਦੇ ਹਨ। ਪ੍ਰਾਪਤ ਵਰਗ ਦੀ ਇਹ ਹਾਜ਼ਰੀ ਵਿੱਚ ਉਸਦਾ ਆਲੋਚਕ ਅਤੇ ਸਿਰਜਕ ਦੇ ਰੂਪ ਵਿੱਚ ਇੱਕ ਹੁੰਗਾਰਾ ਸ਼ਾਮਿਲ ਹੁੰਦਾ ਹ।ੈ ਸਥਾਨਕ ਰੰਗਤ ਵਿੱਚ ਰੰਗੇ ਇਹ ਰੂਪ ਆਸਾਨੀ ਨਾਲ ਸਮਝ ਆ ਜਾਂਦੇ ਹਨ ਅਤੇ ਪ੍ਰਵਾਨ ਕਰ ਲਏ ਜਾਂਦੇ ਹਨ ਅਤੇ ਇਨ੍ਹਾਂ ਵਿੱਚ ਬੁੱਧੀ ਨਾਲੋਂ ਜ਼ਿਆਦਾ ਭਾਵਨਾ ਨੂੰ ਅਪੀਲ ਹੁੰਦੀ ਹੈ ਤੇ ਇਸੇ ਕਰਕੇ ਹੀ ਇਹ ਆਸਾਨੀ ਨਾਲ ਇੱਛਕ ਪ੍ਰਤੀਕਿਰਿਆ ਪ੍ਰਾਪਤ ਕਰਦੇ ਹਨ।

**ਆਧੁਨਿਕ ਮੀਡੀਆ**

ਇਸਤੋਂ ਬਾਅਦ ਆਧੁਨਿਕ ਮੀਡੀਆ ਦੇ ਰੂਪ ਵਿਚ ਪ੍ਰਿੰਟ ਮੀਡੀਆ ਅਤੇ ਇਲੈਕਟ੍ਰੋਨਕ ਮੀਡੀਆ ਦਾ ਪਰਵੇਸ਼ ਹੁੰਦਾ ਹੈ। ਜਿਸ ਨੇ ਸੰਚਾਰ ਨੂੰ ਕੇਵਲ ਮੌਖਿਕਤਾ ਤੱਕ ਹੀ ਸੀਮਿਤ ਨਹੀਂ ਰਹਿਣ ਦਿੱਤਾ। ਇਸਨੇ ਨਾ ਕੇਵਲ ਪ੍ਰੰਪਰਾਗਤ ਲੋਕਧਾਰਾ ਨੂੰ ਸੰਚਾਰਿਤ ਕੀਤਾ ਸਗੋਂ ਨਿਸ਼ਚਿਤ ਰੂਪ ਵਿੱਚ ਉਸਨੂੰ ਰਿਕਾਰਡ ਕਰਕੇ ਸਾਂਭਣ ਦਾ ਉਪਰਾਲਾ ਵੀ ਕੀਤਾ

ਹੈ। ਬਸ ਫ਼ਰਕ ਇਨ੍ਹਾਂ ਹੈ ਕਿ ਇਹ ਲੋਕਧਾਰਾ ਨੂੰ ਆਪਣੀ ਲੋੜ ਮੁਤਾਬਿਕ ਢਾਲ ਕੇ ਪੇਸ਼ ਕਰਦਾ ਹੈ। 20ਵੀਂ ਸਦੀ ਵਿਚ ਵਿਗਿਆਨ ਅਤੇ ਤਕਨਾਲੋਜੀ ਦੇ ਤੇਜ਼ੀ ਨਾਲ ਵਿਕਾਸ ਕੀਤਾ ਜੋ ਮਨੁੱਖੀ ਜੀਵਨ ਨੂੰ ਅਨੇਕਾਂ ਤਰੀਕਿਆਂ ਨਾਲ ਪ੍ਰਭਾਵਿਤ ਕਰਦਾ ਹੈ। ਮਸ਼ੀਨੀਕਰਨ ਅਤੇ ਉਦਯੋਗੀਕਰਨ ਵਿਚ ਲੋੜੋਂ ਵੱਧ ਉਤਪਾਦਨ ਨੇ ਪੂੰਜੀਵਾਦ ਨੂੰ ਜਨਮ ਦਿੱਤਾ। ਪੂੰਜੀ ਦੇ ਪਸਾਰ ਲਈ ਵਿਸ਼ਵ ਮੰਡੀ ਵਿਚ ਸੰਚਾਰ ਦੀਆਂ ਆਧੁਨਿਕ ਤਕਨੀਕਾਂ ਵਿਕਾਸ ਕਰਦੀਆਂ ਰਹੀਆਂ ਜਿਨ੍ਹਾਂ ਨੇ ਪਰੰਪਰਾਗਤ ਕਲਾਵਾਂ ਨੂੰ ਹਾਸ਼ੀਏ ਤੇ ਧੱਕ ਦਿੱਤਾ।

**ਪ੍ਰਿੰਟ ਮੀਡੀਆ**

ਆਧੁਨਿਕ ਪੰਜਾਬੀ ਵਿੱਚ ਪਹਿਲਾਂ ਪ੍ਰਿੰਟ ਮੀਡੀਆ ਆਉਂਦੀ ਹੈ। ਜਿਸ ਵਿੱਚ ਕਿ ਅਖ਼ਬਾਰ, ਰਸਾਲੇ, ਕਿਤਾਬਾਂ ਆਦਿ ਪਰਮੁੱਖ ਹਨ। ਅਖ਼ਬਾਰ ਸੰਚਾਰ ਦਾ ਇੱਕ ਸਸਤਾ ਸਾਧਨ ਹੈ। ਸਮੇਂ ਸਮੇਂ ਵਿਭਿੰਨ ਅਖਬਾਰਾਂ ਵਿੱਚ ਲੋਕਧਾਰਾ ਨਾਲ ਸਬੰਧਿਤ ਸਮੱਗਰੀ ਦਾ ਜਾ ਲੇਖ ਛਪਦੇ ਰਹਿੰਦੇ ਹਨ। ਬਹੁਤ ਅਖ਼ਬਾਰ ਹਨ ਜਿਨ੍ਹਾਂ ਦੇ ਸਾਹਿਤਕ ਜਾਂ ਬਾਲ ਐਡੀਸ਼ਨ ਆਉਂਦੇ ਹਨ, ਜਿਨ੍ਹਾਂ ਵਿੱਚ ਲੋਕ ਕਹਾਣੀਆਂ, ਬੁਝਾਰਤਾਂ, ਕਾਰਟੂਨ ਆਦਿ ਹੁੰਦੇ ਹਨ। ਇਸ ਤੋਂ ਬਿਨ੍ਹਾਂ ਵਿਰਸੇ ਅਤੇ ਲੋਕਧਾਰਾ ਨਾਲ ਸਬੰਧਿਤ ਰਸਾਲੇ, ਕਿਤਾਬਾਂ ਪ੍ਰਕਾਸ਼ਿਤ ਹੋ ਰਹੀਆਂ ਹਨ ਜਿਨ੍ਹਾਂ ਰਾਹੀਂ ਲੋਕਧਾਰਾ ਦੇ ਵਿਭਿੰਨ ਰੂਪਾਂ ਨੂੰ ਨਿਸ਼ਚਿਤ ਰੂਪ ਵਿੱਚ ਸਾਂਭਿਆ ਜਾ ਰਿਹਾ ਹੈ।

ਫਿਰ ਜਦੋਂ ਰੇਡੀਓ ਆਇਆ ਤਾਂ ਉਸ ਨੇ ਲੋਕਧਾਰਾ ਦੇ ਵਿਭਿੰਨ ਰੂਪ ਵਾਰ, ਕਵੀਸ਼ਰੀ, ਲੋਕ ਸੰਗੀਤ ਆਦਿ ਦੀ ਪੇਸ਼ਕਾਰੀ ਦਾ ਸੰਦਰਭ ਹੀ ਬਦਲ ਦਿੱਤਾ। ਰੇਡੀਓ ਰਾਹੀਂ ਕੋਈ ਵਿਅਕਤੀ ਹਜ਼ਾਰਾਂ ਮੀਲ ਦੂਰ ਬੈਠਾ ਵੀ ਆਵਾਜ਼ ਦੇ ਰੂਪ ਵਿੱਚ ਇਨ੍ਹਾ ਸਵਾਦ ਮਾਨਣ ਲੱਗਾ। ਇੱਥੇ ਪ੍ਰੰਪਰਾਗਤ ਦਾਇਰੇ ਤਾਂ ਟੁੱਟੇ ਹੀ ਹਨ ਪਰ ਲੋਕ ਗੀਤ, ਕਹਾਣੀਆਂ ਆਦਿ ਵੰਨਗੀਆਂ ਨੂੰ ਰਿਕਾਰਡ ਕਰਕੇ ਸਾਂਭਣ ਦਾ ਯਤਨ ਕੀਤਾ। ਮਗਰੋਂ ਟੈਲੀਵਿਜ਼ਨ ਦੀ ਕਾਡ ਨੇ ਇੱਕ ਕ੍ਰਾਂਤੀਕਾਰੀ ਮੋੜ ਲਿਆਂਦਾ। ਇਸ ਨੇ ਪਰੰਪਰਕ ਦਾਇਰਿਆਂ ਨੂੰ ਖਤਮ ਕਰਕੇ ਆਦਮੀ ਦਾ ਰੁੱਖ ਬਾਹਰ ਤੋਂ ਘਰ ਵੱਲ ਕਰ ਦਿੱਤਾ। ਇਨ੍ਹਾਂ ਕਾਰਨਾਂ ਕਰਕੇ ਜੀਵਨ ਜਾਂਚ ਸਮੂਹ ਦੀ ਥਾਂ ਵਿਅਕਤੀਗਤ ਹੋ ਗਈ। ਹੁਣ ਗਲੀਆਂ, ਸੱਥਾਂ ਵਿੱਚ ਹੋਣ ਵਾਲੇ ਇਕੱਠ ਅਲੋਪ ਹੋਣ ਲੱਗੇ। ਬੱਚਿਆਂ ਵਿੱਚ ਵੀ ਬਾਹਰ ਖੇਡਣ ਦੀ ਥਾਂ ਘਰਾਂ ਵਿੱਚ ਟੀਵੀ ਉੱਤੇ ਕਾਰਟੂਨ, ਸ਼ਕਤੀਮਾਨ ਅਤੇ ਹੋਰ ਬਾਲ ਨਾਟਕਾਂ ਵੱਲ ਰੁਝਾਨ ਪੈਦਾ ਹੋਇਆ। ਬੱਚੇ ਹੀ ਨਹੀਂ ਤਕਰੀਬਨ ਹਰ ਉਮਰ ਦੇ ਵਿਅਕਤੀ ਲਈ ਸਮੱਗਰੀ ਟੀ. ਵੀ. ਉੱਤੇ ਪੇਸ਼ ਹੋਣ ਲੱਗੀ। ਭਾਰਤੀ ਟੀਵੀ ਦੀ ਸ਼ੁਰੂਆਤ ਭਾਰਤੀ ਲੋਕਧਾਰਾ ਦੀਆਂ ਮਿੱਥਾਂ ਤੋਂ ਹੀ ਸ਼ੁਰੂ ਹੋਈ। ਜਿਸ ਵਿੱਚ ਰਾਮਾਇਣ, ਮਹਾਂਭਾਰਤ ਆਦਿ ਮੁੱਢਲੇ ਰੂਪ ਵਿੱਚ ਪੇਸ਼ ਹੋਏ। ਉਸ ਤੋਂ ਬਾਅਦ ਵਿੱਚ ਤਰ੍ਹਾਂ ਤਰ੍ਹਾਂ ਦੇ ਬਾਲ ਨਾਟਕ, ਸੱਸ ਬਹੂ ਵਾਲੇ ਧਾਰਾਵਾਹਿਕ ਅਤੇ ਜੁਰਮ ਨਾਲ ਸਬੰਧਤ ਨਾਟਕ ਅੱਜ ਕੱਲ੍ਹ ਪੇਸ਼ ਹੋ ਰਹੇ ਹਨ।

ਸਿਨੇਮਾ ਵੀ ਜਨ ਸੰਚਾਰ ਦਾ ਬਹੁਤ ਵੱਡਾ ਮਾਧਿਅਮ ਹੈ। ਟੀ. ਵੀ. ਦੀ ਤਰ੍ਹਾਂ ਸਿਨੇਮਾ ਵੀ ਦ੍ਰਿਸ਼ ਅਤੇ ਸ਼੍ਰਵਣ ਦੀ ਦੋਹਰੀ ਭੂਮਿਕਾ ਨਿਭਉਂਦਾ ਹੈ। ਭਾਰਤੀ ਲੋਕਪ੍ਰਿਯ ਸਿਨੇਮੇ ਦੇ ਲੋਕਧਾਰਾ ਨਾਲ ਸੰਬੰਧ ਦੀ ਖੋਜ ਕਰਦੇ ਹੋਏ ਜਵਾਹਰ ਲਾਲ ਹਾਂਡੋ ਦੱਸਦਾ ਹੈ ਕਿ ਭਾਸ਼ਾਵਾਂ ਦਾ ਖਿਆਲ ਕੀਤੇ ਬਿਨ੍ਹਾ ਭਾਰਤ ਵਿੱਚ ਪ੍ਰਦਰਸ਼ਿਤ ਫ਼ਿਲਮਾਂ ਲੱਗਭੱਗ ਪਰੀ ਕਥਾਵਾਂ ਵਾਂਗ ਹੀ ਹਨ। ਉਸ ਅਨੁਸਾਰ ਮਿੱਥ-ਕਥਾਵਾਂ, ਪਰੀ-ਕਥਾਵਾਂ ਦਾ ਜਾਦੂ ਅਜੇ ਤੀਕ ਪੂਰੀ ਤਰ੍ਹਾਂ ਨਾਲ ਖ਼ਤਮ ਨਹੀਂ ਹੋਇਆ। ਇਹ ਬਦਲਵੇਂ ਰੂਪ ਵਿੱਚ ਲੋਕਪ੍ਰਿਯ ਸਿਨੇਮੇ ਵਿੱਚ ਬਚਿਆ ਹੋਇਆ ਹੈ। ਹੰਡੂ ਸਿਨੇਮੇ ਨੂੰ ਚਾਰ ਭਾਗਾਂ ਵਿੱਚ ਵੰਢਦਾ ਹੈ:-

1.ਪੂਰਨ ਮਿੱਥਕ ਫਿਲਮਾਂ 2. ਅਰਧ ਮਿੱਥਕ ਫਿਲਮਾਂ 3. ਮਿੱਥਕ ਥੀਮ ਵਾਲੀਆਂ ਫਿਲਮਾਂ 4. ਪਰੀ ਕਥਾਤਮਕ ਫਿਲਮਾਂ।

ਆਧੁਨਿਕ ਸਮੇਂ ਵਿੱਚ ਸੰਚਾਰ ਦਾ ਮਕਸਦ ਇਸ਼ਤਿਹਾਰਬਾਜ਼ੀ ਵਿੱਚਲਾ ਹੀ ਰਹਿ ਜਾਂਦਾ ਹੈ। ਨਿਰੋਲ ਮੁਨਾਫਾਖੋਰੀ ਜੀਵਨ ਜਾਂਚ ਨੇ ਮਨੁੱਖੀ ਸਰੋਕਾਰਾਂ ਨੂੰ ਉਪਭੋਗੀ, ਪ੍ਰਕਾਰਜੀ ਅਤੇ ਕਿਤੇ ਮਕਾਨਕੀ ਬਣਾ ਦਿੱਤਾ ਹੈ।ਮੀਡੀਆ ਉੱਤੇ ਮੰਡੀ ਦੀਆਂ ਆਰਥਿਕ ਨੀਤੀਆਂ ਹਾਵੀ ਹੋ ਚੁੱਕੀਆਂ ਹਨ। ਟੀਵੀ ਉੱਤੇ ਇਸ਼ਤਿਹਾਰਾਂ, ਨਾਟਕਾਂ ਤੇ ਹੋਰ ਪ੍ਰੋਗਰਾਮਾਂ ਵਿੱਚ ਲੋਕਧਾਰਾ ਨੂੰ ਇੱਛਾ ਅਨੁਸਾਰ ਢਾਲ ਕੇ ਵਰਤਿਆ ਗਿਆ ਹੈ।ਇੱਕ ਪਾਸੇ ਇਹ ਜ਼ਰੂਰ ਹੈ ਕਿ ਇਨ੍ਹਾਂ ਸਭ ਨੇ ਲੋਕਧਾਰਾ ਨੂੰ ਸਾਂਭਣ ਦਾ ਉਪਰਾਲਾ ਕੀਤਾ ਹੈ ਪਰ ਮੰਡੀਵਾਦੀ ਸੋਚ ਕਾਰਨ ਸਾਹਿਤ, ਗੀਤਾਂ, ਨਾਟਕਾਂ ਆਦਿ ਨੂੰ ਲੰਬੇ ਸਮੇਂ ਤੋਂ ਚੱਲੀ ਆ ਰਹੀ ਪਰੰਪਰਾ ਤੋਂ ਅਲੱਗ ਕਰਕੇ ਮੰਡੀ ਮਾਨਸਿਕਤਾ ਵਿੱਚ ਨਵੇਂ ਪ੍ਰਸੰਗਾਂ ਵਿੱਚ ਪੇਸ਼ ਕਰਨ ਵਿੱਚ ਕੀਤਾ ਹੈ। ਗੀਤਾਂ ਨੂੰ ਹੀ ਦੇਖ ਲਿਆ ਜਾਵੇ ਤਾਂ ਇਹ ਉਹ ਲੋਕ ਮੁੱਲਾਂ ਤੋਂ ਹੱਟ ਕੇ ਕਿਸੇ ਖਾਸ ਗੱਡੀ, ਕੱਪੜੇ ਆਦਿ ਦੀ ਮਸ਼ਹੂਰੀ ਕਰਨ ਵਿਚ ਯੋਗਦਾਨ ਪਾਉਂਦੇ ਹਨ। ਇਨ੍ਹਾਂ ਵਿਚਲਾ ਜੀਵਨ ਲੋਕ ਸਮੂਹ ਦੇ ਜੀਵਨ ਢੰਗ ਤੋਂ ਵੱਖਰਾ ਹੈ। ਇਨ੍ਹਾਂ ਸਭ ਨੇ ਇੱਕ ਨਵੇਂ ਪਾਪੂਲਰ ਸੱਭਿਆਚਾਰ ਦੀ ਸਿਰਜਣਾ ਕੀਤੀ ਹੈ। ਟੀ. ਵੀ ਅਤੇ ਸਿਨਮੇ ਤੋਂ ਅਗਲੇ ਚਰਨ ਵਿੱਚ ਕੰਪਿਊਟਰ ਅਤੇ ਮੋਬਾਈਲ ਆਧਾਰਤ ਇਲੈਕਟ੍ਰਾਨਿਕ ਮੀਡੀਆ ਨੇ ਮਨੁੱਖ ਨੂੰ ਹੋਰ ਸਵੈ-ਮੁੱਖੀ ਅਤੇ ਸਵੈ-ਕੇਂਦਰਿਤ ਕੀਤਾ ਹੈ। ਮੋਬਾਈਲ ਅਤੇ ਕੰਪਿਊਟਰ ਉੱਪਰ ਇੰਟਰਨੈੱਟ ਸਹਾਰੇ ਹੁੰਦੇ ਸੰਚਾਰ ਕਾਰਨ ਇਸ ਨੂੰ ਟੀਵੀ ਅਤੇ ਸਿਨੇਮੇ ਤੋਂ ਜ਼ਰਾ ਨਿਖੇੜ ਕੇ ਦੇਖਿਆ ਜਾਂਦਾ ਹੈ। ਕਿਉਂਕਿ ਸੰਚਾਰ ਦੇ ਹਵਾਲੇ ਨਾਲ ਟੀਵੀ ਯਾਦ ਦੀ ਇੱਕ ਪਾਸੜ ਪਹੁੰਚ, ਜਿਸ ਵਿੱਚ ਇਹ ਦਰਸ਼ਕ ਜਾਂ ਸਰੋਤੇ ਨੂੰ ਸੰਬੋਧਿਤ ਹੋ ਕੇ ਤਤਕਾਲਿਕ ਹੁੰਗਾਰੇ ਨੂੰ ਨਹੀਂ ਉਡੀਕਦਾ। ਇਸ ਤੋਂ ਅਲੱਗ ਮੋਬਾਈਲ ਕੰਪਿਊਟਰ ਆਦਿ ਨੂੰ ਦੋ ਪਾਸੜ ਸੰਚਾਰ ਦੇ ਰੂਪ ਵਜੋਂ ਲਿਆ ਜਾਣ ਲੱਗਾ ਹੈ। ਇੰਟਰਨੈੱਟ ਨੇ ਵਰਤੋਂਕਾਰ ਨੂੰ ਸਮੱਗਰੀ ਅਪਲੋਡ ਡਾਊਨਲੋਡ ਕਰਨ ਦੀ ਸੁਵਿਧਾ ਪ੍ਰਦਾਨ ਕੀਤੀ ਹੈ। ਕੋਈ ਵੀ ਵਰਤੋਂਕਾਰ ਆਪਣੇ ਅਨੁਭਵ, ਗਿਆਨ ਦੂਜਿਆਂ ਨਾਲ ਸਾਂਝੇ ਕਰਕੇ ਅਤੇ ਇੰਟਰਨੈੱਟ ਤੇ ਪਈ ਸਮੱਗਰੀ ਨੂੰ ਪ੍ਰਯੋਗ ਵਿੱਚ ਲਿਆ ਸਕਦਾ ਹੈ।

ਵਿਗਿਆਨ ਅਤੇ ਤਕਨਾਲੋਜੀ ਦੇ ਆਵਿਸ਼ਕਾਰ ਵਰਤੋਂਕਾਰ ਉੱਤੇ ਨਿਰਭਰ ਹਨ। ਇਸ ਲਈ ਤਕਨਾਲੋਜੀ ਚੰਗੀ ਜਾਂ ਮਾੜੀ ਨਹੀਂ ਹੈ ਸਗੋਂ ਇਹ ਵਰਤੋਂਕਾਰ ਹਨ ਜੋ ਇਸ ਨੂੰ ਮਾੜਾ ਜਾਂ ਚੰਗਾ ਬਣਾਉਂਦੇ ਹਨ। ਵਰਤਮਾਨ ਸਮੇਂ ਵਿੱਚ ਮੰਡੀ ਦੇ ਮੁਨਾਫ਼ੇ ਵਿੱਚ ਬੱਝੀ, ਪੂੰਜੀਵਾਦੀ ਸੋਚ ਭਾਰੂ ਹੈ। ਸੰਚਾਰ ਦੇ ਸਾਧਨਾਂ ਉੱਤੇ ਵੀ ਇਸ ਦਾ ਨਿਯੰਤਰਣ ਸਥਾਪਿਤ ਹੋ ਚੁੱਕਾ ਹੈ। ਮੁਨਾਫ਼ੇ ਵਾਲੀ ਸੋਚ ਹੇਠ ਲੋਕਧਾਰਾਈ ਵੰਨਗੀਆਂ ਨੂੰ ਬਾਜ਼ਾਰ ਵਿੱਚ ਪ੍ਰਚਾਰ-ਪ੍ਰਸਾਰ ਲਈ ਵਰਤਿਆ ਜਾਂਦਾ ਹੈ। ਪਰ ਇਨ੍ਹਾਂ ਦਾ ਸਾਰਥਿਕ ਪ੍ਰਯੋਗ ਵੀ ਸੰਭਵ ਹੈ ਜਾਂ ਹੋ ਰਿਹਾ ਹੈ ਜਿਵੇਂ ਕਿ ਡਿਸਕਵਰੀ ਆਦਿ ਚੈਨਲਾਂ ਤੇ ਕਿਸੇ ਕਬੀਲੇ ਆਦਿ ਦੇ ਸੱਭਿਆਚਾਰ ਨੂੰ ਰਿਕਾਰਡ ਕਰਕੇ ਪੇਸ਼ ਕਰਨਾ।

ਵਿਆਹ ਦੀ ਰਿਕਾਰਡਿੰਗ ਨੂੰ ਹੁਣ ਫਿਲਮ ਦੀ ਰਿਕਾਰਡਿੰਗ ਵਾਂਗ ਲਿਆ ਜਾਣ ਲੱਗਾ ਹੈ। ਇਸ ਵਿੱਚ ਰੀਤਾਂ-ਰਸਮਾਂ ਨੂੰ ਕਨਵਰਟ ਕੀਤਾ ਜਾ ਰਿਹਾ ਹੈ। ਪਾਪੂਲਰ ਸੱਭਿਆਚਾਰ ਸਮਾਜ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਚੁੱਕਾ ਹੈ।ਲੋਕ ਕਲਾਵਾਂ ਅਜਾਇਬ ਘਰ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ। ਇਹ ਵੀ ਸੱਚ ਹੈ ਕਿ ਸੰਸਾਰ ਗਤੀਸ਼ੀਲ ਹੈ। ਇਸੇ ਨਾਲ ਸੱਭਿਆਚਾਰ ਅਤੇ ਲੋਕਧਾਰਾ ਦੇ ਵਰਤਾਰਿਆਂ ਵਿੱਚ ਵੀ ਸਮੇਂ ਸਿਰ ਬਦਲਾਅ ਆਉਂਦੇ ਰਹਿੰਦੇ ਹਨ, ਇਹ ਜ਼ਰੂਰੀ ਵੀ ਹਨ। ਲੋਕਧਾਰਾ ਦੀਆਂ ਅਨੇਕਾਂ ਰਸਮਾਂ ਚੀਜ਼ਾਂ ਜੋ ਅੱਜ ਵਿਗਿਆਨ ਅਤੇ ਤਕਨਾਲੋਜੀ ਤੋਂ ਪ੍ਰਭਾਵਿਤ ਜੀਵਨ ਜਾਂਚ ਨਾਲ ਮੇਲ ਨਹੀਂ ਖਾਂਦੀਆਂ ਆਦਿ ਜਾਂ ਤਾਂ ਰੂਪ ਵਟਾ ਗਈਆਂ ਜਾਂ ਅਲੋਪ ਹੋ ਗਈਆਂ ਪਰ ਡਾਕਟਰ ਗੁਰਮੀਤ ਸਿੰਘ ਅਨੁਸਾਰ ਅਜਿਹੇ ਪਰਿਵਰਤਨ ਕਿਸੇ ਸੱਭਿਆਚਾਰ ਦੀ ਹੋਂਦ ਮਿਟਾਉਣ ਲੱਗ ਜਾਵੇ ਤਾਂ ਇਹ ਵਿਸ਼ਾ ਜ਼ਰੂਰੀ ਹੀ ਚਿੰਤਾ ਦਾ ਵਿਸ਼ਾ ਹੈ। ਪੂੰਜੀਵਾਦੀ ਯੁੱਗ ਵਿੱਚ ਲੋਕਧਾਰਾ ਨੂੰ ਮੰਡੀ ਲਈ ਵਰਤਿਆ ਜਾ ਰਿਹਾ ਹੈ। ਮੀਡੀਆ ਪੂੰਜੀਪਤੀਆਂ ਦੇ ਹੱਥ ਵਿੱਚ ਆ ਜਾਣ ਕਾਰਨ ਇਸ ਦਾ ਪ੍ਰਯੋਗ ਲੋਕਧਾਰਾ ਵਿੱਚ ਇੱਕ ਪਾਸੜ ਹੈ। ਲੋਕਧਾਰਾ ਨੂੰ ਤਾਂ ਮੀਡੀਆ ਵਿੱਚ ਆਪਣੇ ਹਿੱਤਾਂ ਲਈ ਭਰਪੂਰ ਵਰਤਿਆ ਜਾ ਰਿਹਾ ਹੈ, ਪਰ ਜ਼ਰੂਰਤ ਹੈ ਲੋਕਧਾਰਾ ਵਿੱਚ ਮੀਡੀਆ ਨੂੰ ਵਰਤਿਆ ਜਾਵੇ, ਵਿਸ਼ਵੀਕਰਨ ਦੀ ਸੋਚ ਤੋਂ ਮੁਕਤ ਹੋ ਕੇ ।

**ਲੋਕ ਸਾਹਿਤ :ਸੰਕਲਪ ਅਤੇ ਮੁਖ ਵੰਨਗੀਆਂ**

**ਲੋਕ ਸਾਹਿਤ** ਲੋਕ ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰੀ ਹੋਈ **ਲੋਕ ਮਾਨਸ** ਦੀ ਸਹਿਜ-ਸੁਭਾਵਿਕ ਅਭਿਵਿਅਕਤੀ ਹੈ, ਜਿਸ ਦਾ ਸੰਚਾਰ ਲੋਕ ਬੋਲੀ ਦੁਆਰਾ ਮੌਖਿਕ ਰੂਪ ਵਿੱਚ ਹੋਇਆ ਹੋਵੇ। ਇਸ ਰਚਨਾ ਨਾਲ਼ ਕਿਸੇ ਵੀ ਲੇਖਕ ਦਾ ਨਾਂ ਜੁੜਿਆ ਹੋਇਆ ਨਹੀਂ ਹੁੰਦਾ ਤੇ ਇੱਕ ਲੋਕ-ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜ੍ਹੀਓ-ਪੀੜ੍ਹੀ ਅੱਗੇ ਚੱਲਦੀ ਹੈ। **ਡਾ. ਸਤੇਂਦਰ** ਅਨੁਸਾਰ, '**ਲੋਕ** ਮਨੁੱਖੀ ਸਮਾਜ ਦਾ ਉਹ ਵਰਗ ਹੈ, ਜੋ ਆਭਿਜਾਤ ਸੰਸਕਾਰ ਸ਼ਾਸਤਰੀਅਤਾ, ਪੰਡਤਾਈ ਦੀ ਚੇਤਨਾ ਅਤੇ ਹੈਂਕੜ ਤੋਂ ਖਾਲੀ ਹੈ ਅਤੇ ਜੋ ਇੱਕ ਪਰੰਪਰਾ ਦੇ ਪਰਵਾਹ ਵਿੱਚ ਜ਼ਿੰਦਾ ਰਹਿੰਦਾ ਹੈ।' ਹਰ ਕੌਮ ਦੇ ਸਮਕਾਲੀ ਸਾਹਿਤ ਜਾਂ ਭਾਸ਼ਾ ਦਾ ਨਿਰਣਾ ਉਸ ਦੀਆਂ ਇਤਿਹਾਸਕ ਪਰਸਥਿਤੀਆਂ ਅਧੀਨ ਆਉਂਦੇ ਸਮਾਜਿਕ ਤਾਣੇ-ਬਾਣੇ ਨੇ ਤਹਿ ਕਰਨਾ ਹੁੰਦਾ ਹੈ। ਸਮਕਾਲੀਨ ਸਾਹਿਤ ਦੇ ਸਮੇਂ ਅਤੇ ਸਥਾਨ ਦੀ ਸਥਿਤੀ ਮੁਤਾਬਿਕ ਲੋਕ ਸਾਹਿਤ ਵੀ ਆਪ ਹੁਦਰਾ ਰੂਪ ਵਟਾਉਂਦਾ ਰਿਹਾ ਹੈ। ਭਾਵੇਂ ਕਿ ਲੋਕ ਸਾਹਿਤ ਦਾ ਨਵਾਂ ਰੂਪ ਹੋਂਦ ਵਿਚ ਆ ਜਾਵੇ, ਪਰ ਇਤਿਹਾਸਕ ਸਮੇਂ ਵਿਚ ਇਸਦੀ ਆਪਣੀ ਸਥਿਤੀ ਅਤੇ ਲੋੜ ਮੁਤਾਬਿਕ ਸਾਰਥਕਤਾ ਹੁੰਦੀ ਹੈ। ਏਸੇ ਲਈ ਇਹ ਅਤੀ ਪੁਰਾਣਾ ਹੁੰਦਾ ਹੋਇਆਂ ਵੀ ਨਿਤ-ਨਵਾਂ ਬਣਿਆ ਰਹਿੰਦਾ ਹੈ।

"ਲੋਕ ਸਾਹਿਤ" ਵਰਗੇ ਸੰਕਲਪ ਨੂੰ ਸਮਝਣ ਤੋਂ ਪਹਿਲਾਂ "ਲੋਕ" ਦੇ ਅਰਥਾਂ ਨੂੰ ਸਮਝਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਲੋਕ ਅਲੱਗ-ਅਲੱਗ ਅਰਥਾਂ ਵਿਚ ਵਰਤਿਆ ਜਾਣ ਵਾਲ਼ਾ ਸੰਕਲਪ ਹੈ। ਲੋਕ ਲਈ ਅਸੀਂ ਅੰਗਰੇਜ਼ੀ ਭਾਸ਼ਾ 'people', 'ਜਨ-ਸਮੂਹ', 'masses' ਆਦਿ ਸ਼ਬਦਾਂ ਦੀ ਵਰਤੋਂ ਕਰਦੇ ਹਾਂ,ਪਰ ਲੋਕ ਇਹਨਾਂ ਤੋਂ ਵੱਖਰੀ ਚੀਜ਼ ਹੈ। 'Public' ਜਿਹੜੇ ਸ਼ਹਿਰੀ ਜੀਵਨ ਜਾਂਚ ਅਨੁਸਾਰ ਪਲ਼ੇ ਲੋਕਾਂ ਲਈ, 'People' ਅਲੱਗ-ਅਲੱਗ ਪਛਾਣ ਵਾਲ਼ੇ ਬੰਦਿਆਂ ਦੀ ਪਛਾਣ ਲਈ ਵਰਤਿਆ ਜਾਣ ਵਾਲ਼ਾ ਤੇ 'Masses' ਜਿਹੜੇ ਰਾਜਨੀਤਿਕ ਅਧਿਕਾਰਾਂ ਵਾਲ਼ੇ ਲੋਕ ਹਨ, ਉਹਨਾਂ ਲਈ ਵਰਤਿਆ ਜਾਂਦਾ ਹੈ।

ਉਪਰੋਕਤ ਧਾਰਣਾ ਅਧੀਨ ਜਿੱਥੇ 'ਲੋਕ' ਸ਼ਬਦ ਵੀ ਸਮੂਹਿਕ ਚੇਤਨਾ ਨਾਲ ਜੁੜ ਰਿਹਾ ਹੈ, ਉਥੇ ਲੋਕ ਸਾਹਿਤ ਦੇ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ "ਇਹ ਕਿਸੇ ਇੱਕ ਲੇਖਕ ਦੀ ਰਚਨਾ ਨਾ ਹੋ ਕੇ ਵਿਸ਼ੇਸ਼ ਸੱਭਿਆਚਾਰਕ ਸਮੂਹ ਦੀ ਰਚਨਾ ਹੁੰਦਾ ਹੈ। ਜਿਹੜਾ ਆਪਣੀ ਪ੍ਰਤਿਭਾ ਦੁਆਰਾ ਲੋਕ ਮਾਨਸਿਕਤਾ ਦੇ ਨੇੜੇ ਦੀ ਸੂਖ਼ਮ ਤੇ ਅਚੇਤ ਭਾਵਨਾਵਾਂ ਨੂੰ ਸਮਝਦਾ ਹੈ ਤੇ ਲੋਕ ਪ੍ਰਵਾਨਗੀ ਹਸਿਲ ਕਰਕੇ ਪੀੜ੍ਹੀ-ਦਰ ਪੀੜ੍ਹੀ ਅੱਗੇ ਸੰਚਾਰਦਾ ਹੈ।

ਵਿਸ਼ਿਸ਼ਟ ਸਾਹਿਤ ਵਾਂਗ ਕਿਸੇ ਲੇਖਕ ਦੁਆਰਾ ਲੋਕ-ਬੋਲੀ ਵਿੱਚ ਰਚਿਆ ਸਾਹਿਤ, ਲੋਕ ਚੇਤਨਾ ਦਾ ਸਾਹਿਤ ਅਤੇ ਲੋਕ-ਪ੍ਰਿਯ ਸਾਹਿਤ, ਬਹੁਤ ਵਾਰ ਲੋਕ ਸਾਹਿਤ ਤੋਂ ਭਿੰਨ ਹਨ। ਲੋਕ ਪ੍ਰਿਯ ਸਾਹਿਤ ਆਪਣੀ ਸਾਮੱਗਰੀ ਬਹੁਤੀ ਵਾਰ ਲੋਕ ਸਾਹਿਤ ਤੋਂ ਲੈਂਦਾ ਹੈ ਅਤੇ ਲੋਕ ਪ੍ਰਿਯ ਹੋਣ ਕਾਰਨ ਇਸ ਨੂੰ ਲੋਕ ਸਾਹਿਤ ਹੀ ਸਮਝ ਲਿਆ ਜਾਂਦਾ ਹੈ। 'ਰਾਮਇਣ' 'ਮਹਾਂਭਾਰਤ' ਅਤੇ 'ਹੀਰ-ਵਾਰਿਸ ਸ਼ਾਹ' ਇਸ ਦੇ ਸੁੰਦਰ ਉਦਾਹਰਣ ਹਨ। ਲੋਕ ਸਾਹਿਤ ਦੀ ਕੋਈ ਰਚਨਾ, ਜੋ ਲੋਕ ਸਮੂਹ ਦੁਆਰਾ ਹੋਂਦ ਵਿੱਚ ਆਈ ਹੋਵੇ ਤੇ ਭਾਵੇ ਕਿਸੇ ਇੱਕ ਵਿਅਕਤੀ ਵਿਸ਼ੇਸ਼ ਦੀ ਕ੍ਰਿਤ ਹੋਵੇ, ਲੋਕ-ਮਾਨਸ ਦੇ ਸਮਾਨ ਤੱਤਾਂ ਨਾਲ ਯੁਕਤ ਹੋ ਕੇ 'ਲੋਕ' ਦੇ ਆਪਣੇ ਹੀ ਵਿਅਕਤਿਤਵ ਦੀ ਕ੍ਰਿਤ ਸਮਝੀ ਜਾਣ ਲੱਗ ਪੈਂਦੀ ਹੈ, ਪਰ ਲੋਕ ਜੀਵਨ ਦੀ ਅਮੁੱਕ ਬਾਣੀ ਦਾ ਜੀਉਂਦਾ ਖਜ਼ਾਨਾ ਆਉਣ ਵਾਲੀ ਪੀੜ੍ਹੀ ਦੇ ਮਨ੍ਹਾਂ ਵਿੱਚ ਅੱਜ ਵੀ ਅਨੰਤ ਰੂਪ ਵਿੱਚ ਸੁਰੱਖਿਅਤ ਚਲਿਆ ਆਉਂਦਾ ਹੈ। ਦਵਿੰਦਰ ਸਤਿਆਰਥੀ ਲੋਕ ਸਾਹਿਤ ਨੂੰ ਮਨੁੱਖ ਦੇ ਹਮੇਸ਼ਾ ਜੀਊਂਦੇ ਰਹਿਣ ਦੀ ਚੇਤਨਤਾ ਦਾ ਜੀਊਂਦਾ ਜਾਗਦਾ ਸਬੂਤ ਦੱਸਦਾ ਹੈ। ਮੱਧਕਾਲੀਨ ਪੰਜਾਬੀ ਸਾਹਿਤ ਦਾ ਕੋਈ ਵੀ ਲੇਖਕ ਅਜਿਹਾ ਨਹੀਂ, ਜਿਸ ਨੇ ਚਿੰਤਨ ਵਿਸ਼ੇ ਰੂਪ ਜਾਂ ਸ਼ੈਲੀ ਆਦਿ ਪੱਖਾਂ ਤੋਂ ਲੋਕ-ਸਾਹਿਤ ਦਾ ਪ੍ਰਭਾਵ ਨਾ ਕਬੂਲਿਆ ਹੋਵੇ।

ਇਸ ਤੋਂ ਅੱਗੇ ਲੋਕ ਸਾਹਿਤ ਦੀਆਂ ਵੰਨਗੀਆਂ ਦਾ ਅਧਿਐਨ ਵਿਸਤ੍ਰਿਤ ਰੂਪ ਵਿੱਚ ਅੱਗੇ ਹੈ। ਲੋਕ ਗੀਤ, ਲੋਕ ਕਥਾਵਾ, ਲੋਕ ਅਖਾਣ, ਬੁਝਾਰਤਾਂ, ਲੋਕ ਵਾਰ, ਆਦਿ ਲੋਕ ਲੋਕ ਦੀਆਂ ਵੰਨਗੀਆਂ ਹਨ:

ਲੋਕ ਸਾਹਿਤ ਰਾਹੀਂ ਕਿਸੇ ਦੇਸ਼ ਦੀ ਨੁਹਾਰ ਪੂਰੀ ਤਰ੍ਹਾਂ ਦਿਸ ਆਉਂਦੀ ਹੈ। ਪੰਜਾਬੀ ਲੋਕ ਗੀਤਾਂ ਅਤੇ ਲੋਕ ਕਹਾਣੀਆਂ ਦੇ ਅਧਿਐਨ ਤੋਂ ਸਾਫ਼ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਸਮਾਜਿਕ, ਸਾਹਿਤਕ ਅਤੇ ਇਤਿਹਾਸਕ ਮਹਾਨਤਾ ਵੀ ਹੈ।

## ਲੋਕ ਸਾਹਿਤ ਦੀਆਂ ਵੰਨਗੀਆਂ

ਹੇਠ ਲਿਖੀਆਂ ਲੋਕ ਸਾਹਿਤ ਦੀਆਂ ਵੰਨਗੀਆਂ ਜਾਂ ਰੂਪ ਹਨ। ਜਿਵੇਂ-

### ਲੋਕ ਗੀਤ

ਪੰਜਾਬੀ ਲੋਕ ਗੀਤ ਪੰਜਾਬੀਆਂ ਦੀ ਸੁਹਜ ਤ੍ਰਿਪਤੀ ਕਰਨ ਵਾਲਾ ਅਮੀਰ ਵਿਰਸਾ ਹਨ। ਇਹ ਲੋਕ ਗੀਤ ਪੰਜਾਬੀ 'ਲੋਕ' ਜਾਂ ਲੋਕਾਂ ਦੁਆਰਾ ਰਚੀ ਗਈ ਅਜਿਹੀ ਸੁਹਜ-ਸੁਆਦ ਨਾਲ ਭਰਪੂਰ, ਲੈਅ ਬੱਧ ਰਚਨਾ ਹੁੰਦੀ ਹੈ, ਜਿਸ ਵਿੱਚ ਆਮ ਪੰਜਾਬੀਆਂ ਦੇ ਚਾਅ, ਵਲਵਲੇ, ਰੀਝਾਂ, ਦੁੱਖ-ਸੁੱਖ ਅਤੇ ਪੀੜਾਂ ਦਾ ਵਰਣਨ ਹੋਇਆ ਮਿਲਦਾ ਹੈ। ਇਹ ਲੋਕ ਗੀਤ ਵੀ ਪੰਜਾਬੀਆਂ ਦੇ ਸੁਭਾਅ ਵਾਂਗ ਹੀ ਸਰਲ ਸਾਦੇ ਤੇ ਪ੍ਰਕਿਰਤੀ ਨਾਲ ਇਕਮਿਕ ਹੋਏ ਉਹਨਾਂ ਦੇ ਦਿਲੋਂ ਪੁੰਗਰ ਕੇ ਉਹਨਾਂ ਦੇ ਬੁੱਲਾਂ 'ਤੇ ਖੇਡਦੇ ਹੋਏ, ਪੀੜ੍ਹੀ ਦਰ ਪੀੜ੍ਹੀ ਮੜਕ ਨਾਲ ਤੁਰਦੇ ਹਨ। ਪੰਜਾਬੀਆਂ ਦਾ ਸੁਭਾਅ ਲਚਕੀਲਾ ਅਤੇ ਵੰਨ ਸੁਵੰਨਤਾ ਵਾਲਾ ਹੈ। ਇਹ ਜੰਗ ਦੇ ਮੈਦਾਨ ਵਿੱਚ ਦੁਸ਼ਮਣ ਨਾਲ ਲੋਹਾ ਲੈਂਦੇ, ਮੇਲਿਆਂ ਵਿੱਚ ਮਸਤੀ ਨਾਲ ਨੱਚਦੇ ਝੂਮਦੇ, ਪਿਆਰ ਵਿੱਚ ਗੁਲਾਮੀ ਕਰਦੇ, ਸਖ਼ਤ ਮਿਹਨਤ ਨਾਲ ਧਰਤੀ ਦੀ ਹਿੱਕ ਵਿਚੋਂ ਅਨਾਜ ਪੈਦਾ ਕਰਦੇ, ਹਰ ਹਾਲਾਤ ਵਿੱਚ ਸਹਿਜੇ ਹੀ ਢਲ ਸਕਣ ਦੀ ਸਮਰੱਥਾ ਰੱਖਦੇ ਹਨ, ਲਹੂ ਪਸੀਨਾ ਇਕ ਕਰਕੇ ਕਮਾਈ ਕਰਨ ਵਾਲੇ ਅਤੇ ਜੰਗਾਂ ਯੁੱਧਾਂ ਵਿੱਚ ਰਹਿਣ ਵਾਲੇ ਪੰਜਾਬੀ ਇਕ ਸੁਹਜ ਭਰਿਆ ਦਿਲ ਵੀ ਰੱਖਦੇ ਹਨ। ਉਹਨਾਂ ਦੇ ਵੰਨ ਸੁਵੰਨੇ ਚਰਿੱਤਰ ਦਾ ਇਕ ਪਹਿਲੂ ਉਹਨਾਂ ਦੀ ਸੁਹਜ ਸਿਰਜਨਾ ਕਰਨ ਦੀ ਸਮਰੱਥਾ ਵਾਲਾ ਵੀ ਹੈ।

### ਲੋਕ ਕਹਾਣੀਆਂ

ਲੋਕ ਕਹਾਣੀ ਤੋਂ ਭਾਵ ਅਜਿਹਾ ਪਰੰਪਰਾਗਤ ਬਿਰਤਾਂਤ ਹੈ ਜਿਸ ਵਿੱਚ ਲੋਕ ਮਾਨਸ ਦੀ ਅਭਿਗਿਅਕਤੀ ਹੋਵੇ ਅਤੇ ਲੋਕ ਸਮੂਹ ਨੇ ਜਿਸ ਨੂੰ ਪ੍ਰਵਾਨਗੀ ਦੇ ਕੇ ਪੀੜ੍ਹੀ ਅੱਗੇ ਤੋਰਿਆ ਹੋਵੇ। ਪੰਜਾਬੀ ਲੋਕ ਕਹਾਣੀ ਵਧੇਰੇ ਕਰਕੇ ਵਾਤਕ ਵਿੱਚਮਿਲਦੀਆਂ ਹਨ, ਪਰ ਕੁਝ ਭਾਗ ਕਵਿਤਾ ਵਿੱਚ ਵੀ ਹੈ।ਇਨ੍ਹਾਂ ਕਹਾਣੀਆਂ ਦੀ ਸਿਰਜਨਾ ਵਿੱਚ ਬੇ-ਮਹਾਰੀ ਕਲਪਨਾ ਅਤੇ ਅਦਭੁੱਤ ਹੋਂਦ ਤੋ਼ ਛੁੱਟ ਕਥਾਨਕ ਰੂੜੀਆਂ ਅਤੇ ਉਪਯੋਗ ਦ੍ਰਿਸ਼ਟੀ ਦਾ ਹੱਥ ਵੀ ਹੁੰਦਾ ਹੈ। ਪੰਜਾਬੀ ਲੋਕ ਕਹਾਣੀਆਂ ਦੀ ਵੱਡੀ ਵਿਸ਼ੇਸ਼ਤਾਂ ਇਨ੍ਹਾਂ ਦੇ ਵਿਸ਼ੇ, ਰੂਪ ਘਟਨਾਵਾਂ, ਪਾਤਰ ਆਦਿ ਪੱਖਾਂ ਤੋਂ ਵੰਨ ਸੁਵੰਨਤਾ ਹੈ। ਪੰਜਾਬੀ ਲੋਲ ਕਹਾਣੀਆਂ ਉੱਤਰ ਇੱਕ ਪੇਤਲੀ ਝਾਤ ਤੋਂ ਸਹਿਜੇਹੀ ਇਸ ਸਿੱਟੇ ਤੇ ਪੁੱਜੀਦਾ ਹੈ। ਕਿ ਜੋ ਕੁਝ ਵੀ ਲੋਕ ਚੇਤਨਾਂ ਅਤੇ ਲੋਕ ਕਲਪਨਾ ਦੀ ਪਕੜ ਵਿੱਚ ਆ ਸਕਦਾ ਹੈ, ਉਹ ਸਭ ਕੁਝ ਇਨ੍ਹਾਂ ਕਹਾਣੀਆਂ ਵਿੱਚ ਸਮੋ ਲਿਆ ਗਿਆ ਹੈ।ਇਨ੍ਹਾਂ ਦਾ ਸਮਾ ਸਤਿਯੁਗ, ਤ੍ਰੇਤਾ, ਦੁਆਪਰ ਅਤੇ ਕਲਯੁਗ ਤਕ ਫੈਲਿਆ ਹੋਇਆ। ਪੰਜਾਬੀ ਲੋਕ ਕਹਾਣੀਆਂ ਦੀ ਪ੍ਰਕਿਰਤੀ, ਸੁਭਾਉ, ਵਿਸ਼ੇ, ਪਾਤਰਾਂ, ਘਟਲਾਵਾਂ ਆਦਿ ਨੂੰ ਮੁੱਖ ਰੱਖਦੇ ਹੋਇਆ ਇਨ੍ਹਾਂ ਨੂੰ ਹੇਠ ਲਿਖੀਆ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ:

1.ਮਿਥਕ ਕਥਾਵਾਂ 2.ਦੰਤ ਕਥਾਵਾਂ 3.ਪਸ਼ੁ/ਪੰਛੀ ਕਹਾਣੀਆਂ 4.ਨੀਤੀ ਕਥਾਵਾਂ 5.ਪਰੀ ਕਹਾਣੀਆਂ 6. ਬੁਝਾਵਨ ਕਹਾਣੀਆਂ 7.ਪ੍ਰੇਤ ਕਥਾਵਾਂ ਦੁਆਰਾ ਦਰਪੋਤੀ ਦੀਪ ਬੇ-ਪਤੀ, ਪਰਮਾਤਮਾ ਜਿਵੇਂ ਦਰਯੋਕਨ ਦੀ ਹੰਕਾਰ ਤੋੜ ਦਾ ਹੈ।

ਜਨਮੇਜਾ ਅਤੇ ਪਰੀਛਤ ਬਾਰੇ ਪ੍ਰਸੰਗ, ਦਾਈ ਪੂਤਨਾ ਦੀ ਮੁਕਤੀ, ਕੁਬਿਜਾ ਕੁੱਬ ਦੂਰ ਹੋਣਾ, ਬਿਦਰ ਦੇ ਘਰੋਂ ਸਦਾਮਾ ਦੀ ਮਿੱਤਰਤਾ, ਚੰਦ੍ਰਾਵਲੀ ਜਾਂ ਦੀ ਦੀ ਗੋਪੀ ਨਾਲ ਪਿਆਰ, ਅਤੇ ਸੁਰਗਾਂ ਵਿੱਚ ਕਲਾਪ-ਬ੍ਰਿਛਾਂ ਲਿਆ ਕੇ ਗੋਪੀ ਸਤਭਾਮਾ ਦੀ ਇੱਛਾ ਪੂਰੀ ਕਰਨੀ ਆਦਿ ਮਿੱਥਕ ਕਥਾਵਾਂ ਹਨ।

**ਮਿਥਕ ਕਥਾਵਾਂ**

- ਮਿਥਕ ਕਥਾਵਾਂ ਤੋਂ ਭਾਵ ਪੂਰਵ ਇਤਿਹਾਸਿਕ ਯੁਗ ਵਿੱਚ ਵਾਪਰੀਆਂ ਘਟਨਾਵਾ ਤੋਂ ਹੈ, ਜਿਹੜੀ ਲੋਕਾਂ ਦੀਆਂ ਅਲੋਕਿਕ ਪਰੰਪਰਾਵਾ ਨਾਲ ਜੁੜੀਆਂ ਹੋਣ ਅਤੇ ਉਨ੍ਹਾਂ ਦੇ ਦੇਵਤਿਆ ਪ੍ਰਾਚੀਨ ਯੋਧਿਆਂ, ਧਾਰਮਿਕ ਵਿਸ਼ਵਾਸਾਂ ਅਤੇ ਸਾਂਸਕ੍ਰਿਤਕ ਗੁਣਾਂ ਨਾਲ ਸੰਬੰਧਿਤ ਹੋਣ। ਅੰਗ੍ਰੇਜੀ ਅਜਿਹਹੀਆਂ ਕਥਾਵਾਂ ਨੂੰ ਮਿਥਸ ਆਖਦੇ ਹਨ ਮਿਥਕ ਕਥਾਵਾਂ ਸ਼ੁੱਧ ਰੂਪ ਵਿੱਚ ਲੋਕ ਮਾਨਸ ਦੀ ਅਭਿਗਿਅਕਤੀ ਹਨ। ਇਨ੍ਹਾਂ ਵਿੱਚ ਕਾਲਪਨਿਕ ਨਿਰੂਪਰਣ ਸ਼ਕਤੀ ਦੀ ਕੋਈ ਸੀਮਾ ਨਹੀਂ ਹੁੰਦੀ, ਘਟਨਾਵਾਂ ਅਤਿਕਥਣੀ ਅਤੇ ਸ਼ਰਧਾਯਕਤ ਭੈ ਨਾਲ ਭਰੀਆ ਹੋਈਆ ਹੁੰਦੀਆਂ ਹਨ। ਅਸਲ ਵਿੱਚ ਮਿਥਕ ਕਥਾਵਾਂ ਵਿੱਚ ਕੁਝ ਵੀ ਅਸੰਭਵ ਨਹੀਂ ਹੁੰਦਾ ਇਹਨਾਂ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਗਿਆ ਹੈ।
    - ਪੌਰਾਣਿਕ ਭਗਤਾਂ, ਰਿਸ਼ੀਆਂ, ਮੁਨੀਆਂ ਅਤੇ ਮਿਥਕ ਰਾਜਿਆ ਬਾਰੇ
    - ਰਾਮ ਚੰਦਰ ਅਥਾਵਾਂ ਰਾਮਇਣ ਸੰਬੰਧੀ।
    - ਮਹਾਭਾਰਤ ਅਤੇ ਭਗਵਾਨ ਕ੍ਰਿਸ਼ਨ ਬਾਰੇ
    - ਦੇਵਿਤਿਆ ਅਤੇ ਦੈਤਾਂ ਨਾਲ ਸੰਬੰਧਿਤ
    - ਪੌਰਾਣਿਕ ਭਗਤਾਂ, ਰਿਸ਼ੀਆਂ, ਮੁਨੀਆਂ ਅਤੇ ਮਿਥਕ ਰਾਜਿਆਂ
    - ਰਾਜਾ ਹਰੀਸ਼ ਚੰਦਰ ਦੀ ਕਥਾ, ਗੋਤਮ ਅਹੱਲਿਆ ਪ੍ਰਸੰਗ, ਦੁਰਾਬਾਸਾ ਰਿਸ਼ੀ, ਬਲਿਰਾਜਾ, ਅੱਜ ਰਾਜਾ ਅਤੇ ਰਾਜਾ ਜਣਕ ਬਾਰੇ ਕਹਾਣੀਆ ਰਾਜਾ ਭਗੀਰਥ, ਰਿਸ਼. ਬਿਆਸ, ਸੁਕਦੇਵ ਰਿਸ਼ੀ, ਨਾਰਦ ਅਤੇ ਵਿਸ਼ਵਾਮ੍ਰਿਤ ਬਾਰੇ ਮਿਥਕ ਕਥਾਵਾਂ ਪ੍ਰਚੱਲਿਤ ਹਨ।
    - ਰਮਾਇਣ ਨਾਲ ਸੰਬੰਧਤ ਕੁਝ ਕਥਾਵਾਂ ਜਿਵੇਂ ਮਤਰੇਈ ਮਾਂ ਦੇ ਆਖੇ ਰਾਮ ਚੰਦਰ ਲੂੰ ਬਨਵਾਸ ਲਛਮਣ ਦੁਆਰਾ ਸਰੂਪਨਖਾਂ ਦਾ ਨੱਕ ਕੱਟੇ ਜਾਣਾ, ਰਾਵਣ ਅਤੇ ਹਨੂਮਾਣ ਬਾਰੇ ਕਥਾਵਾਂ ਤੋਂ ਛੂੱਟ ਕੁੰਭਕਰਨ, ਬਾਲੀ,ਤਾਰਕਾ ਅਤੇ ਮਰੀਚ, ਆਦਿ ਬਾਰੇ ਕਹਾਣੀਆਂ ਪ੍ਰੁੱਚਲਿਤ ਹਨ।
    - ਮਹਾਂਭਾਰਤ ਨਾਲ ਸੰਬੰਧਿਤ, ਦੁਰਯੋਧਨ ਦੁਆਰਾ।

**ਦੰਤ ਕਥਾਵਾਂ**

ਪੰਰਪਰਾਗਤ ਬਿਰਤਾਂਤ ਵਿੱਚ ਜਦ ਦੇਵੀ ਦੇਵਤਿਆ ਦੀ ਥਾਂ ਮਨੁੱਖ ਪ੍ਰੇਵਸ਼ ਕਰਦੇ ਹਨ। ਅਤੇ ਮਿਥਕ ਗੁਣਾ ਨੂੰ ਮਨੁੱਖ ਨਾਲ ਜੋੜ ਦਿੱਤਾ ਜਾਂਦਾ ਹੈ। ਦੰਡ ਕਥਾ ਵਿੱਚ ਦੇਵਤਿਆ ਅਤੇ ਅਰਧ ਦੇਵਤਿਆ ਦੀ ਥਾਂ ਇਤਿਹਾਸਕ ਅਤੀ ਆਰਧ ਇਤਿਹਾਸਕ ਵਿਅਕਤੀ ਦੇ ਕਾਰਨਾਮਿਆ ਨੂੰ ਆਪਣੇ ਮਨੋਰਥ ਦੀ ਸਿਧੀ ਲਈ ਵਰਤਿਆ ਜਾਂਦਾ ਹੈ ਇਸ ਵਿੱਚ ਸੰਤਾਂ ਮਹਾਤਮਾਵਾਂ, ਪੀਰਾਂ ਫ਼ਕੀਰਾਂ, ਇਤਿਹਾਸਕ ਯੋਧਿਆ ਅਤੇ ਰਾਜਿਆਂ ਨਾਲ ਸੰਬੰਧਿਤ ਪ੍ਰੀਤ ਕਥਾਵਾਂ ਜਿਵੇਂ ਹੀਰ ਰਾਂਝਾਂ, ਸੰਸੀ ਪੁੰਨੂੰ ਸ਼ੀਰੀ ਫਰਿਆਦ, ਲੈਲਾ ਮਜਨੂੰ ਅਤੇ ਯੂਸਫ਼ ਜੁਲੈਖਾਂ ਆਦਿ ਤੀਰਥ ਅਸਥਾਨਾਂ, ਮੰਦਰਾ, ਪਹਾੜਾ ਗੁਫਾਵਾ ਆਦਿ ਬਾਰੇ ਤਬਾਹ ਹੋਏ ਕਿਲ੍ਹੇ, ਤਲਾਅ/ਸਰੋਵਰ, ਦਰਿਆ, ਪੁਰਾਤਨ ਇਮਾਰਤਾਂ ਬੁੱਤਾਂ ਆਦਿ ਬਾਰੇ ਮਨੁਖੀ ਬੋਲੀ,, ਰਹੁ ਰੀਤਾਂ ਅਤੇ ਸਦਾਚਾਰਕ ਨਿਯਮਾਂ ਸੰਬੰਧੀ ਦੱਬੇ ਹੋਏ ਖਜ਼ਾਨਿਆ ਸੰਬੰਧੀ ਦੰਤ ਕਥਾਵਾਂ ਪ੍ਰਚੱਲਿਤ ਹਨ।

ਪਸ਼ੂ- ਪੰਛੀ ਕਹਾਣੀਆਂ: ਇਨ੍ਹਾਂ ਕਹਾਣੀਆਂ ਦੇ ਮੁੱਖ ਪਾਤਰ ਪਸ਼ੂ-ਪੰਛੀ ਹਨ। ਪਸ਼ੂ ਪੰਛੀਆਂ ਦਾ ਮਾਨਵੀਕਰਨ ਕਰਕੇ ਇਨ੍ਹਾ ਕਹਾਣੀ ਵਿੱਚ ਉਨ੍ਹਾਂ ਨੂੰ ਮਨੁਖਾਂ ਵਾਂਗ ਸੋਚਦੇ,ਕੰਮ ਕਰਦੇ ਬੋਲਦੇ, ਨੱਚਦੇ ਕੁਦਦੇ ਵਿਖਾਇਆ ਗਿਆ ਹੈ। ਮਨੁੱਖਾਂ ਨੇ ਵੱਖ-ਵੱਖ ਪਸ਼ੂ ਪੰਛੀਆਂ ਨੂੰ ਜਿਹੜੀਆ ਵਿਸ਼ੇਸ਼ ਖਾਸੀਅਤ ਪ੍ਰਦਾਨ ਕੀਤੀਆਂ ਹਨ, ਉਨ੍ਹਾਂ ਅਨੁਸਾਰ ਉਹ ਕਾਰਜ ਕਰਦੇ ਹਨ, ਜਿਵੇਂ ਕਾ ਸਿਆਣਾ ਹੈ, ਲੂਮੜੀ ਚਾਲਕ, ਸ਼ੇਰ ਬਹਾਦਰ ਹੈ ਅਤੇ ਬਘਿਆੜ ਲਾਲਚੀ ਆਦਿ।

### ਨੀਤੀ ਕਥਾਵਾਂ

ਨੀਤੀ ਕਥਾਵਾਂ ਵਿੱਚ ਪਸ਼ੂ ਪੰਛੀਆਂ ਨੂੰ ਮਨੁੱਖਾਂ ਵਾਲੇ ਗੁਣ ਪ੍ਰਦਾਨ ਕਰਦੇ ਵਿਅੰਗਮਈ ਉੱਕਤੀ ਦੁਆਰਾ ਮਾਨਵਜਾਤੀ ਨੂੰਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਆਮ ਤੌਰ ਤੇ ਅਜੇਹੀਆਂ ਕਹਾਣੀਆਂ ਦੇ ਦੋ ਭਾਗ ਹੁੰਦੇ ਹਨ। ਪਹਿਲੇ ਹਿੱਸੇ ਵਿੱਚ ਵਾਰ ਤਾਂ ਦੇ ਨਾਲ-ਨਾਲ ਉਦੇਸ਼ ਨੂੰ ਉਦਾਹਰਨ ਸਹਿਤ ਸਮਝਿਆ ਜਾਂਦਾ ਹੈ ਅਤੇ ਦੂਜੇ ਹਿੱਸੇ ਵਿੱਚ ਉਪਦੇਸ਼ਾਤਮਕ ਕਥਨ ਦਾ ਵਿਵਰਨ ਲੋਕੋਕਤੀ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। 'ਲੂੰਮੜੀ ਤੇ ਅੰਗੂਰ` ਦੀ ਕਹਾਣੀ ਵਿੱਚ ਲੂੰਮੜੀ ਦੀ ਅੰਗੂਰਾਂ ਦੇ ਗੁੱਛੇ ਤਕ ਪੁੱਜਣ ਦੀ ਅਸਮਰਥਾ ਬਾਰੇ ਦਸ ਕੇ ਅੰਤ ਵਿੱਚ ਇੱਕ ਲੋਕੋਕਤੀ ਆਉਂਦੀ ਹੈ।

- ਦਾਖੈ ਹੱਥ ਨਾ ਅੱਪੜੇ, ਆਖੈ ਥੂਹ ਕਉੜੀ।

ਸ਼ੇਰ, ਘੋੜਾ, ਹਾਥੀ, ਗਿੱਦੜ, ਲੂੰਮੜੀ, ਕਾਂ, ਬਿੱਲੀ, ਚੂਹਾ, ਤੋਤਾ ਮੋਰ ਆਦਿ ਇਨ੍ਹਾਂ ਕਹਾਣੀਆਂ ਦੇ ਪਾਤਰ ਹਨ। ਹਰ ਕਹਾਣੀ ਦੇ ਅੰਤ ਵਿੰਚ ਕੋਈ ਨਾ ਕੋਈ ਸਮਾਜਕ, ਸਦਾਚਾਰਕ, ਧਾਰਮਿਕ ਜਾਂ ਰਾਜਨੀਤਿਕ ਉਪਦੇਸ਼ ਦਿੱਤਾ ਗਿਆ ਹੈ।

### ਪਰੀ ਕਥਾਵਾਂ

ਪਰੀ ਕਥਾਵਾਂ ਪੰਜਾਬੀ ਲੋਕ ਕਹਾਣੀਆਂ ਦੀ ਬਹੁਤ ਦਿਲਚਸਪ ਸ੍ਰੇਣੀ ਹੈ ਪਰੀਆਂ ਤੋਂ ਇਲਾਵਾਂ ਇਨ੍ਹਾਂ ਦੇ ਪਾਤਰ ਬਾਦਸ਼ਾਹ, ਸਹਿਜਾਦੇ ਅਤੇ ਸੌਦਾਗਰ ਵੀ ਹੁੰਦੇ ਹਨ। ਹਰ ਪ੍ਰਕਾਰ ਦੀਆਂ ਅਲਹੌਣੀਆਂ ਅਤੇ ਅਸੰਭਵ ਗੱਲਾ ਇਨ੍ਹਾਂ ਕਥਾਵਾਂ ਵਿੱਚ ਵਾਪਰਦੀਆਂ ਹਨ।

### ਪ੍ਰੇਤ ਕਥਾਵਾਂ

ਜਿਨ, ਭੂਤ, ਪ੍ਰੇਤ, ਬੋਣੈ, ਭੂਤਨੀਆਂ, ਛੈਵਾਂ ਅਤੇ ਚੜੇਲਾਂ, ਆਦਿ ਅਮਾਨਵੀ ਪਾਤਰਾ ਨਾਲ ਜੁੜੀਆਂ ਰਹੱਸਮਈ ਜੁਗਤ ਦੀਆਂ ਚਮਤਕਾਰੀ ਘਟਨਾਵਾਂ ਨਾਲ ਸੰਬੰਧਿਤ ਪਰੰਪਰਾਗਤ ਬਿਰਤਾਂਤ ਨੂੰ ਪ੍ਰੇਤ ਕਥਾਵਾਂ ਦੀ ਲੜੀ ਵਿੱਚ ਰੱਖਿਆ ਜਾ ਸਕਦਾ ਹੈ।

### ਬੁਝਾਵਨ ਕਥਾਵਨ

ਮਿਥਕ ਕਥਾਵਾਂ, ਦੰਤ ਕਥਾਵਾਂ ਜਾਂ ਪਰੀ ਕਹਾਣੀਆਂ ਵਾਂਗ ਬੁਝਾਵਨ ਕਥਾਵਾਂ ਕਿਸੇ ਵੱਖਰੇ ਖੇਤਰ ਦੀਆਂ ਕਹਾਣੀਆਂ ਵਾਂਗ ਬੁਝਾਵਨ ਕਥਾਵਾਂ ਕਿਸੇ ਵੱਖਰੇ ਖੇਤਰ ਦੀਆਂ ਕਹਾਣੀਆਂ ਨਹੀਂ ਹਨ। ਵਾਸਤਵ ਵਿੱਚ ਬੁਝਾਵਨ ਕਥਾ ਵਿੱਚ ਕੋਈ ਨੀਤੀ ਦੀ ਗੱਲ ਸਮਝਾਈ ਗਈ ਹੁੰਦੀ ਹੈ ਕਿਸੇ ਦੂਜੀ ਕਹਾਣੀ ਵਿੱਚ ਪਹੇਲੀਆਂ ਸ਼ਰਤਾਂ ਦੇ ਰੂਪ ਵਿੱਚ ਆਉਂਦੀਆਂ ਹਨ ਅਤੇ ਕਿਸੇ ਕਥਾ ਵਿੱਚ ਅਜਿਹੇ ਪ੍ਰਸ਼ਨ ਸਾਹਮਣੇ ਆਉਂਦੇ ਹਨ, ਜਿਨ੍ਹਾਂ ਦਾ ਉੱਤਰ ਤਲਾਸ ਕਰਨਾ ਹੁੰਦਾ ਹੈ।

## ਪੰਜਾਬੀ ਬੁਝਾਰਤਾਂ

ਬੁਝਾਰਤ ਜਾਂ ਬਾਤ ਦਾ ਸ਼ਬਦ ਸਾਹਮਣੇ ਆਉਂਦੀਆਂ ਹੀ ਸਾਡੀ ਕਲਪਨਾ ਸਾਨੂੰ ਬਚਪਨ ਵਿੱਚ ਲੈ ਜਾਂਦੀ ਹੈ। ਜਦੋਂ ਹਰ ਬੱਚਾ ਆਪਣੇ ਬਜੁਰਗ ਪਾਸੋਂ ਹੁੰਗਾਰੇ ਵਾਲੀਆਂ ਲੰਮੀਆਂ-ਲੰਮੀਆਂ ਬਾਤਾਂ ਸੁਣਨ ਜਾਂ ਬੁਝਾਰਤਾਂ ਨੂੰ ਬੁੱਝਣ ਦੀ ਪ੍ਰਕਿਰਿਆ ਵਿੱਚੋ ਗੁਜ਼ਰਿਆ ਸੀ। ਅਕਾਰ ਦੀ ਦ੍ਰਿਸ਼ਟੀ ਤੋਂ ਬੁਝਾਰਤ ਅਖਾਣ ਦੇ ਵਧੇਰੇ ਨੇੜੇ ਹੈ। ਕਈ ਵਾਰ ਅਖਣਾ ਅਤੇ ਬੁਝਾਰਤਾ ਨੂੰ ਲੋਕ ਗੀਤ ਸਮਝ ਲਿਆ ਜਾਂਦਾ ਹੈ, ਜੋ ਠੀਕ ਨਹੀਂ। ਲੋਕ ਗੀਤ ਗਾਏ ਜਾਂਦੇ ਹਨ: ਅਖਾਣਾਦੀ ਢੁੱਕਵੇ ਰੂਪ ਵਿੱਚ ਲਿਖਤੀ ਜਾਂ ਅਲਿਖਤੀ ਤੌਰ ਤੇ ਵਰਤੋਂ ਕੀਤੀ ਜਾਂਦੀ ਹੈ। ਅਤੇ ਬੁਝਾਰਤਾਂ ਪਾਈਆ ਜਾਂਦੀਆਂ ਹਨ। ਇਹ ਵਾਰਤਕ ਵਿੱਚ ਵੀ ਮਿਲਦੀਆਂ ਹਨ, ਪਰ ਬਹੁਤੀਆਂ ਬੁਝਾਰਤਾਂ ਤੁਕਾਂਤ ਵਿੱਚ ਹੁੰਦੀਆਂ ਹਨ। ਇਹ ਇੱਕ ਤੁਕੀ ਦੋ ਤੁਕੀ, ਬਹੁ ਤੁਕੀਆਂ ਬੁਝਾਰਤਾਂ ਵੀ ਹੁੰਦੀਆਂ ਹਨ।

- ਬਾਤ ਪਾਵਾਂ ਬਤੋਲੀ ਪਾਵਾਂ ਸੁਣ ਤੇ ਭਾਈ ਹਕੀਮਾਂ
- ਲੱਕੜੀਆਂ ਚੋਂ ਪਾਣੀ ਕੱਢਾ ਚੁੱਕ ਬਣਾਵਾਂ ਢੀਮਾ
- ਇੱਕ ਬੁਝਾਰਤ ਪਾਵਾਂ, ਸਿਰ ਕੱਟ ਕੇ ਲੂਣ ਲਾਵਾਂ
- ਜੇ ਖਾਵਾਂ ਤੇ ਪਛਤਾਵਾਂ ਨਾ ਖਾਵਾਂ ਤੇ ਪਛਤਾਵਾਂ

ਕਾਲੀ ਹਾਂ ਪਰ ਕਾਂ ਨਹੀਂ ਲੰਮੀ ਹਾਂ ਪਰ ਡੋਰ ਨਹੀਂ ਬੰਨ੍ਹੀ ਜਾਂਦੀ ਹਾਂ ਪਰ ਪਸ਼ੂ ਨਹੀਂ।

## ਪੰਜਾਬੀ ਅਖਾਣ

'ਅਖਾਣ' ਲੋਕ ਸਾਹਿਤ ਦਾ ਅਜੇਹਾ ਰੂਪ ਹਨ, ਜਿਨ੍ਹਾਂ ਵਿੱਚ ਲੋਕ ਜੀਵਨ ਦੇ ਲੰਮੇ ਤਜਰਬਿਆਂ ਅਤੇ ਅਨੁਭਵਾਂ ਨੂੰ ਲੋਕ ਬੋਲੀ ਦੁਆਰਾ ਬਹੁਤ ਹੀ ਸੰਖੇਪ ਪਰੰਤੂ ਢੁਕਵੀ ਸ਼ੈਲੀ ਰਾਹੀਂ ਵਾਕਾਂ/ਤੁਕਾਂ ਦੇ ਰੂਪ ਵਿੱਚ ਪ੍ਰਗਟਾਇਆ ਗਿਆ ਹੁੰਦਾ ਹੈ। ਅਖਾਣ ਲਈ ਪੰਜਾਬੀ ਵਿੱਚ ਅਖੌਤ ਲੋਕੋਕਤੀ ਅਤੇ ਕਹਾਵਤ ਉਰਦੂ ਵਿੱਚ ਅਖਾਣ ਦੇ ਸਮਾਨਾਰਥਕ ਸ਼ਬਦ ਹਨ ਪੰਜਾਬੀ ਵਿੱਚ ਹਜ਼ਾਰਾ ਦੀ ਸੰਖਿਆਂ ਵਿੱਚ ਅਖਾਣ ਮਿਲਦੇ ਹਨ, ਪਰ ਬਣਤਰ ਦੀ ਦ੍ਰਿਸ਼ਟੀ ਤੋਂ ਕੋਈ ਵੀ ਇੱਕ ਵਿਸ਼ੇਸ਼ ਰੂਪ ਨਿਸ਼ਚਿਤ ਨਹੀਂ ਹੈ। ਦੋ ਸ਼ਬਦੇ, ਤਿੰਨ ਸ਼ਬਦੇ, ਚਾਰ ਸ਼ਬਦੇ ਅਖਾਣਾਂ ਤੋਂ ਲੈ ਕੇ ਇੱਕ ਤੁਕੇ, ਦੋ ਤੁਕੇ, ਅੱਠ ਜਾ ਦਸ ਤੁਕੇ ਅਖਾਣ ਵੀ ਮਿਲਦੇ ਹਨ।

- ਦੋ ਸ਼ਬਦੇ- ਵਾਹੀ ਪਾਤਸ਼ਾਹੀ
- ਤਿੰਨ ਸ਼ਬਦੇ- ਮਾਵਾਂ ਠੰਡੀਆਂ ਛਾਵਾਂ
- ਚਾਰ ਸ਼ਬਦੇ- ਔਰਤਾਂ ਘਰ ਦੀਆਂ ਦੌਲਤਾਂ

ਇਹ ਲੋਕਾਂ ਦੀ ਜ਼ਿੰਦਗੀ ਦਾ ਨਿਚੋੜ ਹਨ। ਇਨ੍ਹਾਂ ਵਿੰਚ ਸਿਆਖਣ ਤਾਂ ਹੁੰਦੀ ਹੀ ਹੈ। ਪਰ ਬਹੁਤੀ ਵਾਰ ਉਪਦੇਸ਼ ਵੀ ਲੁਕਿਆ ਹੁੰਦਾ ਹੈ।

- ਜਿਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ।

## ਲੋਕ ਵਾਰਾਂ

ਪੰਜਾਬੀ ਸਾਹਿਤ ਵਿੱਚ ਵਾਰਾਂ ਦੀ ਪਰੰਪਰਾ ਨਾ ਕੇਵਲ ਬਹੁਤ ਪੁਰਾਣੀ ਹੈ ਸਗੋਂ ਇਨ੍ਹਾਂ ਦੀ ਰਚਨਾ ਅੱਜ ਵੀ ਹੁੰਦੀ ਹੈ। ਵਾਰ ਯੁੱਧ ਸੰਬੰਧੀ ਉਹ ਕਾਵਿ ਰਚਨਾ ਹੈ ਜਿਸ ਵਿੱਚ ਸੂਰਬੀਰਤਾ ਦਾ ਵਰਣਨ ਹੁੰਦਾ ਹੈ। ਇਹ ਲੋਕ ਵਾਰਾਂ ਨੇ ਹੀ ਪੰਜਾਬੀ ਵਾਰ ਦੀ ਨੀਂਹ ਪਕੇਰੀ ਕੀਤੀ ਹੈ। ਲੋਕ ਵਾਰਾਂ ਦਾ ਸੰਬੰਧ ਲੋਕਧਾਰਾ ਨਾਲ ਹੋਣ ਕਰਕੇ, ਇਨ੍ਹਾਂ ਦਾ

ਸਰੂਪ ਲੋਕ ਕਾਵਿ ਵਾਲਾ ਬਣਿਆ ਹੈ। ਇਹ ਵਾਰਾਂ ਠੇਠ ਪੰਜਾਬੀ, ਰੂਪ ਵਿੱਚ ਭੱਟਾ, ਮਰਾਸੀਆਂ, ਡੂੰਮਾ ਦੁਆਰਾ ਗਾਈਆਂ ਜਾਦੀਆਂ ਸਨ ਅਤੇ ਮੌਖਿਕ ਰੂਪ ਵਿੱਚ ਸਾਡੇ ਕੋਲ ਪਹੁੰਚੀਆਂ, ਇਨ੍ਹਾਂ ਵਿੱਚ ਬਹਾਦਰੀ ਦਾ ਜਸ ਗਾਇਨ ਕੀਤਾ ਜਾਂਦਾ ਸੀ ਲੋਕ ਸਾਹਿਤ ਵਿੱਚ ਨੋ ਲੋਕ ਵਾਰਾ ਮਿਲਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 11 ਵਾਰਾਂ ਵਿੰਚੋਂ 9 ਵਾਰਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਲੋਕ ਵਾਰਾਂ ਦੀ ਧੁਨੀ ਤੇ ਗਾਉਣ ਦਾ ਉਦੇਸ਼ ਦਿੱਤਾ ਗਿਆ ਹੈ।

## ਲੋਕ ਸਾਹਿਤ (ਸੰਕਲਪ,ਮੁੱਖ ਵੰਨਗੀਆਂ)

ਸਾਹਿਤ ਦਾ ਭਾਵ ਹੈ ਕਿ ਅਜਿਹੀ ਰਚਨਾ ਜਿਸ ਵਿੱਚ ਸੁੰਦਰ ਵਿਚਾਰ ਸੋਹਣੇ ਅਤੇ ਦਿਲ ਖਿੱਚਵੇਂ ਢੰਗ ਨਾਲ ਪੇਸ਼ ਕੀਤੇ ਹੋਣ।ਕਈ ਵਿਦਵਾਨਾਂ ਅਨੁਸਾਰ ਸਾਹਿਤ ਸ਼ਬਦ ਦੀ ਉਤਪਤੀ ਸਾ+ਹਿਤ ਹੈ। ਸਾ ਦਾ ਅਰਥ ਹੈ ਸਾਰਿਆਂ ਨਾਲ ਅਤੇ ਹਿਤ ਦਾ ਮਤਲਬ ਪਿਆਰ (ਸਾਹਿਤਯ ਭਾਵ ਸਾਹਿਤਮ) ਸੋ ਸਾਹਿਤ ਦਾ ਭਾਵ ਪਿਆਰ ਤੋਂ ਉਪਜਿਆ ਹੋਇਆ ਰਚਨਾ ਵਿੱਚ ਨਿਰੇ ਪਿਆਰ ਦੇ ਭਾਵ ਆਉਣ ਨਾਲ ਰਚਨਾ ਸਾਹਿਤ ਨਹੀਂ ਅਖਵਾ ਸਕਦੀ। ਸੁੰਦਰ ਰਚਨਾ ਨੂੰ ਕਲਾ ਕਹਿੰਦੇ ਹਨ। ਸ਼ਬਦ ਰੂਪੀ ਸੁੰਦਰ ਰਚਨਾ ਨੂੰ ਸਾਹਿਤ ਆਖਦੇ ਹਨ। ਲਿਖਣ ਢੰਗ ਦੀ ਕਾਢ ਤੋਂ ਪਹਿਲਾਂ ਸਾਹਿਤ ਮੌਖਿਕ ਹੁੰਦਾ ਸੀ। ਸਾਹਿਤ ਦੇ ਅਨਪੜ੍ਹ ਕਰਤਾ ਇਸ ਨੂੰ ਉਚਾਰ ਕੇ ਪ੍ਰਗਟ ਕਰਦੇ ਹਨ। ਸੰਗੀਤ ਸਾਹਿਤ ਦਾ ਇੱਕ ਰੂਪ ਹੈ। ਸਾਹਿਤ ਸੰਗੀਤ ਬਿਨਾਂ ਵੀ ਹੁੰਦਾ ਹੈ। ਗਲਪ, ਨਿਬੰਧ, ਜੀਵਨੀ ਆਦਿਕ ਵਾਰਤਕ ਰਚਨਾਵਾਂ ਸੰਗੀਤ ਬਿਨਾਂ ਹੁੰਦੀਆਂ ਹਨ। ਇਸ ਲਈ ਸ਼ਬਦ ਰੂਪੀ ਕਲਾ ਨੂੰ ਸਾਹਿਤ ਆਖਦੇ ਹਨ। ਸ਼ਬਦਾਂ ਰਾਹੀਂ ਇਹਦੀ ਰਚਨਾ ਵਿੱਚ ਲੈਅ ਪੈਦਾ ਕੀਤੀ ਜਾਂਦੀ ਹੈ, ਚਿੱਤਰ ਖਿੱਚੇ ਜਾਂਦੇ ਹਨ, ਪਾਤਰਾਂ ਤੇ ਹੋਰ ਠੋਸ ਵਸਤਾਂ ਦਾ ਨਿਰਮਾਣ ਹੁੰਦਾ ਹੈ। ਭਾਵ ਸਾਹਿਤ ਵਿੱਚ ਨਵੀਂ ਦ੍ਰਿਸ਼ਟੀ ਪੈਦਾ ਕੀਤੀ ਜਾਂਦੀ ਹੈ। ਜਿਸ ਵਿੱਚ ਅਨੇਕ ਰੰਗ ਰੂਪ ਤੇ ਆਕਾਰ ਅਤੇ ਗਤੀਆਂ ਅਨੁਭਵ ਕੀਤੀਆਂ ਜਾਂਦੀਆਂ ਹਨ। ਇਸ ਲਈ ਸਾਹਿਤ ਮਿਸ਼ਰਤ ਤੇ ਸੰਪੂਰਨ ਕਲਾ ਹੈ। ਇਸ ਦਾ ਪ੍ਰਭਾਵ ਹੋਰ ਕਲਾਵਾਂ ਵਾਂਗ ਭਾਵੇਂ ਇਤਨਾ ਤੀਬਰ ਨਹੀਂ ਹੁੰਦਾ ਪਰ ਵਧੇਰੇ ਡੂੰਘਾ ਹੋ ਸਕਦਾ ਹੈ ਸਾਹਿਤ ਸ਼ਾਸ਼ਤਰ, ਰੌਸ਼ਨ ਲਾਲ ਅਹੂਜਾ

### ਸਾਹਿਤ ਦੇ ਸ਼ਾਬਦਿਕ ਅਰਥ

ਸਾਹਿਤ ਸ਼ਬਦ ਦੀ ਵਰਤੋਂ ਬਹੁਤ ਹੀ ਪੁਰਾਣੀ ਹੈ। ਅੰਗਰੇਜ਼ੀ ਵਿੱਚ ਇਸ ਨੂੰ Literature, ਉਰਦੂ ਵਿੱਚ ਫ਼ਾਰਸੀ ਵਿੱਚ ਅਦਬ ਅਤੇ ਹਿੰਦੀ ਵਿੱਚ ਸਾਹਿਤਯ ਆਖਦੇ ਹਨ। ਸੱਤਵੀਂ ਸਦੀ ਤੋਂ ਪਹਿਲਾਂ ਸਾਹਿਤ ਸ਼ਬਦ ਦੀ ਵਰਤੋਂ ਸਿਰਫ ਸ਼ਾਸਤਰ ਦੇ ਅਰਥਾਂ ਵਿੱਚ ਹੋਇਆ ਕਰਦੀ ਸੀ ਪਰ ਆਦਿ ਕਾਲ ਨੂੰ ਲੰਘਦੇ ਹੋਏ ਅਰਥਾਤ ਦਸਵੀਂ ਸਦੀ ਤੋਂ ਬਾਅਦ ਮੱਧ ਯੁੱਗ ਵਿੱਚ ਸਾਹਿਤ ਸ਼ਬਦ ਅੰਗਰੇਜ਼ੀ ਦੇ Literature ਸ਼ਬਦ ਦਾ ਸਮਾਨਰਥੀ ਬਣ ਗਿਆ। Litrature ਸ਼ਬਦ Letter ਤੋਂ ਬਣਿਆ। ਅੰਗਰੇਜ਼ੀ ਦੇ Literature ਸ਼ਬਦ ਵਾਂਗ ਹੀ ਸਾਹਿਤ ਵੀ ਸ਼ੁਰੂ ਸ਼ੁਰੂ ਵਿੱਚ ਸੰਕੁਚਿਤ ਅਰਥਾਂ ਤੱਕ ਸੀਮਤ ਸੀ। ਕੋਈ ਸ਼ਬਦਾਂ ਨੂੰ ਪ੍ਰਮੁੱਖਤਾ ਦਿੰਦਾ ਸੀ ਤੇ ਕੋਈ ਅਰਥਾਂ ਨੂੰ, ਕੋਈ ਰਸ ਨਿਸ਼ਪਤੀ ਕਰਨ ਵਾਲੀ ਹਰ ਰਚਨਾ ਨੂੰ ਸਾਹਿਤ ਮੰਨੀ ਬੈਠਾ ਸੀ। ਸਾਹਿਤ ਇੱਕ ਕਲਾਵਾਨ ਦੀ ਉਹ ਸਵੈ ਪ੍ਰਗਟਾ ਹੈ ਜਿਹੜੀ ਸਾਡੇ ਸੁਹਜ ਭਾਵਾਂ ਤੇ ਸੁਆਦਾਂ ਨੂੰ ਹਲੂਣਦੀ ਹੋਈ ਮਨੁੱਖੀ ਆਦਰਸ਼ਾਂ ਦੀ ਗਵਾਹੀ ਕਰੇ। ਸਾਹਿਤ ਦੀ ਇਸ ਉਪਮਾ ਅਨੁਸਾਰ ਸਾਹਿਤ ਦੇ ਤਿੰਨ ਮਨੋਰਥ ਹੋਏ-

- ਸਵੈ ਪ੍ਰਗਟਾਓ
- ਸੁਹਜ ਸਵਾਦ ਨੂੰ ਅਪੀਲ
- ਮਨੁੱਖੀ ਆਦਰਸ਼ਾਂ ਦੀ ਅਗਵਾਈ।

ਕੋਈ ਵੀ ਸਾਹਿਤਕਰ ਬਿਨਾਂ ਇਨ੍ਹਾਂ ਤਿੰਨਾਂ ਅੰਗਾਂ ਨੂੰ ਆਪਣੀ ਰਚਨਾ ਵਿੱਚ ਚੰਗੀ ਤਰ੍ਹਾਂ ਘੁਲਣ ਮਿਲਣ ਦੇ ਅਮਰ ਕ੍ਰਿਤ ਨਹੀਂ ਰਚ ਸਕਦਾ। ਨਿਰੋਲ ਸਵੈ ਪ੍ਰਗਟਾਉ ਲਈ ਕੀਤੀ ਰਚਨਾ ਜਿਸਦੀ ਸੁਣੱਖੀ ਬਣਤਰ ਜਾਂ ਘਾੜਤ ਤੇ ਨਹੀਂ ਤੇ ਜੋ ਸਾਡੇ ਜਜ਼ਬਿਆਂ ਨੂੰ ਹਲੂਣਦੀ ਨਹੀਂ ਤੇ ਸਾਨੂੰ ਸਾਹਿਤਕਾਰ ਦੇ ਅੰਦਰ ਮਘ ਰਹੇ ਵਲਵਲਿਆਂ ਦੀ ਨਿੱਘ ਨਾਲ ਤਰੇਲ ਤਰੇਲ ਨਹੀਂ ਕਰ ਦਿੰਦੀ, ਸਾਹਿਤ ਨਹੀਂ ਆਖੀ ਦਾ ਸਕਦੀ।

## ਸਾਹਿਤ ਦੀ ਪਰਿਭਾਸ਼ਾ

ਬਹੁਤ ਸਾਰੇ ਵਿਦਵਾਨਾਂ ਨੇ ਆਪਣੇ ਆਪਣੇ ਅਨੁਸਾਰ ਸਾਹਿਤ ਨੂੰ ਪ੍ਰਭਾਸ਼ਿਤ ਕੀਤਾ ਹੈ, ਜਿਵੇਂ ਕਿ ਸਾਹਿਤ ਨੂੰ ਤਰਕਯੁਕਤ ਮੰਨਦੇ ਹੋਏ ਰਾਜਸ਼ੇਖਰ ਸਹਿਯੋਦ ਨੂੰ ਮੰਨਦੇ ਹੋਏ ਕਹਿੰਦੇ ਹਨ ਇਹ ਉਹ ਵਿੱਦਿਆ ਹੈ ਜਿਸ ਵਿੱਚ ਸ਼ਬਦ ਅਤੇ ਅਰਥ ਦਾ ਯਥਾਰਥ ਰੂਪ ਵਿੱਚ ਸਹਿਭਾਵ ਜਾਂ ਸਹਿ ਹੋਂਦ ਹੋਵੇ। ਪਰ ਇਹ ਪਰਿਭਾਸ਼ਾ ਵੀ ਸੰਸਕ੍ਰਿਤ ਜਿਹੀ ਹੀ ਜਾਪਦੀ ਹੈ। ਹਰ ਲਿਖਤ ਵਿੱਚ ਸ਼ਬਦ ਅਤੇ ਅਰਥ ਹੁੰਦੇ ਹਨ। ਇਸ ਦਾ ਮਤਲਬ ਇਹ ਨਹੀਂ ਕਿ ਉਹ ਲਿਖਤ ਸਾਹਿਤ ਹੀ ਹੋ ਗਈ। ਸਾਨੂੰ ਇਹ ਸਪੱਸ਼ਟ ਕਰਨਾ ਪਵੇਗਾ ਕਿ ਸ਼ਬਦਾਂ ਚ ਨਿਕਲੇ ਅਰਥਾਂ ਦਾ ਸਬੰਧ ਕਿਸ ਨਾਲ ਹੈ ਤੇ ਉਨ੍ਹਾਂ ਦੀ ਅਭਿਵਿਅਕਤੀ ਕਿਸ ਤਰ੍ਹਾਂ ਦੀ ਹੈ। ਸਾਹਿਤ ਦੀ ਜੀਵਨ ਤੋਂ ਬਾਹਰ ਰਹਿ ਕੇ ਕੋਈ ਹੋਂਦ ਨਹੀਂ, ਪਰ ਇਸ ਜੀਵਨ ਦੀ ਅਭਿਵਿਅਕਤੀ ਜੇਕਰ ਕਲਾਤਮਕ ਹੋਵੇਗੀ ਤਾਂ ਹੀ ਰਚਨਾ ਸਾਹਿਤਕ ਹੋਵੇਗੀ। ਇਸ ਤੋਂ ਇਲਾਵਾ ਸਾਡੇ ਉਪਰੋਕਤ ਕਥਨਾਂ ਦੀ ਪੁਸ਼ਟੀ ਮੈਥਿਊ ਅਰਨਾਲਡ ਦੇ ਕਥਨਾਂ ਤੋਂ ਵੀ ਹੋ ਜਾਂਦੀ ਹੈ ਸਾਹਿਤ ਨੂੰ ਜੀਵਨ ਦੀ ਆਲੋਚਨਾ ਆਖਦਾ ਹੈ। ਸਾਹਿਤ ਸਮੀਖਿਆ, ਡਾ. ਜਸਵੰਤ ਬੇਗੋਵਾਲ, ਡਾ. ਪ੍ਰੇਮ ਪ੍ਰਕਾਸ਼ (ਭਾਰਤੀ ਕਾਵਿ ਸ਼ਾਸ਼ਤਰ, ਪੰਨਾ 34) ਮੈਥਿਊ ਅਰਨਾਲਡ ਅਨੁਸਾਰ ਸਾਹਿਤ ਸੰਸਾਰ ਦੇ ਗਿਆਨ ਤੇ ਵਿਚਾਰ ਦਾ ਉੱਤਮ ਸਰੂਪ ਹੈ। ਅਰਨਾਲਡ ਬੈਲਟ ਦਾ ਕਹਿਣਾ ਹੈ ਕਿ ਸਾਹਿਤ ਸੱਚੇ ਵਿਚਾਰਾਂ ਤੇ ਉੱਚੇ ਭਾਵਾਂ ਦਾ ਵਿਸ਼ਾਲ ਸਰੋਵਰ ਹੈ। ਗੋਰਕੀ ਲਈ ਸਾਹਿਤ ਦੁਨੀਆਂ ਦਾ ਦਿਲ ਹੈ। ਮਾਰਲੇ ਦਾ ਕਥਨ ਹੈ ਕਿ ਸਾਹਿਤ ਅਜਿਹੀਆਂ ਪੁਸਤਕਾਂ ਦਾ ਕੋਸ਼ ਹੈ ਜਿਨ੍ਹਾਂ ਵਿੱਚ ਸਦਾਚਾਰਕ ਸੱਤ ਤੇ ਮਨੁੱਖੀ ਉਦਗਾਰ, ਵਿਸ਼ਾਲਤਾ, ਸੁੰਦਰਤਾ ਤੇ ਸੂਝ ਨਾਲ ਪ੍ਰਗਟ ਕੀਤੇ ਜਾਂਦੇ ਹਨ। ਐਮਰਸਨ ਲਈ ਸਾਹਿਤ ਉੱਤਮ ਵਿਚਾਰਾਂ ਦੀ ਲਿਖਤ ਹੈ।

## ਸਾਹਿਤ ਦਾ ਪ੍ਰਕਾਰਜ

ਜਦੋਂ ਸਾਹਿਤਕਾਰ ਸਾਹਿਤ ਰਚ ਰਿਹਾ ਹੁੰਦਾ ਹੈ ਜਾਂ ਪਾਠਕ ਸਾਹਿਤ ਪੜ੍ਹ ਰਿਹਾ ਹੁੰਦਾ ਹੈ ਤਾਂ ਉਹ ਅਜਿਹੀ ਚੇਤਨਾ ਦਾ ਅਨੁਭਵ ਕਰ ਰਿਹਾ ਹੁੰਦਾ ਹੈ ਕਿ ਜਿਹੜੀ ਸਾਧਾਰਨ ਸਥਿਤੀ ਸਮੇਂ ਦੀ ਚੇਤਨਾ ਨਾਲੋਂ ਵੱਖਰੀ ਹੁੰਦੀ ਹੈ। ਇਹ ਤੱਥ ਇਸ ਗੱਲ ਦਾ ਪ੍ਰਮਾਣ ਹੈ ਕਿ ਸਾਹਿਤ ਨੇ ਸਾਹਿਤਕਾਰ ਜਾਂ ਪਾਠਕ ਦੀ ਚੇਤਨਾ ਨੂੰ ਪ੍ਰਭਾਵਿਤ ਕੀਤਾ ਹੈ। ਇਹ ਪ੍ਰਭਾਵ ਸਾਹਿਤ ਵਿੱਚ ਪੇਸ਼ ਅਨੁਭਵ ਦੀ ਨਵੀਨਤਾ, ਤੀਬਰਤਾ ਜਾਂ ਵਿਚਿੱਤਰਤਾ ਵਿੱਚੋਂ ਕਿਸੇ ਕਾਰਨ ਕਰਕੇ ਵੀ ਪੈਦਾ ਹੋ ਸਕਦਾ ਹੈ। ਪਰ ਸਾਹਿਤ ਦਾ ਇਹ ਸਮਾਨਯ ਲੱਛਣ ਹੈ ਕਿ ਸਾਹਿਤਕਾਰ ਜਾਂ ਪਾਠਕ ਨੂੰ ਸਧਾਰਨ ਨਾਲੋਂ ਵੱਖਰੀ ਚੇਤਨਾ ਦਾ ਅਹਿਸਾਸ ਕਰਵਾ ਦੇਣਾ ਹੀ ਸਾਹਿਤ ਦਾ ਪ੍ਰਕਾਰਜ ਹੈ। ਸੋ ਸਾਹਿਤ ਦਾ ਪ੍ਰਕਾਰਜ ਕਿਸੇ ਸਥਿਤੀ ਪ੍ਰਤੀ ਮਨੁੱਖ ਦੇ ਮਨ ਵਿੱਚ ਕਿਸੇ ਭਾਵ ਦਾ ਉਦੈ ਕਰਕੇ ਉਸ ਦੀ ਤ੍ਰਿਪਤੀ ਕਰਨਾ ਹੈ ਅਤੇ ਇਹ ਸਥੂਲ ਬਿੰਬ ਦੀ ਸਿਰਜਣਾ ਨਾਲ ਹੀ ਸੰਭਵ ਹੈ। ਮਨੁੱਖੀ ਭਾਵਾਂ ਦੀ ਉਤੇਜਨਾ ਅਤੇ ਤ੍ਰਿਪਤੀ ਦੋ ਪ੍ਰਕਾਰ ਦੀਆਂ ਸਥਿਤੀਆਂ ਨਾਲ ਹੁੰਦੀ ਹੈ। ਇੱਕ

ਭਾਂਤ ਦੀਆਂ ਸਥਿਤੀਆਂ ਉਹ ਹੁੰਦੀਆਂ ਹਨ ਜਿਹੜੀਆਂ ਆਪਣੇ ਆਪ ਵਿੱਚ ਉਤੇਜਨਾ ਅਤੇ ਤ੍ਰਿਪਤੀ ਦੇ ਯੋਗ ਨਹੀਂ ਹੁੰਦੀਆਂ, ਸਗੋਂ ਉਹ ਕਿਸੇ ਹੋਰ ਉਦੇਸ਼ ਦੀ ਪੂਰਤੀ ਰਾਹੀਂ ਅਜਿਹਾ ਕਰਦੀਆਂ ਹਨ। ਮਿਸਾਲ ਵਜੋਂ ਸਵੇਰ ਤੋਂ ਸ਼ਾਮ ਤੀਕ ਦਫ਼ਤਰ ਦਾ ਕੰਮ ਕਰਨ ਵਾਲੇ ਬਾਬੂ ਲਈ ਦਫ਼ਤਰ ਦਾ ਕੰਮ ਕੋਈ ਤ੍ਰਿਪਤੀ ਪ੍ਰਦਾਨ ਨਹੀਂ ਕਰਦਾ, ਸਗੋਂ ਕੰਮ ਦੇ ਇਵਜ਼ਾਨੇ ਦੀ ਆਮ ਵਿੱਚ ਉਸ ਦੀ ਤ੍ਰਿਪਤੀ ਹੁੰਦੀ ਹੈ। ਦੂਸਰੀ ਪ੍ਰਕਾਰ ਦੀਆਂ ਸਥਿਤੀਆਂ ਆਪਣੇ ਆਪ ਵਿੱਚ ਹੀ ਤੁਸ਼ਟੀਕਾਰਕ ਹੁੰਦੀਆਂ ਹਨ। ਮਿਸਾਲ ਵਜੋਂ ਤਾਸ਼ ਖੇਡਣ ਦਾ ਕਰਮ ਆਪਣੇ ਆਪ ਵਿੱਚ ਹੀ ਖਿਡਾਰੀ ਦੀ ਤੁਸ਼ਟੀ ਕਰਦਾ ਰਹਿੰਦਾ ਹੈ। ਸਾਹਿਤ ਦੀ ਸਮੱਗਰੀ ਅਜਿਹੀਆਂ ਸਵੈ ਤੌਸ਼ਕ ਸਥਿਤੀਆਂ ਹੁੰਦੀਆਂ ਹਨ। ਸਾਹਿਤ ਦਾ ਇਹ ਵਿਸ਼ੇਸ਼ ਲੱਛਣ ਹੈ ਕਿ ਅਤੇ ਇਸ ਲੱਛਣ ਰਾਹੀਂ ਸਾਹਿਤ ਆਪਣਾ ਪ੍ਰਕਾਰਜ ਕਰਦਾ ਹੈ। ਸਾਹਿਤ ਦੇ ਪ੍ਰਕਾਰਜ ਸਬੰਧੀ ਉੱਪਰਲੀ ਚਰਚਾ ਵਿੱਚੋਂ ਦੋ ਗੱਲਾਂ ਸਪੱਸ਼ਟ ਹੁੰਦੀਆਂ ਹਨ। ਇੱਕ ਤਾਂ ਸਾਹਿਤ ਭਾਵਾਂ ਦਾ ਉਦੈ ਕਰਕੇ ਉਨ੍ਹਾਂ ਦੀ ਤ੍ਰਿਪਤੀ ਕਰਦਾ ਹੈ। ਜਿਸਦੇ ਫਲਸਰੂਪ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਦੂਸਰੇ, ਸਾਹਿਤ ਇਸ ਆਨੰਦ-ਦਾਇਕ ਪ੍ਰਕਿਰਿਆ ਰਾਹੀਂ ਭਾਵਾਂ ਨੂੰ ਮਨੁੱਖੀ ਮਨ ਦੇ ਸਥਾਈ ਅੰਗ ਬਣਾਉਂਦਾ ਹੈ। ਪਹਿਲਾਂ ਕਰਨਮ ਸਾਹਿਤ ਦਾ ਦਿਸਦਾ ਪ੍ਰਕਾਰਜ ਹੈ ਅਤੇ ਦੂਸਰਾ ਸਾਹਿਤ ਦੇ ਇਹ ਦੋਵੇਂ ਕਰਮ ਅੰਤਰ ਸਬੰਧਤ ਤੇ ਪਰਸਪਰ ਪੂਰਕ ਹਨ। ਸਾਹਿਤ ਭਾਵਾਂ ਨੂੰ ਸਥਾਈ ਬਣਾਏ ਬਿਨਾਂ ਰਹਿ ਹੀ ਨਹੀਂ ਸਕਦਾ ਅਤੇ ਇਹ ਪ੍ਰਕਾਰਜ ਸਾਹਿਤ ਅਤੇ ਆਨੰਦ-ਦਾਇਕ ਪ੍ਰਕਿਰਿਆ ਰਾਹੀਂ ਹੀ ਕਰ ਸਕਦਾ ਹੈ। ਸਾਹਿਤ ਦੇ ਇਹ ਦੋਵੇਂ ਪ੍ਰਕਾਰ ਕਲਪਨਾ ਦੀ ਪੱਧਰ ਤੇ ਕੰਮ ਕਰਦੇ ਹਨ ਪਰ ਸਾਹਿਤ ਵਿੱਚ ਪੇਸ਼ ਸਥਿਤੀਆਂ ਵਿੱਚੋਂ ਕਲਪਨਾ ਦੀ ਪੱਧਰ ਤੇ ਆਨੰਦ ਮਾਨਣ ਵਾਲੇ ਮਨੁੱਖ ਵਿੱਚ ਇਹ ਲੋਚਾ ਪੈਦਾ ਹੁੰਦੀ ਹੈ ਕਿ ਉਨ੍ਹਾਂ ਸਥਿਤੀਆਂ ਨੂੰ ਵਾਸਤਵ ਦੀ ਪੱਧਰ ਤੇ ਵੀ ਹੰਢਾਵੇ। ਸੋ ਇਹ ਅਜਿਹੀਆਂ ਪ੍ਰਸਥਿਤੀਆਂ ਨੂੰ ਵਾਸਤਵ ਵਿੱਚ ਵੀ ਸਿਰਜਣ ਦਾ ਯਤਨ ਕਰਦਾ ਹੈ ਜਾਂ ਜੋ ਉਹ ਪਹਿਲੋਂ ਹੀ ਮੌਜੂਦ ਹੋਣ ਤਾਂ ਉਨ੍ਹਾਂ ਨੂੰ ਕਾਇਮ ਰੱਖਣ ਦਾ ਉਪਰਾਲਾ ਕਰਦਾ ਹੈ। ਇਉਂ ਵਾਸਤਵ ਦੇ ਕਿਸੇ ਅੰਗ ਨੂੰ ਸਥਿਰ ਰੱਖਣ ਜਾਂ ਤਬਦੀਲ ਕਰਨ ਦਾ ਪ੍ਰੇਰਕ ਵੀ ਬਣਦਾ ਹੈ, ਅਰਥਾਤ ਸਾਹਿਤ ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਰਾਹੀਂ ਮਨੁੱਖੀ ਆਲੇ ਦੁਆਲੇ ਉੱਤੇ ਵੀ ਅਸਰ ਅੰਦਾਜ਼ ਹੁੰਦਾ ਹੈ। ਸਾਹਿਤ ਦੇ ਪ੍ਰਕਾਰਜ ਦੇ ਪ੍ਰਸੰਗ ਵਿੱਚ ਇਸ ਸਚਾਈ ਨੂੰ ਵੇਖਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਸਾਹਿਤ ਆਪਣੀ ਸਵੈ ਤੋਸ਼ਕ ਪ੍ਰਕਿਰਤੀ ਦੁਆਰਾ ਮਨੁੱਖ ਦੇ ਅਜਿਹੇ ਭਾਵਾਂ ਨੂੰ ਵੀ ਸਥਾਈ ਬਣਾ ਸਕਦਾ ਹੈ ਜਿਹੜੇ ਮਨੁੱਖ ਨੂੰ ਆਪਣਾ ਆਲਾ ਦੁਆਲਾ ਤਬਦੀਲ ਕੀਤੇ ਬਿਨਾਂ ਹੀ ਉਸ ਨਾਲ ਰਸਾਈ ਕਰਨ ਲਈ ਉਤੇਜਿਤ ਕਰਦੇ ਹੋਣ। ਜੇ ਸਾਹਿਤ ਇਸ ਤਰ੍ਹਾਂ ਦੇ ਭਾਵਾਂ ਨੂੰ ਜਨਮ ਦਿੰਦਾ ਹੈ ਤਾਂ ਉਹ ਮਨੁੱਖ ਤਾਂ ਵੀ ਉਸਾਰੀ ਦੇ ਦ੍ਰਿਸ਼ਟੀਕੋਣ ਤੋਂ ਬਿਨਾਂ ਦ੍ਰਿਸ਼ਟੀਕੋਣ ਤੋਂ ਪਿਛਾਂਹ ਖਿੱਚੂ ਕੰਮ ਕਰ ਰਿਹਾ ਹੈ। ਸੋ ਸਾਹਿਤ ਦੇ ਪ੍ਰਕਾਰਜ ਸੰਸਕਾਰਾਂ ਦੇ ਨਿਰਮਾਣ ਨੂੰ ਚੇਤੰਨ ਭਾਂਤ ਵਰਤਣ ਦੀ ਲੋੜ ਹੈ, ਤਾਂ ਜੋ ਉਹ ਆਲੇ ਦੁਆਲੇ ਨੂੰ ਮਨੁੱਖੀ ਲੋੜਾਂ ਦੇ ਅਨੁਕੂਲ ਢਾਲਣ ਦੇ ਪ੍ਰੇਰਕ ਬਣ ਸਕਣ।

## ਸਾਹਿਤ ਦਾ ਕਰਤੱਵ

ਕਰਤਵ ਇੱਕ ਨੈਤਿਕ ਸੰਕਲਪ ਹੈ। ਇਹ ਸਾਹਿਤਕਾਰ ਦੀ ਮਨੋਰਥਸ਼ੀਲ ਕਿਰਿਆ ਨਾਲ ਜੁੜਿਆ ਹੋਇਆ ਹੈ। ਸਾਹਿਤ ਦੇ ਕਰਤੱਬ ਸਬੰਧੀ ਵਿਚਾਰ ਕਰਨ ਵਾਲੇ ਵਿਦਵਾਨਾਂ ਦੀ ਇਹ ਦ੍ਰਿੜ੍ਹ ਧਾਰਨਾ ਰਹੀ ਹੈ ਕਿ ਸਾਹਿਤ ਨਿਸਚੇ ਹੀ ਸਾਹਿਤ ਤੋਂ ਬਾਹਰਲੀ ਮਨੋਰਥਾਂ ਦੀ ਪੂਰਤੀ ਕਰਦਾ ਹੈ। ਇਸ ਲਈ ਸਾਹਿਤ ਰਾਹੀਂ ਪੂਰੇ ਹੋਣ ਵਾਲੇ ਇਨ੍ਹਾਂ ਬਾਹਰੀ ਮਨੋਰਥਾਂ ਦਾ ਵਿਸ਼ਲੇਸ਼ਣ ਕਰਨਾ ਸਾਹਿਤ ਦੇ ਵਿਚਾਰਕਾਂ ਦਾ ਕਰਤੱਵ ਹੈ। ਜਦੋਂ ਅਸੀਂ ਕਰਤੱਵ ਦੀ ਗੱਲ ਕਰਦੇ ਹਾਂ ਤਾਂ

ਸਾਨੂੰ ਉਸ ਅਰਥ ਦੀ ਚੋਣ ਕਰਨੀ ਪਵੇਗੀ ਜਿਹੜਾ ਮਨੁੱਖ ਨੂੰ ਪਸ਼ੂ ਬਣਾਉਣ ਵਾਲੇ ਆਲੇ ਦੁਆਲੇ ਤੋਂ ਆਜ਼ਾਦ ਕਰਾਉਣ ਵਾਲਾ ਹੋਵੇ। ਰੂਸ ਦੇ ਮਾਰਕਸਵਾਦੀ ਆਲੋਚਕ ਜੀ.ਵੀ. ਪਲੈਖਾਨੋਫ ਨੂੰ ਨੇ ਕਲਾ ਕਰਤੱਵ ਸਬੰਧੀ ਆਪਣੀ ਨਵੀਂ ਪਰਿਭਾਸ਼ਾ ਦਿੱਤੀ ਹੈ। ਉਹ ਲਿਖਦਾ ਹੈ ਕਿ ਕਲਾ ਉਸ ਖਿਣ ਹੋਂਦ ਵਿੱਚ ਆਉਂਦੀ ਹੈ ਜਦੋਂ ਮਨੁੱਖ ਆਪਣੇ ਅੰਦਰ ਨਵੇਂ ਸਿਰੋ ਉਹ ਵਿਚਾਰ ਤੇ ਅਨੁਭਵ ਸੁਰਜੀਤ ਕਰਦਾ ਹੈ ਜਿਨ੍ਹਾਂ ਨੂੰ ਉਸਨੇ ਆਪਣੇ ਵਾਤਾਵਰਨ ਦੇ ਅਸਰ ਹੇਠ ਪ੍ਰਗਟਾਇਆ ਹੁੰਦਾ ਹੈ ਅਤੇ ਜਿਨ੍ਹਾਂ ਨੂੰ ਉਹ ਬਿੰਬਾਵਲੀ ਰਾਹੀਂ ਕੋਈ ਖਾਸ ਪ੍ਰਗਟਾਓ ਬਖਸ਼ਦਾ ਹੈ। ਲਿਖਤ ਵਿੱਚ ਸ਼ਬਦਾਂ ਦੁਆਰਾ ਮਨੁੱਖੀ ਵਿਚਾਰ ਤੇ ਅਨੁਭਵ ਜਾਂ ਮਨੁੱਖ ਨਾਲ ਸਬੰਧਿਤ ਵਿਚਾਰ ਤੇ ਅਨੁਭਵਾਂ ਦਾ ਪ੍ਰਗਟਾ ਕਰਨਾ ਸਾਹਿਤ ਦਾ ਮਨੋਰਥ ਹੈ। ਇਹ ਵਿਚਾਰ ਅਨੁਭਵ ਇਹੋ ਜਿਹੇ ਹੋਣ ਤੇ ਸਾਹਿਤ ਦਾ ਕੀ ਕਰਤੱਵ ਹੋਵੇ, ਇਸ ਸਵਾਲ ਦਾ ਨਿਰਣਾ ਕਰਨਾ ਜ਼ਰੂਰੀ ਹੈ।

## ਸਾਹਿਤ ਰਚਨਾ ਦੇ ਕੰਮ ਅਤੇ ਸਾਹਿਤ ਦਾ ਕਰਤੱਵ

ਸਾਹਿਤ ਇੱਕ ਸਮਾਜਿਕ ਕਿਰਤ ਹੋਣ ਕਰਕੇ ਸਮਾਜ ਤੇ ਸਮਕਾਲੀਨ ਵਿਕਾਸ ਪੜਾਅ ਨਾਲ ਜੁੜਿਆ ਹੋਇਆ ਹੈ। ਇਸੇ ਕਿਸੇ ਖ਼ਾਸ ਸਮੇਂ, ਕਿਸੇ ਸਮਾਜ ਵਿੱਚ ਲੋਕਾਂ ਨੂੰ ਜਿਹੜੀ ਕਿਰਤ ਸੁਹਜ ਸੁਆਦ ਦੇ ਸਕਦੀ ਹੈ, ਇਸਦੇ ਸੁਹਜ ਸੁਆਦ ਦੀ ਸੂਰਤ ਕੀ ਹੈ, ਉਸ ਸਮਾਜ ਦੀਆਂ ਵੱਖ ਵੱਖ ਸ਼੍ਰੇਣੀਆਂ ਨੂੰ ਕਿਹੜੇ ਵਿਚਾਰ ਤੇ ਕਿਹੜੇ ਅਨੁਭਵ ਕਿਸ ਕਿਸ ਤਰੀਕੇ ਨਾਲ ਕਬੂਲਣਯੋਗ ਹੋ ਸਕਦੇ ਹਨ। ਇਸ ਤਰ੍ਹਾਂ ਸਾਹਿਤ ਦੇ ਕਿਹੜੇ ਵਿਸ਼ੇ ਤੇ ਰੂਪ ਉਨ੍ਹਾਂ ਤੇ ਉਨ੍ਹਾਂ ਦੀਆਂ ਅੱਡੋ ਅੱਡ ਸ਼੍ਰੇਣੀਆਂ ਨੂੰ ਪਸੰਦ ਹੋ ਸਕਦੇ ਹਨ। ਇਸ ਸਾਰੀ ਗੱਲ ਦਾ ਨਿਰਣਾ ਉਸ ਸਮੇਂ ਦੀ ਸ਼੍ਰੇਣੀ ਵੰਡ ਤੇ ਸਮਾਜ ਵਿਕਾਸ ਦੀ ਹਾਲਤ ਤੇ ਨਿਰਭਰ ਹੈ। "ਆਲੋਚਨਾ ਦਾ ਕਰਤੱਵ ਹੈ ਕਿ ਉਹ ਵਿਗਿਆਨਕ ਤਰੀਕੇ ਨਾਲ ਉਸ ਖ਼ਾਸ ਸਮੇਂ ਦੀਆਂ ਰੁਚੀਆਂ ਤੇ ਸਥਿਤੀਆਂ ਨੂੰ ਵਿਚਾਰੇ ਤੇ ਉਸ ਕਾਲ ਦੀ ਸਾਹਿਤਕ ਕਿਰਤ ਦਾ ਰਿਸ਼ਤਾ ਸਮਾਜ ਦੀਆਂ ਗੱਲਾਂ ਨਾਲ ਜੋੜੇ।"

## ਸਾਹਿਤ ਤੇ ਅਸਲੀਅਤ

ਸਾਹਿਤਕਾਰ ਆਪਣੇ ਆਲੇ ਦੁਆਲੇ ਅਸਲੀਅਤ ਦਾ ਪਸਾਰਾ ਦੇਖਦਾ ਹੈ। ਉਸ ਤੋਂ ਪ੍ਰੇਰਨਾ ਲੈ ਕੇ ਕਿਸੇ ਅੰਦਰਲੀ ਲੋੜ ਨੂੰ ਪੂਰਾ ਕਰਨ ਲਈ ਰਚਨਾ ਕਰਦਾ ਹੈ। ਇਸ ਰਚਨਾ ਦਾ ਮਨੋਰਥ ਰਸਮੀ ਤਰੀਕੇ ਨਾਲ ਇਸ ਅੰਦਰਲੀ ਲੋੜ ਦੀ ਪੂਰਤੀ ਲਈ ਆਲੇ ਦੁਆਲੇ ਪਸਰੀ ਅਸਲੀਅਤ ਬਾਰੇ ਆਪਣੇ ਭਾਵ ਤੇ ਵਿਚਾਰ ਪਾਠਕ ਪਾਠਕਾਂ ਤੱਕ ਪਹੁੰਚਾਉਣਾ ਹੈ। ਇਹ ਭਾਵ ਤੇ ਵਿਚਾਰ ਕਿਹੋ ਜਿਹੇ ਹਨ? ਅਸਲੀਅਤ ਨੂੰ ਕਿਸ ਤਰ੍ਹਾਂ ਪ੍ਰਗਟਾਉਂਦੇ ਹਨ। ਇਹ ਅਸਲੀਅਤ ਮਜ਼ਦੂਰ ਵਰਗ ਨਾਲ, ਕਿਸਾਨਾਂ ਨਾਲ ਜਾਂ ਜ਼ਿਮੀਂਦਾਰਾਂ, ਚਿੱਟ ਕੱਪੜਿਆਂ ਕਲਾਕਾਰਾਂ ਨਾਲ, ਮੱਧ ਸ਼੍ਰੇਣੀ ਨਾਲ, ਉਪਰਲੀ ਹੈਸੀਅਤ ਨਾਲ ਜਾਂ ਜਿਹੜਾ ਲੋਕਾਂ ਦੀ ਕਮਾਈ ਤੇ ਵਿਹਲੇ ਰਹਿ ਕੇ ਗੁਜ਼ਾਰਾ ਕਰਦਾ ਹੈ ਇਤਿਆਦਿ। ਅਨੇਕਾਂ ਪੱਖਾਂ ਤੋਂ ਅਸੀਂ ਉਸ ਦੇ ਅਸਲੀਅਤ ਨਾਲ ਸਾਕ ਦੀ ਪੜਚੋਲ ਕਰ ਸਕਦੇ ਹਾਂ। ਇਸੇ ਤਰ੍ਹਾਂ ਹਰ ਮਨੁੱਖ ਦੇ ਭਾਵ ਵਿਚਾਰ ਅਸਲੀਅਤ ਸਬੰਧੀ ਵੱਖੋ ਵੱਖਰੇ ਹੋਣਗੇ। ਇੱਕੋ ਸ਼੍ਰੇਣੀ ਨਾਲ ਸਬੰਧਤ ਭਾਵਾਂ ਤੇ ਵਿਚਾਰਾਂ ਵਿੱਚ ਸਮਾਨਤਾ ਹੋਵੇਗੀ. ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਭਾਵ ਤੇ ਵਿਚਾਰ ਦੂਸਰੇ ਮਨੁੱਖਾਂ ਨਾਲ ਮੇਲ ਵੀ ਖਾ ਸਕਦੇ ਹਨ, ਵੱਖੋ ਵੱਖਰੇ ਵੀ ਹੋ

ਸਕਦੇ ਹਨ। ਇਸ ਤਰ੍ਹਾਂ ਜੀਵਨ ਦੀ ਅਸਲੀਅਤ ਬਾਰੇ ਉਸ ਦਾ ਦ੍ਰਿਸ਼ਟੀਕੋਣ ਸਮਝ ਤੇ ਮਨੋਭਾਵ ਨਿੱਜੀ ਹੋਣਗੇ ਜੋ ਕਈਆਂ ਨਾਲ ਕਿਸੇ ਹੱਦ ਤੱਕ ਮਿਲਦੇ ਤੇ ਕਈਆਂ ਨਾਲ ਨਾਲ ਨਾ ਮਿਲਦੇ ਹੋਣਗੇ।

## ਯਥਾਰਥ ਦਾ ਨਿਰਣਾ

ਇਸ ਮਹੱਤਮ ਸੁਮਾਵਰਤਕ ਅਸਲੀਅਤ ਨੂੰ ਲੱਭਣ ਤੇ ਪੇਸ਼ ਕਰਨਾ, ਹਰ ਲਿਖਾਰੀ ਆਮ ਤੌਰ ਤੇ ਆਪਣੇ ਸਮਾਜੀ ਨਿਜ਼ਾਮ ਦੇ ਅਸਰ ਹੇਠ ਜਾਂ ਆਪਣੇ ਸ਼੍ਰੇਣੀ ਭਾਵਾਂ ਦੀ ਐਨਕ ਨਾਲ ਅਸਲੀਅਤ ਨੂੰ ਦੇਖਦਾ ਹੈ ਜਾਂ ਉਸ ਦੀਆਂ ਆਰਥਿਕ ਲੋੜਾਂ ਉਸ ਦੀਆਂ ਨਿਗਾਹਾਂ ਨੂੰ ਰੰਗਦਾਰ ਐਨਕ ਲਗਾ ਦਿੰਦੀਆਂ ਹਨ। ਇਸ ਕਰਕੇ ਜ਼ਰੂਰੀ ਨਹੀਂ ਕਿ ਕੋਈ ਲਿਖਾਰੀ ਕੇਵਲ ਲਿਖਾਰੀ ਹੋਣ ਕਰਕੇ ਜਾਂ ਯਥਾਰਥਵਾਦੀ ਹੋਣ ਕਰਕੇ ਅਸਲੀਅਤ ਪੇਸ਼ ਕਰਨੀ ਯੋਗ ਹੋ ਜਾਵੇ। ਕਈ ਵਾਰ ਅਜਿਹੇ ਯਥਾਰਥਵਾਦੀ ਲਿਖਾਰੀ ਅਸਲੀਅਤ ਦਾ ਉਹ ਟੁਕੜਾ ਪੇਸ਼ ਕਰਦੇ ਹਨ ਜਿਹੜਾ ਸਮੁੱਚੀ ਅਸਲੀਅਤ ਦੀ ਅਸਲੀਅਤ ਬਾਰੇ ਭੁਲੇਖੇ ਪਾਊ ਹੁੰਦਾ ਹੈ। ਅੰਨਿਆਂ ਦੇ ਹਾਥੀ ਨੂੰ ਛੋਹ ਕੇ ਵੇਖਣ ਵਾਲੀ ਪ੍ਰਸਿੱਧ ਕਹਾਣੀ ਵਾਂਗ ਹੋ ਸਕਦਾ ਹੈ ਕਿ ਹਰ ਲਿਖਾਰੀ ਹਾਥੀ ਦੀ ਸਮੁੱਚੀ ਸ਼ਕਲ ਦੀ ਸਚਾਈ ਦੱਸਣ ਦੀ ਥਾਂ ਉਸ ਦੀ ਸੁੰਢ, ਲੱਤ ਜਾਂ ਨੱਕ ਨੂੰ ਹੀ ਹਾਥੀ ਸਮਝਦਾ ਹੈ। ਸਭ ਤੋਂ ਦੁਖਾਂਤਕ ਭੁਲੇਖਾ ਵੀ ਇਹੋ ਹੀ ਹੈ ਕਿ ਸਾਹਿਤਕਾਰ ਹਿੱਸੇ ਨੂੰ ਸਾਬਿਤ ਸਮਝੇ ਜਾਂ ਹਿੱਸੇ ਸਾਬਤ ਦੀ ਸਮੁੱਚਤਾ ਦੇ ਭਾਗ ਦੇ ਤੌਰ ਤੇ ਨਾ ਸਮਝੇ ਹਿੱਸੇ ਦਾ ਦੂਜਿਆਂ ਹਿੱਸਿਆਂ ਨਾਲ ਸਹੀ ਸਹੀ ਰਿਸ਼ਤਾ ਨਾ ਜਾਣਦਾ ਹੋਵੇ ਤੇ ਭੁਲੇਖੇ ਵਿੱਚ ਹੋਵੇ ਤੇ ਲਿਖਤ ਵਿੱਚ ਭੁਲੇਖਾ ਪਾਵੇਂ।

## ਜੀਵਨ ਦੀ ਸਮੁੱਚੀ ਅਸਲੀਅਤ

ਹਰ ਮਨੁੱਖ ਦਾ ਆਪਣਾ ਦ੍ਰਿਸ਼ਟੀਕੋਣ ਜ਼ਰੂਰ ਹੈ ਅਤੇ ਹਰ ਬੰਦੇ ਦੀ ਸੂਝ ਦਾ ਦੂਜੇ ਦੀ ਸੂਝ ਨਾਲੋਂ ਭੇਦ ਹੈ। ਇਹੋ ਕਾਰਨ ਹੈ ਕਿ ਅਸਲੀਅਤ ਤੱਕ ਪਹੁੰਚਣ ਲਈ ਕਲਾ ਦੀ ਥਾਂ ਵਿਗਿਆਨਕ ਤਰੀਕੇ ਦੀ ਲੋੜ ਪੈਂਦੀ ਹੈ। ਵਿਗਿਆਨਕ ਪਦਾਰਥ ਵੀ ਹੈ ਤੇ ਸਮਾਜਿਕ ਵੀ ਤੇ ਵਿਗਿਆਨ ਦੀਆਂ ਅਨੇਕਾਂ ਸ਼ਾਖਾ ਹਨ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਸਮਾਜ ਆਦਿ ਸਾਮਵਾਦ ਦੇ ਪੜਾਅ ਨੂੰ ਲੰਘਦੇ ਸਾਰ ਸ਼੍ਰੇਣੀਆਂ ਵਿੱਚ ਵੰਡੀ ਗਈ ਤੇ ਇਨ੍ਹਾਂ ਸ਼੍ਰੇਣੀਆਂ ਦੇ ਆਪਸੀ ਘੋਲ ਰਾਹੀਂ ਸਮਾਜਿਕ ਤਬਦੀਲੀਆਂ ਹੋਂਦ ਵਿੱਚ ਆਈਆਂ। ਤਿੰਨ ਮੋਟੀਆਂ ਤੇ ਸਪੱਸ਼ਟ ਸਟੇਜਾਂ ਇਸ ਵਿਕਾਸ ਦੇ ਲੰਬੇ ਪੰਧ ਵਿੱਚ ਵਾਪਰੀਆਂ-

- ਗੁਲਾਮੀ ਦੀ ਸਟੇਜ
- ਸਾਮੰਤੀ ਸਟੇਜ
- ਪੂੰਜੀਸ਼ਾਹੀ ਦੀ ਸਟੇਜ

ਆਰੰਭ ਵਿੱਚ ਮਾਲਕ ਤੇ ਗੁਲਾਮ ਦੀ ਪ੍ਰਥਾ ਚੱਲੀ। ਗੁਲਾਮ ਸ਼੍ਰੇਣੀ ਨੇ ਮਾਲਕਾਂ ਨੂੰ ਹਲੂਣਿਆ ਅਤੇ ਨਵੀਂ ਜ਼ਿਮੀਦਾਰੀ ਸਟੇਜ ਹੋਂਦ ਵਿੱਚ ਆਈ। ਇਹ ਸਟੇਜ ਸਾਮੰਤਸ਼ਾਹੀ ਯੁੱਗ ਅਖਵਾਉਂਦੀ ਹੈ। ਇਸ ਪਿੱਛੋਂ ਪੂੰਜੀਪਤੀ ਸ਼੍ਰੇਣੀ ਦੇ ਆਉਣ ਨਾਲ ਸਾਮੰਤਸ਼ਾਹੀ ਯੁੱਗ ਅਰਥਾਤ ਰਾਜਿਆਂ ਮਹਾਰਾਜਿਆਂ, ਵਿਸ਼ਵੇਦਾਰਾਂ, ਜਾਗੀਰਦਾਰਾਂ ਦਾ ਯੁੱਗ ਖਤਮ ਹੋ ਗਿਆ। ਪੂੰਜੀਪਤੀ ਸ਼੍ਰੇਣੀ ਸਾਮੰਤੀ ਸ਼੍ਰੇਣੀ ਨੂੰ ਚਿੱਤ ਕਰਕੇ ਆਪਣੀ ਸਿਕੰਦਰੀ ਕਾਇਮ ਕਰਦੀ ਹੈ। ਸਮਾਜ ਦੀ ਬਣਤਰ ਦੀ ਨੀਂਹ

ਵਿੱਚ ਲੋਕਾਂ ਦੇ ਆਰਥਿਕ ਰਿਸ਼ਤੇ ਤੇ ਪੈਦਾਵਾਰੀ ਰਿਸ਼ਤੇ ਤੇ ਪੈਦਾਵਾਰੀ ਸ਼ਕਤੀਆਂ ਦਾ ਸੱਚ ਹੁੰਦਾ ਹੈ। ਇਸ ਉੱਤੇ ਸਮਾਜੀ, ਰਿਸ਼ਤਿਆਂ, ਇਸਤਰੀ ਤੇ ਮਰਦ, ਜਾਤਾਂ ਦੇ ਸਬੰਧ, ਧਰਮ, ਮਜ਼ਹਬ, ਸਦਾਚਾਰ ਆਦਿ ਦੀਆਂ ਮੰਜ਼ਿਲਾਂ ਉਸਰਦੀਆਂ ਹਨ। ਇਸਤਰੀ ਮਰਦਾਂ ਦਾ ਸਬੰਧ ਨੀਂਹ ਦੇ ਅਰਥਚਾਰੇ ਤੇ ਨਿਰਭਰ ਹੈ। ਜੇ ਮਰਦ ਜਾਇਦਾਦ ਜਾਂ ਪੂੰਜੀ ਦਾ ਮਾਲਕ ਹੈ ਤਾਂ ਉਹ ਇਸਤਰੀ ਦਾ ਵੀ ਸਵਾਮੀ ਹੈ। ਜੇ ਇਸਤਰੀ ਕੋਲ ਪੈਦਾਵਾਰ ਦੇ ਸਾਧਨ ਨਹੀਂ ਹਨ ਅਤੇ ਜਿਸ ਹੱਦ ਤੱਕ ਹਨ ਉਸ ਹੱਦ ਤੱਕ ਉਹ ਸਵਾਧੀਨ ਹੈ। ਜਦ ਨਹੀਂ ਬਦਲਦੀ ਹੈ ਤਾਂ ਉਸਾਰ ਆਪਣੇ ਆਪ ਬਦਲ ਜਾਂਦਾ ਹੈ। ਗੁਲਾਮੀ ਦੇ ਦੌਰ ਵਿੱਚ ਗੁਲਾਮੀ ਮਜ਼ਹਬ ਵੱਲੋਂ ਪ੍ਰਵਾਨ ਸੀ। ਪੂੰਜੀਵਾਦੀ ਯੁੱਗ ਵਿੱਚ ਵਿਅਕਤੀ ਦੇ ਹੱਕਾਂ ਦੀ ਆਵਾਜ਼ ਉਠੀ ਅਤੇ ਗੁਲਾਮੀ ਤੇ ਕਮੀਣਾਂ ਦੀ ਹੀਣਤਾ ਨੂੰ ਸਦਾਚਾਰ ਦਰਸ਼ਨ ਨੂੰ ਭੰਡਿਆ। ਕਿਰਤੀ ਤੇ ਪੂੰਜੀਪਤੀਆਂ ਦੇ ਘੋਲ ਪਿੱਛੋਂ ਜਦ ਸਮਾਜਵਾਦ ਦੀ ਸਥਾਪਨਾ ਹੁੰਦੀ ਹੈ ਤਾਂ ਨੀਂਹਲ ਇਨਕਲਾਬੀ ਤੌਰ ਤੇ ਬਦਲਦੀ ਹੈ ਤੇ ਇਸਦੇ ਨਾਲ ਹੀ ਸਦਾਚਾਰੀ ਕੀਮਤਾਂ ਵਿੱਚ ਭਾਰੀ ਪਰਿਵਰਤਨ ਆਉਂਦਾ ਹੈ। ਮਾਰਕਸਵਾਦੀ ਦ੍ਰਿਸ਼ਟੀ ਅਨੁਸਾਰ ਅਸਲ ਤੇ ਨੀਂਹ ਅਸਲੀਅਤ ਇਹੋ ਹੈ ਜਿਸ ਦੀਆਂ ਦੋ ਬੁਨਿਆਦੀ ਸੱਚਾਈਆਂ ਦਾ ਉੱਪਰ ਉਲੇਖ ਆਇਆ ਹੈ। ਇਹ ਨਿਰਣਾ ਹੀ ਸਮਾਜ ਦੀ ਅਸਲ ਸੱਚਾਈ ਹੈ। ਯਥਾਰਥ ਨੂੰ ਸਮਝਣਾ ਸਾਹਿਤਕਾਰ ਦਾ ਫਰਜ਼ ਹੈ। ਫਿਰ ਇਸ ਯਥਾਰਥ ਨੂੰ ਸਾਹਿਤ ਰਚਨਾ ਵਿੱਚ ਨਿਭਾਉਣਾ ਸਾਹਿਤਕਾਰ ਦਾ ਦੂਜਾ ਫਰਜ਼ ਹੈ।

## ਨਿਰਾ ਯਥਾਰਥਵਾਦ

ਸਾਹਿਤਕਾਰ ਅਜਿਹਾ ਝਲ ਵਲੱਲਾ ਫੋਟੋਗ੍ਰਾਫਰ ਨਹੀਂ ਕਿ ਜਿਹੜਾ ਕੈਮਰਾ ਫੜ੍ਹ ਕੇ ਜੋ ਦ੍ਰਿਸ਼ ਅੱਗੇ ਆਵੇ, ਫੋਟੋ ਲਈ ਜਾਵੇ। ਨਹੀਂ, ਉਹ ਚੋਣ ਕਰਦਾ ਹੈ, ਦ੍ਰਿਸ਼ ਦੀ ਫਾਲਤੂ ਵਸਤਾਂ ਨੂੰ ਕੱਟਦਾ ਹੈ ਕੋਣ ਨੀਅਤ ਕਰਦਾ ਹੈ, ਧੁੱਪ ਛਾਂ ਦੇਖਦਾ ਹੈ, ਵਿਥ ਨੂੰ ਮਿਲਦਾ ਹੈ। ਇਸ ਤਰ੍ਹਾਂ ਫੋਟੋਗ੍ਰਾਫਰ ਵੀ ਚੋਣ ਕਰਦਾ ਹੈ, ਬੁੱਧੀ ਵਰਤਦਾ ਹੈ ਤੇ ਚੋਣ ਵਿੱਚ ਬੁੱਧੀ ਵਰਤਕੇ ਕਲਾ ਪੈਦਾ ਕਰਦਾ ਹੈ। ਸੁੰਦਰਤਾ ਨੂੰ ਜਨਮਦਾ ਹੈ. ਸਾਹਿਤਕਾਰ ਸੁਚੇਤ ਕਲਾਕਾਰ ਹੈ, ਜਿਹੜਾ ਬਾਹਰਲੀ ਹਕੀਕਤ ਨੂੰ ਸਾਧਨ ਰੱਖ ਕੇ ਅੰਦਰਲੀ ਅਸਲੀਅਤ ਨੂੰ ਉਜਾਗਰ ਕਰਦਾ ਹੈ। ਸਾਹਿਤਕਾਰ ਚੋਣ ਕਰਦਾ ਹੈ ਅਤੇ ਅਸਲੀਅਤ ਨੂੰ ਸਥੂਲ ਹਾਲਤ ਵਿੱਚ ਨਹੀਂ, ਸਗੋਂ ਉਸ ਦੇ ਅੰਦਰਲੇ ਸੱਤ ਦੀ ਹਾਲਤ ਵਿੱਚ ਪ੍ਰਗਟਾਉਂਦਾ ਹੈ, ਪ੍ਰਗਟ ਅਸਲੀਅਤ ਦੀ ਸਹਾਇਤਾ ਨਾਲ ਉਹ ਅੰਦਰਲੀ ਹਕੀਕਤ ਨੂੰ ਉਘਾੜਦਾ ਹੈ। ਦੁਨੀਆਂ ਦੇ ਬੰਦਿਆਂ ਵਸਤਾਂ ਨੂੰ ਸਾਹਿਤ ਰਚਨਾ ਵਿੱਚ ਇਸ ਤਰ੍ਹਾਂ ਵਰਤਦਾ ਹੈ ਜਿਸ ਨਾਲ ਬੰਦਿਆਂ ਤੇ ਵਸਤਾਂ ਬਾਰੇ ਅਸਲੀਅਤ ਉਜਾਗਰ ਹੋ ਜਾਵੇ। ਸਾਹਿਤਕਾਰ ਦਿਸਦੀ ਅਸਲੀਅਤ ਵਿੱਚੋਂ ਚੋਣ ਕਰਕੇ ਆਪਣੇ ਖਾਸ ਦ੍ਰਿਸ਼ਟੀਕੋਣ ਤੋਂ ਸਾਰੀਆਂ ਗੱਲਾਂ ਨੂੰ ਇਸ ਵਿਉਂਤ ਨਾਲ ਜੋੜਦਾ ਹੈ ਕਿ ਅੰਦਰਲੀ ਤੇ ਵਡੇਰੀ ਅਸਲੀਅਤ ਉਸ ਦੀ ਸਾਹਿਤ ਕਿਰਤ ਵਿੱਚ ਆ ਜਾਵੇ। ਇਹ ਕਿਰਤ ਹੀ ਅਸਲੀਅਤ, ਸਮੁੱਚੀ ਅਸਲੀਅਤ ਦਾ ਭਾਗ ਹੋਵੇਗੀ।

## ਸਾਹਿਤ ਅਤੇ ਸਦਾਚਾਰ

ਸਾਹਿਤ ਦਾ ਸਦਾਚਾਰ ਨਾਲ ਗੂੜ੍ਹਾ ਸਬੰਧ ਹੈ। ਇਹ ਸਾਹਿਤਕਾਰ ਅਚਾਰ ਨਾਲ ਤਿੰਨ ਪ੍ਰਕਾਰ ਦਾ ਵਰਤਾਓ ਕਰਨ ਤੇ ਮਜ਼ਬੂਰ ਹੁੰਦਾ ਹੈ-

- ਉਸ ਤੋਂ ਅਵੇਸਲਾ ਰਹਿਣਾ
- ਉਸ ਦੀ ਪ੍ਰੋੜਤਾ ਵਿੱਚ ਲਿਖਣਾ
- ਉਸ ਦੀ ਘੱਟ ਜਾਂ ਵੱਧ ਵਿਰੋਧਤਾ ਕਰਨੀ

ਮਨੁੱਖ ਜਦ ਸਮੇਂ ਤੇ ਸਦਾਚਾਰ ਤੋਂ ਅਵੇਸਲਾ ਰਹਿ ਕੇ ਲਿਖਣ ਦਾ ਯਤਨ ਕਰਦਾ ਹੈ ਤਾਂ ਵੀ ਉਹ ਅਜਿਹਾ ਨਹੀਂ ਕਰ ਸਕਦਾ, ਕਿਉਂਕਿ ਖ਼ੁਦ ਵੀ ਤਾਂ ਉਹ ਸਮਾਜਿਕ ਤੇ ਆਚਾਰਕ ਜੀਵ ਹੈ ਤੇ ਉਸ ਦੀ ਲਿਖਤ ਉਸ ਦੇ ਅੰਦਰੋਂ ਨਿਕਲਦੀ ਹੈ। ਇਸ ਲਈ ਆਚਾਰ ਉਸ ਦੀ ਰਚਨਾ ਵਿੱਚ ਪ੍ਰਵੇਸ਼ ਕਰਨੋਂ ਨਹੀਂ ਰਹਿ ਸਕਦਾ। ਜੇ ਚੇਤਨ ਰੂਪ ਵਿੱਚ ਹੀ ਇਸ ਤੋਂ ਅਵੇਸਲਾ ਰਹਿਣ ਦਾ ਯਤਨ ਕੀਤਾ ਜਾਵੇ ਤਾਂ ਵੀ ਆਚਾਰ ਨੂੰ ਲਾਂਭੇ ਰੱਖਿਆ ਨਹੀਂ ਜਾ ਸਕਦਾ, ਪਰ ਇਹ ਸੰਭਵ ਨਹੀਂ ਕਿ ਮਨੁੱਖ ਸਾਹਿਤਕ ਕਿਰਤ ਕਰੇ ਤੇ ਉਸ ਵਿੱਚ ਮਨੁੱਖ ਦੀ ਸਮਾਜਿਕ ਅਸਲੀਅਤ ਦਾ ਉਹ ਪੱਖ ਜੋ ਆਚਾਰ ਸ਼ਾਸਤਰ ਵਿੱਚ ਪ੍ਰਗਟ ਹੁੰਦਾ ਹੈ ਨਾ ਆਵੇ। ਆਮ ਤੌਰ ਤੇ ਦੇਖਣ ਵਿੱਚ ਆਇਆ ਹੈ ਕਿ ਆਚਾਰ ਤੋਂ ਅਵੇਸਲਾਪਨ ਵਿਖਾਉਣ ਦੇ ਚਾਹਵਾਨ ਲਿਖਾਰੀ ਜਦ ਅਜਿਹਾ ਕਰਨ ਦਾ ਯਤਨ ਕਰਦੇ ਹਨ ਤਾਂ ਉਹ ਦਰਅਸਲ ਉਸ ਕਾਲੀਨ ਆਚਾਰਕ ਕੀਮਤਾਂ ਤੋਂ ਭਾਵੇਂ ਅਵੇਸਲੇ ਹੋ ਜਾਣ ਉਨ੍ਹਾਂ ਦੀ ਥਾਂ ਹੋਰ ਨਵੀਆਂ ਆਚਾਰ ਕੀਮਤਾਂ ਲਿਆ ਖਲਿਆਰਨ ਤੋਂ ਨਹੀਂ ਬਚ ਸਕਦੇ। ਫਿਰ ਪਾਠਕ ਲੋਕ ਹਰ ਸਾਹਿਤਕ ਰਚਨਾ ਨੂੰ ਅਚਾਨਕ ਪੱਧਰ ਤੇ ਜ਼ਰੂਰ ਜਾਂਦੇ ਹਨ। ਜੇਕਰ ਸਾਹਿਤ ਰਚਨਾ ਸਾਹਿਤਕਾਰ ਨਵੀਂ ਵੱਲੋਂ ਕੇਵਲ ਮਨ ਪਰਚਾਵੇ ਲਈ ਕੀਤੀ ਜਾਂਦੀ ਹੋਵੇ ਤਾਂ ਇਸਤਾਂ ਕਿਸੇ ਨੂੰ ਕੀ ਉਹ ਜਿਹੋ ਜਿਹਾ ਮਰਜ਼ੀ ਆਚਾਰ ਦ੍ਰਿਸ਼ਟੀਕੋਣ ਰੱਖੇ। ਪਰ ਕਿਉਂਕਿ ਸਾਹਿਤ ਹੋਰਨਾਂ ਦੇ ਪੜ੍ਹਨ ਦੀ ਵਸਤੂ ਹੈ, ਇਸ ਲਈ ਹੋਰਨਾਂ ਨੇ ਹਰ ਹਾਲਤ ਵਿੱਚ ਆਪਣੇ ਜੀਵਨ ਉੱਤੇ ਇਸ ਦੇ ਚੰਗੇ ਮੰਦੇ ਪ੍ਰਭਾਵ ਨੂੰ ਵਿਚਾਰਨਾ ਹੋਇਆ ਤੇ ਇਸ ਤਰ੍ਹਾਂ ਸਾਹਿਤ ਲੋਕਾਂ ਵੱਲੋਂ ਅਚਾਨਕ ਤੌਰ ਤੇ ਵੀ ਗਿਣਿਆ ਨਿਰਣਿਆਂ ਜਾਂਦਾ ਹੈ।

ਸੱਤ ਸ਼ਿਵ ਸੁੰਦਰ

---

ਪੱਛਮ ਤੇ ਪੂਰਬ ਦੇ ਵਿਦਵਾਨਾਂ ਨੇ ਚੰਗੇ ਸਾਹਿਤ ਦੀਆਂ ਇਹ ਸਿਫ਼ਤਾਂ ਲਿਖੀਆਂ ਹਨ-ਸਤ ਸ਼ਿਵ ਸੁੰਦਰ। ਇਹ ਵਾਕੰਸ਼ ਯੂਨਾਨੀ ਚਿੰਤਕ ਅਰਸਤੂ ਦੇ ਇੱਕ ਗੁਰ ਦਾ ਸੰਸਕ੍ਰਿਤਿਕ ਅਨੁਵਾਦ ਹੈ। ਅੰਗਰੇਜ਼ੀ ਵਿੱਚ ਇਹ ਫਾਰਮੂਲਾ The true, The Good, Thew beautiful ਬਣਦਾ ਹੈ।

**ਸੱਤ**

ਸੱਤ ਤੋਂ ਮੁਰਾਦ ਹੈ ਕਿ ਸਾਹਿਤ ਕੂੜ, ਝੂਠ, ਬਨਾਉਟੀਪਣ ਅਯਥਾਰਥ ਆਦਿ ਤੋਂ ਪ੍ਰਹੇਜ਼ ਕਰੇ। ਆਪਣੇ ਵਿਸ਼ੇ ਵਸਤੂ ਵਿੱਚ ਜੀਵਨ ਦੀ ਅਸਲੀਅਤ ਦੇ ਉਲਟ ਨਾ ਜਾਵੇ।

**ਸ਼ਿਵ**

ਸ਼ਿਵ ਦਾ ਅਰਥ ਹੈ ਕਲਿਆਣਕਾਰੀ। ਸਾਹਿਤ, ਸਾਹਿਤ ਲਈ ਨਹੀਂ, ਸਗੋਂ ਜੀਵਨ ਲਈ। ਸਾਹਿਤ ਦੀ ਸ਼ਿਵ ਸਿਫ਼ਤ ਇਸ ਅਸੂਲ ਵੱਲ ਸੰਕੇਤ ਕਰਦੀ ਹੈ।

**ਸੁੰਦਰ**

ਸੁੰਦਰਤਾ ਦੀ ਸਿਫਤ ਸਾਹਿਤ ਦੀ ਟੈਕਨੀਕ ਤੇ ਰੂਪ-ਵਿਧਾਨ ਸਬੰਧੀ ਹੈ। ਸੱਤ ਤੇ ਸ਼ਿਵ ਦੀਆਂ ਪਹਿਲੀਆਂ ਦੋ ਸਿਫ਼ਤਾਂ ਸਾਹਿਤ ਦੇ ਵਿਸ਼ਾ ਵਸਤੂ ਨਾਲ ਸਬੰਧਤ ਹਨ। ਤੀਜੀ ਸੁੰਦਰ ਵਸਤੂ ਨੂੰ ਕਲਾਵੰਤ ਰੂਪ ਵਿੱਚ ਨਿਭਾਉਣ ਨਾਲ ਤਅੱਲਕ ਰੱਖਦੀ ਹੈ। ਮਤਲਬ ਇਹ ਹੈ ਕਿ ਮਹਾਨ ਸਾਹਿਤ ਲਈ ਵਿਸ਼ੇ ਵਸਤੂ ਦਾ ਮਹਾਨ ਹੋਣਾ ਜ਼ਰੂਰੀ ਨਹੀਂ। ਉਸ ਮਹਾਨ ਵਿਸ਼ੇ ਵਸਤੂ ਦਾ ਕਲਾਪੂਰਨ ਨਿਭਾਅ ਵੀਂ ਅਨਿਵਾਰੀ ਲੋੜ ਹੈ। ਤਕਨੀਕ ਤਾਂ ਹੀ ਸੁੰਦਰ ਹੈ ਜੇਕਰ ਉਹ ਵਿਸ਼ੇ ਨੂੰ ਪੂਰਨ ਭਾਂਤ ਨਿਭਾਉਂ ਦੇ ਯੋਗ ਹੈ, ਨਹੀਂ ਤਾਂ ਉਹ ਸੁੰਦਰ ਜਾਪਦੀ ਵੀ ਸੁੰਦਰ ਨਹੀਂ ਹੋਵੇਗੀ। ਕਈ ਤਾਂ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਸੱਤ ਤੇ ਸ਼ਿਵ ਦੀਆਂ ਸਿਫ਼ਤਾਂ ਨੂੰ ਸਾਹਿਤ ਰਚਨਾ ਵਿੱਚ ਪ੍ਰਾਪਤ ਕਰਨ ਦੀ ਕਲਾ ਦਾ ਨਾਂ ਹੀ ਸੁੰਦਰਤਾ ਹੈ। ਸਾਡੇ ਦੇਸ਼ ਦੀ ਚੇਤਨਾ ਦਾ ਪ੍ਰਧਾਨ ਰੂਪ ਭੂਪਵਾਦੀ ਹੈ। ਇਸ ਦੇ ਦੋ ਪੱਖ ਹਨ-ਇੱਕ ਮਾਨਵੀ ਧ੍ਰੋਹੀ ਤੇ ਦੂਸਰਾ ਮਾਨਵ ਪੱਖੀ। ਸਾਡੇ ਬਹੁਤ ਸਾਰੇ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਭੂਪਵਾਦੀ ਮਾਨਵੀ ਕੀਮਤਾਂ ਜਿਹਾ ਕਿ ਤਿਆਗ, ਸਰਬ ਸੰਤੋਖ, ਹਮਦਰਦੀ ਆਦਿ ਦਾ ਪ੍ਰਚਾਰ ਕਰਨਾ ਆਪਣੀ ਕਲਾ ਦਾ ਕਰਤੱਵ ਬਣਾਇਆ ਹੈ। ਅੱਜ ਕੱਲ੍ਹ ਕੁਝ ਆਲੋਚਕਾਂ ਨੇ ਵੀ ਇਸ ਉੱਤੇ ਲੋੜ ਨਾਲੋਂ ਵੱਧ ਜ਼ੋਰ ਦੇਣਾ ਸ਼ੁਰੂ ਕੀਤਾ ਹੋਇਆ ਹੈ। ਅੱਜ ਦਾ ਮਨੁੱਖ ਤਿਆਗ, ਸਬਰ ਸੰਤੋਖ, ਤੇ ਹਮਦਰਦੀ ਦੀਆਂ ਕੀਮਤਾਂ ਤੋਂ ਪ੍ਰੇਰਿਤ ਹੋ ਕੇ ਮਨੁੱਖੀ ਆਲਾ ਦੁਆਲਾ ਸਿਰਜਣ ਦੇ ਰਾਹ ਪੈਂਦਾ ਪ੍ਰਤੀਤ ਨਹੀਂ ਹੁੰਦਾ। ਸਗੋਂ ਉਹ ਆਪਣੇ ਹੱਕਾਂ ਦੀ ਰਾਖੀ ਲਈ ਅਜਿਹਾ ਕਰਨ ਵਾਸਤੇ ਤਿਆਰ ਹੋ ਸਕਦਾ ਹੈ। ਮਿਸਾਲ ਵਜੋਂ ਅੱਜ ਦਾ ਲੋੜਵੰਦ ਮਨੁੱਖ ਕਿਸੇ ਨਾਲ ਇਸੇ ਲਈ ਵੈਰ ਸਹੇੜਨ ਵਾਸਤੇ ਤਿਆਰ ਨਹੀਂ ਕਿ ਕੋਈ ਜ਼ਾਲਮ ਹੈ ਜਾਂ ਮਾਇਆ ਦਾ ਦਾਸ ਹੈ ਅਥਵਾ ਮਾਨਵ ਪੱਖੀ ਕੀਮਤਾਂ ਦਾ ਵਿਰੋਧੀ ਹੈ। ਸਗੋਂ ਇਸ ਲਈ ਲੜਦਾ ਮਰਦਾ ਹੈ ਕਿ ਉਹ ਉਸ ਦੇ ਆਪਣੇ ਹੱਕਾਂ ਉੱਤੇ ਛਾਪਾ ਮਾਰਦਾ ਹੈ, ਸੋ ਅੱਜ ਦੇ ਮਨੁੱਖ ਦੀ ਮੁੱਖ ਪ੍ਰੇਰਨਾ ਅਜਿਹੀ ਚੇਤਨਾ ਬਣ ਸਕਦੀ ਹੈ ਜਿਹੜੀ ਉਸ ਨੂੰ ਆਪਣੀ ਲੋੜਾਂ ਦਾ ਗਿਆਨ ਕਰਵਾਉਂਦੀ ਹੈ। ਤਿਆਗ, ਸਰਬ, ਸੰਤੋਖ ਜਾਂ ਹਮਦਰਦੀ ਦੇ ਸੰਸਕਾਰ ਪੈਦਾ ਕਰਨ ਦੀ ਬਜਾਏ ਆਪਣੇ ਹੱਕ ਲਈ ਲੜ ਮਰਨ ਨੂੰ ਸਦਾਚਾਰਕ ਠਹਿਰਾਉਂਦੀ ਹੈ, ਕਿਸੇ ਦਾ ਭਲਾ ਕਰਨ ਵਿੱਚੋਂ ਸ਼ਾਂਤੀ ਲੱਭਣ ਦੀ ਬਜਾਏ ਦ੍ਰਿੜ੍ਹ ਕਰਵਾਉਂਦੀ ਹੈ ਕਿ ਉਸ ਦਾ ਭਲਾ ਆਪਣੇ ਵਰਗੇ ਲੋੜਵੰਦਾਂ ਨਾਲ ਰਲ ਕੇ ਹੱਕਾਂ ਤੇ ਛਾਪਾ ਮਾਰਨ ਵਾਲੀ ਤੇ ਵਿਰੁੱਧ ਜਦੋਂ ਜੱਦੋ ਜਹਿਦ ਕਰਨ ਵਿੱਚ ਹੈ। ਇਸ ਦਾ ਮੂਲ ਅਨੁਭਵ ਇਹ ਹੁੰਦਾ ਹੈ ਕਿ ਜੱਦੋ ਜਹਿਦ ਜਹਿਦ ਕਰਨ ਵਿੱਚ ਉਸ ਦਾ ਆਪਣਾ ਹਿੱਤ ਹੈ ਤੇ ਉਹ ਆਪਣਾ ਹਿੱਤ ਤਾਂ ਹੀ ਪੂਰਾ ਕਰ ਸਕਦਾ ਹੈ ਜੇ ਉਹ ਆਪ ਯਤਨ ਕਰੇ। ਅਜਿਹੇ ਭਾਵ ਅੱਜ ਦੇ ਯੁੱਗ ਦੀ ਦੇਣ ਹਨ, ਕਿਉਂਕਿ ਇਹ ਅੱਜ ਦੇ ਯੁੱਗ ਦੀ ਲੋੜ ਹਨ। ਮਨੁੱਖੀ ਸ਼ਖ਼ਸੀਅਤ ਨੂੰ ਇੰਨ੍ਹਾਂ ਭਾਵਾਂ ਦੇ ਲੜ ਲਾਉਣ ਵਾਲਾ ਸਾਹਿਤ ਹੀ ਮਨੁੱਖੀ ਉਸਾਰੀ ਦੇ ਦ੍ਰਿਸ਼ਟੀਕੋਣ ਤੋਂ ਆਪਣਾ ਕਰਤੱਵ ਨਿਭਾਉਂਦਾ ਕਿਹਾ ਜਾ ਸਕਦਾ ਹੈ।

## ਸਿੱਟਾ

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਸਾਹਿਤ ਦੇ ਕਰਤੱਵ ਦੀ ਪੂਰਤੀ ਲਈ ਸਾਹਿਤ ਦੇ ਪ੍ਰਕਾਰਜ ਦੀ ਸਮਝ ਜ਼ਰੂਰੀ ਹੈ, ਕਿਉਂਕਿ ਸਾਹਿਤ ਆਪਣੇ ਕਰਤੱਵ ਦੀ ਪੂਰਤੀ ਆਪਣੇ ਪ੍ਰਕਾਰਜ ਰਾਹੀਂ ਹੀ ਕਰ ਸਕਦਾ ਹੈ। ਪਰ ਕਰਤੱਵ ਸਾਹਿਤ ਦੇ ਪ੍ਰਕਾਰਜ ਨੂੰ ਚੇਤੰਨ ਭਾਂਤ ਵਰਤਣ ਦੀ ਮੰਗ ਕਰਦਾ ਹੈ। ਇਹ ਚੇਤਨਤਾ ਮਾਇਆ ਦੇ ਨਿਜਾਮ ਤੋਂ ਮੁਕਤ ਹੋਣ ਦੀ

ਚੇਤਨਤਾ ਹੈ। ਜਿਸ ਦਾ ਮਤਲਬ ਮਾਇਆ ਦਾ ਤਿਆਗ ਨਹੀਂ ਸਗੋਂ ਮਾਇਆ ਪੈਦਾ ਕਰਨਾ ਹੈ। ਸੋ ਸਾਹਿਤ ਦਾ ਕਰਤੱਵ ਹੈ ਕਿ ਉਹ ਮਾਇਆ ਦੇ ਉਤਪਾਦਕਾਂ ਵਿੱਚ ਉਸ ਦੀ ਵਰਤੋਂ ਦਾ ਅਹਿਸਾਸ ਪੈਦਾ ਕਰੇ ਅਤੇ ਆਪਣੀ ਪੈਦਾ ਕੀਤੀ ਹੋਈ ਮਾਇਆ ਉੱਤੇ ਅਧਿਕਾਰ ਪ੍ਰਾਪਤ ਕਰਨ ਲਈ ਲੋੜੀਂਦੇ ਸੰਸਕਾਰ ਸਿਰਜੇ। ਮਹਾਨ ਸਾਹਿਤ ਦਾ ਇਹੀ ਕਰਤੱਵ ਹੈ

ਪੰਜਾਬੀ ਲੋਕਧਾਰਾ : ਲੋਕ ਵਿਸ਼ਵਾਸ ਤੇ ਰਹੁ-ਰੀਤਾਂ, ਲੋਕ ਧਰਮ, ਲੋਕ ਕਲਾਵਾਂ,ਲੋਕ ਗੀਤ/ਲੋਕ ਕਹਾਣੀ ਦਾ ਵਿਹਾਰਕ ਅਧਿਐਨ : ਲੋਕ ਰੰਗ ( ਸੰਪਾ. ਸਤਿੰਦਰ ਔਲਖ, ਗੁਰਮੀਤ ਸਿੰਘ), ਪ੍ਰਕਾਸ਼ਕ : ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਪੁਸਤਕ ਦੇ ਆਧਾਰ 'ਤੇ )

**ਪੰਜਾਬੀ ਲੋਕਧਾਰਾ**

ਲੋਕਧਾਰਾ ਦਾ ਜਨਮ ਅਤੇ ਵਿਕਾਸ ਮਨੁੱਖੀ ਸੱਭਿਅਤਾ ਦੇ ਨਾਲ ਹੀ ਹੋਇਆ ਪਰ ਇਸ ਦਾ ਇੱਕ ਸੁਤੰਤਰ ਅਨੁਸ਼ਾਸ਼ਨ ਵਜੋਂ ਅਧਿਐਨ ਬਹੁਤ ਪੁਰਾਣਾ ਨਹੀਂ ਹੈ। ਪੰਜਾਬੀ ਲੋਕਧਾਰਾ ਸੰਬੰਧੀ ਸਮੱਗਰੀ ਦੇ ਸੰਕਲਨ ਅਤੇ ਇਸ ਦੇ ਵਿਸ਼ਲੇਸ਼ਣ ਦਾ ਕਾਰਜ ਭਾਵੇਂ ਤਸੱਲੀਬਖਸ਼ ਹਾਲਤ ਵਿੱਚ ਤਾਂ ਨਹੀਂ ਫਿਰ ਵੀ ਇਹ ਅਜਿਹੀ ਸਥਿਤੀ ਵਿੱਚ ਜਰੂਰ ਪਹੁੰਚ ਚੁੱਕਿਆ ਹੈ। ਜਿਥੋਂ ਇਸ ਦੀ ਵੱਖਰੀ ਪਿਰਤ ਨਜ਼ਰੀ ਲੱਗੀ ਹੈ।

**ਮੁੱਢਲੇ ਅਧਿਐਨ ਅਤੇ ਸੰਕਲਨ**

ਪੰਜਾਬੀ ਲੋਕਧਾਰਾ ਦੇ ਮੁਢਲੇ ਕਾਰਜ ਵਿੱਚ ਐਚ.ਏ. ਰੋਜ਼ ਦੁਆਰਾ 1883 ਅਤੇ 1842 ਦੀ ਮਰਦਸਸ਼ੁਮਾਰੀ ਤੇ ਅਧਾਰਤ ਤਿਆਰ ਕੀਤੀ ਗਈ, 'ਪੰਜਾਬੀ ਜਾਤਾਂ ਦੇ ਕਬੀਲੀਆਂ ਦੀ ਗਲੈਸਰੀ' ਰੱਖੀ ਜਾ ਸਕਦੀ ਹੈ। ਵੀਹਵੀਂ ਸਦੀ ਦੇ ਪਹਿਲੇ ਤਿੰਨ ਦਹਾਕਿਆਂ ਵਿੱਚ ਪੰਜਾਬੀ ਲੋਕਧਾਰਾ ਨਾਲ ਸੰਬੰਧਤ ਤਿੰਨ ਪੁਸਤਕਾਂ ਹੀ ਮਿਲਦੀਆਂ ਹਨ। ਇਹਨਾਂ ਵਿੱਚ ਪੰਡਤ ਸ਼ਰਧਾ ਰਾਮ ਫਿਲੌਰੀ ਦੀ 'ਪੰਜਾਬ ਬਾਤਚੀਤ', ਪੰਡਤ ਸੰਤ ਰਾਮ ਦੀ 'ਪੰਜਾਬੀ ਦਾ ਗੀਤ', ਪੰਡਤ ਰਾਮ ਸ਼ਰਨ ਦਾਸ ਦੀ 'ਪੰਜਾਬ ਦੇ ਗੀਤ' ਵਿੱਚ ਚਰਚਾਯੋਗ ਹਨ। ਡਾ. ਮਹਿੰਦਰ ਸਿੰਘ ਰੰਧਾਵਾ ਨੇ 'ਪੰਜਾਬ ਦੇ ਲੋਕ ਗੀਤ' (1955), 'ਪੰਜਾਬੀ ਲੋਕ ਗੀਤ' (1960), ਵਿੱਚ ਪ੍ਰਕਾਸ਼ਤ ਕਰਵਾਏ। ਇਹ ਪੁਸਤਕ ਪੰਜਾਬ ਦੇ ਚਰਚਤ ਲੋਕ ਗੀਤਾਂ ਦਾ ਪ੍ਰਮਾਇਕ ਸੰਕਲਨ ਪੇਸ਼ ਕਰਦੀਆਂ ਹਨ। ਇਸ ਤੋਂ ਇਲਾਵਾ ਡਾ. ਰੰਧਾਵਾ ਦੀ ਪੁਸਤਕ 'ਪੰਜਾਬ' ਵੀ ਪੰਜਾਬ ਦੀ ਲੋਕਧਾਰਾ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਇਸ ਸਮੇਂ ਦੌਰਾਨ ਹੀ ਗਿਆਨੀ ਗੁਰਦਿਤ ਸਿੰਘ ਨੇ ਮੇਰਾ ਪਿੰਡ (1960) ਵਿੱਚ ਲਿਖੀ। ਇਹ ਪੁਸਤਕ ਆਪਣੇ ਆਪ ਵਿੱਚ ਇੱਕ ਵਿਲੱਖਣ ਤਜ਼ਰਬਾ ਹੈ। ਪਿੰਡ ਨੂੰ ਇਕਾਈ ਮੰਨਕੇ ਇਸ ਨਾਲ ਸੰਬੰਧਤ ਲੋਕਧਾਰਾਈ ਸਮੱਗਰੀ ਨੂੰ ਤਰਤੀਬ ਨਾਲ ਪੇਸ਼ ਕੀਤਾ ਗਿਆ ਹੈ। ਕਰਤਾਰ ਸਿੰਘ ਸ਼ਮਸ਼ੇਰ ਦੀ ਦੂਜੀ ਅਤੇ ਯਾਦਗਾਰੀ ਪੁਸਤਕ 'ਨੀਲੀ ਤੇ ਰਾਵੀ' 1961 ਵਿੱਚ ਪ੍ਰਕਾਸ਼ਿਤ ਹੋਈ। ਸ਼ਮਸ਼ੇਰ ਨੇ 'ਧਰਤੀ ਵਾਜਾ ਦਿੱਤੀਆਂ' ਤੇ 'ਲਹਿੰਦੇ ਦੇ ਲੋਕ ਗੀਤ' ਦੇ ਹੋਰ ਪੁਸਤਕਾਂ ਵੀ ਸਾਨੂੰ ਦਿੱਤੀਆਂ ਹਨ। ਅੰਮ੍ਰਿਤਾ ਪ੍ਰੀਤਮ ਨੇ 1952 ਵਿੱਚ 'ਪੰਜਾਬ ਦੀ ਆਵਾਜ਼' ਅਤੇ 1955 ਵਿੱਚ 'ਮੌਲੀ ਤੇ ਮਹਿੰਦੀ', ਅਵਤਾਰ ਸਿੰਘ ਦਲੇਰ ਨੇ 1954 ਵਿੱਚ 'ਪੰਜਾਬੀ ਲੋਕਗੀਤ ਰੂਪ ਤੇ ਬਣਤਰ' ਅਤੇ ਇੱਕ ਹੋਰ ਕਿਤਾਬ 'ਅੱਡੀ ਟੱਪਾ' ਲਿਖੀਆ। 1954 ਵਿੱਚ ਹੀ ਸ਼ੇਰ ਸਿੰਘ ਸ਼ੇਰ ਨੇ 'ਬਾਰ ਦੇ ਢੋਲੇ' ਅਤੇ ਡਾਕਟਰ ਰੰਧਾਵਾ ਨੇ ਕਾਂਗੜਾ ਦੇ ਲੋਕ ਗੀਤ ਸਾਨੂੰ ਦਿੱਤੇ। ਲੋਕ ਬੁਝਾਰਤਾ ਦੀ ਪਹਿਲੀ ਪੁਸਤਕ ਸੁਖਦੇਵ ਮਾਦਪੁਰੀ ਵੱਲੋਂ 1956 ਵਿੱਚ ਪ੍ਰਕਾਸ਼ਿਤ ਹੋਈ।

**ਲੋਕਧਾਰਾ ਵਿਸ਼ਲੇਸ਼ਣ**

ਲੋਕਧਾਰਾ ਅਧਿਐਨ ਵਿੱਚ ਲੋਕ ਕਹਾਣੀ ਦੇ ਇੱਕਤਰੀਕਰਨ ਦੇ ਇਸ ਖੇਤਰ ਵਿੱਚ ਵਣਜਾਰਾ ਬੇਦੀ ਅਤੇ ਗਿਆਨੀ ਗੁਰਦਿੱਤ ਸਿੰਘ ਦਾ ਵਿਸ਼ੇਸ਼ ਸਥਾਨ ਹੈ। 'ਪੰਜਾਬ ਦੀਆਂ ਲੋਕ ਕਹਾਣੀਆਂ' ਪੰਜਾਬ ਦੀਆਂ ਜਨੌਰ ਕਹਾਣੀ (1955),

'ਇਕ ਘੁੱਟ ਰਸ ਦਾ', 'ਬਾਤਾਂ ਲੋਕ ਪੰਜਾਬ ਦੀਆਂ' ਅਤੇ 'ਬਾਤਾਂ ਮੁੱਢ ਕਦੀਮ ਦੀਆਂ' (ਦੋ ਭਾਗ) ਵਣਜਾਰਾ ਬੇਦੀ ਦੀ ਇਸ ਖੇਤਰ ਨੂੰ ਦੇਣ ਹਨ। ਬਾਤਾਂ ਲੋਕ ਪੰਜਾਬ ਦੀਆਂ ਵਿੱਚ ਉਹ ਦੱਸਦਾ ਹੈ ਕਿ ਹੁਣ ਤਕ ਉਹ (1988) 465 ਲੋਕ ਕਹਾਣੀਆਂ ਵੱਖੋ-ਵੱਖਰੇ ਸੰਗ੍ਰਿਹਾਂ ਵਿੱਚ ਪ੍ਰਕਾਸ਼ਿਤ ਕਰ ਚੁੱਕਿਆ ਹੈ ਤੇ ਦੋ ਹੋਰ ਸੰਗ੍ਰਹਿ ਦੇਣ ਲਈ ਉਸ ਕੋਲ ਸਮੱਗਰੀ ਹੈ। ਗਿਆਨੀ ਗੁਰਦਿੱਤ ਸਿੰਘ ਦੇ ਇੱਕਤਰੀਕਰਣ ਦੇ ਪ੍ਰਕਾਸ਼ਿਤ ਕੀਤਾ ਹੈ। ਇਹਨਾਂ ਵਿੱਚ ਲਗਪਗ 150 ਲੋਕ ਕਹਾਣੀਆਂ ਹਨ। ਗੋਪਾਲ ਸਿੰਘ ਨਰਗਸ (ਇਕ ਸੀ ਚਿੜੀ) ਸੁਖਦੇਵ ਮਾਦਪੁਰੀ (ਜਰੀਦਾ ਦਾ ਟੋਟਾ ਤੇ ਹੋਰ ਕਹਾਣੀਆਂ, ਨੈਣਾਂ ਦੇ ਵਣਜਾਰੇ), ਸੰਤੋਖ ਸਿੰਘ ਧੀਰ (ਪੰਜਾਬ ਦੀਆਂ ਲੋਕ ਕਹਾਣੀਆਂ) ਅਤਰ ਸਿੰਘ (ਏਨੀ ਮੇਰੀ ਬਾਤ) ਦੇ ਯਤਨ ਵੀ ਇਸ ਖੇਤਰ ਵਿੱਚ ਸ਼ਲਾਘਾਯੋਗ ਹਨ। 1956 ਵਿੱਚ ਰਾਜਾ ਰਾਮ ਸ਼ਾਸਤਰੀ ਦੀ ਪੁਸਤਕ 'ਹਰਿਆਣਾ ਕੀ ਲੋਕ ਕਥਾਏ' ਛਪੀ। ਜਿਹਨਾਂ ਵਿੱਚ ਸ਼ਾਮਿਲ ਕਹਾਣੀਆਂ ਨੂੰ ਕੈਰੋਂ ਪੰਜਾਬੀ ਲੋਕ ਕਹਾਣੀਆਂ ਹੀ ਮੰਨਦੇ ਹਨ। 1951 ਵਿੱਚ ਪ੍ਰੀਤਮ ਸਿੰਘ ਪੰਛੀ ਨੇ 'ਪੰਜਾਬੀ ਕੀ ਕਥਾਏ' ਵਿੱਚ ਦਸ ਲੋਕ ਕਹਾਣੀਆਂ ਪੇਸ਼ ਕੀਤੀਆਂ। 1950 ਵਿੱਚ ਸੱਤਯ ਪ੍ਰੀਯਾ ਸਾਤ ਨੇ ਪੱਛਮੀ ਪੰਜਾਬ ਦੀਆਂ ਅੱਠ ਲੋਕ ਕਹਾਣੀਆਂ 'ਮੁਲਤਾਨੀ ਲੋਕ ਕਥਾਏ' ਸੰਗ੍ਰਹਿ ਵਿੱਚ ਛਪਵਾਇਆ।

ਪੰਜਾਬੀ ਮੁਹਾਵਰਿਆਂ ਅਤੇ ਅਖਾਣਾ ਦੀ ਖੋਜ, ਵਿਸ਼ਲੇਸ਼ਣ, ਇਤਿਹਾਸ ਅਤੇ ਇੱਕਤਰ ਕਰਨ ਬਾਰੇ ਬਹੁਤ ਹੀ ਨਿੱਗਰ ਅਤੇ ਮੌਲਿਕ ਯਤਨ ਡਾ. ਤਾਰਨ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਦਰਸ਼ਨ ਸਿੰਘ ਅਵਾਰਾ ਨੇ ਕੀਤੇ ਹਨ, ਜਿਹਨਾਂ ਨੇ ਫਲਸਰੂਪ 'ਪੰਜਾਬੀ ਮੁਹਾਵਰਾ ਕੋਸ਼' ਨਾਂ ਦੀ ਪੁਸਤਕ 1964 ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਰਾਹੀਂ ਪ੍ਰਕਾਸ਼ਿਤ ਕਰਵਾਈ ਗਈ ਅਤੇ ਦੂਜੀ ਪੁਸਤਕ 'ਮੁਹਾਵਰਾ' ਅਤੇ ਅਖਾਣ ਕੋਸ਼ ਦਰਸ਼ਨ ਸਿੰਘ ਅਵਾਰਾ ਦੇ ਸਹਿਯੋਗ ਨਾਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 1968 ਵਿੱਚ ਸਾਨੂੰ ਦਿੱਤੀ।

ਭਾਸ਼ਾ ਵਿਭਾਗ ਨੇ ਸਾਲ 1968 ਤੋਂ ਪੰਜਾਬ ਦੇ ਇਤਿਹਾਸਕ ਅਤੇ ਸੱਭਿਆਚਾਰਕ ਗੌਰਵ ਨੂੰ ਉਜਾਗਰ ਕਰਨ ਲਈ ਹਰ ਜਿਲੇ ਵਿਚੋਂ ਨਮੂਨੇ ਦੇ ਕੁਝ ਪਿੰਡਾਂ ਅਤੇ ਨਗਰਾਂ ਦਾ ਸਰਵੇਖਣ ਸ਼ੁਰੂ ਕਰਵਾਇਆ ਹੋਇਆ ਹੈ ਅਤੇ ਹੁਣ ਤਕ ਬਡਰੁੱਖਾਂ (ਸੰਗਰੂਰ), ਕੱਲੋਂ ਮਾਜਰਾ (ਪਟਿਆਲਾ), ਸੁਲਤਾਨਪੁਰ ਲੋਧੀ (ਕਪੂਰਥਲਾ), ਡੇਹਰਾ ਬਾਬਾ ਨਾਨਕ (ਗੁਰਦਾਸਪੁਰ), ਦੀਨਾ ਕਾਂਗੜ (ਫੀਰੋਜ਼ਪੁਰ), ਰਾਇਕੋਟ (ਲੁਧਿਆਣਾ), ਜਲਾਲਾਬਾਦ (ਫੀਰੋਜ਼ਪੁਰ) ਅਤੇ ਦਮਦਮਾ ਸਾਹਿਬ (ਬਠਿੰਡਾ) ਦਾ ਸਰਵੇਖਣ ਹੋ ਚੁੱਕਾ ਹੈ। ਇਨ੍ਹਾਂ ਸਰਵੇਖਣ ਪੁਸਤਕਾਂ ਵਿੱਚ ਵੀ ਅਖਾਣ ਮੁਹਾਵਰੇ ਇੱਕਤਰ ਹੋਏ ਮਿਲਦੇ ਹਨ।

ਅਖਾਣਾ ਤੇ ਮੁਹਾਵਰਿਆਂ ਨੂੰ ਸੰਗ੍ਰਹਿ ਕਰਨ ਸੰਬੰਧੀ ਕੁਝ ਯੂਰਪੀ ਵਿਦਵਾਨਾਂ ਦੇ ਯਤਨ ਵੀ ਮਿਲਦੇ ਹਨ, ਜਿਹਨਾਂ ਵਿੱਚ ਸਾਕੋਨੀਕੀ, ਡਾਕਟਰ, ਫਾਲਨ, ਡਬਲਯੂ.ਪੀ. ਰੇਅਰਜ਼, ਸਟਾਰਕੀ ਅਤੇ ਉਬਰਾਇਨ ਆਦਿ ਦੇ ਨਾਂ ਵਰਣਨਯੋਗ ਹਨ।

**ਲੋਕਧਾਰਾ ਅਧਿਐਨ**

ਲੋਕਧਾਰਾ ਦੇ ਅਧਿਐਨ ਦਾ ਤੀਸਰਾ ਦੌਰ 1970 ਤੋਂ ਬਾਅਦ ਸ਼ੁਰੂ ਹੁੰਦਾ ਹੈ। ਪੰਜਾਬੀ ਲੋਕ ਸਾਹਿਤ ਦੇ ਗੰਭੀਰ ਅਧਿਐਨ ਵਿਸ਼ਲੇਸ਼ਣ ਦੀ ਸ਼ੁਰੂਆਤ ਡਾ. ਵਣਜਾਰਾ ਸਿੰਘ ਬੇਦੀ ਦੀ ਪੀ.ਐਸ.ਡੀ. ਦੇ ਸੋਧ ਕਾਰਜ 'ਪੰਜਾਬੀ ਅਖਾਣਾਂ

ਦਾ ਅਲੋਚਨਾਤਮਕ ਅਧਿਐਨ ਨਾਲ ਹੁੰਦੀ ਹੈ। ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਬੇਦੀ ਦੀ ਘਾਲਣਾ ਬਹੁਪੱਖੀ ਹੈ। ਸਾਹਿਤ ਦੇ ਅਧਿਐਨ ਦੇ ਅਧਿਆਪਨ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਉਹ ਲੋਕਧਾਰਾ ਨੂੰ ਲੋਕ ਸਾਹਿਤ ਦੇ ਅਧਿਐਨ ਤੱਕ ਹੀ ਸੀਮਤ ਨਹੀਂ ਕਰ ਲੈਂਦਾ ਸਗੋਂ ਲੋਕਧਾਰਾ ਨੂੰ ਇੱਕ ਸੁਤੰਤਰ ਅਨੁਸ਼ਾਸ਼ਨ ਸਵੀਕਾਰਦਾ ਹੋਇਆ, ਇਸ ਦੇ ਵਿਭਿੰਨ ਅਧਿਐਨ ਖੇਤਰਾਂ ਦੇ ਮਹੱਤਵ ਨੂੰ ਵੀ ਦ੍ਰਿੜ ਕਰਵਾਉਂਦਾ ਹੈ। ਪੰਜਾਬੀ ਲੋਕਧਾਰਾ ਦੇ ਅਧਿਐਨ ਖੇਤਰ ਵਿੱਚ ਵਿਸ਼ਵ ਕੋਸ਼ ਉਸ ਦੀ ਵਿਸ਼ੇਸ਼ ਦੇਣ ਹੈ। ਇਸ ਤੋਂ ਇਲਾਵਾ ਉਸਨੇ ਪੰਜਾਬੀ ਲੋਕਧਾਂਰਾ ਦੇ ਵਿਭਿੰਨ ਖੇਤਰਾਂ ਨਾਲ ਸੰਬੰਧਿਤ ਵੀਹ ਦੇ ਕਰੀਬ ਪੁਸਤਕਾਂ ਲਿਖੀਆਂ। ਜਿਵੇਂ 'ਲੋਕਧਾਰਾ ਤੇ ਸਾਹਿਤ', 'ਪੰਜਾਬ ਦੀ ਲੋਕਧਾਰਾ'। ਬੇਦੀ ਨੇ ਪੰਜਾਬੀ ਵਿੱਚ 'ਪਰੰਪਰਾ' ਨਾਂ ਦਾ ਰਸਾਲਾ ਵੀ ਸ਼ੁਰੂ ਕੀਤਾ ਸੀ। ਜਿਸ ਵਿੱਚ ਲੋਕ ਧਾਰਾ ਨਾਲ ਸੰਬੰਧਿਤ ਖੋਜ ਭਰਪੂਰ ਲੇਖ ਪ੍ਰਕਾਸ਼ਿਤ ਹੁੰਦੇ ਹਨ।'

ਡਾ. ਬੇਦੀ ਤੋਂ ਬਾਅਦ ਲੋਕਧਾਰਾ ਦੇ ਖੇਤਰ ਵਿੱਚ ਕਰਨੈਲ ਸਿੰਘ ਥਿੰਦ ਦਾ ਯੋਗਦਾਨ ਮਹੱਤਵਪੂਰਨ ਹੈ। ਲੋਕਧਾਰਾ ਦੇ ਅਕਾਦਮਿਕ ਜਗਤ ਨੂੰ ਮਾਨਤਾ ਦਿਵਾਉਣ ਦੇ ਨਾਲ-ਨਾਲ ਉਹਨਾਂ ਇਸ ਖੇਤਰ ਵਿੱਚ ਨਵੇਂ ਖੋਜੀਆਂ ਨੂੰ ਵੀ ਉਤਸ਼ਾਹਿਤ ਕੀਤਾ। ਡਾ. ਬੇਦੀ ਅਤੇ ਥਿੰਦ ਤੋਂ ਇਲਾਵਾ ਪੰਜਾਬੀ ਲੋਕ ਸਾਹਿਤ ਦਾ ਵਿਧੀ ਵਿਗਿਆਨਕ ਵਿਸ਼ਲੇਸ਼ਣ ਪੇਸ਼ ਕਰਨ ਵਾਲੇ ਵਿਦਵਾਨਾਂ ਵਿਚੋਂ ਡਾ. ਜੋਗਿੰਦਰ ਸਿੰਘ ਕੈਰੋਂ (ਲੋਕ ਵਾਰਤਾ ਪੰਜਾਬ), ਡਾ. ਨਾਹਰ ਸਿੰਘ (ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ) ਮੁੱਖ ਹਨ। ਡਾ. ਕਰਨਜੀਤ ਸਿੰਘ ਨੇ ਆਪਣੀਆਂ ਪੁਸਤਕਾਂ ਵਿੱਚ ਲੋਕਧਾਰਾ ਤੇ ਲੋਕ ਜੀਵਨ, ਲੋਕ ਮਨ ਚੇਤਨ-ਅਵਚੇਤਨ ਵਿੱਚ ਲੋਕਧਾਰਾ ਨੂੰ ਸਮਾਜਿਕ ਯਥਾਰਥ ਦੀ ਦ੍ਰਿਸ਼ਟੀ ਤੋਂ ਅਧਿਐਨ ਦਾ ਵਿਸ਼ਾ ਬਣਾਇਆ ਹੈ।

ਅਖੀਰ ਵਿੱਚ ਡਾ. ਥਿੰਦ ਦੀ ਪੁਸਤਕ 'ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ' ਦੇ ਛਪਣ ਨਾਲ ਘੱਟੋ-ਘੱਟ ਪੰਜਾਬੀ ਲੇਖਕਾਂ ਸਾਮ੍ਹਣੇ 'ਲੋਕਯਾਨ' ਵਿਸ਼ੇ ਦੇ ਸੰਬੰਧ ਵਿੱਚ ਇੱਕ ਤਰ੍ਹਾਂ ਨਾਲ ਬੰਦ ਕਿਵਾੜ ਖੁਲ੍ਹ ਗਏ ਹਨ। ਨਵੀਆਂ ਦਿਸ਼ਾਵਾਂ ਦਿਸ ਆਈਆਂ ਹਨ ਅਤੇ ਨਵੀਆਂ ਸੰਭਾਵਨਾਵਾਂ ਉਜਾਗਰ ਹੋ ਗਈਆਂ। ਇਸ ਪੁਸਤਕ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਲੋਕਧਾਰਾ ਅਧਿਐਨ ਠੀਕ ਅਤੇ ਵਿਗਿਆਨਕ ਲੀਹਾਂ ਉੱਤੇ ਤੁਰਨਾ ਆਰੰਭ ਕਰ ਰਿਹਾ ਹੈ।

## ਵਿਵਹਾਰਕ ਅਧਿਐਨ

## **ਲੋਕ ਵਿਸ਼ਵਾਸ ਅਤੇ ਰਹੁ ਰੀਤਾ**

ਲੋਕਧਾਰਾ ਕਿਸੇ ਭੁਗੋਲਿਕ ਖਿੱਤੇ ਵਿਚ ਵਸਦੇ ਲੋਕ ਦੀ ਮਾਨਿਸਕਤਾ ਦਾ ਮਹੱਤਵਪੂਰਨ ਸੱਭਿਆਚਾਰਕ ਵਿਰਸਾ ਹੁੰਦੀ ਹੈ। ਲੋਕਧਾਰਾ ਕਿਸੇ ਸਮਾਜ ਵਿਚ ਵਸਦੇ ਲੋਕ ਦੀ ਮਾਨਿਸਕਤਾ ਨਾਲ ਗਹਿਣ ਰੂਪ ਜੁੜੀ ਹੰਦੀ ਹੈ। ਲੋਕ-ਵਿਸ਼ਵਾਸ ਜਿੱਥੇ ਲੋਕ ਮਾਨਿਸਕਤਾ ਦੀ ਅਭਿਵਅਕਤੀ ਕਰਦੇ ਹਨ, ਉੱਥੇ ਹੀ ਇਹ ਵਿਸ਼ੇਸ਼ ਖਿੱਤੇ ਉਸਦੀ ਬਣਤਰ ਅਤੇ ਵਿਧਾਨ ਨੂੰ ਸਮਝਣ ਜਾਣਨ ਵਿਚ ਸਹਾਈ ਹੁੰਦੇ ਹਨ। ਵਿਸਵਾਸ਼ ਕਰਨਾ ਮਨੁੱਖ ਦਾ ਸਹਿਜ ਸੁਭਾਵਿਕ ਵਰਤਾਰਾ ਹੈ, ਵਿਸਵਾਸ ਤੋਂ ਭਾਵ ਦਿਸਦੇ ਜ ਅਣਿਦਸਦੇ ਵਸਤ ਤੇ ਵਰਤਾਰੇ ਵਿਚ ਯਕੀਨ ਕਰਨਾ ਹੈ। ਪ੍ਰਕਿਰਤੀ ਅਤੇ ਵਿਸ਼ਵਾਸਾ ਦਾ ਆਪਸ ਵਿਚ ਗਹਿਰਾ ਸਬੰਧ ਹੈ ਕਿਸੇ ਘਟਨਾ ਦਾ ਸਬੰਧ ਜਦੋਂ ਸੁਭਾਵਿਕ ਰੂਪ ਵਿਚ ਕਿਸੇ ਹੋਰ ਘਟਨਾ ਨਾਲ ਜੁੜ ਜਾਂਦਾ ਹੈ ਤਾਂ ਅਜਿਹੇ ਸਬੰਧਾ ਅਤੇ ਮਨੁੱਖੀ ਮਨ ਦੇ ਅਚੇਤ ਸੁਚੇਤ ਸੁਭਾਵਿਕ ਤੇ ਕਾਲਪਨਿਕ ਕਿਸਮ ਦੇ ਅਨੁਮਾਨਾਂ ਨੇ ਕਈ ਵਿਸ਼ਵਾਸ ਉਤਪੰਨ, ਕੀਤੇ ਜੋ ਸਮਾਂ ਬੀਤਣ ਦੇ ਨਾਲ ਨਾਲ ਲੋਕ ਵਿਸ਼ਵਾਸਾ ਦਾ ਰੂਪ ਧਾਰਨ ਕਰ ਗਏ। ਆਦਿ ਕਾਲ ਤ ਮਨੁੱਖ ਪ੍ਰਕਿਰਤੀ ਨੂੰ ਅਪਣੇ ਹਿੱਤਾ ਅਨੁਕੂਲ ਵਰਤਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਤੇ ਉਹ ਪ੍ਰਕਿਰਤੀ ਵਿਚ ਵਾਪਰੀਆਂ ਘਟਨਾਵਾਂ ਦੇ ਕਾਰਨਾਂ ਅਤੇ ਕਾਰਜੀ ਸਬੰਧ ਨੂੰ ਤਾਰਿਕਕ ਅਧਾਰ ਉਪਰ ਸਮਝਣ ਦੀ ਬਜਾਏ ਕਈ ਕਿਸਮ ਦੇ ਭਰਮ ਤਰਕ ਉਸਾਰ ਲੈਦਾ ਹੈ। ਇਨ੍ਹਾਂ ਭਰਮਾਂ ਤੋਂ ਹੀ ਕਈ ਕਿਸਮ ਦੇ ਲੋਕ ਵਿਸ਼ਵਾਸ ਉਤਪੰਨ ਹੁੰਦੇ ਹਨ।

ਲੋਕ ਵਿਸ਼ਵਾਸ ਸਮੇਂ ਅਨੁਸਾਰ ਬਣਦੇ ਅਤੇ ਬਿਨਸਦੇ ਰਹਿੰਦੇ ਹਨ ਕਿਉਂਕਿ ਇਹ ਸਮਾਜ ਨਿਰੰਤਰ ਪ੍ਰਵਾਹ ਨਾਲ ਜੁੜਿਆ ਵਰਤਾਰਾ ਹੈ। ਜੋ ਚੀਜ਼ ਮਨੁੱਖ ਲਈ ਸਾਰਥਕਤਾ ਗੁਆ ਲੈਂਦੀ ਹੈ ਉਹ ਉਸਦੀ ਜ਼ਿੰਦਗੀ ਵਿਚ ਮਨਫ਼ੀ ਹੁੰਦੀ ਜਾਦੀ ਹੈ ਅਤੇ ਜੋ ਸਾਰਥਕ ਬਣ ਜਾਂਦੀ ਹੈ ਉਸਦੀ ਮਹੱਤਤਾ ਵਧ ਜਾਂਦੀ ਹੈ। ਇਸ ਲਈ ਵਿਸ਼ਵਾਸ ਸਮੇਂ ਮੁਤਾਬਿਕ ਬਦਲਦੇ ਰਹਿੰਦੇ ਹਨ ਇਹ ਨਿੱਜੀ ਸਮੂਹਿਕ ਵਿਸ਼ੇਸ਼ ਖਿੱਤੇ ਤੇ ਖਾਸ ਘਟਨਾਵਾਂ ਨਾਲ ਜੁੜ ਕੇ ਸਾਹਮਣੇ ਆਉਦੇ ਹਨ। ਵਿਸ਼ਵਾਸ ਕਰਨਾ ਮਨੁੱਖ ਦੀ ਸਰਵੋਤਮ ਰੁੱਚੀ ਹੈ ਇਸਦੇ ਤਹਿਤ ਹੀ ਮਨੁੱਖ ਨੇ ਅਪਣੇ ਗਿਆਨ ਵਿਗਆਨ ਦੇ ਭੰਡਾਰ ਵਿਚ ਹੈਰਾਨੀਜਨਕ ਤਰੱਕੀ ਕੀਤੀ ਹੈ ਮਨੁੱਖ ਦਾ ਸਮਾਜਿਕ ਧਾਰਿਮਕ ਅਤੇ ਸੱਭਿਆਚਾਰਕ ਵਿਕਾਸ ਵਿਭੰਨ ਪੱਧਰਾ ਤੇ ਵਿਸ਼ਵਾਸਾਂ ਨਾਲ ਜੁੜਿਆ ਹੋਇਆ ਵਿਸ਼ਵਾਸ ਦਾ ਸਬੰਧ ਮਨੁੱਖ ਦੇ ਕਿਰਆਤਮਕ ਜ ਅਭਿਆਸਕ ਜੀਵਨ ਨਾਲ ਹੈ।

ਲੋਕ ਵਿਸ਼ਵਾਸ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਮੱਤ ਤੇ ਰਾਏ ਹੈ ਇਨ੍ਹਾਂ ਵਿਚ ਸੋਹੰਦਰ ਸਿੰਘ ਵਣਜਾਰਾ ਬੇਦੀ, ਕਰਨੈਲ ਸਿੰਘ ਥਿੰਦ, ਭੁਪਿੰਦਰ ਸਿੰਘ ਖਹਿਰਾ ਅਤੇ ਨਾਹਰ ਸਿੰਘ ਮੁੱਖ ਨਾਂਮ ਹਨ ਜਿਨ੍ਹਾਂ ਨੇ ਲੋਕ ਵਿਸ਼ਵਾਸ ਸ਼ਬਦ ਨੂੰ ਪ੍ਰਭਾਸ਼ਿਤ ਕੀਤਾ ਹੈ।

ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ-

ਲੋਕ ਵਿਸ਼ਵਾਸ ਸਦੀਆਂ ਦੇ ਸਮੂਹਿਕ ਅਨੁਭਵ ਦੇ ਫ਼ਲ ਹੰਦੇ ਹਨ ਇਨ੍ਹਾਂ ਨੂੰ ਪਰੰਪਰਾਵਾਂ ਤੋਂ ਸ਼ਕਤੀ ਮਿਲਦੀ ਹੈ ਲੋਕੀ ਇਸ ਨਾਲ ਮਾਨਿਸਕ ਤੌਰ ਤੇ ਬੱਝ ਜਾਂਦੇ ਹਨ ਕਈ ਵਿਸ਼ਵਾਸ ਪੀੜੀ ਦਰ ਪੀੜੀ ਤੁਰਦੇ ਜਾਤੀ ਦੇ ਸੰਸਕਾਰ ਬਣ ਹਨ ਇਨ੍ਹਾਂ ਦੀ ਸਿਰਜਣਾ ਵਿਚ ਲੋਕ ਮਨ ਦੀ ਭੂਮਿਕਾ ਬੜੀ ਅਹਿਮ ਹੁੰਦੀ ਹੈ

ਕਰਨੈਲ ਸਿੰਘ ਥਿੰਦ ਅਨੁਸਾਰ-

ਲੋਕ ਮਾਨਸ ਦੀ ਅਭਿਵਅਕਤੀ ਨਾਲ ਲੋਕ ਵਿਸ਼ਵਾਸ ਦਾ ਸਿੱਧਾ ਘਨਿਸ਼ਟ ਸਬੰਧ ਹੈ ਪ੍ਰਾਚੀਨ ਸੱਭਿਆਚਾਰਾ ਦੇ ਅੰਸ਼ ਵੀ ਸਭ ਤੋਂ ਅਧਿਕ ਮਾਤਰਾ ਵਿਚ ਆਦਿਮ ਮਾਨਵ ਦੇ ਵਿਸ਼ਵਾਸਾਂ ਵਿਚ ਉਪਲੱਬਧ ਹਨ। ਆਧੁਨਿਕ ਯੁੱਗ ਵਿਚ ਵੀ ਇਹ ਵਿਸ਼ਵਾਸ ਪੂਰੀ ਤਰ੍ਹਾਂ ਲੋਕ ਮਨਾਂ ਵਿਚ ਵਿਦਮਾਨ ਹਨ।

ਭੁਪਿੰ ਦਰ ਸਿੰਘ ਖਹਿਰਾ ਅਨੁਸਾਰ-

ਲੋਕ ਵਿਸ਼ਵਾਸ ਜਿਉਣ ਵਿਚ ਸਾਡਾ ਵਿਸ਼ਵਾਸ ਬਣਾਉਦੇ ਹਨ ਇਹ ਜੀਵਨ ਲਈ ਇਕ ਸਮੱਗਰੀ ਪ੍ਰਦਾਨ ਕਰਦੇ ਹਨ। ਜੇਕਰ ਲੋਕ ਵਿਸ਼ਵਾਸ ਨਾ ਹੋਣ ਤਾਂ ਜ਼ਿੰਦਗੀ ਜ਼ਿੰਦਗੀ ਨਹੀਂ ਰਹੇਗੀ ਇਕ ਮਸ਼ੀਨ ਬਣ ਜਾਵੇਗੀ ਇਹ ਸਾਨੂੰ ਜਿਉਣ ਦੀ ਯੁਗਤ ਬਖ਼ਸਦੇ ਹਨ .

ਨਾਹਰ ਸਿੰਘ ਅਨੁਸਾਰ-

ਲੋਕ ਵਿਸ਼ਵਾਸ ਕਿਸੇ ਲੋਕਧਾਰਕ ਤਰਕ ਉੱਤੇ ਅਧਾਰਿਤ ਹੁੰਦਾ ਹੈ ਇਸ ਲਈ ਇਸ ਨੂੰ ਵਹਿਮ ਭਰਮ ਕਹਿਣਾ ਠੀਕ ਨਹੀ ਲੋਕ ਵਿਸ਼ਵਾਸ ਦਾ ਤਰਕ ਮਿੱਥ ਦੇ ਤਰਕ ਨਾਲ ਮਿਲਦਾ ਜੁਲਦਾ ਹੈ ਅਰਥਾਤ ਇਨ੍ਹਾਂ ਵਿਚ ਰਸਮੀ ਦਲੀਲ ਨਹੀ ਹੁੰਦੀ ਪਰ ਸਾਂਸਕ੍ਰਿਤਕ ਤਕ ਸੱਚ ਹੁੰਦਾ ਹੈ

ਲੋਕ ਵਿਸ਼ਵਾਸ ਦਾ ਦਾਇਰਾ ਬਹੁਤ ਵਿਸ਼ਾਲ ਹੈ ਇਹ ਸਮਾਜ ਦੀ ਸੰਜੀਵ ਨਿਰਜੀਵ ਦਿਸਦੀ ਅਦਿਸਦੀ ਤਰਲ ਕਠੋਰ ਆਦਿਕ ਹਰ ਵਸਤੂ ਨੰ ਕਲਾਵੇ ਵਿਚ ਲੈਂਦੇ ਹਨ । ਇਨ੍ਹਾਂ ਤੋਂ ਕੁੱਝ ਵੀ ਅਣਛੂਹਿਆ ਤੇ ਅਛੂਤਾ ਨਹੀ ਰਹਿੰਦਾ ਇਨ੍ਹਾਂ ਦਾ ਪ੍ਰਭਾਵ ਦਿੱਖ ਅਦਿੱਖ ਰੂਪ ਵਿਚ ਮਾਨਵੀ ਜੀਵਨ ਉਪਰ ਪੈਂਦਾ ਹੈ। ਜੇਕਰ ਅਸੀ ਮੁੱਖ ਰੂਪ ਵਿਚ ਲੋਕ ਵਿਸ਼ਵਾਸਾਂ ਦੀ ਵਰਗ ਵੰਡ ਕਰੀਏ ਤਾਂ ਇਨ੍ਹਾਂ ਦੇ ਪ੍ਰਮੁੱਖ ਅਧਾਰ ਇਸ ਪ੍ਰਕਾਰ ਹਨ

1.ਜਨਮ, ਵਿਆਹ ਤੇ ਮੌਤ ਨਾਲ ਸੰਬੰਧਿਤ ਲੋਕ ਵਿਸ਼ਵਾਸ

2.ਲੋਕ ਚਿਕਿਤਸਾ ਨਾਲ ਸੰਬੰਧਿਤ ਲੋਕ ਵਿਸ਼ਵਾਸ

3.ਸੁਪਿਨਆਂ ਨਾਲ ਸੰਬੰਧਿਤ ਲੋਕ ਵਿਸ਼ਵਾਸ

4.ਸਫ਼ਰ ਨਾਲ ਸੰਬੰਧਿਤ ਲੋਕ ਵਿਸ਼ਵਾਸ

5.ਦਿਸ਼ਾਵਾਂ, ਰਾਤ-ਦਿਨ ਤੇ ਗ੍ਰਹਿਆ ਨਾਲ ਸੰਬੰਧਿਤ ਲੋਕ ਵਿਸ਼ਵਾਸ

6.ਪਸ਼ੂ ਪੰਛੀ ਤੇ ਜੀਵਾਂ ਨਾਲ ਸੰਬੰਧਿਤ ਲੋਕ ਵਿਸ਼ਵਾਸ

7.ਕਿਸਾਨੀ ਜੀਵਨ ਤੇ ਪ੍ਰਕਿਰਤੀ ਨਾਲ ਸੰਬੰਧਿਤ ਲੋਕ ਵਿਸ਼ਵਾਸ

8.ਸਰੀਰਕ ਅੰਗ ਨਾਲ ਸੰਬੰਧਿਤ ਲੋਕ ਵਿਸ਼ਵਾਸ

9.ਨਜ਼ਰ ਲੱਗਣ ਨਾਲ ਸੰਬੰਧਿਤ ਲੋਕ ਵਿਸ਼ਵਾਸ

10.ਅੰਕਾਂ ਨਾਲ ਸੰਬੰਧਿਤ ਲੋਕ ਵਿਸ਼ਵਾਸ

11.ਫੁਟਕਲ ਲੋਕ ਵਿਸ਼ਵਾਸ

ਜਨਮ ਬਾਰੇ

- ਸੰਤਾਨ ਚਾਹੁਣ ਵਾਲੀ ਔਰਤ ਨੂੰ ਨਾਰੀਅਲ ਦਾ ਫ਼ਲ ਦੇਣਾ।
- ਬਾਂਝ ਔਰਤ ਜੇਕਰ ਕੱਪੜੇ ਦਾ ਗੁੱਡਾ ਬਣਾ ਕੇ ਖਿਡਾਵੇ ਤਾਂ ਬੱਚਾ ਪੈਦਾ ਹੁੰਦਾ ਹੈ।
- ਗਰਭਵਤੀ ਕਰੂਪ ਚੀਜ਼ ਨਾ ਦੇਖੇ।
- ਪਹਿਲੇ ਬੱਚੇ ਦਾ ਜਨਮ ਪੇਕੇ ਘਰ ਕਰਾਉਣਾ।
- ਅੰਮ੍ਰਿਤ ਵੇਲੇ ਪੈਦਾ ਹੋਇਆ ਬੱਚਾ ਦੈਵੀ ਗੁਣ ਵਾਲਾ ਹੁੰਦਾ ਹੈ।
- ਬੱਚਾ ਉਪਰਲੇ ਦੰਦ ਕੱਢੇ ਤਾਂ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਨਾਨਕਿਆਂ ਪਵੇਗਾ।
- ਧਮਾਣ ਵਾਲੇ ਦਿਨ ਤਕ ਘਰ ਨੂੰ ਅਪਵਿੱਤਰ ਮੰਨਿਆਂ ਜਾਂਦਾ ਹੈ ਉਸਦਾ ਕਾਰਨ ਸੂਤਕ ਹੈ।
- `ਧਮਾਣ` ਵਾਲੇ ਦਿਨ ਮਾਂ ਬੱਚੇ ਨੂੰ ਪਹਿਲੀ ਵਾਰ ਬੱਚੇ ਨੂੰ ਲੈਕੇ ਬਾਹਰ ਨਿਕਲਦੀ ਹੈ ਇਸ ਰੀਤ ਨੂੰ ਬਾਹਰ ਵਧਾਵਣ ਵੀ ਕਹਿੰਦੇ ਹਨ

ਵਿਆਹ ਬਾਰੇ

ਵਿਆਹ ਜੀਵਨ ਦੀ ਇਕ ਉਤਸਾਹਮਈ ਘਟਨਾ ਹੈ ਜਿਸਦਾ ਹਰ ਦਿਲ ਸੁਪਨਾ ਲੈਂਦਾ ਹੈ ਵਿਆਹ ਦੇ ਅਨੇਕਾਂ ਲੋਕ ਵਿਸ਼ਵਾਸਾਂ ਦਾ ਪਾਲਣ ਕੀਤਾ ਜਾਂਦਾ ਹੈ

- ਵਿਆਹ ਤੋਂ ਪਹਿਲਾਂ ਮੁੰਡੇ ਕੁੜੀ ਨੂੰ ਵੱਟਣਾ ਮਲਿਆ ਜਾਂਦਾ ਹੈ।
- ਵਿਆਹ ਦਾ ਸਾਹਾ ਕਢਵਾਉਣ ਪਿੱਛੋ ਬਾਹਰ ਨਿਕਲਣਾ ਵਰਜਿਤ ਹੁੰਦਾ ਹੈ।
- ਮਾਈਂਏ ਪੈਣ ਤੋਂ ਬਾਅਦ ਮੁੰਡੇ ਕੁੜੀ ਦਾ ਘਰੋਂ ਨਿਕਲਣਾ ਵਰਜਿਤ ਹੁੰਦਾ ਹੈ।
- ਵਿਆਹ ਤੋਂ ਪਹਿਲਾਂ ਸੱਤ ਸੁਹਾਗਣਾਂ ਦੀ ਰੀਤ ਕੀਤੀ ਜਾਂਦੀ ਹੈ
- ਨਵੀਂ ਵਿਆਹੀ ਜੋੜੀ ਤੋਂ ਕੰਗਨਾਂ ਖੇਡਣ ਦੀ ਰਸਮ ਕਰਾਈ ਜਾਂਦੀ ਹੈ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਨਵੀ ਵਿਆਹ ਜੋੜੀ ਵਿਚੋ ਜਿਹੜਾ ਪਹਿਲਾਂ ਮੁੰਦਰੀ,ਲੱਭੇਗਾ, ਉਸਦਾ ਰੋਅਬ ਸਾਰੀ ਉਮਰ ਰਹੇਗਾ।
- ਲਾੜਾ ਕੰਨਿਆਂ ਪੱਖ ਦੇ ਦਰਵਾਜੇ ਵਿਚ ਪਹਿਲਾਂ ਸੱਜਾ ਪੈਰ ਧਰੇ ਤਾਂ ਸੁਭ ਵਹੁਟੀ ਸਹੁਰਿਆ ਦੇ ਦਰਵਾਜੇ ਵਿਚ ਪਹਿਲਾਂ ਖੱਬਾ ਪੈਰ ਸੁਭ ਮੰਨਿਆਂ ਹੈ।
- ਛਟਿਆਂ ਖੇਡਣ ਦੀ ਰਸਮ ਕੀਤੀ ਜਾਂਦੀ ਹੈ

- ਵਿਆਹ ਦੇ ਸਮੇਂ ਲਾੜੇ ਵੱਲੋਂ ਅਪਣੀ ਸਾਲੀ ਨੂੰ ਮੁੰਦਰੀ ਪਾਈ ਜਾਂਦੀ ਹੈ ਤੇ ਅਤੇ ਵਿਆਹ ਉਪਰੰਤ ਲਾੜੀ ਵੱਲੋਂ ਦਿਉਰ ਨੂੰ ਗੋਦੀ ਵਿਚ ਬਿਠਾਉਣ ਦੀ ਰਸਮ ਅਦਾ ਕਰਾਈ ਜਾਂਦੀ ਹੈ
- ਜਦੋਂ ਲਾੜਾ ਵਾਪਿਸ ਘਰ ਆਉਂਦਾ ਹੈ ਤਾਂ ਲਾੜੇ ਦੀ ਮਾਂ ਨਵੀਂ ਜੋੜੀ ਤੋਂ ਪਾਣੀ ਵਾਰ ਕੇ ਪੀਂਦੀ ਹੈ।
- ਵਿਆਹ ਤੋਂ ਬਾਅਦ ਨਵੀਂ ਜੋੜੀ ਨੂੰ ਨਗਰ ਖੇੜੇ ਦੀ ਸਮਾਧ ਉਪਰ ਮੱਥਾਂ ਟਿਕਾਇਆਂ ਜਾਂਦਾ ਹੈ।

ਮੌਤ ਬਾਰੇ

ਮੌਤ ਜ਼ਿੰਦਗੀ ਦੀ ਬਹੁਤ ਦੁਖਦਾਈ ਘਟਨਾ ਹੈ ਉਮਰ ਵੱਖ-ਵੱਖ ਪੜਾਵਾ ਨਾਲ ਸੰਬੰਧਿਤ ਮੌਤ ਸਮੇਂ ਵਿਭਿੰਨ ਤਰ੍ਹਾਂ ਦੇ ਸੰਸਕਾਰ ਹੁੰਦੇ ਹਨ।

- ਆਤਮ ਹੱਤਿਆ ਕਰਨ ਵਾਲੇ ਦੀ ਗਤੀ ਨਹੀ ਹੁੰਦੀ
- ਮਰਨ ਵਾਲੇ ਪ੍ਰਾਣੀ ਦੀ ਤਲੀ ਤੇ ਦੀਵਾ ਜਗਾਇਆ ਜਾਂਦਾ ਹੈ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਚਾਨਣ ਨਾਲ ਉਹ ਮੌਤ ਉਪਰੰਤ ਹਨੇਰੇ ਪੈਂਡੇ ਤਹਿ ਕਰ ਸਕਦਾ ਹੈ
- ਮੌਤ ਹੋ ਜਾਣ ਤੋਂ ਬਾਅਦ ਘਰ ਵਿਚ ਪਾਣੀ ਨਾਲ ਭਰੇ ਬਾਲਟੀਆਂ ਜਾ ਘੜੇ ਖਾਲੀ ਕਰ ਦਿੱਤੇ ਜਾਂਦੇ ਹਨ
- ਛਿੱਲ੍ਹੇ ਵਿਚ ਮਰੀ ਔਰਤ ਦੇ ਸੰਸਕਾਰ ਸਮੇਂ ਅੱਖ ਵਿਚ ਮਿਰਚਾਂ ਪਾਈਆਂ ਜਾਂਦੀਆ ਹਨ
- ਦਾਹ ਸੰਸਕਾਰ ਤੋਂ ਚੌਥੇ ਦਿਨ ਫੁੱਲ ਚੁੱਗੇ ਜਾਂਦੇ ਹਨ
- ਔਰਤ ਮਰੇ ਤਾਂ ਪੇਕੇ ਕਫ਼ਨ ਪਾਓਦੇ ਹਨ ਆਦਮੀ ਮਰੇ ਤੇ ਉਸਦੇ ਸਹੁਰੇ ਅਤੇ ਕਫ਼ਨ ਸਿਉਣ ਲਈ ਸੂਈ ਵੀ ਔਰਤ ਦੇ ਪੇਕੇ ਲਿਆਉਂਦੇ ਹਨ
- ਮਰੇ ਵਿਅਕਤੀ ਨੂੰ ਇਕੱਲਾ ਨਹੀ ਛੱਡਿਆ ਜਾਂਦਾ
- ਮਰੇ ਵਿਅਕਤੀ ਦੀ ਹਿੱਕ `ਤੇ ਰੋਣਾਂ ਚੰਗਾਂ ਨਹੀ ਮੰਨਿਆਂ ਜਾਂਦਾ
- ਕਫ਼ਨ ਨੂੰ ਕਫ਼ਨ ਦੇ ਵਿਚੋਂ ਧਾਗਾ ਕੱਢ ਕੇ ਸੀਤਾ ਜਾਂਦਾ ਹੈ

*2.ਲੋਕ ਚਿਕਤਸਾ ਨਾਲ ਸੰਬੰਧਿਤ*

- ਦਾੜ ਪੀੜ ਦੇ ਇਲਾਜ ਲਈ ਮੰਤਰ ਉਚਾਰੀਆਂ ਜਾਂਦਾ ਹੈ

ਕਾਲਾ ਕੀੜਾ ਕਰਕਰਾ

ਬੱਤੀ ਦੰਦ ਚਰੇ

ਦੁਹਾਈ ਬਾਬਾ ਫਰੀਦ ਕੀ

ਸੜ ਬਲ ਕੀੜਾ ਵਿਚ ਮਰੇ

- ਜ਼ਹਿਰ ਤੇ ਕੱਖ ਲੱਗੇ ਦੇ ਇਲਾਜ ਲਈ ਫਾਂਡੇ ਕੀਤੇ ਜਾਂਦੇ ਹਨਦੇ ਹਨ ਤੇ ਧਾਗੇ ਕੀਤੇ ਜਾਂ
- ਫ਼ਸਲ ਬਰਬਾਦੀ ਲਈ ਕੁੱਝ ਦਾਣੇ, ਤਵੀਜ਼, ਸੰਧੂਰ, ਮੌਲੀ ਦਾ ਧਾਗਾ ਇਕ ਪੋਟਲੀ ਵਿਚ ਬੰਨ ਕੇ ਵਿਰੋਧੀ ਦੀ ਜ਼ਮੀਨ ਵਿਚ ਦੱਬ ਦਿੱਤੇ ਜਾਂਦੇ ਹਨ
- ਤਬਕਣ ਤੋਂ ਛੁਟਕਾਰਾ ਪਾਉਣ ਲਈ ਪੁੱਠਾ ਤਵਾ ਸਿਰਹਾਣੇ ਰੱਖਿਆ ਜਾਂਦਾ ਹੈ

- ਵਾਰੀ ਦਾ ਬੁਖਾਰ ਉਤਾਰਨ ਲਈ ਸਵੇਰੇ ਸੂਰਜ ਨਿਕਲਣ ਤੋਂ ਪਹਿਲਾਂ ਕਿਸੇ ਚੌਰਸਤੇ ਵਿਚ ਚੜਦੇ ਵੱਲ ਨੂੰ ਮੂੰਹ ਕਰਕੇ ਅਪਣੇ ਅੱਗੇ ਪਿੱਛੇ ਸੱਜੇ ਖੱਬੇ ਮਿੱਟੀ ਦੀਆਂ ਚਾਰ ਢੇਰੀਆਂ ਬਣਾ ਕੇ ਵਾਪਸ ਘਰ ਆਉਣ ਨਾਲ ਬੁਖਾਰ ਉੱਤਰ ਜਾਂਦਾ ਹੈ
- ਫੋੜੇ ਫਿਨਸੀਆਂ ਨਿਕਲਣ ਤੇ ਹਰੇ ਸਰਕੜੇ ਦੀਆਂ ਸੱਤ ਮੁੱਠਾ ਵੱਟ ਕੇ ਚੌਰਸਤੇ ਵਿਚ ਰੱਖ ਦੇਣੀਆਂ ਜੋ ਲੰਘੇਗਾ ਫੋੜੇ ਉਸਨੂੰ ਨਿਕਲਣ ਲੱਗ ਪਵੇਗਾ

*3.ਸੁਪਿਨਆਂ ਨਾਲ ਸੰਬੰਧਿਤ*

ਭਾਰਤੀ ਦਰਸ਼ਨ ਵਿਚ ਮਨ ਦੀਆਂ ਚਾਰ ਅਵਸਥਾਵਾਂ - ਜਾਗਤ, ਸੁਪਨ, ਸਖੋਪਤੀ ਤੇ ਤੁਰੀਆ ਮੰਨੀਆਂ ਗਈਆਂ ਹਨ। ਅਰਧ ਚੇਤਨ ਦਾ ਸਬੰਧ ਸੁਪਨ ਅਵਸਥਾ ਦੇ ਨਾਲ ਹੈ ਜੋ ਖਾਹਿਸ਼ਾ ਮਨੁੱਖ ਅਸਲ ਜੀਵਨ ਵਿਚ ਪ੍ਰਾਪਤ ਨਹੀ ਕਰ ਸਕਦਾ ਉਹ ਸੁਪਨ ਰੂਪ ਵਿਚ ਕਰਦਾ ਹੈ। ਪੰਜਾਬੀ ਲੋਕ ਜੀਵਨ ਵਿਚ ਸੁਪਿਨਆਂ ਨਾਲ ਸੰਬੰਧਿਤ ਬਹੁਤ ਸਾਰੇ ਲੋਕ ਵਿਸ਼ਵਾਸ ਮਿਲਦੇ ਹਨ

- ਸੁਪਨ ਵਿਚ ਲੋਹਾ ਦੇਖਣਾ ਮਾੜਾ ਮੰਨਿਆਂ ਜਾਂਦਾ ਹੈ
- ਕਪਾਹ ਦੇਖਣੀ ਕਫ਼ਨ ਦੇਖਣ ਬਰਾਬਰ ਹੈ
- ਸੁਪਨੇ ਵਿਚ ਮਰਨ ਨਾਲ ਉਮਰ ਵਾਧਾ ਹੁੰਦਾ ਹੈ
- ਸੁਪਨੇ ਵਿਚ ਨਦੀ ਪਾਰ ਕਰਨਾਂ ਲੰਮੀ ਬਿਮਾਰੀ ਤੋਂ ਛੁਟਕਾਰਾ ਸਮਝਿਆਂ ਜਾਂਦਾ ਹੈ
- ਸੁਪਨੇ ਵਿਚ ਜੇਕਰ ਕੱਚੇ ਮਾਸ ਦੀਆਂ ਬੋਟੀਆਂ ਦਿਸਣ ਤਾਂ ਸਮਝੋ ਕਿ ਬਿਮਾਰੀ ਲੱਗਣ ਵਾਲੀ ਹੈ
- ਸੁਪਨੇ ਵਿਚ ਸੱਪ ਦਿਸੇ ਤਾਂ ਸਮਝੋ ਕੋਈ ਸੁੱਖਣਾ ਰਹਿੰਦੀ ਹੈ
- ਸੁਪਨੇ ਵਿਚ ਕੁੱਤਾ ਕੱਟੇ ਤਾਂ ਗ੍ਰਹਿ ਚੜਦਾ ਹੈ
- ਸੁਪਨੇ ਵਿਚ ਖੜਾ ਦੇਖਣਾ ਅਸ਼ੁੱਭ ਮੰਨਿਆਂ ਜਾਂਦਾ ਹੈ
- ਸੁਪਨੇ ਵਿਚ ਕਾਲੇ ਤਿਲ ਦੇਖਣੇ ਅਸ਼ੁੱਭ ਮੰਨਿਆਂ ਜਾਂਦਾ ਹੈ
- ਪਹਾੜ ਚੜਨਾ ਤਰੱਕੀ ਦਾ ਸੂਚਕ ਹੈ
- ਲੋਕ ਵਿਸ਼ਵਾਸ ਹੈ ਕਿ ਚੰਗਾ ਸੁਪਨਾ ਆਉਣ ਤੋਂ ਬਾਅਦ ਸੌਣਾਂ ਨਹੀਂ ਚਾਹੀਦਾ ਨਹੀਂ ਤਾਂ ਉਸਦਾ ਫ਼ਲ ਮਾਰਿਆਂ ਜਾਂਦਾ ਹੈ

*4.ਸਫ਼ਰ ਦੇ ਨਾਲ ਸੰਬੰਧਿਤ ਲੋਕ ਵਿਸ਼ਵਾਸ*

ਪੁਰਾਣੇ ਸਮਿਆਂ ਵਿਚ ਆਵਾਜਾਈ ਦੇ ਸਾਧਨ ਵਿਕਿਸਤ ਨਹੀਂ ਸਨ ਸਫ਼ਰ ਤੇ ਜਾਣਾ ਬਹੁਤ ਸਾਰੇ ਖਤਰਿਆਂ ਨਾਲ ਜੁੜਿਆ ਹੋਇਆ ਸੀ ਬਹੁਤਾ ਸਫ਼ਰ ਪੈਦਲ ਕੀਤਾ ਜਾਂਦਾ ਸੀ ਇਸ ਲਈ ਸਫ਼ਰ ਤੇ ਜਾਣ ਸਬੰਧੀ ਬਹੁਤ ਸਾਰੇ ਲੋਕ ਵਿਸ਼ਵਾਸ ਮਿਲਦੇ ਹਨ

- ਸਫ਼ਰ ਤੇ ਜਾਣ ਸਮੇਂ ਪਿੱਛੇ ਅਵਾਜ਼ ਮਾਰਨੀ ਮਾੜੀ ਸਮਝੀ ਜਾਂਦੀ ਹੈ

- ਗਧਾ, ਝੋਟਾ, ਖਾਲੀ ਟੋਕਰਾ, ਗਿੱਦੜ, ਨੰਗੇ ਸਿਰ, ਖਾਲੀ ਭਾਂਡਾ, ਅੰਨਾ, ਕਾਣਾ, ਫ਼ਕੀਰ ਦਾ ਮੱਥੇ ਲੱਗਣਾ ਅਸ਼ੁੱਭ ਮੰਨਿਆਂ ਜਾਂਦਾ ਹੈ
- ਜਾਣ ਵੇਲੇ ਘਰ ਪਾਣੀ ਪੀ ਕੇ ਤੁਰਨਾ ਨਹੀ ਚਾਹੀਦਾ
- ਜੁੱਤੀ ਪੁੱਠੀ ਹੋਵੇ ਤਾਂ ਸਫ਼ਰ ਦਾ ਸੰਕੇਤ ਹੈ
- ਕੋਈ ਪਾਣੀ ਲੈ ਕੇ ਆਉਦਾਂ ਮਿਲੇ ਤਾਂ ਸ਼ੁੱਭ ਮੰਨਿਆ ਜਾਂਦਾ ਹੈ
- ਲੱਕੜਾਂ ਲੈ ਕੇ ਮਿਲੇ ਤਾਂ ਮਾੜਾ ਹੁੰਦਾ ਹੈ
- ਕੋਈ ਘਰੋਂ ਬਾਹਰ ਜਾਵੇ ਤਾਂ ਕੁੰਭ ਭਰ ਕੇ ਰੱਖਣਾ ਤੇ ਫ਼ਲਦਾਰ ਬੂਟੇ ਨੂੰ ਪਾਉਣਾਂ ਸ਼ੁੱਭ ਹੁੰਦਾ ਹੈ
- ਸਫ਼ਰ ਤੇ ਤੁਰਨ ਸਮੇਂ ਜੇਕਰ ਸਹਿਜ ਸੁਭਾ ਦੋ ਨਿੱਛਾਂ ਵੱਜਣ ਤਾਂ ਚੰਗਾ ਸ਼ਗਨ ਹੁੰਦਾ ਹੈ
- ਇਕ ਨਿੱਛ ਵੱਜਣੀ ਅਸ਼ੁੱਭ ਮੰਨੀ ਜਾਂਦੀ ਹੈ
- ਕੋਈ ਹਰੀ ਘਾਹ ਦੀ ਪੰਡ ਮਿਲੇ ਤਾਂ ਸ਼ੁੱਭ ਹੁੰਦਾ ਹੈ
- ਮੰਗਲ ਤੇ ਬੁੱਧ ਉਤਰ ਦਿਸ਼ਾ ਵੱਲ ਸਫ਼ਰ ਕਰਨਾ ਮਾੜਾ ਹੈ ਸੋਮਵਾਰ ਤੇ ਸ਼ੁੱਕਰਵਾਰ ਇਸ ਦਿਸ਼ਾ ਵੱਲ ਸਫ਼ਰ ਕਰਨਾ ਸ਼ੁੱਭ ਮੰਨਿਆਂ ਜਾਂਦਾ ਹੈ ਇਸੇ ਲਈ ਕਿਹਾ ਜਾਂਦਾ ਹੈ

ਮੰਗਲ ਬੁੱਧ ਨਾ ਜਾਈਏ ਪਹਾੜ

ਜਿੱਤੀ ਬਾਜ਼ੀ ਆਈਏ ਹਾਰ

5. ਦਿਸ਼ਾਵਾਂ , ਰਾਤ ਦਿਨ ਤੇ ਗ੍ਰਹਿਆਂ ਨਾਲ ਸੰਬੰਧਿਤ ਲੋਕ ਵਿਸ਼ਵਾਸ

ਸਾਡੀਆਂ ਚਾਰ ਦਿਸ਼ਾਵਾਂ ਹਨ ਲੋਕ ਮਾਨਿਸਕਤਾ ਨੇ ਹਰੇਕ ਦਿਸ਼ਾ ਵੱਲ ਕੋਈ ਨਾਂ ਕੋਈ ਵਿਸ਼ਵਾਸ ਜੁੜਿਆ ਹੋਇਆ ਹੈ ਕਿਸੇ ਖ਼ਾਸ ਦਿਨ ਖ਼ਾਸ ਦਿਸ਼ਾ ਵੱਲ ਜਾਣ ਨਾਲ ਲਾਭ ਜਾਂ ਹਾਨੀ ਹੋ ਸਕਦੀ ਹੈ ਲੋਕ ਮਾਨਿਸਕਤਾ ਇਹ ਵੀ ਮੰਨਦੀ ਹੈ ਕਿ ਹਰੇਕ ਆਦਮੀ ਦੇ ਅਪਣੇ ਗ੍ਰਹਿ ਤੇ ਨਛੱਤਰ ਹੁੰਦੇ ਹਨ ਜੋ ਉਸਦੀ ਸਫ਼ਲਤਾ ਤੇ ਅਸਫ਼ਲਤਾ ਦਾ ਸਬੱਬ ਬਣਦੇ ਹਨ

- ਉੱਤਰ ਦਿਸ਼ਾ ਧਨ ਦੋਲਤ ਦਿਸ਼ਾ ਮੰਨੀ ਜਾਂਦੀ ਹੈ
- ਪੂਰਬ ਦਿਸ਼ਾ ਨਵ ਜਾਗ੍ਰਿਤੀ ਦੀ ਦਿਸ਼ਾ ਮੰਨੀ ਜਾਂਦੀ ਹੈ
- ਟੁੱਟਦੇ ਤਾਰੇ ਵੱਲ ਦੇਖਣਾ ਮਾੜਾ ਮੰਨਿਆਂ ਜਾਂਦਾ ਹੈ
- ਨਵਵਿਆਹੀ ਕੁੜੀ ਇਕ ਸਾਲ ਨੇਮ ਨਾਲ ਦੂਜ ਦਾ ਚੰਨ ਚੜਦਾ ਵੇਖੇ ਉਸ ਦੇ ਘਰ ਚੰਨ ਵਰਗਾ ਪੁੱਤ ਪੈਦਾ - ਹੁੰਦਾ ਹੈ
- ਚੰਨ ਜਾਂ ਸੂਰਜ ਗ੍ਰਹਿਣ ਸਮੇਂ ਸਰੀਰਕ ਕੰਮ, ਖਾਣਾ ਪੀਣਾ ਤੇ ਪਹਿਨਣਾ ਮਾੜਾ ਮੰਨਿਆਂ ਜਾਂਦਾ ਹੈ
- ਐਤਵਾਰ, ਵੀਰਵਾਰ, ਮੰਗਲਵਾਰ ਤੇ ਸ਼ਨੀਵਾਰ ਮਾੜੇ ਮੰਨੇ ਜਾਂਦੇ ਹਨ
- ਸ਼ਨੀਵਾਰ ਉਤਰ ਦਿਸ਼ਾ ਵੱਲ ਨਹੀਂ ਜਾਣਾ ਚਾਹੀਦਾ

- ਮੰਗਲੀਕ ਕੰਨਿਆਂ ਦਾ ਵਿਆਹ ਮੰਗਲੀਕ ਵਰ ਨਾਲ ਹੋਣਾ ਚਾਹੀਦਾ ਹੈ ਨਹੀਂ ਦੋਵਾਂ ਵਿਚੋਂ ਇਕ ਦੀ ਮੌਤ ਹੋ ਜਾਵੇਗੀ
- ਸ਼ਨੀਵਾਰ ਸਿਰ ਤੇਲ ਪਾਉਣਾ ਤੇ ਇਸਤਰੀ ਸਿਰ ਨਹਾਉਣਾ ਮਾੜਾ ਸਮਝਿਆ ਜਾਂਦਾ ਹੈ

6.ਪਸ਼ੂ ਪੰਛੀਆਂ ਤੇ ਜੀਵਾਂ ਨਾਲ ਸੰਬੰਧਿਤ ਲੋਕ ਵਿਸ਼ਵਾਸ

ਮਨੁੱਖੀ ਜ਼ਿੰਦਗੀ ਵਿਚ ਪਸ਼ੂ ਪੰਛੀਆਂ ਤੇ ਜੀਵਾਂ ਦੀ ਖ਼ਾਸ ਮਹੱਹਤਾ ਹੈ ਜਿੱਥੇ ਇਹ ਉਸਦੀ ਜ਼ਿੰਦਗੀ ਵਿਚ ਰੰਗਤ ਭਰਦੇ ਹਨ ਉਸਦੇ ਸਹਾਇਕ ਵੀ ਬਣਦੇ ਹਨ। ਪੁਰਾਣੇ ਸਮਿਆਂ ਵਿਚ ਕਬੂਤਰ ਸੁਨੇਹੇ ਪੱਤਰ ਵੀ ਲੈ ਕੇ ਜਾਇਆ ਕਰਦੇ ਸਨ ਫਿਰ ਵੀ ਲੋਕ ਜੀਵਾਂ ਨਾਲ ਸੰਬੰਧਿਤ ਬਹੁਤ ਸਾਰੇ ਲੋਕ ਵਿਸ਼ਵਾਸ ਹਨ

- ਮੋਰ ਦਾ ਨੱਚਣਾ ਮੀਹ ਪੈਣ ਦਾ ਸੰਕੇਤ ਹੈ
- ਸ਼ੇਰ ਜਾਂ ਸਹੇ ਦੇ ਵਾਲ ਕੋਲ ਰੱਖਣ ਨਾਲ ਤਾਕਤ ਤੇ ਲਚਕ ਪ੍ਰਾਪਤ ਹੁੰਦੀ ਹੈ
- ਮੋਰ ਦੇ ਖੰਭ ਸ਼ੁੱਭ ਤੇ ਪਵਿੱਤਰਤਾ ਦਾ ਸੂਚਕ ਹਨ
- ਕੀੜੀਆਂ ਨਹੀਂ ਮਾਰਨੀਆਂ ਚਾਹੀਦੀਆਂ ਹਨ ਕੁੜੀਆਂ ਜੰਮਣ ਦਾ ਡਰ ਹੁੰਦਾ ਹੈ
- ਕਾਂ ਦਾ ਰਾਤ ਨੂੰ ਬੋਲਣਾ ਅਸ਼ੁੱਭ ਮੰਨਿਆਂ ਜਾਂਦਾ ਹੈ
- ਚੂਹੇ ਉੱਪਰ ਗਣੇਸ਼ ਸਵਾਰੀ ਕਰਦਾ ਹੈ
- ਬਲਦ ਸ਼ਿਵ ਦਾ ਵਾਹਨ ਹੈ
- ਬਾਂਦਰ ਦਾ ਨਾਂ ਸਵੇਰੇ ਲੈਣਾ ਮਾੜਾ ਪਰ ਮੱਥੇ ਲੱਗਣਾ ਚੰਗਾ ਸਮਝਿਆ ਜਾਂਦਾ ਹੈ
- ਪਸ਼ੂ ਖ੍ਰੀਦ ਸਮੇਂ ਜੇ ਪਿਸ਼ਾਬ ਕਰ ਦੇਵੇ ਤਾਂ ਅਸ਼ੁੱਭ ਮੰਨਿਆਂ ਜਾਂਦਾ ਹੈ ਫੋਸ ਕਰੇ ਤਾਂ ਸ਼ੁੱਭ ਮੰਨਿਆਂ ਜਾਂਦਾ ਹੈ
- ਕਬੂਤਰ ਘਰ ਵਿਚ ਬੋਲਣ ਤਾਂ ਉਜਾੜ ਭਾਲਦੇ ਹਨ
- ਉੱਲੂ ਦਾ ਬੋਲਣਾ ਮਾੜਾ ਸਮਝਿਆ ਜਾਂਦਾ ਹੈ
- ਨਜ਼ਰ ਤੇਜ਼ ਕਰਨ ਲਈ ਸੱਪ ਦੀ ਕੰਜ ਨੂੰ ਅੱਖਾਂ ਤੇ ਲਾਇਆ ਜਾਂਦਾ ਹੈ

7.ਕਿਸਾਨੀ ਜੀਵਨ ਤੇ ਪ੍ਰਕਿਰਤੀ ਨਾਲ ਸੰਬੰਧਿਤ ਲੋਕ ਵਿਸ਼ਵਾਸ

ਪੰਜਾਬ ਦੀ ਆਰਿਥਕਤਾ ਦੀ ਮੂਲ ਚੂਲ ਕਿਸਾਨੀ ਰਹੀ ਹੈ ਅਤੇ ਕਿਸਾਨੀ ਦਾ ਕੰਮ ਬੜਾ ਔਖਾ ਹੈ ਇਸ ਔਖ ਤੋਂ ਬਚਣ ਲਈ ਸਾਡੇ ਬਜ਼ੁਰਗਾ ਨੇ ਕੁੱਝ ਦਿਨਾਂ ਨੂੰ ਕੰਮ ਕਰਨਾ ਵਰਜ਼ਿਤ ਕੀਤਾ ਹੈ ਇਸ ਲਈ ਕਿਸਾਨੀ ਜੀਵਨ ਨਾਲ ਬਹੁਤ ਸਾਰੇ ਲੋਕ ਵਿਸ਼ਵਾਸ ਜੁੜੇ ਹੋਏ ਹਨ

- ਮੱਸਿਆ ਵਾਲੀ ਰਾਤ ਖੇਤ ਵਿਚ ਹਲ ਨਹੀ ਚਲਾਉਣਾ ਚਾਹੀਦਾ
- ਧਰਦੀ ਮਹੀਨੇ ਵਿਚ ਸੱਤ ਦਿਨ ਸੌਂਦੀ ਹੈ ਜਦੋਂ ਧਰਤੀ ਸੁੱਤੀ ਹੋਵੇ ਉਦੋਂ ਹਲ ਨਹੀ ਚਲਾਉਣਾ ਚਾਹੀਦਾ
- ਪੁਰੇ ਦੀ ਹਵਾ ਚੰਗੀ ਸਮਝੀ ਜਾਂਦੀ ਹੈ
- ਕਪਾਹ ਦੇ ਖੇਤ ਦੇ ਕੋਨਿਆਂ ਤੇ ਤੇਲ ਸਾੜਨਾ ਤੇ ਪਕੌੜੇ ਕੱਢਣੇ ਸ਼ੁੱਭ ਮੰਨੇ ਜਾਂਦੇ ਹਨ

- ਕਪਾਹ ਵਾਲੇ ਖੇਤ ਵਿਚ ਲੜਕੇ ਵਾਲੀ ਔਰਤ ਨਾਲ ਸੰਭੋਗ ਕਰਨ ਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਫ਼ਸਲ ਜੜ ਲੱਗਦੀ ਹੈ
- ਗੰਨਾ ਬੀਜਦੇ ਸਮੇਂ ਪੋਰੀਆਂ ਨੂੰ ਪਹਿਲਾਂ ਗੁੜ ਲਾਇਆ ਜਾਂਦਾ ਹੈ ਤਾਂ ਜੋ ਕਮਾਦ ਮਿੱਠਾ ਨਿਕਲੇ
- ਪਿੱਪਲ ਥੱਲੇ ਦੀਵਾ ਬਾਲਣਾ ਸ਼ੁੱਭ ਸਮਿਝਆ ਜਾਂਦਾ ਹੈ
- ਪਿੱਪਲ ਦੁਆਲੇ ਇੱਛਾ ਧਾਰ ਕੇ ਧਾਗਾ ਬੰਨਣ ਨਾਲ ਇੱਛਾ ਪੂਰੀ ਹੋ ਜਾਂਦੀ ਹੈ
- ਸ਼ਰੀਂਹ ਨੂੰ ਬ੍ਰਹਮ ਮੰਨਿਆਂ ਜਾਂਦਾ ਹੈ
- ਦੱਬ ਨੂੰ ਸ਼ੁੱਭ ਮੰਨਿਆਂ ਜਾਂਦਾ ਹੈ
- ਲਸੂੜਾ ਘਰ ਵਿਚ ਲਾਉਣਾ ਅਸ਼ੁੱਭ ਮੰਨਿਆਂ ਜਾਂਦਾ ਹੈ
- ਸੀਤਲਾ ਮਾਤਾ ਨਿਕਲਣ ਤੇ ਨਿੰਮ ਦੀ ਪੂਜਾ ਕਰਨੀ ਚਾਹੀਦੀ ਹੈ
- ਬਣ ਦੇ ਪੱਤੇ ਸ਼ੁੱਭ ਮੰਨ ਜਾਂਦੇ ਹਨ

8.ਸਰੀਰਕ ਅੰਗ ਨਾਲ ਸੰਬੰਧਿਤ ਲੋਕ ਵਿਸ਼ਵਾਸ

- ਔਰਤ ਦੇ ਪੈਰ ਵੱਡੇ ਹੋਣੇ ਮਾੜੇ ਸਮਝੇ ਜਾਂਦੇ ਹਨ
- ਦਾੜੀ ਵਾਲੀ ਔਰਤ ਮਾੜੀ ਸਮਝੀ ਜਾਂਦੀ ਹੈ
- ਪਲਕ ਤੇ ਗੱਲ ਦਾ ਫਰਕਣਾ ਸ਼ੁੱਭ ਮੰਨਿਆਂ ਜਾਂਦਾ ਹੈ
- ਭਰਵੱਟੇ ਤੇ ਠੋਡੀ ਦਾ ਫਰਕਣਾ ਮਾੜਾ ਹੁੰਦਾ ਹੈ
- ਜੇਕਰ ਕਿਸੇ ਆਦਮੀ ਦਾ ਨੱਕ ਅੱਗੋ ਉਤਾਂਹ ਨੂੰ ਮੁੜਿਆ ਹੋਵੇ ਜਾਂ ਉਸਦੇ ਸਰੀਰ ਤੇ ਜਿਆਦਾ ਵਾਲ ਹੋਣ ਤਾਂ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਵਿਅਕਤੀ ਵਿਚ ਸੈਕਸ ਸਮਰੱਥਾ ਜਿਆਦਾ ਹੈ
- ਜਿਸ ਆਦਮੀ ਦੇ ਬੱਤੀ ਦੰਦ ਹੋਣ ਉਸਦੀ ਕਹੀ ਹਰ ਗੱਲ ਸੱਚ ਹੁੰਦੀ ਹੈ
- ਪੱਦ, ਨਿਛ ਤੇ ਡਕਾਰ ਤਿੰਨ ਸਰੀਰ ਲਈ ਸ਼ੁੱਭ ਮੰਨੇ ਜਾਂਦੇ ਹਨ ਇਸੇ ਲਈ ਕਿਹਾ ਜਾਂਦਾ ਹੈ

ਪੱਦ ਨਿਛ ਤੇ ਡਕਾਰ

ਤਿੰਨ ਦੇਹ ਦੇ ਸਿੰਗਾਰ

- ਸਿਸ ਵਿਅਕਤੀ ਦੇ ਮੱਥੇ `ਤ ਤਿੰਨ ਸਿੱਧੀਆ ਰੇਖਾਵਾਂ ਹੋਣ ਉਹ ਚੰਗੀ ਤਕਦੀਰ ਦਾ ਮਾਲਕ ਹੁੰਦਾ ਹੈ
- ਜਿਸਦੇ ਭਰਵੱਟੇ ਜੁੜੇ ਹੋਣ ਉਹ ਵੀ ਚੰਗੀ ਤਕਦੀਰ ਦਾ ਮਾਲਕ ਹੁੰਦਾ ਹੈ
- ਮੱਥੇ ਦੀ ਬਿੰਦੀ ਟੇਢੀ ਹੋ ਜਾਵੇ ਤਾਂ ਪਤੀ ਦੇ ਮਨ ਭਕਟਣ ਪ੍ਰਤੀਕ ਹੈ
- ਖੱਬਾ ਹੱਥ ਮਿਲਾਉਣਾ ਮਾੜਾ ਸਮਿਝਆ ਜਾਂਦਾ ਹੈ

*9.*ਅੰਕਾਂ ਨਾਲ ਸੰਬੰਧਿਤ ਲੋਕ ਵਿਸ਼ਵਾਸ

ਅੰਕਾਂ ਨਾਲ ਸੰਬੰਧਿਤ ਬਹੁਤ ਸਾਰੇ ਲੋਕ ਵਿਸ਼ਵਾਸ ਹਨ ਜੋ ਸਿਰਫ਼ ਭਾਰਤ ਵਿਚ ਹੀ ਨਹੀ ਪੂਰੀ ਦੁਨੀਆਂ ਵਿਚ ਮਿਲਦੇ ਹਨ। ਅੰਗਰੇਜ਼ਾ ਵਿਚ 13 ਨੰ ਅੰਕ ਨੂੰ ਅਸ਼ੁੱਭ ਮੰਨਿਆਂ ਜਾਂਦਾ ਹੈ। ਇਸੇ ਕਰਕੇ ਚੰਡੀਗੜ ਵਿਚ13 ਸੈਕਟਰ ਦੀ ਅਣਹੋਂਦ ਹੈ

- 69 ਅੰਕ ਦਾ ਨਾਂ ਸਰਘੀ ਵੇਲੇ ਲੈਣਾ ਮਾੜਾ ਸਮਿਝਆ ਜਾਂਦਾ ਹੈ ਤੇ ਮੰਨਿਆ ਜਾਂਦਾ ਹੈ ਕਿ ਇਸਦਾ ਉਚਾਰਨ ਕਰਨ ਵਾਲੇ ਨੂੰ ਰੋਟੀ ਨਸੀਬ ਨਹੀ ਹੁੰਦੀ
- ਤਿੰਨ ਜਣੇ ਇੱਕਠੇ ਹੋਣਾ ਅਸ਼ੁੱਭ ਮੰਨਿਆਂ ਜਾਂਦਾ ਹੈ
- ਹਿੰਦੂਆਂ ਵਿਚ8,9 ਅਤੇ23ਵਾਂ ਸਾਲ ਚੰਗੇ ਨਹੀ ਸਮਝੇ ਜਦੇ
- 1,15,11,5,17,21,25,31,41,51,101 ਨੰਬਰ ਸ਼ੁੱਭ ਮੰਨਿਆਂ ਜਾਂਦਾ ਹੈ
- 3,13,16 ਅਸ਼ੁੱਭ ਮੰਨਿਆਂ ਜਾਂਦੇ ਹਨ
- ਲੋਕ ਧਾਰਨਾ ਅਨੁਸਾਰ 84 ਸਿੱਧ, 64 ਜੋਗੀ ਤੇ ਪੰਜ ਪੀਰ ਮਸਹੂਰ ਹਨ
- ਜੰਤਰਾਂ ਮੰਤਰਾਂ ਵਿਚ 13,14,19,20,21,22,60,70,84 ਨੰਬਰ ਪ੍ਰਚੱਲਿਤ ਹਨ
- ਜਿਸ ਨੰਬਰ ਪਿੱਛੇ 1 ਆਏ ਉਸਨੂੰ ਸ਼ੁੱਭ ਮੰਨਿਆਂ ਜਾਂਦਾ ਹੈ 1 ਦਾ ਭਾਵ ਵਾਹਦ ਤੇ ਵਾਹਦ ਸਿਰਫ਼ ਖੁਦਾ ਦਾ ਨਾਮ ਹੈ
- ਦੁਸ਼ਮਣ ਦਾ ਨਾਸ ਕਰਨ ਲਈ 76 ਅੰਕ ਵਰਤਿਆ ਜਾਂਦਾ ਹੈ
- ਮੁਸਲਮਾਨਾਂ ਕੋਲ 100 ਮਣਕਿਆ ਦੀ ਮਾਲਾ ਹੁੰਦੀ ਹੈ ਉਹ 100 ਅੰਕ ਨੂੰ ਸ਼ੁੱਭ ਮੰਨਦੇ ਹਨ

·ਦੁਸਮਣ ਦਾ ਨਾਸਕਰਨ ਲਈ 76 ਅੰਕ ਵਰਿਤਆ ਜਦਾ ਹੈ

·ਮੁਸਲਮਾਨ ਕੋਲ100 ਮਣਿਕਆ ਦੀ ਮਾਲਾ ਹੁੰਦੀ ਹੈ100ਉਹ ਅੰਕ ਨੂੰ ਸ਼ੁੱਭ ਮੰਨਦੇ ਹਨ

*10.*ਨਜ਼ਰ ਲੱਗਣ ਨਾਲ ਸੰਬੰਧਿਤ ਲੋਕ ਵਿਸ਼ਵਾਸ

ਨਜ਼ਰ ਲੱਗਣ ਦਾ ਸੰਕਲਪ ਵੀ ਵਿਸ਼ਵ ਵਿਆਪੀ ਹੈ ਇਸੇ ਲਈ ਨਜ਼ਰ ਲੱਗਣ ਨਾਲ ਸੰਬੰਧਿਤ ਬਹੁਤ ਸਾਰੇ ਲੋਕ ਵਿਸ਼ਵਾਸ ਹਨ

- ਬੱਚੇ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਸੁਰਮੇ ਦਾ ਕਾਲਾ ਟਿੱਕਾ ਲਾਇਆ ਜਾਂਦਾ ਹੈ
- ਦੁੱਧ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਦੁੱਧ ਦੇ ਭਾਂਡੇ ਵਿਚ ਕੋਲਾ ਸੁੱਟ ਦਿੱਤਾ ਜਾਂਦਾ ਹੈ
- ਸੋਹਜ ਭੰਗ ਕਰਨ ਲਈ ਫੁਲਕਾਰੀ ਦਾ ਫੁੱਲ ਅਧੂਰਾ ਛੱਡ ਦਿੱਤਾ ਜਾਂਦਾ ਹੈ
- ਬੱਚੇ ਦੀ ਬੁਰੀ ਨਜ਼ਰ ਉਤਾਰਨ ਲਈ ਸੱਤ ਡੰਡੀ ਵਾਲੀਆਂ ਸੁੱਕੀਆਂ ਮਿਰਚਾਂ ਨੂੰ ਅੱਗ ਵਿਚ ਸਾੜੀਆਂ ਜਾਂਦਾ ਹਨ

- ਪਸ਼ੂ ਨੂੰ ਆਟੇ ਦਾ ਪੇੜਾ ਸਿਆਣੇ ਤੋਂ ਕਰਵਾ ਕੇ ਦਿੱਤਾ ਜਾਂਦਾ ਹੈ
- ਨਜ਼ਰ ਦਾ ਤਵੀਤ ਕਰਵਾ ਕੇ ਬੱਚੇ ਦੇ ਗਲ ਵਿਚ ਪਾਇਆ ਜਾਂਦਾ ਹੈ
- ਬੱਚੇ ਦੇ ਗੁੱਟ ਤੇ ਗਿੱਟੇ ਨਾਲ ਕਾਲਾ ਧਾਗਾ ਬੰਨਿਆ ਜਾਂਦਾ ਹੈ
- ਬੁਰੀ ਨਜ਼ਰ ਤੋਂ ਬਚਣ ਲਈ ਬਜ਼ੁਰਗ ਦੀ ਅਰਥੀ ਤੋਂ ਸੁੱਟਿਆ ਛੁਹਾਰਾ ਬੱਚੇ ਦੇ ਗਲ ਵਿਚ ਲਟਕਾਇਆ ਜਾਂਦਾ ਹੈ
- ਦੁਕਾਨ ਦੇ ਬਾਹਰ ਨਿੰਬੂ ਤੇ ਮਿਰਚਾਂ ਟੰਗੀਆਂ ਜਾਂਦੀਆਂ ਹਨ
- ਨਜ਼ਰ ਲੱਗਣ ਤੋਂ ਬਚਣ ਲਈ ਸੁੱਕੀ ਲੱਕੜ ਨੂੰ ਚੁੰਮਿਆ ਜਾਂਦਾ ਹੈ

*11.ਫੁਟਕਲ ਲੋਕ ਵਿਸ਼ਵਾਸ*

ਉਪਰੋਕਤ ਲੋਕ ਵਿਸ਼ਵਾਸਾਂ ਤੋਂ ਇਲਾਵਾ ਕੁੱਝ ਲੋਕ ਵਿਸ਼ਵਾਸ ਅਜਿਹੇ ਵੀ ਹਨ ਜਿਹੜੇ ਕਿਸੇ ਵੀ ਸ੍ਰੇਣੀ ਵਿਚ ਨਹੀਂ ਆਉਂਦੇ ਇਸ ਲਈ ਇਨ੍ਹਾਂ ਵਿਸ਼ਵਾਸਾਂ ਨੂੰ ਫੁਟਕਲ ਸ੍ਰੇਣੀ ਵਿਚ ਰੱਖਿਆ ਗਿਆ ਹੈ

- ਧੀ ਦੇ ਘਰੋਂ ਖਾਧਾ ਹਰ ਪਦਾਰਥ ਅਗਲੇ ਲੋਕ ਵਿਚ ਬੱਤੀ ਗੁਣਾਂ ਵੱਧ ਕਰਕੇ ਦੇਣਾ ਪੈਂਦਾ ਹੈ
- ਬੂਹੇ ਵਿਚ ਖੜ ਕੇ ਵਾਲ ਨਹੀਂ ਵਾਹੁਣੇ ਚਾਹੀਦੇ
- ਸ਼ਾਮ ਦੇ ਵੇਲੇ ਬਹੁਕਰ ਨਹੀਂ ਫੇਰਨੀ ਕੁੜੀਆਂ ਜੰਮਣ ਦਾ ਡਰ ਰਹਿੰਦਾ ਹੈ
- ਰੋਟੀਆਂ ਪਕਾ ਕੇ ਚਕਲਾ ਮੁੱਧਾ ਨਹੀਂ ਮਾਰਨਾ ਚਾਹੀਦਾ
- ਚੁੱਲੇ ਵਿਚੋਂ ਅੱਗ ਨਹੀਂ ਬੁਝਾਉਣੀ ਚਾਹੀਦੀ
- ਚਾਬੀਆਂ ਨਹੀਂ ਖੜਕਾਉਣੀਆਂ ਚਾਹੀਦੀਆਂ
- ਦੀਵੇ ਨੂੰ ਪੱਲਾ ਮਾਰ ਕੇ ਬੁਝਾਉਣਾ ਚਾਹੀਦਾ ਹੈ ਫੂਕ ਮਾਰ ਕੇ ਨਹੀਂ
- ਝਾੜੂ ਖੜ੍ਹਾ ਨਹੀਂ ਕਰਨਾ ਚਾਹੀਦਾ
- ਵਰਤ ਰੱਖਣੇ ਸ਼ੁੱਭ ਮੰਨੇ ਜਾਂਦੇ ਹਨ
- ਪਿਛਲੀ ਰੋਟੀ ਖਾਣ ਨਾਲ ਪਿਛਲੀ ਬੁੱਧੀ ਆਉਂਦੀ ਹੈ
- ਅਗਲੀ ਰੋਟੀ ਖਾਣ ਨਾਲ ਅਗਲੀ ਬੁੱਧੀ ਆਉਂਦੀ ਹੈ
- ਦੁੱਧ ਉਬਾਲਣਾ ਮਾੜਾ ਸਮਝਿਆ ਜਾਂਦਾ ਹੈ
- ਕਾਲੇ ਰੰਗ ਦਾ ਬ੍ਰਾਹਮਣ ਵਧੇਰੇ ਖਤਰਨਾਕ ਹੁੰਦਾ ਹੈ
- ਪੀਲਾ ਰੰਗ ਖੁਸ਼ੀ ਦਾ ਪ੍ਰਤੀਕ ਹੈ
- ਥੱਲੇ ਲੱਗੀ ਖੀਰ ਖਾਣ ਨਾਲ ਵਿਆਹ ਵਾਲੇ ਦਿਨ ਮੀਂਹ ਪੈਂਦਾ ਹੈ

# ਲੋਕ ਧਰਮ

ਲੋਕ ਧਰਮ ਇੱਕ ਅਜਿਹਾ ਸੰਕਲਪ ਹੈ ਜਿਸ ਵਿੱਚ ਲੋਕ-ਜੀਵਨ ਦੀਆਂ ਅਨੇਕਾਂ ਆਪ ਮੁਹਾਰੀਆਂ ਲਹਿਰਾਂ ਦੀ ਝਲਕ ਹੁੰਦੀ ਹੈ। ਕਿਸੇ ਅਣਡਿੱਠੀ, ਵਜੂਦ ਰਹਿਤ ਚੀਜ਼ ਦੀ ਹੋਂਦ ਨੂੰ ਚਿਤਵ ਲੈਣਾ ਅਤੇ ਉਸਨੂੰ ਵਾਸਤਵਿਕ ਰੂਪ ਵਿੱਚ ਪ੍ਰਵਾਨ ਕਰ ਲੈਣਾ, ਲੋਕ-ਮਾਨਸ ਦੀ ਸੁਭਾਵਿਕ ਪ੍ਰਵਿਰਤੀ ਹੈ। ਇਸੇ ਸੁਭਾਵਿਕ ਪ੍ਰਵਿਰਤੀ ਵਿਚੋਂ ਹੀ ਲੋਕ-ਧਰਮ ਦਾ ਜਨਮ ਹੋਇਆ ਹੈ।[1] ਲੋਕ-ਧਰਮ ਦੀ ਇਤਿਹਾਸਕ ਪਿਠਭੂਮੀ ਨੂੰ ਸਮਝਣ ਲਈ ਮੂਲ ਧਰਮ ਅਤੇ ਆਦਿ-ਕਾਲੀਨ ਧਰਮ ਦੀਆਂ ਰੂੜ੍ਹੀਆਂ ਨੂੰ ਸਮਝਣ ਦੀ ਲੋੜ ਹੈ। ਪੁਰਾਤਤਵ ਵਿਗਿਆਨੀ ਅਤੇ ਮਾਨਵ ਵਿਗਿਆਨੀ ਆਪਣੀ ਖੋਜ ਦੇ ਅਧਾਰ ਤੇ ਇਸ ਸਿੱਟੇ ਤੇ ਪਹੁੰਚੇ ਹਨ ਕਿ ਅੱਜ ਦੇ ਤਕਰੀਬਨ 150,000 ਸਾਲ ਪਹਿਲਾਂ ਵੱਸਣ ਵਾਲੇ ਸਾਡੇ ਪੂਰਵਜ ਵੀ ਕਿਸੇ ਨਾ ਕਿਸੇ ਰੂਪ ਵਿੱਚ ਪਰਾਭੌਤਿਕ ਸ਼ਕਤੀਆਂ ਦੀ ਪੂਜਾ ਕਰਦੇ ਹਨ। ਪਰ ਸਾਡਾ ਲਿਖਤੀ ਇਤਿਹਾਸ ਤਾਂ ਅੱਜ ਤੋਂ 5000 ਸਾਲ ਪਿੱਛੇ ਤੱਕ ਦਾ ਹੈ। ਜੇਕਰ ਇਹ ਮੰਨ ਲਿਆ ਜਾਵੇ ਕਿ ਅੱਜ ਤੋਂ 150,000 ਸਾਲ ਪਹਿਲਾਂ ਪਿੱਤਰ ਪੂਜਾ ਪ੍ਰਚਲਿਤ ਸੀ ਅਤੇ ਮੌਤ ਤੋਂ ਪਿਛੋਂ ਉਹ ਆਤਮਾ ਦੀ ਹੋਂਦ ਨੂੰ ਮੰਨਦੇ ਸਨ ਤਾਂ ਇਹ ਗੱਲ ਜ਼ਰੂਰੀ ਹੈ ਕਿ ਇਨ੍ਹਾਂ ਵਿਸ਼ਵਾਸਾਂ ਵਿੱਚ ਲਿਖਤੀ ਇਤਿਹਾਸ ਤੱਕ ਜ਼ਰੂਰ ਪਰਿਵਰਤਨ ਆਇਆ ਹੋਵੇਗਾ। ਆਰੰਭਿਕ ਧਰਮ ਦੇ ਸਰੂਪ ਅਤੇ ਉਸ ਵਿੱਚ ਹੋਈਆਂ ਤਬਦੀਲੀਆਂ ਬਾਰੇ ਜਾਣਕਾਰੀ ਦੇਣ ਵਾਲਾ ਕੋਈ ਪ੍ਰਮਾਣਿਕ ਸਰੋਤ ਸਾਡੇ ਪਾਸ ਨਹੀਂ ਹੈ। ਪਰ ਇੱਕ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਧਰਮ ਦਾ ਜੋ ਸਰੂਪ ਪਹਿਲੇ ਸੀ ਉਹ ਲਿਖਤੀ ਇਤਿਹਾਸ ਤੱਕ ਪਹੁੰਚਦੇ ਜ਼ਰੂਰ ਕਾਫੀ ਤਬਦੀਲ ਹੋ ਚੁੱਕਾ ਹੋਵੇਗਾ।[2] ਧਰਮ ਸਭਿਆਚਾਰ ਵਾਂਗ ਕਈ ਪੜਾਵਾਂ ਵਿਚੋਂ ਲੰਘਿਆ। ਪਹਿਲੇ ਪੜਾਵਾਂ ਵਿੱਚ ਆਤਮਸ਼ੀਲ ਚਿੰਤਨ ਇਸਦਾ ਇੱਕ ਅਹਿਮ ਪੜਾਅ ਸੀ। ਜਦੋਂ ਇਹ ਧਾਰਨਾ ਬਣੀ ਕਿ ਹਰ ਵਸਤੂ ਭਾਵੇਂ ਉਹ ਜੜ੍ਹ ਹੋਵੇ ਤੇ ਭਾਵੇਂ ਚੇਤਨ, ਉਸ ਵਿੱਚ ਆਤਮਾ ਤੱਤ ਹੈ ਤੇ ਇਹੋ ਧਾਰਨਾ ਫੈਲਦੀ ਹੋਈ ਸਰਗੁਣ ਸਰੂਪ ਦਾ ਰੂਪ ਧਾਰਨ ਕਰ ਗਈ। ਇਸੇ ਤਰ੍ਹਾਂ ਮੋਏ ਪ੍ਰਾਣੀਆਂ ਦੀ ਪਿਤਰ ਪੂਜਾ ਤੋਂ ਇਹ ਚਿੰਤਨ ਟੋਟਮ ਵਿੱਚ ਕਿਸੇ ਬਲਵਾਨ ਰਹੱਸਮਈ ਸ਼ਕਤੀ ਨੂੰ ਪਛਾਣਦਾ ਹੋਇਆ ਦੇਵੀ-ਦੇਵਤਿਆਂ ਦੀ ਪੂਜਾ ਤੱਕ ਯਾਤਰਾ ਕਰਦਾ ਇੱਕ ਰੱਬ ਦੀ ਹੋਂਦ ਵਿੱਚ ਆਸਥਾ ਰੱਖਣ ਲੱਗਾ।[3]

ਲੋਕ-ਧਰਮ ਕੇਵਲ ਵਹਿਮਾਂ-ਭਰਮਾਂ ਜਾਂ ਵਿਸ਼ਵਾਸ਼ਾਂ ਦੀ ਵਲਗਣ ਵਿੱਚ ਲੋਕਾਂ ਨੂੰ ਬੰਦੀਵਾਨ ਬਣਾ ਕੇ ਨਹੀਂ ਰੱਖਦਾ, ਸਗੋਂ ਉਨ੍ਹਾਂ ਦੀਆਂ ਸੁਤੰਤਰ ਪ੍ਰਵਿਰਤੀਆਂ ਨੂੰ ਉਤੇਜਿਤ ਵੀ ਕਰਦਾ ਹੈ। ਲੋਕਧਰਮ ਮੁੱਢ ਕਦੀਮ ਤੋਂ ਉਚ-ਨੀਚ ਅਤੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਰਿਹਾ ਹੈ। ਨਿਯਮਾਂ ਦਾ ਬੰਧਨ ਵਿਸ਼ਿਸ਼ਟ ਧਰਮ ਵਿੱਚ ਰਿਹਾ ਹੈ, ਲੋਕ ਧਰਮ ਵਿੱਚ ਨਹੀਂ। ਉਂਜ ਕਿਸੇ ਵੀ ਵਿਸ਼ਿਸਟ ਧਰਮ ਨੂੰ ਖਾਲਸ ਸਰੂਪ ਵਾਲਾ ਨਹੀਂ ਮੰਨਿਆ ਜਾ ਸਕਦਾ। ਵਿਸ਼ਿਸਟ ਧਰਮ ਲੋਕ ਧਰਮ ਨੂੰ ਅਤੇ ਲੋਕ ਧਰਮ ਵਿਸ਼ਿਸਟ ਧਰਮ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਲੋਕ-ਧਰਮ ਅਸਲ ਵਿੱਚ ਮਾਨਵ ਧਰਮ ਦਾ ਹੀ ਵਿਸਤ੍ਰਿਤ ਰੂਪ ਹੈ। [4] "ਲੋਕ ਧਰਮ ਇੱਕ ਅਜਿਹਾ ਸੰਕਲਪ ਹੈ, ਜਿਸ ਦੀ ਆਧਾਰਸ਼ਿਲਾ ਲੋਕ ਵਿਸ਼ਵਾਸ ਹਨ ਅਤੇ ਲੋਕ ਵਿਸ਼ਵਾਸ ਦਾ ਇੱਕ ਮਹੱਤਵਪੂਰਨ ਅੰਗ ਹਨ। ਆਦਿ ਮਨੁੱਖ ਜਦੋਂ ਜੰਗਲਾਂ ਵਿੱਚ ਰਹਿੰਦਾ ਸੀ ਉਦੋਂ ਉਸ ਦੀ ਬੁੱਧੀ ਬਹੁਤ ਬਿਬੇਕ ਨਹੀਂ ਸੀ, ਉਹ ਕੁਦਰਤੀ ਸ਼ਕਤੀਆਂ ਸੂਰਜ, ਅੱਗ, ਚੰਦ, ਤਾਰੇ ਅਤੇ ਹੋਰ ਗ੍ਰਹਿਆਂ ਤੋਂ ਬੜਾ ਭੈ-ਭੀਤ ਰਹਿੰਦਾ ਸੀ, ਉਸਨੂੰ ਹਮੇਸ਼ਾ ਇਸ ਗੱਲ ਦਾ ਤੋਖਲਾ ਰਹਿੰਦਾ ਸੀ ਕਿ ਕੁਦਰਤੀ ਸ਼ਕਤੀਆਂ ਉਸ ਨੂੰ

ਕਿਧਰੇ ਨੁਕਸਾਨ ਨਾ ਪਹੁੰਚਾ ਦੇਣ। ਇਸ ਲਈ ਕਿਸੇ ਅਣਡਿੱਠੀ, ਵਜੂਦ ਰਹਿਤ ਚੀਜ਼ ਦੀ ਹੋਂਦ ਨੂੰ ਚਿੱਤਵ ਲੈਣਾ ਅਤੇ ਉਸ ਨੂੰ ਵਾਸਤਵਿਕ ਰੂਪ ਵਿੱਚ ਪ੍ਰਵਾਨ ਕਰ ਲੈਣਾ ਲੋਕ-ਮਾਨਸ ਦੀ ਸੁਭਾਵਿਕ ਪ੍ਰਵਿਰਤੀ ਬਣ ਗਈ। ਇਸ ਡਰ, ਭੈਅ, ਤੋਖਲੇ ਨੇ ਧਰਮ ਦੀ ਸਥਾਪਨਾ ਵਿੱਚ ਵੱਡਾ ਯੋਗਦਾਨ ਪਾਇਆ। ਫਿਰ ਉਸ ਨੇ ਇਸ ਕਰੋਪੀ ਤੋਂ ਡਰਦੇ ਉਨ੍ਹਾਂ ਸ਼ਕਤੀਆਂ ਦੀ ਪੂਜਾ ਆਰੰਭ ਕਰ ਦਿੱਤੀ ਉਸ ਦਾ ਇਹ ਪੱਕਾ ਨਿਸ਼ਚਾ ਬਣ ਗਿਆ ਕਿ ਜੋ ਕੋਈ ਕੰਮ ਨਹੀਂ ਹੋ ਸਕਦਾ, ਉਹ ਪੂਜਾ, ਅਰਦਾਸ ਅਤੇ ਸੁੱਖਣਾ ਸੁੱਖਣ ਨਾਲ ਹੋ ਸਕਦਾ ਹੈ। ਇਸ ਪ੍ਰਕਾਰ ਇਨ੍ਹਾਂ ਪਰਾਸਰੀਰਕ ਸ਼ਕਤੀਆਂ ਨੂੰ ਵੱਖ-ਵੱਖ ਢੰਗਾਂ ਨਾਲ ਮਨਾਉਣ, ਖੁਸ਼ ਕਰਨ ਜਾਂ ਕਾਬੂ ਕਰਨ ਦੇ ਵੱਖ-ਵੱਖ ਪੱਖਾਂ ਨੇ ਲੋਕ ਧਰਮ ਨੂੰ ਜਨਮ ਦਿੱਤਾ।"[5] "ਲੋਕ ਧਰਮ ਮਾਨਵਵਾਦੀ ਹੈ। ਇਸਦਾ ਮਨੋਰਥ ਲੋਕਿਕ ਯੁੱਗ ਵਿੱਚ ਵਿਅਕਤੀ ਨੂੰ ਦੁੱਖਾਂ, ਕਸ਼ਟਾਂ, ਮੁਸੀਬਤਾਂ ਤੋਂ ਬਚਾਉਣਾ ਹੈ। ਕੁਦਰਤੀ ਸ਼ਕਤੀਆਂ ਦੇ ਚੰਗੇ 'ਪ੍ਰਭਾਵ ਨੂੰ ਗ੍ਰਹਿਣ ਕਰਣਾ` ਅਤੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਵੱਖੋ-ਵੱਖਰੇ ਉਪਾਅ ਜਾਂ ਪੂਜਾ-ਵਿਧੀਆਂ ਨੂੰ ਅਪਣਾਉਣਾ ਹੈ, ਜਦੋਂ ਕਿ ਵਿਸ਼ਿਸ਼ਟ ਧਰਮ ਵਿੱਚ ਪਰਾਲੋਕਿ ਜਗਤ ਵਿੱਚ ਖੁਸ਼ਹਾਲੀ ਅਤੇ ਜਨਮ ਮਰਨ ਤੋਂ ਮੁਕਤੀ ਦਿਵਾਉਣਾ।"[6] "ਪਰਿਭਾਸ਼ਾ : ਕਰਨੈਲ ਸਿੰਘ ਥਿੰਦ ਦੇ ਵਿਚਾਰ ਅਨੁਸਾਰ, "ਇਸ ਵਿੱਚ ਨਰਕ ਸਵਰਗ ਅਤੇ ਚੋਰਾਸੀ ਲੱਖ ਜੂਨਾਂ ਵਿੱਚ ਵਿਸ਼ਵਾਸ, ਦੇਵੀ ਦੇਵਤਿਆਂ ਦੀ ਪੂਜਾ, ਸੁੱਖਣਾ, ਮੰਨਤ, ਚੜ੍ਹਾਵਾ, ਵਰਤ, ਤੀਰਥ ਯਾਤਰਾ, ਤੀਰਥ ਇਸ਼ਨਾਨ, ਸੂਰਜ ਅਤੇ ਚੰਦ ਗ੍ਰਹਿਣ ਬਾਰੇ ਵਿਸ਼ਵਾਸ ਪੂਜਾ ਪਾਠ, ਜੰਤਰ ਮੰਤਰ, ਸ਼ਰਾਪ, ਸ਼ਗਨ ਅਪਸ਼ਗਨ ਆਦਿ ਵਿਸ਼ੇ ਆਉਂਦੇ ਹਨ। ਅਸਲ ਵਿੱਚ ਲੋਕਧਾਰਾ ਇੱਕ ਅਜਿਹਾ ਸੰਕਲਪ ਹੈ ਜਿਸ ਵਿੱਚ ਜਨ-ਜੀਵਨ ਦੀਆ ਅਨੇਕਾਂ ਆਪ-ਮੁਹਾਰੀਆਂ ਲਹਿਰਾਂ ਦੀ ਝਲਕ ਹੁੰਦੀ ਹੈ। ਡਰ, ਤੋਖਲੇ, ਸ਼ੰਕੇ ਅਤੇ ਭੈਅ ਲੋਕ ਧਰਮ ਦੀ ਹੋਂਦ ਨੂੰ ਨਿਰਧਾਰਿਤ ਕਰਨ ਵਿੱਚ ਸਹਾਈ ਹੁੰਦੇ ਹਨ।"[7] ਸਰੂਪ : "ਲੋਕ ਧਰਮ, ਸਰਬ-ਸਾਂਝਾ ਧਰਮ ਹੈ। ਸਾਰੇ ਫ਼ਿਰਕਿਆਂ ਅਤੇ ਵੱਖ-ਵੱਖ ਵਿਸ਼ਿਸ਼ਟ ਧਰਮ ਦੇ ਧਾਰਨੀ ਵੀ ਇਸ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਪੂਜਾ ਵਿਧੀਆਂ ਨੂੰ ਅਪਣਾਉਂਦੇ ਹਨ। ਇਸ ਪ੍ਰਕਾਰ ਲੋਕ ਧਰਮ ਦਾ ਵਿਸ਼ਾਲ ਵਿਸ਼ਾ ਖੇਤਰ ਹੈ। ਲੋਕ ਧਰਮ ਮਾਨਵਤਾ ਦਾ ਹਾਣੀ ਹੈ। ਕੋਈ ਵੀ ਸਮਾਜ ਭਾਵ ਉਹ ਵਿਕਾਸ ਦੇ ਕਿਸੇ ਵੀ ਪੜਾਅ ਵਿਚੋਂ ਲੰਘ ਰਿਹਾ ਹੋਵੇ, ਲੋਕ ਧਰਮ ਦੀ ਭਾਵਨਾ ਤੋਂ ਪੂਰੀ ਤਰ੍ਹਾਂ ਮੁਕਤ ਕਰਾਰ ਨਹੀਂ ਦਿੱਤਾ ਜਾ ਸਕਦਾ, ਲੋਕ ਧਰਮ ਦੀ ਕੋਈ ਨਾ ਕੋਈ ਝਲਕ ਹਰ ਵਿਅਕਤੀ ਅਤੇ ਉਸ ਨਾਲ ਸੰਬੰਧਤ ਸਮਾਜ ਅੰਦਰ ਤੱਕੀ ਜਾ ਸਕਦੀ ਹੈ।"[8] "ਭਾਰਤ ਇੱਕ ਖੇਤੀ ਪ੍ਰਧਾਨ ਦੇਸ਼ ਹੈ। ਖੇਤੀ ਪੁਰਾਤਨ ਸਮੇਂ ਵਿੱਚ ਪੂਰੀ ਤਰ੍ਹਾਂ ਪ੍ਰਕਿਰਤੀ ਦੇ ਰਹਿਮੋ ਕਰਮ ਉੱਪਰ ਨਿਰਭਰ ਕਰਦੀ ਸੀ। ਭੂਗੋਲਿਕ ਹੱਦਾਂ ਵੀ ਇਸ ਨੂੰ ਲੋਕਧਾਰਾਈ ਰੰਗਤ ਦੇਣ ਵਿੱਚ ਸਹਾਈ ਹੋਈਆਂ ਹਨ। ਪਹਾੜੀਆਂ ਨਾਲ ਟਕਰਾ ਕੇ ਜਦੋਂ ਸਮੁੰਦਰੀ ਪੌਣਾਂ ਪੰਜਾਬ ਦੇ ਮੈਦਾਨੀ ਇਲਾਕੇ ਵਿੱਚ ਬਾਰਿਸ਼ ਕਰਦੀਆਂ ਹਨ ਤਾਂ ਮਾਨਵ ਨੂੰ ਜੀਵਨ ਦੇਣ ਵਾਲਾ ਅੰਨ ਪੈਦਾ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਜੇ ਮਾਨਵ ਇਹ ਮੰਨ ਲਵੇ ਕਿ ਮਨੁੱਖ ਨੂੰ ਜੀਵਨ ਦਾਨ ਦੇਣ ਵਾਲਾ ਸ਼ਿਵ ਭੋਲੇਨਾਥ ਪਹਾੜੀ ਦੀ ਚੋਟੀ ਉਤੇ ਨਿਵਾਸ ਕਰਦਾ ਹੈ ਤਾਂ ਇਸ ਵਿੱਚ ਲੋਕ ਮਾਨਸ ਦਾ ਕੀ ਦੋਸ਼ ? ਉਸ ਨੂੰ ਤਾਂ ਜੀਵਨ ਦਾਨ ਸਚਮੁੱਚ ਮਿਲ ਰਿਹਾ ਹੈ। ਇਹ ਸਾਰਾ ਕੁੱਝ ਕੌਣ ਕਰਦਾ ਹੈ ? ਤੇ ਕਿਵੇਂ ਹੋ ਰਿਹਾ ਹੈ ? ਇਸ ਬਾਰੇ ਸੋਚਣ ਦੀ ਉਸ ਨੂੰ ਲੋੜ ਹੀ ਨਹੀਂ ਜਾਪਦੀ। ਉਸ ਨੂੰ ਫ਼ਲ ਖਾਣ ਤੱਕ ਮਤਲਬ ਹੈ ਪੇੜ ਗਿਣਨਾ ਉਸ ਦੀ ਫਿਤਰਤ ਨਹੀਂ ਹੈ।"[9]

ਖੇਤਰ"ਲੋਕ ਧਰਮ ਦਾ ਅਰਥ ਖੇਤਰ ਅਤਿਅੰਤ ਵਿਸ਼ਾਲ ਹੈ। ਲੋਕ ਧਰਮ ਨੂੰ ਸੰਸਥਾਈ ਧਰਮ ਨਾਲੋਂ ਨਿਖੇੜਿਆ ਤਾਂ ਜਾ ਸਕਦਾ ਹੈ ਪਰ ਲੋਕ ਧਰਮ ਨੂੰ ਪਰਿਭਾਸ਼ਿਤ ਕਰਨ ਦਾ ਕਾਰਜ ਕਠਿਨ ਹੈ। ਕਿਉਂਕ ਲੋਕ ਧਰਮ ਦਾ ਸਬੰਧ

ਹਮੇਸ਼ਾ ਲੋਕ ਮਾਨਸ ਨਾਲ ਰਿਹਾ ਹੈ, ਜਿਸ ਦੀ ਜੋਤ ਹਰ ਇੱਕ ਵਿਅਕਤੀ ਦੇ ਅੰਦਰ ਜਗਦੀ ਰਹਿੰਦੀ ਹੈ। ਉਸ ਮੱਧਮ ਜਾਂ ਪੂਰੀ ਤਰ੍ਹਾਂ ਪ੍ਰਜੁਲਿਤ ਤਾਂ ਹੋ ਸਕਦੀ ਹੈ ਪਰ ਅਲੋਪ ਉੱਕਾ ਨਹੀਂ ਹੁੰਦੀ। ਇਸ ਪ੍ਰਕਾਰ ਲੋਕ ਧਰਮ ਦੀਆਂ ਜੜ੍ਹਾਂ ਮਾਨਵ ਦੇ ਅਚੇਤ ਮਨ ਵਿੱਚ ਹੁੰਦੀਆਂ ਹਨ। ਇਸਦਾ ਦਾਇਰਾ ਸਮੇਂ ਅਤੇ ਸਥਾਨ ਦੀ ਸੀਮਾ ਤੋਂ ਮੁਕਤ ਹੁੰਦਾ ਹੈ। ਧਰਮ ਭਾਵੇਂ ਉਹ ਲੋਕ ਧਰਮ ਹੋਵੇ ਜਾਂ ਵਿਸ਼ਿਸ਼ਟ ਧਰਮ, ਉਹ ਕਿਸੇ ਜਾਤੀ ਜਾਂ ਸਮਾਜ ਦੀ ਸਭਿਆਚਾਰਕ ਪਹੁੰਚ ਦਾ ਹੀ ਫ਼ਲ ਹੁੰਦਾ ਹੈ।"[10] "ਇਹ ਕਹਿਣਾ ਦਰੁਸਤ ਨਹੀਂ ਹੋਵੇਗਾ ਕਿ ਲੋਕ ਧਰਮ ਪਰਿਵਰਤਨਸ਼ੀਲ ਨਹੀਂ ਹੈ। ਸਮਾਜਿਕ ਆਰਥਿਕ ਹਾਲਾਤਾਂ ਵਿੱਚ ਆਈ ਤਬਦੀਲੀ ਸਮਾਜ ਦੇ ਸਭਿਆਚਾਰਕ ਢਾਂਚੇ ਨੂੰ ਵੀ ਪ੍ਰਭਾਵਿਤ ਕਰਦੀ ਹੈ। ਲੋਕ ਧਰਮ ਵੀ ਸਮਾਜ ਦਾ ਇੱਕ ਸਭਿਆਚਾਰਕ ਵਰਤਰਾ ਹੈ। ਇਸ ਵਿੱਚ ਪਰਿਵਰਤਨ ਹੋਣਾ ਵੀ ਅਨਿਵਾਰੀ ਹੈ ਪਰ ਲੋਕਧਾਰਾਈ ਵਰਤਾਰਿਆਂ ਵਿੱਚ ਤਬਦੀਲੀ ਅਤਿਅੰਤ ਧੀਮੀ ਗਤੀ ਨਾਲ ਹੁੰਦੀ ਹੈ। ਲੋਕ ਧਰਮ ਪ੍ਰਤੀ ਜੋ ਰੁਖ਼ ਮੱਧਕਾਲੀ ਮਾਨਵ ਰੱਖਦਾ ਸੀ, ਵਰਤਮਾਨ ਸਮੇਂ ਵਿਚਲੇ ਮਾਨਵ ਅੰਦਰ ਉਸ ਦੀ ਉਹ ਆਸਥਾ ਨਹੀਂ ਹੈ। ਪਰ ਇਹ ਭਾਵਨਾ ਉੱਕਾ ਖਤਮ ਨਹੀਂ ਹੋਈ, ਕਿਸੇ ਨਾ ਕਿਸੇ ਰੂਪ ਵਿੱਚ ਹਾਲੇ ਤੱਕ ਜਿਉਂਦੀ ਹੈ। ਹੈਦਰ ਸ਼ੇਖ ਦੀ ਚੌਂਕੀ ਭਰਨਾ, ਛਪਾਰ ਦੀ ਗੁੱਗਾ ਮਾੜੀ, ਜਰਗ ਵਿਖੇ ਸ਼ੀਤਲਾ ਮਾਤਾ ਦੇ ਸਥਾਨ ਦੀ ਪੂਜਾ ਲਈ, ਮਾਈਸਰਖਾਨੇ ਦੇਵੀ ਦੇ ਮੇਲੇ ਲਈ ਬੱਸਾਂ ਗੱਡੀਆਂ ਦੀ ਭੀੜ ਹਾਲੇ ਘਟੀ ਨਹੀਂ ਹੈ, ਸ਼ਰਧਾਲੂਆਂ ਵਿੱਚ ਭਾਵੇਂ ਸ਼ਰਧਾ ਦਾ ਸਰੂਪ ਬਦਲ ਗਿਆ ਹੋਵੇ ਪਰ ਲੋਕ ਧਰਮ ਦੀ ਹੋਂਦ ਹਾਲੇ ਅਸਵੀਕਾਰ ਨਹੀਂ ਹੋ ਸਕੀ।"[11] "ਲੋਕ ਧਰਮ ਦੇ ਅਰਥ ਖੇਤਰ ਵਿੱਚ ਮਾਨਵ ਜੀਵਨ ਦੇ ਅਨੇਕ ਪੱਖ ਸਮਾਏ ਹੋਏ ਹਨ, ਜਿਵੇਂ ਨਰਕ ਸਵਰਗ ਦੀ ਹੋਂਦ, ਚੌਰਾਸੀ ਲੱਖ ਜੂਨਾਂ ਵਿੱਚ ਵਿਸ਼ਵਾਸ, ਦੇਵੀ ਦੇਵਤਿਆਂ ਦੀ ਹੋਂਦ ਵਿੱਚ ਵਿਸ਼ਵਾਸ, ਉਨ੍ਹਾਂ ਦੀ ਪੂਜਾ ਨਾਲ ਫਲ ਦੀ ਪ੍ਰਾਪਤੀ, ਸੁੱਖਣਾ, ਮੰਨਤ ਮਨਾਉਂਤਾ, ਭੇਟਾਂ ਚੜ੍ਹਾਵੇ, ਵਰਤ, ਤੀਰਥ ਯਾਤਰ, ਜੰਤਰ, ਮੰਤਰ ਜਾਪ, ਧਾਗੇ, ਤਵੀਤ ਆਦਿ ਅਨੇਕਾਂ ਰੂਪਾਂ ਵਿੱਚ ਲੋਕ ਧਰਮ ਲੋਕ ਮਨ ਵਿੱਚ ਵੱਸਿਆ ਹੋਇਆ ਹੈ।"[12] ਇਸ ਪ੍ਰਕਾਰ ਅਸੀਂ ਲੋਕ ਧਰਮ ਦੇ ਹੱਥਲੇ ਵਿਸ਼ੇ ਦੇ ਪੱਖਾਂ ਦੀ ਵਿਸਥਾਰ ਨਾਲ ਵਿਆਖਿਆ ਕਰਨ ਤੋਂ ਬਾਅਦ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਲੋਕ ਧਰਮ ਅਸਲ ਵਿੱਚ ਮਾਨਵ ਧਰਮ ਦਾ ਹੀ ਵਿਸਤ੍ਰਿਤ ਰੂਪ ਹੈ। ਲੋਕ ਧਰਮ ਕੇਵਲ ਵਹਿਮਾਂ ਭਰਮਾਂ ਜਾਂ ਵਿਸ਼ਵਾਸਾਂ ਦੀ ਵਲਗਣ ਵਿੱਚ ਲੋਕਾਂ ਨੂੰ ਬੰਦੀਵਾਨ ਬਣਾ ਕੇ ਨਹੀਂ ਰੱਖਦਾ, ਸਗੋਂ ਉਨ੍ਹਾਂ ਦੀਆਂ ਸੁਤੰਤਰ ਪ੍ਰਵਿਰਤੀਆਂ ਨੂੰ ਉਤੇਜਿਤ ਵੀ ਕਰਦਾ ਹੈ। ਲੋਕ ਮਨ ਦੀ ਇਹ ਖੂਬੀ ਹੈ ਕਿ ਉਹ ਵਿਸ਼ਿਸ਼ਟ ਧਰਮ ਦੇ ਅਸੂਲਾਂ ਦੀ ਪਾਲਣਾ ਵੀ ਕਰਦਾ ਰਹਿੰਦਾ ਹੈ ਅਤੇ ਨਾਲ-ਨਾਲ ਲੋਕ ਧਰਮ ਦੇ ਕਰਮ ਕਾਂਡ ਵੀ ਨਿਭਾਉਂਦਾ ਰਹਿੰਦਾ ਹੈ।

ਲੋਕ ਧਰਮ ਕਿਸੇ ਖੇਤਰ ਵਿਚ ਵੱਸਦੇ ਲੋਕਾਂ ਦੀ ਜੀਵਨ-ਜਾਚ ਨਾਲ ਜੁੜੀਆਂ ਹੋਈਆਂ ਅਜਿਹੀਆਂ ਪ੍ਰੰਪਰਾਵਾਂ, ਪੂਜਾ-ਵਿਧੀਆਂ, ਰੀਤਾਂ-ਰਸਮਾਂ ਅਤੇ ਲੋਕ ਵਿਸ਼ਵਾਸਾਂ ਦਾ ਪ੍ਰਬੰਧ ਹੁੰਦਾ ਹੈ, ਜੋ ਕਿਸੇ ਮਨੁੱਖੀ ਸਮੁਦਾਇ ਦੀ ਜੀਵਨ-ਜਾਚ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਲੋਕ ਧਰਮ ਦਾ ਸੰਬੰਧ ਸਮੂਹਿਕ ਅਵਚੇਤਨ ਨਾਲ ਜੁੜਦਾ ਹੈ। ਇਸ ਲਈ ਸਦੀਆਂ ਤੋਂ ਚਲੀਆਂ ਆ ਰਹੀਆਂ ਲੋਕ ਰੂੜ੍ਹੀਆਂ ਇਸਦਾ ਮਹੱਤਵਪੂਰਨ ਹਿੱਸਾ ਬਣਦੀਆਂ ਹਨ। ਲੋਕ ਧਰਮ ਲੋਕ ਵਿਸ਼ਵਾਸਾਂ ਉਪਰ ਉਸਰਿਆ ਹੋਇਆ ਇਕ ਨਿਰੰਤਰ ਚਲਦਾ ਹੋਇਆ ਪ੍ਰਬੰਧ ਹੈ। ਜੋ ਮਨੁੱਖ ਦੀ ਸ਼ਖ਼ਸ਼ੀਅਤ ਨਿਰਮਾਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਦੁਨੀਆ ਦੇ ਅੱਤ ਵਿਕਸਤ ਸਮਾਜਾਂ ਵਿਚ ਵਰਤਮਾਨ ਸਮੇਂ ਵੀ ਲੋਕ ਧਰਮ ਦੀ ਹੋਂਦ ਨੂੰ ਮਨਫ਼ੀ ਨਹੀਂ ਕੀਤਾ ਜਾ ਸਕਿਆ, ਕਿਉਂਕਿ ਲੋਕ ਧਰਮ ਦੇ ਪ੍ਰਵਾਹ ਵਿਚ ਜਾਦੂ-ਚਿੰਤਨ ਅਤੇ ਮਿੱਥਾਂ ਸ਼ਕਤੀ ਪ੍ਰਦਾਨ ਕਰਦੀਆਂ ਹਨ। ਇਸ ਲਈ ਵਰਤਮਾਨ ਸਮੇਂ ਵੀ ਲੋਕ ਧਰਮ ਸਮਾਜ ਦਾ ਇਕ ਮਹੱਤਵਪੂਰਨ ਪਹਿਲੂ

ਬਣ ਜਾਂਦਾ ਹੈ। ਦੁਨੀਆ ਵਿਚ ਪ੍ਰਚਲਿਤ ਹੋਏ ਵਿਸ਼ਿਸ਼ਟ ਧਰਮ ਲੋਕ ਧਰਮ ਉੱਪਰ ਹੀ ਉਸਰੇ ਹੋਏ ਹਨ। ਜਿਸ ਕਰਕੇ ਵਿਸ਼ਿਸ਼ਟ ਧਰਮਾਂ ਦੀਆਂ ਬਹੁਤ ਸਾਰੀਆਂ ਪ੍ਰੰਪਰਾਵਾਂ ਲੋਕ ਧਰਮ ਦੀ ਪ੍ਰਕਿਰਤੀ ਨਾਲ ਮੇਲ ਖਾਂਦੀਆਂ ਹਨ।

ਲੋਕ ਧਰਮ ਪਰੰਪਰਾਗਤ ਅਤੇ ਮੌਖਿਕ ਰੂਪ ਵਿਚ ਚਲਿਆ ਆਉਂਦਾ ਅਜਿਹਾ ਧਰਮ ਹੈ, ਜਿਸ ਵਿਚ ਮੂਲ ਧਰਮ ਅਤੇ ਆਦਿਮਕਾਲੀਨ ਧਰਮ ਦੀਆਂ ਰੂੜ੍ਹੀਆਂ ਦਾ ਮਿਸ਼ਰਣ ਹੁੰਦਾ ਹੈ। ਇਸ ਵਿਚ ਦੂਸਰੇ ਧਰਮਾਂ ਅਤੇ ਸਭਿਅਤਾਵਾਂ ਦੀਆਂ ਰੂੜ੍ਹੀਆਂ ਵੀ ਸਮਾ ਜਾਂਦੀਆਂ ਹਨ। ਜਿਸ ਕਰਕੇ ਇਹ ਸਥਿਰ ਧਰਮ ਨਹੀਂ। ਇਸ ਵਿਚ ਵੰਨ ਸੁਵੰਨਤਾ ਹੋਣ ਦੇ ਬਾਵਜੂਦ ਵੀ ਇਕਸਾਰਤਾ ਹੁੰਦੀ ਹੈ। ਇਸ ਵਿਚੋਂ ਸਮੂਹਿਕ ਮਨ ਦਾ ਜਲ ਹੁੰਦਾ ਹੈ ਅਤੇ ਵੱਖ-ਵੱਖ ਤਰ੍ਹਾਂ ਦੇ ਦੇਵੀ-ਦੇਵਤਿਆਂ ਅਤੇ ਪੀਰਾਂ ਫ਼ਕੀਰਾਂ ਨੂੰ ਵੱਖ-ਵੱਖ ਪੂਜਾ ਵਿਧੀਆਂ ਰਾਹੀਂ ਪੂਜਿਆ ਜਾਂਦਾ ਹੈ। ਇਹ ਅਜਿਹਾ ਧਰਮ ਹੈ ਜੋ ਦੂਸਰੇ ਧਰਮਾਂ ਤੋਂ ਉੱਪਰ ਉੱਠ ਜਾਂਦਾ ਹੈ ਅਤੇ ਬਿਨਾਂ ਕਿਸੇ ਭੇਦ-ਭਾਵ ਤੋਂ ਸਮਾਜ ਦੇ ਹਰੇਕ ਵਰਗ ਦੇ ਲੋਕਾਂ ਨੂੰ ਪ੍ਰਵਾਨਿਤ ਹੁੰਦਾ ਹੈ। ਲੋਕ ਧਰਮ ਲੋਕ ਵਿਸ਼ਵਾਸਾਂ ਅਤੇ ਅਨੁਸ਼ਠਾਨਾਂ ਉੱਪਰ ਉਸਰਿਆ ਇਕ ਅਜਿਹਾ ਵਰਤਾਰਾ ਹੈ, ਜੋ ਕਿਸੇ ਸਭਿਆਚਾਰ ਦੇ ਧੁਰ ਅੰਦਰ ਪਏ ਹੋਏ ਸੰਸਕਾਰਾਂ ਦੀ ਕੇਂਦਰੀ ਚੂਲ ਹੁੰਦਾ ਹੈ। ਇਸ ਦਾ ਸੰਬੰਧ ਕਿਸੇ ਜਾਤੀ ਸਮੁਦਾਇ ਜਾਂ ਸਮਾਜ ਦੀ ਲੋਕ-ਮਾਨਸਿਕਤਾ ਨਾਲ ਹੁੰਦਾ ਹੈ। ਲੋਕ ਮਾਨਸਿਕਤਾ ਜਨਮ ਜਾਤ ਤੋਂ ਪ੍ਰਾਪਤ ਪਰੰਪਰਾਗਤ ਮਿੱਥਾਂ ਅਤੇ ਰੂੜ੍ਹੀਆਂ ਦੀ ਅਜਿਹੀ ਖਾਨ ਹੈ ਜਿਸ ਵਿਚ ਜੀਵਨ ਵਿਵਹਾਰ ਨਾਲ ਜੁੜੇ ਹਰੇਕ ਵਰਤਾਰੇ ਦੇ ਚਿਹਨ ਕਿਸੇ ਨਾ ਕਿਸੇ ਰੂਪ ਵਿਚ ਪਏ ਹੁੰਦੇ ਹਨ। ਭਾਵੇਂ ਅਸੀਂ ਜਿੰਨਾ ਮਰਜ਼ੀ ਅਤਿ ਆਧੁਨਿਕ ਕਿਸਮ ਦਾ ਜੀਵਨ ਜਿਉ ਰਹੇ ਹੋਈਏ ਪਰੰਤੂ ਲੋਕ-ਮਾਨਸਿਕਤਾ ਸਾਡੇ ਜੀਵਨ ਵਿਵਹਾਰ ਨੂੰ ਪ੍ਰਭਾਵਿਤ ਹੀ ਨਹੀਂ ਕਰਦੀ ਸਗੋਂ ਨਿਯੰਤਰਿਤ ਵੀ ਕਰਦੀ ਹੈ। ਅਸੀਂ ਜ਼ਿੰਦਗੀ ਦੇ ਹਰੇਕ ਮਹੱਤਵਪੂਰਨ ਪੜਾਅ (ਜਨਮ, ਵਿਆਹ, ਮੌਤ ਆਦਿ) ਤੇ ਲੋਕ ਮਾਨਸਿਕਤਾ ਦੁਆਰਾ ਨਿਰਧਾਰਤ ਮਾਪਦੰਡਾਂ ਨੂੰ ਹੀ ਅਪਣਾਉਂਦੇ ਹਾਂ ਅਤੇ ਆਪਣੇ ਸਭਿਅਕ ਅਤੇ ਸਮਾਜਕ ਹੋਣ ਦਾ ਪ੍ਰਮਾਣ ਦੇਂਦੇ ਹਾਂ।

ਆਧੁਨਿਕ ਯੁੱਗ ਤਕਨਾਲੋਜੀ ਦਾ ਯੁੱਗ ਹੈ ਜਿਸ ਵਿਚ ਮਨੁੱਖੀ ਜੀਵਨ ਰੁਝੇਵਿਆਂ ਭਰਿਆ ਤਾਂ ਹੋਇਆ ਹੀ ਹੈ ਉਸਦੇ ਵਿਵਹਾਰ ਅਤੇ ਨੈਤਿਕ ਮੁੱਲਾਂ ਵਿਚ ਵੀ ਪਰਿਵਰਤਨ ਵਾਪਰਿਆ ਹੈ। ਇਹਨਾਂ ਪਰਿਵਰਤਨਾਂ ਦਾ ਹੋਰ ਕਾਰਨਾਂ ਦੇ ਨਾਲ ਨਾਲ ਸਭ ਤੋਂ ਵੱਧ ਮਲਟੀ ਮੀਡੀਆ ਨਾਲ ਸੰਬੰਧ ਜੁੜਦਾ ਹੈ। ਆਧੁਨਿਕ ਸੰਚਾਰ ਤਕਨਾਲੋਜੀ ਨੇ ਮਨੁੱਖ ਨੂੰ ਰੇਡੀਓ, ਟੈਲੀਵੀਜ਼ਨ, ਕੰਪਿਊਟਰ ਅਤੇ ਮੋਬਾਈਲ ਫ਼ੋਨ ਆਦਿ ਅਜਿਹੇ ਯੰਤਰ ਦਿੱਤੇ ਹਨ ਜਿਸ ਨਾਲ ਮਨੁੱਖੀ ਜੀਵਨ ਵਿਚ ਕ੍ਰਾਂਤੀਕਾਰੀ ਪਰਿਵਰਤਨ ਵਾਪਰਿਆ ਹੈ। ਇਹ ਸਾਰੇ ਯੰਤਰ ਇਕ ਵਿਸ਼ਵਵਿਆਪੀ ਨੈੱਟਵਰਕ ਨਾਲ ਜੁੜਕੇ ਆਪਣੇ ਆਪਣੇ ਖੇਤਰ ਵਿਚ ਸੰਚਾਰ ਕਰਦੇ ਹਨ। ਹੱਥਲੇ ਖੋਜ-ਪੱਤਰ ਵਿਚ ਇਸ ਨੈੱਟਵਰਕ ਵਿਚੋਂ ਸਿਰਫ਼ ਟੈਲੀਵਿਜ਼ਨ ਨੈੱਟਵਰਕ ਅਤੇ ਲੋਕ ਧਰਮ ਦੇ ਆਪਸੀ ਸੰਬੰਧਾਂ ਨਾਲ ਸੰਬੰਧਿਤ ਮਸਲਿਆਂ ਨੂੰ ਹੀ ਅਧਾਰ ਬਣਾਇਆ ਗਿਆ ਹੈ।

ਸੂਚਨਾ ਤਕਨਾਲੋਜੀ ਅਤੇ ਵਿਸ਼ਵੀਕਰਨ ਦੇ ਆਧੁਨਿਕ ਯੁਗ ਵਿਚ ਮਨੁੱਖੀ ਸਮਾਜਾਂ ਦੀਆਂ ਕਦਰਾਂ-ਕੀਮਤਾਂ ਵਿਚ ਹੀ ਪਰਿਵਰਤਨ ਨਹੀਂ ਵਾਪਰਿਆ ਸਗੋਂ ਇਸਦੇ ਬੁਨਿਆਦੀ ਢਾਂਚੇ ਵਿਚ ਵੀ ਤਬਦੀਲੀ ਵਾਪਰੀ ਹੈ। ਵਿਸ਼ਵੀਕਰਨ ਨੇ ਸਮੁੱਚੇ ਵਿਸ਼ਵ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ ਉਸਨੂੰ ਆਪਣੇ ਹਿੱਤਾਂ ਦੇ ਅਨੁਕੂਲ ਢਾਲਣ ਦੀ ਨਿਰੰਤਰ ਕੋਸ਼ਿਸ਼ ਕੀਤੀ ਹੈ। ਇਸ ਮਕਸਦ ਲਈ ਸੂਚਨਾਂ ਤਕਨਾਲੋਜੀ ਦੇ ਵਿਕਾਸ ਨੇ ਆਪਣਾ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਸੂਚਨਾ ਤਕਨਾਲੋਜੀ ਦੇ ਵਿਕਾਸ ਹੋਣ ਨਾਲ ਸੂਚਨਾਵਾਂ ਦੇ ਅਦਾਨ-ਪ੍ਰਦਾਨ ਕਰਨ ਵਿਚ ਇਕ ਕ੍ਰਾਂਤੀਕਾਰੀ

ਪਰਿਵਰਤਨ ਪੈਦਾ ਹੋਇਆ ਹੈ। ਇੰਟਰਨੈੱਟ ਦੀ ਸਹੂਲਤ ਨਾਲ ਵਿਸ਼ਵ ਦੀਆਂ ਸਮੁੱਚੀਆਂ ਸਭਿਆਤਾਵਾਂ ਦੇ ਗਿਆਨ ਦਾ ਵਟਾਂਦਰਾ ਹੋਇਆ ਹੈ। ਸੂਚਨਾ ਤਕਨਾਲੋਜੀ ਦੀਆਂ ਵਿਭਿੰਨ ਤਕਨੀਕਾਂ ਅਤੇ ਯੰਤਰਾਂ ਦੀ ਮਦਦ ਨਾਲਮਨੁੱਖ ਨੇ ਆਪਣੇ ਵਿਕਾਸ ਲਈ ਨਵੇਂ ਦਿਸਹੱਦੇ ਪ੍ਰਾਪਤ ਕੀਤੇ ਹਨ। ਟੈਲੀਵਿਜ਼ਨ ਨੈੱਟਵਰਕ ਸੂਚਨਾਵਾਂ ਦੇ ਆਦਾਨ-ਪ੍ਰਦਾਨ ਕਰਨ ਦਾ ਮਹੱਤਵਪੂਰਨ ਸਾਧਨ ਹੈ। ਇਹ ਇਕ ਅਜਿਹਾ ਸਾਧਨ ਹੈ, ਜੋ ਕਿਸੇ ਸਮੂਹ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ। ਟੈਲੀਵਿਜ਼ਨ ਨੈੱਟਵਰਕ ਨੇ ਆਪਣੇ ਪ੍ਰੋਗਰਾਮਾਂ ਰਾਹੀਂ ਸਮਾਜ ਵਿਚ ਮਹੱਤਵਪੂਰਨ ਤਬਦੀਲੀਆਂ ਕਰਨ ਵਿਚ ਅਹਿਮ ਭੂਮਿਕਾ ਵੀ ਅਦਾ ਕੀਤੀ ਹੈ। ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਜੇਕਰ ਟੈਲੀਵਿਜ਼ਨ ਦੀ ਭੂਮਿਕਾ ਦਾ ਅਧਿਐਨ ਕੀਤਾ ਜਾਵੇ, ਤਾਂ ਸਮਾਜ ਵਿਚ ਵਾਪਰੀਆਂ ਸਮਾਜਕ, ਧਾਰਮਿਕ ਲਹਿਰਾਂ ਵਿਚ ਇਸਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਪੰਜਾਬ ਵਿਚ ਆਈ ਚਿੱਟੀ ਅਤੇ ਹਰੀ ਕ੍ਰਾਂਤੀ ਵਿਚ ਵੀ ਟੈਲੀਵਿਜ਼ਨ ਨੈੱਟਵਰਕ ਦੇ ਯੋਗਦਾਨ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਸ਼ੁਰੂਆਤੀ ਦੌਰ ਵਿਚ ਟੈਲੀਵਿਜ਼ਨ ਨੈੱਟਵਰਕਿੰਗ ਨੇ ਸਭਿਆਚਾਰਕ ਸਦਭਾਵ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਦੂਰਦਰਸ਼ਨ ਕੇਂਦਰ ਜਲੰਧਰ ਦੀ ਸਥਾਪਨਾ ਹੋਣ ਨਾਲ ਪੰਜਾਬ ਵਿਚ ਜਿਥੇ ਵਿਗਿਆਨਕ ਚੇਤਨਾ ਦੇ ਪ੍ਰਸਾਰ ਵਿਚ ਤੇਜ਼ੀ ਵਾਪਰਦੀ ਹੈ, ਉਥੇ ਇਹ ਸਭਿਆਚਾਰਕ ਤਬਦੀਲੀ ਦਾ ਆਧਾਰ ਵੀ ਬਣ ਜਾਂਦਾ ਹੈ। ਟੈਲੀਵਿਜ਼ਨ ਨੈੱਟਵਰਕਿੰਗ ਵਿਚ ਅਡਵਾਂਸ ਟੈਕਨਾਲੋਜੀ ਪੈਦਾ ਹੋਣ ਨਾਲ ਵੱਡੇ ਸ਼ਹਿਰਾਂ ਵਿਚ ਕੇਬਲ ਟੀ.ਵੀ. ਨੈੱਟਵਰਕਿੰਗ ਸ਼ੁਰੂ ਹੁੰਦੀ ਹੈ। ਜਿਸ ਨਾਲ ਇਸ ਖੇਤਰ ਵਿਚ ਪ੍ਰਾਈਵੇਟ ਨੀਤੀ ਸ਼ੁਰੂ ਹੁੰਦੀ ਹੈ, ਜਿਸ ਨਾਲ ਇਸ ਖੇਤਰ ਵਿਚ ਪ੍ਰਾਈਵੇਟ ਨਿੱਜੀ ਚੈਨਲਾਂ ਦਾ ਆਗਮਨ ਸ਼ੁਰੂ ਹੋ ਜਾਂਦਾ ਹੈ। ਇਹ ਨਿੱਜੀ ਚੈੱਨਲ ਆਪਣੀ ਪਹੁੰਚ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਕਰਨ, ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਦੇ ਲੋਕਾਂ ਨੂੰ ਵੀ ਆਪਣੇ ਦਾਇਰੇ ਵਿਚ ਲਿਆਉਣ ਲਈ ਡਿਸ਼ ਟੈਕਨਾਲੋਜੀ ਦੀ ਵਰਤੋਂ ਕਰਨ ਲੱਗ ਪੈਂਦੇ ਹਨ। ਜਿਵੇਂ-ਜਿਵੇਂ ਦਰਸ਼ਕਾਂ ਦਾ ਦਾਇਰਾ ਮੋਕਲਾ ਹੁੰਦਾ ਗਿਆ, ਤਿਵੇਂ-ਤਿਵੇਂ ਇਹਨਾਂ ਨਿੱਜੀ ਚੈਨਲਾਂ ਤੋਂ ਪ੍ਰਸਾਰਿਤ ਹੋਣ ਵਾਲੇ ਪ੍ਰਸਾਰਨਾਂ ਦੀ ਪ੍ਰਕਿਰਤੀ ਵੀ ਬਦਲਦੀ ਗਈ ਹੈ। ਵਿਸ਼ਵੀਕਰਨ ਦੇ ਅੰਤਰਗਤ ਬਹੁ-ਦੇਸ਼ੀ ਕੰਪਨੀਆਂ ਲਈ ਦੂਸਰੇ ਮੁਲਕਾਂ ਵਿਚ ਜਾ ਕੇ ਆਪਣਾ ਵਿਉਪਾਰ ਕਰਨ ਦੀ ਖੁੱਲ੍ਹ ਪ੍ਰਾਪਤ ਹੁੰਦੀ ਹੈ। ਇਸ ਨਾਲ ਮੰਡੀ ਦੇ ਯੁੱਗ ਦੀ ਸ਼ੁਰੂਆਤ ਹੁੰਦੀ ਹੈ। ਨਿੱਜੀ ਕੰਪਨੀਆਂ ਵੱਧ ਤੋਂ ਵੱਧ ਮੁਨਾਫ਼ਾ ਲੈਣ ਲਈ ਕਈ ਪ੍ਰਕਾਰ ਦੇ ਹੱਥ-ਕੰਡੇ ਅਪਨਾਉਂਦੀਆਂ ਹਨ। ਜਿਸ ਕਰਕੇ ਕਿਸੇ ਸਮਾਜ ਦੀਆਂ ਸਿਹਤਮੰਦ ਪ੍ਰੰਪਰਾਵਾਂ ਉਹਨਾਂ ਲਈ ਅਰਥਹੀਣ ਬਣ ਜਾਂਦੀਆਂ ਹਨ। ਵਰਤਮਾਨ ਸਮੇਂ ਵਿਚ ਸਭਿਆਚਾਰ ਉਦਯੋਗ ਮੁਨਾਫ਼ੇ ਦਾ ਇਕ ਵੱਡਾ ਸਾਧਨ ਬਣ ਚੁੱਕੇ ਹਨ। ਮਨੁੱਖੀ ਸਮੂਹ ਕਿਸੇ ਵਿਸ਼ੇਸ਼ ਸਭਿਆਚਾਰ ਵਿਚ ਹੀ ਆਪਣਾ ਜੀਵਨ ਨਿਰਮਾਣ ਕਰਨ ਦੇ ਯੋਗ ਹੁੰਦਾ ਹੈ, ਇਸ ਲਈ ਉਸਦੀਆਂ ਰੋਜ਼ਮਰਾ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੀਆਂ ਵਸਤਾਂ ਵੀ ਉਸਦੀਆਂ ਸਭਿਆਚਾਰਕ ਪ੍ਰੰਪਰਾਵਾਂ ਦੇ ਅਨੁਕੂਲਮਨੁੱਖ ਨੇ ਆਪਣੇ ਵਿਕਾਸ ਲਈ ਨਵੇਂ ਦਿਸਹੱਦੇ ਪ੍ਰਾਪਤ ਕੀਤੇ ਹਨ।

ਟੈਲੀਵਿਜ਼ਨ ਨੈੱਟਵਰਕ ਸੂਚਨਾਵਾਂ ਦੇ ਆਦਾਨ-ਪ੍ਰਦਾਨ ਕਰਨ ਦਾ ਮਹੱਤਵਪੂਰਨ ਸਾਧਨ ਹੈ। ਇਹ ਇਕ ਅਜਿਹਾ ਸਾਧਨ ਹੈ, ਜੋ ਕਿਸੇ ਸਮੂਹ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ। ਟੈਲੀਵਿਜ਼ਨ ਨੈੱਟਵਰਕ ਨੇ ਆਪਣੇ ਪ੍ਰੋਗਰਾਮਾਂ ਰਾਹੀਂ ਸਮਾਜ ਵਿਚ ਮਹੱਤਵਪੂਰਨ ਤਬਦੀਲੀਆਂ ਕਰਨ ਵਿਚ ਅਹਿਮ ਭੂਮਿਕਾ ਵੀ ਅਦਾ ਕੀਤੀ ਹੈ। ਪੰਜਾਬੀ ਸਭਿਆਚਾਰ ਦੇ ਸੰਦਰਭ ਵਿਚ ਜੇਕਰ ਟੈਲੀਵਿਜ਼ਨ ਦੀ ਭੂਮਿਕਾ ਦਾ ਅਧਿਐਨ ਕੀਤਾ ਜਾਵੇ, ਤਾਂ ਸਮਾਜ

ਵਿਚ ਵਾਪਰੀਆਂ ਸਮਾਜਕ, ਧਾਰਮਿਕ ਲਹਿਰਾਂ ਵਿਚ ਇਸਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਪੰਜਾਬ ਵਿਚ ਆਈ ਚਿੱਟੀ ਅਤੇ ਹਰੀ ਕ੍ਰਾਂਤੀ ਵਿਚ ਵੀ ਟੈਲੀਵਿਜ਼ਨ ਨੈੱਟਵਰਕ ਦੇ ਯੋਗਦਾਨ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਸ਼ੁਰੂਆਤੀ ਦੌਰ ਵਿਚ ਟੈਲੀਵਿਜ਼ਨ ਨੈੱਟਵਰਕਿੰਗ ਨੇ ਸਭਿਆਚਾਰਕ ਸਦਭਾਵ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਦੂਰਦਰਸ਼ਨ ਕੇਂਦਰ ਜਲੰਧਰ ਦੀ ਸਥਾਪਨਾ ਹੋਣ ਨਾਲ ਪੰਜਾਬ ਵਿਚ ਜਿਥੇ ਵਿਗਿਆਨਕ ਚੇਤਨਾ ਦੇ ਪ੍ਰਸਾਰ ਵਿਚ ਤੇਜ਼ੀ ਵਾਪਰਦੀ ਹੈ, ਉਥੇ ਇਹ ਸਭਿਆਚਾਰਕ ਤਬਦੀਲੀ ਦਾ ਆਧਾਰ ਵੀ ਬਣ ਜਾਂਦਾ ਹੈ। ਟੈਲੀਵਿਜ਼ਨ ਨੈੱਟਵਰਕਿੰਗ ਵਿਚ ਅਡਵਾਂਸ ਟੈਕਨਾਲੋਜੀ ਪੈਦਾ ਹੋਣ ਨਾਲ ਵੱਡੇ ਸ਼ਹਿਰਾਂ ਵਿਚ ਕੇਬਲ ਟੀ.ਵੀ. ਨੈੱਟਵਰਕਿੰਗ ਸ਼ੁਰੂ ਹੁੰਦੀ ਹੈ। ਜਿਸ ਨਾਲ ਇਸ ਖੇਤਰ ਵਿਚ ਪ੍ਰਾਈਵੇਟ ਨੀਤੀ ਸ਼ੁਰੂ ਹੁੰਦੀ ਹੈ, ਜਿਸ ਨਾਲ ਇਸ ਖੇਤਰ ਵਿਚ ਪ੍ਰਾਈਵੇਟ ਨਿੱਜੀ ਚੈਨਲਾਂ ਦਾ ਆਗਮਨ ਸ਼ੁਰੂ ਹੋ ਜਾਂਦਾ ਹੈ। ਇਹ ਨਿੱਜੀ ਚੈੱਨਲ ਆਪਣੀ ਪਹੁੰਚ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਕਰਨ, ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਦੇ ਲੋਕਾਂ ਨੂੰ ਵੀ ਆਪਣੇ ਦਾਇਰੇ ਵਿਚ ਲਿਆਉਣ ਲਈ ਡਿਸ਼ ਟੈਕਨਾਲੋਜੀ ਦੀ ਵਰਤੋਂ ਕਰਨ ਲੱਗ ਪੈਂਦੇ ਹਨ। ਜਿਵੇਂ-ਜਿਵੇਂ ਦਰਸ਼ਕਾਂ ਦਾ ਦਾਇਰਾ ਮੋਕਲਾ ਹੁੰਦਾ ਗਿਆ, ਤਿਵੇਂ-ਤਿਵੇਂ ਇਹਨਾਂ ਨਿੱਜੀ ਚੈਨਲਾਂ ਤੋਂ ਪ੍ਰਸਾਰਿਤ ਹੋਣ ਵਾਲੇ ਪ੍ਰਸਾਰਨਾਂ ਦੀ ਪ੍ਰਕਿਰਤੀ ਵੀ ਬਦਲਦੀ ਗਈ ਹੈ।

ਵਿਸ਼ਵੀਕਰਨ ਦੇ ਅੰਤਰਗਤ ਬਹੁ-ਦੇਸ਼ੀ ਕੰਪਨੀਆਂ ਲਈ ਦੂਸਰੇ ਮੁਲਕਾਂ ਵਿਚ ਜਾ ਕੇ ਆਪਣਾ ਵਿਉਪਾਰ ਕਰਨ ਦੀ ਖੁੱਲ੍ਹ ਪ੍ਰਾਪਤ ਹੁੰਦੀ ਹੈ। ਇਸ ਨਾਲ ਮੰਡੀ ਦੇ ਯੁੱਗ ਦੀ ਸ਼ੁਰੂਆਤ ਹੁੰਦੀ ਹੈ। ਨਿੱਜੀ ਕੰਪਨੀਆਂ ਵੱਧ ਤੋਂ ਵੱਧ ਮੁਨਾਫ਼ਾ ਲੈਣ ਲਈ ਕਈ ਪ੍ਰਕਾਰ ਦੇ ਹੱਥ-ਕੰਡੇ ਅਪਨਾਉਂਦੀਆਂ ਹਨ। ਜਿਸ ਕਰਕੇ ਕਿਸੇ ਸਮਾਜ ਦੀਆਂ ਸਿਹਤਮੰਦ ਪ੍ਰੰਪਰਾਵਾਂ ਉਹਨਾਂ ਲਈ ਅਰਥਹੀਣ ਬਣ ਜਾਂਦੀਆਂ ਹਨ। ਵਰਤਮਾਨ ਸਮੇਂ ਵਿਚ ਸਭਿਆਚਾਰ ਉਦਯੋਗ ਮੁਨਾਫ਼ੇ ਦਾ ਇਕ ਵੱਡਾ ਸਾਧਨ ਬਣ ਚੁੱਕੇ ਹਨ। ਮਨੁੱਖੀ ਸਮੂਹ ਕਿਸੇ ਵਿਸ਼ੇਸ਼ ਸਭਿਆਚਾਰ ਵਿਚ ਹੀ ਆਪਣਾ ਜੀਵਨ ਨਿਰਮਾਣ ਕਰਨ ਦੇ ਯੋਗ ਹੁੰਦਾ ਹੈ, ਇਸ ਲਈ ਉਸਦੀਆਂ ਰੋਜ਼ਮਰਾ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੀਆਂ ਵਸਤਾਂ ਵੀ ਉਸਦੀਆਂ ਸਭਿਆਚਾਰਕ ਪ੍ਰੰਪਰਾਵਾਂ ਦੇ ਅਨੁਕੂਲਹੀ ਹੁੰਦੀਆਂ ਹਨ। ਇਸੇ ਕਰਕੇ ਹੀ ਅਜੋਕੇ ਮਨੁੱਖ ਨੂੰ ਆਪਣੇ ਨਿਯੰਤਰਣ ਵਿਚ ਕਰਕੇ ਉਸਨੂੰ ਉਪਭੋਗਤਾਵਾਦ ਦਾ ਸ਼ਿਕਾਰ ਬਣਾਉਣਾ ਵਰਤਮਾਨ ਟੈਲੀਵਿਜ਼ਨ ਨੈੱਟਵਰਕਿੰਗ ਦੀ ਪ੍ਰਮੁੱਖ ਜੁਗਤ ਹੈ। ਇਸ ਪ੍ਰਕਿਰਿਆ ਰਾਹੀਂ ਉਹ ਮਨੁੱਖੀ ਮਨ ਵਿਚ ਪਏ ਹੋਏ ਸਭਿਆਚਾਰਕ ਅਤੇ ਪ੍ਰੰਪਰਕ ਮੁੱਲਾਂ ਨੂੰ ਆਪਣੇ ਹਿੱਤਾਂ ਅਨੁਸਾਰ ਵਰਤ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ।

ਟੈਲੀਵਿਜ਼ਨ ਨੈੱਟਵਰਕ ਅਜੋਕੇ ਮਨੁੱਖ ਦੀ ਜ਼ਿੰਦਗੀ ਤੋਂ ਭਲੀਭਾਂਤ ਵਾਕਿਫ਼ ਹੈ। ਅਜੋਕੇ ਸਮੇਂ ਦੀ ਗੁੰਝਲਦਾਰ ਜ਼ਿੰਦਗੀ ਵਿਚ ਭਾਰਤ ਜਿਹੇ ਵਿਕਾਸਸ਼ੀਲ ਦੇਸ਼ਾਂ ਦਾ ਹਰ ਵਿਅਕਤੀ ਤਣਾਉਗ੍ਰਸਤ ਜੀਵਨ ਜੀਉ ਰਿਹਾ ਹੈ। ਉਸਨੂੰ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਭਵਿੱਖ ਪ੍ਰਤੀ ਚਿੰਤਾ ਰਹਿੰਦੀ ਹੈ। ਧਰਮ ਜਾਂ ਲੋਕ-ਧਰਮ ਹੀ ਅਜਿਹਾ ਸਾਧਨ ਹੈ ਜੋ ਵਿਅਕਤੀ ਦੇ ਭਵਿੱਖਤ ਜੀਵਨ ਦੀਆਂ ਚਿੰਤਾਵਾਂ ਬਾਰੇ ਸੋਚਦਾ ਹੈ। ਇਸ ਜੁਗਤ ਨੂੰ ਟੀ.ਵੀ. ਨੇ ਅਪਣਾਇਆ ਹੋਇਆ ਹੈ। ਸਵੇਰ ਸਮੇਂ ਅਨੇਕਾਂ ਚੈਨਲਾਂ ਤੋਂ ਰਾਸ਼ੀ ਆਧਾਰਿਤ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਂਦੇ ਹਨ। ਜਿਨ੍ਹਾਂ ਵਿਚ ਕਿਸੇ ਪ੍ਰਸਿੱਧ ਜੋਤਿਸ਼ੀ ਨੂੰ ਸਟੂਡੀਓ ਵਿਚ ਬੁਲਾ ਕੇ ਉਸ ਕੋਲੋਂ ਰਾਸ਼ੀ ਉਪਰ ਪੈਣ ਵਾਲੇ ਚੰਗੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਗੱਲ ਜਾਣਕਾਰੀ ਤੱਕ ਹੀ ਸੀਮਤ ਨਹੀਂ ਰਹਿੰਦੀ ਸਗੋਂ ਉਪਾਅ ਵੀ ਸੁਝਾਏ ਜਾਂਦੇ ਹਨ। ਇਹ ਪ੍ਰੋਗਰਾਮ ਦੇਖ ਕੇ ਦਰਸ਼ਕਾਂ ਦੇ ਮਨ ਵਿਚ ਵੀ ਆਪਣੀ ਰੋਜ਼ਮਰਾ ਜ਼ਿੰਦਗੀ ਪ੍ਰਤੀ ਕਈ ਤਰ੍ਹਾਂ ਦੇ ਪ੍ਰਸ਼ਨ ਪੈਦਾ ਹੁੰਦੇ ਹਨ ਅਤੇ ਉਹ

ਸੰਭਾਵੀ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਦਿੱਤੇ ਉਪਾਅ ਕਰਨ ਦੇ ਆਹਰ ਵਿਚ ਲੱਗ ਜਾਂਦਾ ਹੈ। ਵਿਅਕਤੀ ਆਪਣੇ ਹਰੇਕ ਦਿਨ ਦੀ ਸ਼ੁਰੂਆਤ ਆਪਣੇ ਜੀਵਨ ਦਾ ਚੰਗੇਰਾ ਵਿਕਾਸ ਕਰਨ ਲਈ ਕਰਦਾ ਹੈ। ਉਹ ਟੀ.ਵੀ. ਨੈੱਟਵਰਕ ਤੋਂ ਆਪਣੀ ਰਾਸ਼ੀ ਉਪਰ ਮੰਦ ਪ੍ਰਭਾਵਾਂ ਬਾਰੇ ਜਾਣ ਕੇ ਦਵੰਦ ਵਿਚ ਫਸ ਜਾਂਦਾ ਹੈ। ਇਹ ਦਵੰਦ ਅਤੇ ਤਣਾਉ ਹੀ ਉਸ ਨੂੰ ਕੰਮ ਉਪਰ ਜਾਣ ਸਮੇਂ ਬਹੁਤ ਜ਼ਿਆਦਾ ਪ੍ਰਭਾਵਿਤ ਕਰਦਾ ਹੈ ਅਤੇ ਸਾਰਾ ਦਿਨ ਹੀ ਤਣਾਉਗ੍ਰਸਤ ਗੁਜ਼ਾਰ ਦੇਂਦਾ ਹੈ। ਇਸ ਤਣਾਉ ਵਿਚੋਂ ਹੀ ਕਈ ਵਾਰ ਬਹੁਤ ਸਾਰੀਆਂ ਦੁਰਘਟਨਾਵਾਂ ਜਨਮ ਲੈਂਦੀਆਂ ਹਨ। ਗ੍ਰਹਿਆਂ ਦੀ ਪੂਜਾ ਪੰਜਾਬੀ ਲੋਕ ਧਰਮ ਦਾ ਪ੍ਰਮੁੱਖ ਅੰਗ ਹੈ। ਲੋਕ ਗ੍ਰਹਿਆਂ ਅਨੁਸਾਰ ਆਪਣੀਆਂ ਉਂਗਲਾਂ ਵਿਚ ਵੱਖ-ਵੱਖ ਪੱਥਰਾਂ ਤੋਂ ਬਣੀਆਂ ਮੁੰਦਰੀਆਂ ਪਹਿਨਦੇ ਹਨ। ਇਹਨਾਂ ਗ੍ਰਹਿਆਂ ਦੇ ਚੰਗੇ ਅਤੇ ਮਾੜੂ ਪ੍ਰਭਾਵਾਂ ਬਾਰੇ ਜਾਣਕਾਰੀ ਸਾਨੂੰ ਟੈਲੀਵਿਜ਼ਨ ਨੈੱਟਵਰਕ ਤੋਂ ਮਿਲਦੀ ਹੈ। ਟੈਲੀਵਿਜ਼ਨ ਕਿਉਂਕਿ ਮੰਡੀ ਸਭਿਆਚਾਰ ਦੀ ਉਪਜ ਹੈ ਇਸ ਲਈ ਉਹ ਇਸ਼ਤਿਹਾਰਬਾਜ਼ੀ ਉਪਰ ਨਿਰਭਰ ਕਰਦਾ ਹੈ। ਇਸ਼ਤਿਹਾਰਬਾਜ਼ੀ ਰਾਹੀਂ ਵੱਖ-ਵੱਖ ਪ੍ਰੋਡੈਕਟਸ ਕੰਪਨੀਆਂ ਮਹਿੰਗੇ ਤੋਂ ਮਹਿੰਗੇ ਢੰਗਾਂ ਰਾਹੀਂ ਖਪਤ ਸਭਿਆਚਾਰ ਵਿਚ ਜ਼ਿੰਦਗੀ ਜਿਉ ਰਹੇ ਅਜੋਕੇ ਮਨੁੱਖ ਤਕ ਪਹੁੰਚਾਉਣਾ ਚਾਹੁੰਦੀਆਂ ਹਨ। ਹਰੇਕ ਮਾਲ-ਉਤਪਾਦਕ ਦੀ ਅਜਿਹੀ ਇੱਛਾ ਹੁੰਦੀ ਹੈ ਕਿ ਮੰਡੀ ਵਿਚ ਉਸਦਾ ਮਾਲ ਸਭ ਤੋਂ ਵੱਧ ਵਿਕੇ। ਇਸ ਕਰਕੇ ਉਹਟੈਲੀਵਿਜ਼ਨ ਨੈੱਟਵਰਕ ਨੂੰ ਆਪਣੇ ਸਾਧਨ ਵਜੋਂ ਵਰਤਦਾ ਹੈ। ਕਈ ਵਾਰ ਤਾਂ ਕੰਪਨੀਆਂ ਅੱਧੇ ਅੱਧੇ ਘੰਟੇ ਦੇ ਸਪਾਂਸਰ ਪ੍ਰੋਗਰਾਮ ਵੀ ਪੇਸ਼ ਕਰਦੀਆਂ ਹਨ। 'ਰੁਦਰਾਕਸ਼ ਕਵਚ' ਇਸ ਦੀ ਇਕ ਮਹੱਤਵਪੂਰਨ ਉਦਾਹਰਨ ਹੈ। ਜਿਸ ਵਿਚ ਵੱਖ-ਵੱਖ ਜੁਗਤਾਂ ਵਰਤ ਕੇ ਲੋਕਾਂ ਨੂੰ ਇਹ ਰੁਦਰਾਕਸ਼ ਕਵਚ ਖਰੀਦਣ ਲਈ ਉਕਸਾਇਆ ਜਾਂਦਾ ਹੈ। ਅਜਿਹਾ ਉਹ ਵਿਅਕਤੀ ਅੰਦਰਲੀ ਲੋਕ ਧਾਰਮਿਕ ਮਾਨਸਿਕਤਾ ਨੂੰ ਝੰਜੋੜ ਕੇ ਆਪਦੇ ਨਿੱਜੀ ਫ਼ਾਇਦੇ ਲਈ ਆਪਣਾ ਮਾਲ ਵੇਚਣ ਲਈ ਕਰਦੇ ਹਨ। ਪਰੰਤੂ ਦੁੱਖ ਦੀ ਗੱਲ ਇਹ ਹੈ ਅਜਿਹਾ ਕਾਰਜ ਲੋਕਾਂ ਦੇ ਦਿਲਾਂ ਵਿਚ ਘਰ ਕਰ ਚੁੱਕੇ ਉਹ ਆਦਰਸ਼ਕ ਮਾਡਲ ਕਰ ਰਹੇ ਹਨ, ਜਿਨ੍ਹਾਂ ਵਿਚ ਲੋਕਾਂ ਦਾ ਅਥਾਹ ਵਿਸ਼ਵਾਸ ਹੁੰਦਾ ਹੈ। ਮੁਕੇਸ਼ ਖੰਨਾ ਵਰਗੇ ਸਮਾਜ ਦੇ ਜ਼ਿੰਮੇਵਾਰ ਲੋਕ ਆਪਣੀ ਹਰਮਨਪਿਆਰਤਾ ਦਾ ਨਜਾਇਜ਼ ਫਾਇਦਾ ਉੱਠਾ ਰਹੇ ਹਨ। ਉਹ ਆਪਣੇ ਲਾਲਚ ਵੱਸ ਉਤਪਾਦਕਾਂ ਕੋਲੋਂ ਮਨਮਰਜ਼ੀ ਦੇ ਪੈਸੇ ਲੈ ਕੇ ਲੋਕਾਂ ਨੂੰ ਫਿਰ ਤੋਂ ਅੰਧਕਾਰ ਵਿਚ ਧਕੇਲਣ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਇਸੇ ਤਰ੍ਹਾਂ ਅਮਿਤਾਭ ਬਚਨ, ਆਮਿਰ ਖਾਨ, ਸ਼ਾਹਰੁਖ ਖਾਨ, ਖਿਡਾਰੀ ਸਚਿਨ, ਗਾਂਗੁਲੀ, ਸਹਿਵਾਗ, ਧੋਨੀ, ਸਾਨੀਆ ਮਿਰਜ਼ਾ ਆਦਿ ਨੂੰ ਉਤਪਾਦਕਾਂ ਦੁਆਰਾ ਪੈਸੇ ਦੇ ਜ਼ੋਰ ਨਾਲ ਵਰਤਿਆ ਜਾ ਰਿਹਾ ਹੈ।

ਸਦੀਆਂ ਤੋਂ ਚਲੀਆਂ ਆ ਰਹੀਆਂ ਲੋਕ-ਧਾਰਮਿਕ ਰੂੜ੍ਹੀਆਂ ਸਾਡੇ ਵਿਚ ਅੱਜ ਵੀ ਏਨੀਆਂ ਬਲਵਾਨ ਹਨ ਕਿ ਟੈਲੀਵੀਜ਼ਨ ਨੈੱਟਵਰਕ ਦੇ ਹਰੇਕ ਪ੍ਰੋਗਰਾਮ ਵਿਚ ਲੋਕ ਧਾਰਮਿਕ ਰੂੜ੍ਹੀਆਂ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਲ ਹੁੰਦੀਆਂ ਹਨ। ਟੈਲੀਵੀਜ਼ਨ ਦਾ ਇਤਿਹਾਸ ਗਵਾਹ ਹੈ ਕਿ ਉਹ ਪ੍ਰੋਗਰਾਮ ਹੀ ਸਭ ਤੋਂ ਜ਼ਿਆਦਾ ਸਫ਼ਲ ਰਹੇ ਹਨ, ਜਿਨ੍ਹਾਂ ਵਿਚ ਕਿਸੇ ਨਾ ਕਿਸੇ ਤਰ੍ਹਾਂ ਇਹਨਾਂ ਦੀ ਪੇਸ਼ਕਾਰੀ ਹੋਈ ਹੈ। ਰਮਾਇਣ, ਮਹਾਂਭਾਰਤ, ਜੈ ਹਨੂਮਾਨ, ਕ੍ਰਿਸ਼ਨਾ ਆਦਿ ਅਜਿਹੇ ਸੀਰੀਅਲ ਹਨ, ਜੋ ਭਾਰਤ ਵਿਚ ਸਭ ਤੋਂ ਜ਼ਿਆਦਾ ਪਸੰਦ ਕੀਤੇ ਗਏ।

ਟੈਲੀਵਿਜ਼ਨ ਨੈੱਟਵਰਕ ਵਿਚ ਜਿਥੇ ਪ੍ਰੋਗਰਾਮ ਸਾਡਾ ਮਨੋਰੰਜਨ ਕਰਦੇ ਹਨ ਉਥੇ ਇਸ਼ਤਿਹਾਰ ਵੀ ਸਾਨੂੰ ਪ੍ਰਭਾਵਿਤ ਕਰ ਰਹੇ ਹਨ। ਟੈਲੀਵਿਜ਼ਨ ਨੈੱਟਵਰਕ ਦਾ ਵੱਡਾ ਹਿੱਸਾ ਇਸ਼ਤਿਹਾਰਾਂ ਨਾਲ ਜੁੜਿਆ ਹੋਇਆ ਹੈ। ਇਸ਼ਤਿਹਾਰਾਂ ਰਾਹੀਂ ਵੀ ਆਪਣਾ ਉਤਪਾਦ ਵੇਚਣ ਵਾਸਤੇ ਵਿਅਕਤੀ ਦੀ ਲੋਕ-ਮਾਨਸਿਕਤਾ ਵਿਚ ਪਏ ਹੋਏ ਵਿਸ਼ਵਾਸਾਂ ਨੂੰ ਕੈਸ਼

ਕੀਤਾ ਜਾਂਦਾ ਹੈ। ਜਦੋਂ ਸਾਬਣ ਦਾ ਇਸ਼ਤਿਹਾਰ ਦੇਣ ਲਈ 'ਗੰਗਾ' ਦੇ ਸੰਕਲਪ ਅਤੇ 'ਤੁਲਸੀ' ਆਦਿ ਦਾ ਸੰਕਲਪ ਵਰਤਿਆ ਜਾਂਦਾ ਹੈ ਤਾਂ ਲੋਕ ਧਾਰਮਿਕ ਮਾਨਸਿਕਤਾ ਵਿਚ ਸੰਬੰਧਿਤ ਵਸਤ ਪ੍ਰਤੀ ਸ਼ਰਧਾ ਬਣ ਜਾਂਦੀ ਹੈ ਕਿਉਂਕਿ ਗੰਗਾ ਅਤੇ ਤੁਲਸੀ ਨਾਲ ਅਨੇਕ ਪ੍ਰਕਾਰ ਦੀਆਂ ਧਾਰਮਿਕ ਮਾਨਤਾਵਾਂ ਜੁੜੀਆਂ ਹੋਈਆਂ ਹਨ।

## ਹਵਾਲੇ


1. ਡਾ. ਜੀਤ ਸਿੰਘ ਜੋਸ਼ੀ, ਲੋਕ ਕਲਾ ਅਤੇ ਸਭਿਆਚਾਰ: ਮੁੱਢਲੀ ਜਾਣ-ਪਛਾਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2010, ਪੰਨਾ-76
2. ਬਲਬੀਰ ਸਿੰਘ ਪੂਨੀ, ਲੋਕਧਾਰਾ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 1993, ਪੰਨਾ-119.
3. ਵਣਜਾਰਾ ਬੇਦੀ, ਲੋਕ-ਧਰਮ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2007, ਪੰਨਾ-10-11.
4. ਡਾ. ਜੀਤ ਸਿੰਘ ਜੋਸ਼ੀ, ਲੋਕ ਕਲਾ ਅਤੇ ਸਭਿਆਚਾਰ: ਮੁੱਢਲੀ ਜਾਣ-ਪਛਾਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2010, ਪੰਨਾ-78-79
5. ਬਲਬੀਰ ਸਿੰਘ, ਪੂਨੀ, ਲੋਕਧਾਰਾ ਅਧਿਐਨ, ਰੂਹੀ ਪ੍ਰਕਾਸ਼ਨ ਅੰਮ੍ਰਿਤਸਰ, ਪੰਨਾ 104
6. ਉਹੀ, ਪੰਨਾ 104.
7. ਉਹੀ, ਪੰਨਾ 104
8. ਜੀਤ ਸਿੰਘ ਜੋਸ਼ੀ, ਲੋਕ ਧਰਮ, ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ 290.
9. ਉਹੀ ਰਚਨਾ, ਪੰਨਾ 291.
10. ਉਹੀ ਰਚਨਾ, ਪੰਨਾ 292.
11. ਉਹੀ ਰਚਨਾ, ਪੰਨਾ 293.
12. ਉਹੀ ਰਚਨਾ, ਪੰਨਾ 294.
13. *ਡਾ.ਦਰਿਆ, ਡਾ.ਦਰਿਆ (2016). ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਬਦਲਦੇ ਪਰਿਪੇਖ. ਰਵੀ ਸਾਹਿਤ ਪ੍ਰਕਾਸ਼ਨ*

# ਲੋਕ ਗੀਤ

ਪੰਜਾਬੀ ਲੋਕ ਗੀਤ ਪੰਜਾਬੀਆਂ ਦੀ ਸੁਹਜ ਤ੍ਰਿਪਤੀ ਕਰਨ ਵਾਲਾ ਅਮੀਰ ਵਿਰਸਾ ਹਨ। ਇਹ ਲੋਕ ਗੀਤ ਪੰਜਾਬੀ 'ਲੋਕ' ਜਾਂ ਲੋਕਾਂ ਦੁਆਰਾ ਰਚੀ ਗਈ ਅਜਿਹੀ ਸੁਹਜ-ਸੁਆਦ ਨਾਲ ਭਰਪੂਰ, ਲੈਅ ਬੱਧ ਰਚਨਾ ਹੁੰਦੀ ਹੈ, ਜਿਸ ਵਿੱਚ ਆਮ ਪੰਜਾਬੀਆਂ ਦੇ ਚਾਅ, ਵਲਵਲੇ, ਰੀਝਾਂ, ਦੁੱਖ-ਸੁੱਖ ਅਤੇ ਪੀੜਾਂ ਦਾ ਵਰਣਨ ਹੋਇਆ ਮਿਲਦਾ ਹੈ। ਇਹ ਲੋਕ ਗੀਤ ਵੀ ਪੰਜਾਬੀਆਂ ਦੇ ਸੁਭਾਅ ਵਾਂਗ ਹੀ ਸਰਲ ਸਾਦੇ ਤੇ ਪ੍ਰਕਿਰਤੀ ਨਾਲ ਇਕਮਿਕ ਹੋਏ ਉਹਨਾਂ ਦੇ ਦਿਲੋਂ ਪੁੰਗਰ ਕੇ ਉਹਨਾਂ ਦੇ ਬੁੱਲਾਂ 'ਤੇ ਖੇਡਦੇ ਹੋਏ, ਪੀੜ੍ਹੀ ਦਰ ਪੀੜ੍ਹੀ ਮੜਕ ਨਾਲ ਤੁਰਦੇ ਹਨ। ਪੰਜਾਬੀਆਂ ਦਾ ਸੁਭਾਅ ਲਚਕੀਲਾ ਅਤੇ ਵੰਨ ਸੁਵੰਨਤਾ ਵਾਲਾ ਹੈ। ਇਹ ਜੰਗ ਦੇ ਮੈਦਾਨ ਵਿੱਚ ਦੁਸ਼ਮਣ ਨਾਲ ਲੋਹਾ ਲੈਂਦੇ, ਮੇਲਿਆਂ ਵਿੱਚ ਮਸਤੀ ਨਾਲ ਨੱਚਦੇ ਝੂਮਦੇ, ਪਿਆਰ ਵਿੱਚ ਗੁਲਾਮੀ ਕਰਦੇ, ਸਖ਼ਤ ਮਿਹਨਤ ਨਾਲ ਧਰਤੀ ਦੀ ਹਿੱਕ ਵਿਚੋਂ ਅਨਾਜ ਪੈਦਾ ਕਰਦੇ, ਹਰ ਹਾਲਾਤ ਵਿੱਚ ਸਹਿਜੇ ਹੀ ਢਲ ਸਕਣ ਦੀ ਸਮਰੱਥਾ ਰੱਖਦੇ ਹਨ, ਲਹੂ ਪਸੀਨਾ ਇਕ ਕਰਕੇ ਕਮਾਈ ਕਰਨ ਵਾਲੇ ਅਤੇ ਜੰਗਾਂ ਯੁੱਧਾਂ ਵਿੱਚ ਰਹਿਣ ਵਾਲੇ ਪੰਜਾਬੀ ਇਕ ਸੁਹਜ ਭਰਿਆ ਦਿਲ ਵੀ ਰੱਖਦੇ ਹਨ। ਉਹਨਾਂ ਦੇ ਵੰਨ ਸੁਵੰਨੇ ਚਰਿੱਤਰ ਦਾ ਇਕ ਪਹਿਲੂ ਉਹਨਾਂ ਦੀ ਸੁਹਜ ਸਿਰਜਨਾ ਕਰਨ ਦੀ ਸਮਰੱਥਾ ਵਾਲਾ ਵੀ ਹੈ। ਉਹਨਾਂ ਦੇ ਇਸ ਚਰਿੱਤਰ ਬਾਰੇ ਡਾ. ਜਗੀਰ ਸਿੰਘ ਨੂਰ ਲਿਖਦੇ ਹਨ -

"ਸੁਹਜ ਦੀ ਸਿਰਜਨਾ ਕਰਨੀ, ਉਸਨੂੰ ਮਾਨਣਾ ਅਤੇ ਉਸਦੇ ਕੁਝ ਅੰਸ਼ ਪੀੜ੍ਹੀਓ ਪੀੜ੍ਹੀ ਅਗਾਂਹ ਪ੍ਰਵਾਹਮਾਨ ਕਰ ਦੇਣੇ, ਇਹਨਾਂ ਦੇ ਸਮੁੱਚੇ ਚਰਿੱਤਰ ਦੀ ਇਕ ਅਮਰ ਨਿਸ਼ਾਨੀ ਹੈ।"[4]

ਮੱਧਕਾਲੀਨ ਪੰਜਾਬੀ ਕਵੀਆਂ ਵਿੱਚੋਂ ਕੋਈ ਵਿਰਲਾ ਹੀ ਹੋਵੇਗਾ, ਜਿਸ ਨੇ ਕਲਾਤਮਕ ਰੂਪ ਵਿਧਾਨ, ਸ਼ਕਤੀਸ਼ਾਲੀ ਭਾਸ਼ਾ ਅਤੇ ਆਕਰਸ਼ਕ ਰਾਗਾਂ ਤੇ ਧੁਨਾ ਲਈ ਪੰਜਾਬੀ ਲੋਕ ਗੀਤਾਂ ਤੋਂ ਸਹਾਇਤਾ ਨਾ ਲਈ ਹੋਵੇ। **ਏਵਲਿਣ** ਦਾ ਵਿਚਾਰ ਹੈ ਕਿ ਲੋਕ ਕਹਾਣੀਆਂ ਗਲਪ ਨੂੰ ਜਨਮ ਦਿੰਦੀਆ ਹਨ ਅਤੇ ਲੋਕ ਗੀਤ ਸਮੁੱਚੀ ਕਵਿਤਾ ਦੇ ਜਨਮ ਦਾਤਾ ਹਨ।

ਜੰਮਣ ਤੋਂ ਮੌਤ ਤਕ ਪੰਜਾਬ ਦੇ ਜੀਵਨ ਦਾ ਕੋਈ ਵੀ ਪੱਖ ਅਜੇਹਾ ਨਹੀਂ ਹੈ, ਜਿਸ ਸੰਬੰਧੀ ਲੋਕ ਗੀਤ ਉਪਲੱਬਧ ਨਾ ਹੋਵੇ। ਇਨ੍ਹਾਂ ਲੋਕ ਗੀਤਾ ਦੀ ਵਿਸ਼ਾਲ ਭਾਵਨਾ ਨੂੰ ਮੁੱਖ ਰੱਖਕੇ ਇਹ ਧਾਰਨਾ ਆਮ ਪ੍ਰਚਲਿਤ ਹੈ ਕਿ ਪੰਜਾਬੀ ਗੀਤਾਂ ਵਿੱਚ ਜੰਮਦਾ ਹੈ: ਲੋਰੀਆਂ, ਥਾਲਾਂ, ਧਮਾਲਾਂ ਵਿੱਚ ਇਸ ਦਾ ਪਾਲਣ ਪੋਸ਼ਣ ਹੁੰਦਾ ਹੈ: ਘੋੜੀਆਂ, ਸੁਹਾਗਾਂ, ਸਿੱਠਣੀਆਂ ਛੰਦਾਂ ਅਤੇ ਗਿੱਧਿਆਂ ਵਿੱਚ ਵਿਆਹਿਆ ਜਾਂਦਾ ਹੈ: ਅਤੇ ਇਸ ਦਾ ਅੰਤਿਮ ਸੰਸਕਾਰ ਵੀ ਆਲਹੁਣੀਆਂ ਤੇ ਕੀਰਨਿਆ ਦੇ ਰੂਪ ਵਿੱਚ ਗੀਤਾਂ ਰਾਹੀਂ ਹੀ ਹੁੰਦਾ ਹੈ। ਬਹੁਤ ਸਾਰੇ ਗੀਤ ਅਜਿਹੇ ਵੀ ਹਨ, ਜਿਹੜੇ ਨਿੱਤ ਪ੍ਰਤੀ ਦੇ ਕਾਰ-ਵਿਹਾਰ, ਦਿਨ-ਦਿਹਾਰ, ਹਾਰ ਸ਼ਿੰਗਾਰ, ਮਿਲਾਮ, ਵਿਛੋੜਾ, ਦੁੱਖ-ਸੁੱਖ, ਆਨੰਦ ਨਾਲ਼ ਸੰਬੰਧਿਤ ਹਨ। ਰੁੱਤਾਂ, ਮੇਲਿਆ, ਪਸ਼ੂ-ਪੰਛੀਆਂ ਅਤੇ ਰੁੱਖਾਂ ਆਦਿ ਬਾਰੇ ਵੀ ਲੋਕ-ਗੀਤ ਮਿਲੇ ਹਨ। ਪ੍ਰੀਤ ਕਹਾਣੀਆਂ ਅਤੇ ਸੂਰਮਗਤੀ ਦੇ ਪ੍ਰਸੰਗ ਵਿੱਚ ਗੀਤ ਮਿਲਦੇ ਹਨ। ਪ੍ਰੇਮ-ਭਾਵਨਾ ਨੂੰ ਪ੍ਰਗਟਾਉਣ ਵਾਲ਼ਾ ਗੀਤ ਇਉਂ ਹੈ-

- ਕੰਨੀ ਕਾਂਟੇ ਪਾਏ ਨੇ, ਸਾਡੇ ਨਾਲੋਂ ਬਟਨ ਚੰਗੇ, ਜਿਹੜੇ ਸੀਨੇ ਨਾਲ ਲਾਏ ਹੋਏ ਨੇ।
- ਤੇਰੀ ਸਜਰੀ ਪੈੜ ਦਾ ਰੇਤਾ ਚੁੱਕ ਚੱਕ ਲਾਵਾਂ ਹਿੱਕ ਨੂੰ।

ਲੋਕ ਗੀਤ ਵਿੱਚ ਇਸ ਦੇ ਕੁਝ ਅੱਗੇ ਰੂਪ ਗਏ ਹਨ।:-

**1.ਜਨਮ ਨਾਲ ਸੰਬੰਧਿਤ ਲੋਕ ਗੀਤ**

ਬੱਚੇ ਦਾ ਜਨਮ, ਖ਼ਾਸ ਕਰਕੇ ਪੁੱਤਰ ਦਾ ਜਨਮ ਘਰ ਵਿੱਚ ਲੱਖ ਖ਼ੁਸੀਆਂ ਦਾ ਸਬੱਬ ਹੁੰਦਾ ਹੈ। ਪੰਜਾਬੀ ਲੋਕ ਗੀਤ ਵਿੱਚ ਮਨੁੱਖ ਦੀ ਵੰਸ਼ ਵਧਾਉਣ ਦੀ ਲੋਚਾ ਪੁੱਤਰ ਪੈਦਾ ਹੋਣ ਨਾਲ ਪੂਰੀ ਹੁੰਦੀ ਦਿਖਾਈ ਗਈ ਹੈ। ਜਨਾਨੀ ਪੁੱਤਰ ਪੈਦਾ ਕਰਕੇ ਮਾਣ ਮਹਿਸੂਸ ਕਰਦੀ ਹੈ ਇਸੇ ਕਰਕੇ ਉਹ 'ਗੋਦੀ ਦੇ ਸ਼ਿੰਗਾਰ' ਦੇ ਰੂਪ ਵਿੱਚ ਪੁੱਤਰ ਹੀ ਚਾਹੁੰਦੀ ਹੈ। ਮਰਦ 'ਪੁੱਤਰ ਮਿੱਠੇ ਮੇਵੇ' ਕਹਿ ਕੇ ਪੁੱਤਰ ਦੀ ਲੋਚਾ ਕਰਦਾ ਹੈ। ਭੈਣਾਂ ਆਪਣੀ ਸਮਾਜਿਕ ਸੁਰੱਖਿਆ ਲਈ ਰੱਬ ਤੋਂ ਵੀਰ ਮੰਗਦੀਆਂ ਹੋਈਆਂ ਕਹਿੰਦੀਆਂ ਹਨ - 'ਦੋ ਵੀਰ ਦੇਈਂ ਵੇ ਰੱਬਾ ਮੇਰੀ ਸਾਰੀ ਉਮਰ ਦੇ ਮਾਪੇ'। ਪੁੱਤਰ ਦੇ ਜਨਮ ਦੀ ਖ਼ੁਸ਼ੀ ਪੰਜਾਬੀ ਮਨ ਲੋਕ ਗੀਤਾਂ ਰਾਹੀਂ ਵਿਅੱਕਤ ਕਰਦਾ ਹੈ।

ਹਰਿਆ ਨੀ ਮਾਏ

ਹਰਿਆ ਨੀ ਮਾਏ, ਹਰਿਆ ਨੀ ਭੈਣੇ, ਹਰਿਆ ਤੇ ਭਾਗੀਂ ਭਰਿਆ

ਜਿਤ ਦਿਹਾੜੇ ਮੇਰਾ, ਹਰਿਆ ਨੀ ਜੰਮਿਆ

ਸੋਈਓ ਦਿਹਾੜਾ ਭਾਗੀਂ ਭਰਿਆ।

ਜੰਮਦੜਾ ਹਰਿਆ ਪੱਟ ਨੀ ਵਲੇਟਿਆ ਕੁੱਛੜ ਦਿਉ ਇਨ੍ਹਾਂ ਦਾਈਆਂ

ਮਾਈਆਂ ਤੇ ਦਾਈਆਂ ਨਾਲੇ ਸਕੀਆਂ ਭਰਜਾਈਆਂ

ਹੋਰ ਚਾਚੇ ਤਾਏ ਦੀਆਂ ਜਾਈਆਂ

ਕੀ ਕੁਝ ਦੇਣਾ ਇਹਨਾਂ ਦਾਈਆਂ ਤੇ ਮਾਈਆਂ ?

ਕੀ ਕੁਝ ਸੱਕੀਆਂ ਭਰਜਾਈਆਂ ?

ਉਪਰੋਕਤ ਲੋਕ ਗੀਤ ਵੀ ਜਨਮ ਨਾਲ ਸੰਬੰਧਿਤ ਹੈ। ਜਿਸਦੇ ਵਿਸ਼ੇ-ਵਸਤੂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਲੋਕ ਗੀਤ ਕੇਵਲ ਮੁੰਡੇ ਦੇ ਜਨਮ ਨਾਲ ਸੰਬੰਧਿਤ ਹੈ, ਕੁੜੀ ਦੇ ਜਨਮ ਨਾਲ ਨਹੀਂ। ਇਹ ਲੋਕ ਗੀਤ ਸੰਬੋਧਨੀ ਵਿਧੀ ਦੁਆਰਾ ਨਿੱਗਦੇ ਰਿਸ਼ਤਿਆਂ ਜਿਵੇਂ 'ਮਾਏ' ਅਤੇ 'ਭੈਣੇ' ਨੂੰ ਸੰਬੋਧਿਤ ਹੈ।

ਪੰਜਾਬੀ ਭਾਈਚਾਰੇ ਵਿੱਚ ਪੁੱਤਰ ਦੀ ਪੈਦਾਇਸ਼ ਲੱਖਾਂ ਖ਼ੁਸੀਆਂ ਅਤੇ ਖੇੜਿਆਂ ਦੀ ਆਮਦ ਦਾ ਚਿੰਨ੍ਹ ਹੈ। ਪੁੱਤਰ ਜਨਮ ਦੀ ਅਸੀਮ ਖ਼ੁਸ਼ੀ ਆਪਣੇ ਅਤਿ ਨਿਕਟ ਰਿਸ਼ਤੇਦਾਰਾਂ ਨਾਲ ਸਾਂਝੀ ਕਰਦੀ, ਮਾਂ ਦੀ ਵੇਦਨਾ ਇਸ ਗੀਤ ਦਾ ਵਿਸ਼ਾ ਹੈ। ਪੁੱਤਰ ਦਾ ਜਨਮ ਘਰ ਲਈ ਭਾਗਾਂ ਭਰਿਆ ਹੈ। ਨਵ-ਜਨਮੇ ਪੁੱਤਰ ਦੀ ਚਾਵਾਂ ਅਤੇ ਮਲਾਰਾਂ ਨਾਲ ਪਾਲਣਾ ਅਤੇ ਖ਼ੁਸ਼ੀ ਵਿੱਚ ਪੈਸੇ ਅਤੇ ਕੱਪੜੇ ਵੰਡਣ ਦੀ ਰਵਾਇਤ ਦਾ ਜ਼ਿਕਰ ਇਸ ਲੋਕ ਗੀਤ ਵਿੱਚ ਕੀਤਾ ਗਿਆ ਹੈ। ਪੰਜਾਬੀ ਪੇਂਡੂ ਜੀਵਨ ਜਾਂਚ ਦੀ ਬੱਚੇ ਨੂੰ ਪਛਾਣ ਕਰਵਾਉਣ ਦੇ ਸੰਕੇਤ, ਇਸ ਦੀ ਸੰਰਚਨਾ ਵਿਚੋਂ ਦ੍ਰਿਸ਼ਟੀਗੋਚਰ ਹੁੰਦੇ ਹਨ। ਪਹਿਲੀਆਂ ਦੋ ਸਤਰਾਂ ਵਿੱਚ ਹੀ 'ਜੱਟ ਪੁੱਤਰ' ਨੂੰ ਪ੍ਰਕਿਰਤੀ ਦੀਆਂ ਵਸਤੂਆਂ ਨੂੰ ਧਰਤੀ ਵਿਚੋਂ ਕੱਢ ਕੇ ਕਿਵੇਂ ਘਰ ਵਿੱਚ

ਸੰਭਾਲਣਾ ਹੈ, ਦੀ ਜਾਂਚ ਦੱਸੀ ਗਈ ਹੈ। ਪ੍ਰਕਿਰਤੀ ਨੂੰ ਘਰ ਦੀ ਲੋੜ ਅਤੇ ਖਾਸ ਕਰਕੇ ਪੇਟ ਦੀ ਲੋੜ ਦੀ ਪੂਰਤੀ ਦੀ ਚੀਜ਼ ਬਣਾਉਣ ਦੀ ਜਾਂਚ ਸਹਿਜੇ ਹੀ ਦੱਸੀ ਗਈ ਹੈ। ਜਿਵੇਂ- ਬਾਵਾ ਕਣਕ ਲਿਆਵੇਗਾ।

ਬਾਵੀ ਬਹਿ ਕੇ ਛੱਟੇਗੀ,

ਛੱਟ ਭੜੋਲੇ ਪਾਵੇਗੀ।

ਇਸ ਵਿੱਚ ਅਬੋਧ ਬਾਲਕ ਨੂੰ ਮਨੋਰੰਜਨ ਦੇਣ ਦੇ ਨਾਲ-ਨਾਲ ਸਭ ਤੋਂ ਜ਼ਰੂਰੀ ਚੀਜ਼ 'ਗੁੱਲੀ' ਭਾਵ ਰੋਟੀ ਪੈਦਾ ਕਰਨ ਦਾ ਗੁਰ ਵੀ ਦੱਸਿਆ ਗਿਆ ਹੈ। 'ਕਣਕ' ਧਰਤੀ ਵਿਚੋਂ ਪੈਦਾ ਕੀਤੀ ਜਾਣ ਵਾਲੀ ਉਹ ਜਿਣਸ ਹੈ ਜੋ ਜੱਟ ਸ੍ਰੇਣੀ ਦਾ ਆਰਥਿਕ ਸਰੋਤ ਵੀ ਹੈ ਤੇ ਸਰੀਰਕ ਲੋੜ ਪੂਰੀ ਕਰਨ ਦਾ ਪਹਿਲਾਂ ਤੇ ਮਹੱਤਵਪੂਰਨ ਸਾਧਨ ਵੀ ਹੈ।

**ਬੋਲੀ**

ਬੋਲੀਆਂ ਜਾਂ ਬੋਲੀ ਕਾਵਿ ਰੂਪ ਵਿੱਚ ਥੋੜੇ ਜਿਹੇ ਸ਼ਬਦਾਂ ਵਿੱਚ ਬੜੇ ਸੰਜਮ ਨਾਲ਼ ਦਿਲ ਦੀਆਂ ਭਾਵਨਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਬੋਲੀ ਮਨੁੱਖੀ ਮਨ ਵਿਚਲੇ ਕਿਸੇ ਇਕਹਿਰੇ ਭਾਵ ਨੂੰ ਪ੍ਰਗਟ ਕਰਦੀ ਹੈ। ਬੋਲੀ ਪਹਿਲਾਂ ਇੱਕ ਤੁਕੀ ਸਤਰ ਵਿੱਚ ਹੁੰਦੀ ਸੀ, ਇਸ ਲਈ ਲਈ ਬੋਲੀ ਦਾ ਪੁਰਾਣਾ ਨਾਂ 'ਇੱਕ ਤੁਕੀਆ' ਸੀ। ਬੋਲੀ ਸ਼ਬਦ ਬੋਲ ਤੋਂ ਲਿਆ ਗਿਆ ਹੈ, ਜਿਸ ਵਿੱਚ ਬੱਝਵੇਂ ਵਾਕ ਦਾ ਉਚਾਰਨ ਹੁੰਦਾ ਹੈ। ਵਣਜਾਰਾ ਬੇਦੀ ਅਨੁਸਾਰ, "ਬੋਲੀ ਵਿੱਚ ਅਖਾਣ ਵਾਂਗ, ਲੈਅ ਦਾ ਹੋਣਾ ਜ਼ਰੂਰੀ ਹੈ। ਜੇ ਬੋਲੀ ਵਿੱਚ ਲੈਅ(ਰਿਦਮ) ਨਹੀਂ ਹੋਵੇਗਾ ਤਾਂ ਉਹ ਸਾਧਾਰਨ ਜਿਹਾ ਫ਼ਿਕਰਾ ਬਣ ਜਾਵੇਗੀ। " ਬੋਲੀਆਂ ਮੁੱਖ ਰੂਪ ਵਿੱਚ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ।

**ਨਿੱਕੀ ਬੋਲੀ**

ਨਿੱਕੀ ਬੋਲੀ ਦੋ ਸਤਰੀ ਹੁੰਦੀ ਹੈ। ਇਸ ਵਰਗ ਦੀਆਂ ਬੋਲੀਆਂ ਦਾ ਕੇਂਦਰੀ ਲੱਛਣ ਇਹ ਹੈ ਕਿ ਇਨ੍ਹਾਂ ਦੀ ਦੂਜੀ ਤੁਕ ਕੋਈ ਪ੍ਰਚੱਲਿਤ 'ਤੋੜਾ' ਹੁੰਦੀ ਹੈ। ਤੋੜਾ ਬੋਲੀ ਦੀ ਅੰਤਿਮ ਸਤਰ ਹੁੰਦੀ ਹੈ। ਜਿਸ ਦੇ ਦੂਹਰੇ ਤੀਹਰੇ ਦੁਹਰਾਓ ਵਿੱਚੋਂ ਬੋਲੀ ਨੂੰ ਵਿਭਿੰਨ ਗਤੀਸ਼ੀਲ ਉਚਾਰਾਂ ਵਿੱਚ ਗਾ ਕੇ ਭਾਵ ਨੂੰ ਸੰਘਣਾ ਕੀਤਾ ਜਾਂਦਾ ਹੈ। ਡਾ. ਨਾਹਰ ਸਿੰਘ ਅਨੁਸਾਰ, " ਨਿੱਕੀ ਬੋਲੀ ਗਿੱਧੇ ਨਾਲ ਸੰਬੰਧਿਤ ਲਗਭਗ ਦੋ ਸਤਰਾਂ ਵਾਲ਼ਾ ਅਜਿਹਾ ਗੀਤ ਰੂਪ ਹੈ, ਜਿਸ ਦੀ ਸਤਰ ਰੂੜ੍ਹ ਤੁਕ ਤੁਕਾਂਤ ਹੁੰਦੀ ਹੈ ਜਾਂ ਰੂੜ੍ਹ ਤੁਕ ਦੇ ਪ੍ਰਕਾਰ ਵਿੱਚੋਂ ਆਉਂਦੀ ਸਹਿਜ ਤੁਕ ਹੁੰਦੀ ਹੈ। ਇਸ ਦੀ ਦੂਸਰੀ ਤੁਕ ਤੋੜਾ ਹੁੰਦਾ ਹੈ। ਪਹਿਲੀ ਸਤਰ ਦੇ ਤੋੜੇ ਵਿਚਾਲ਼ੇ ਭਾਵ ਇਕਾਗਰਤਾ ਜਾਂ ਥੀਮਕ ਨਿਰੰਤਰਤਾ ਦੀ ਕੋਈ ਸ਼ਰਤ ਨਹੀਂ ਹੁੰਦੀ। " ਇਨ੍ਹਾਂ ਬੋਲੀਆਂ ਨੂੰ ਗਾਉਣ ਲਈ ਕੁੜੀਆਂ ਦੋ ਟੋਲੀਆਂ ਬਣਾ ਲੈਂਦੀਆਂ ਹਨ। ਇੱਕ ਟੋਲੀ ਪਹਿਲੀ ਤੁਕ ਪਹਿਲੀ ਤੁਕ ਬੋਲਦੀ ਹੈ ਅਤੇ ਗਿੱਧਾ ਪਾਉਂਦੀ ਹੈ। ਦੂਜੀ ਤੁਕ ਦੂਜੀ ਟੋਲੀ ਬੋਲਦੀ ਹੈ ਅਤੇ ਗਿੱਧਾ ਪਾਉਂਦੀ ਹੈ, ਪਰ ਨੱਚਿਆਂ ਨਹੀਂ ਜਾਂਦਾ।

- ਅੱਕ ਦੀ ਜੜ੍ਹ ਵਿੱਚ ਢੱਕ ਜੰਮ ਪਿਆ, ਢੱਕ ਜੜ੍ਹ ਵਿੱਚ ਗੋਭੀ,
- ਰਾਈ ਵੇ ਰਾਈ ਵੇ ਰਾਈ ਵੇ,

**ਲੰਮੀ ਬੋਲੀ**

ਲੰਮੀ ਬੋਲੀ ਵਿੱਚ ਇਕਹਿਰਾ ਥੀਮ ਨਹੀਂ ਹੁੰਦਾ ਹੈ। ਥੀਮ ਪੱਖੋਂ ਇਸ ਬੋਲੀ ਦੇ ਤਿੰਨ ਪੜ੍ਹਾ ਹਨ – ਪਹਿਲੀਆਂ ਦੋ ਤੁਕਾਂ, ਅਗਲੀਆਂ ਦੋ ਤੁਕਾਂ ਅਤੇ ਤੋੜਾ। ਬੋਲੀ ਕਾਰ ਪਹਿਲੀਆਂ ਦੋ ਸਤਰਾਂ ਵਿੱਚ ਆਮ ਤੋਂ ਵਿਸ਼ੇਸ਼ ਉੱਤੇ ਕੇਂਦਰਿਤ ਹੁੰਦਾ ਹੈ

ਅਤੇ ਅੰਤਿਮ ਤੁਕ ਵਿੱਚ ਇਕਾਗਰ ਭਾਵ ਉੱਤੇ ਦੁਹਰਾਓ ਦੀ ਪ੍ਰਕਿਰਿਆ ਰਾਹੀਂ ਕੇਂਦਰਿਤ ਹੁੰਦਾ ਹੈ। ਡਾ. ਨਾਹਰ ਸਿੰਘ ਅਨੁਸਾਰ, " ਲੰਮੀ ਸਮਤੁਕਾਂਤਕ ਤੁਕਾਂ ਵਾਲ਼ਾ ਅਜਿਹਾ ਗੀਤ ਹੈ ਜਿਸ ਦੀ ਹਰ ਤੁਕ ਆਪਣੀ ਥਾਵੇਂ ਸੰਪੂਰਨ ਥੀਮਕ ਇਕਾਈ ਹੁੰਦੀ ਹੈ ਤੇ ਅੰਤ ਵਿਸ਼ੇਸ਼ ਤੋੜੇ ਉੱਤੇ ਹੁੰਦਾ ਹੈ। ਤੋੜਾ ਭਾਵ ਤੇ ਉਚਾਰ ਦੋਹਾਂ ਪੱਖਾਂ ਤੋਂ ਬੋਲੀ ਦੀ ਕੰਗਰੋੜ ਹੈ। ਬੋਲੀ ਦੀਆਂ ਤੁਕਾਂ ਵਿਅਕਤੀਗਤ ਤੇ ਤੋੜਾ ਸਮੂਹਕ ਸੁਭਾਅ ਦਾ ਲਖਾਇਕ ਹੁੰਦਾ ਹੈ। ਇਹ ਵਿਅਕਤੀ ਤੇ ਸਮੂਹ ਵਿਚਾਲ਼ੇ, ਉਚਾਰ ਤੇ ਗਾਇਣ ਵਿਚਾਲ਼ੇ, ਬੋਲ ਤੇ ਨਾਚ ਵਿਚਾਲ਼ੇ ਸੰਪਰਕ ਕੜੀ ਹੈ। ਤੋੜੇ ਵਿੱਚ ਭਾਵ ਅੱਤ ਇਕਾਗਰ ਤੇ ਦੁਹਰਾਓ ਦੀ ਪ੍ਰਕਿਰਿਆ ਵਿੱਚ ਪੇਸ਼ ਹੁੰਦਾ ਹੈ। ਬੋਲੀ ਦਾ ਥੀਮ ਕਦਮ ਦਰ ਕਦਮ ਤੇ ਬਦਲਦਾ ਹੋਇਆ ਥੀਮਕ ਵਿਕਾਸ ਦੀ ਲੜੀ ਵਿੱਚ ਵੀ ਹੋ ਸਕਦਾ ਹੈ ਤੇ ਥੀਮਕ ਖਿੰਡਾਓ ਦੀ ਸਥਿਤੀ ਵਿੱਚ ਵੀ ਸੰਭਵ ਹੈ। ਲੰਮੀ ਬੋਲੀ ਮਲਵਈ ਲੋਕ-ਕਾਵਿ ਦੀ ਵਿਲੱਖਣ ਪਛਾਣ ਹੈ। "

*ਸੋਟੀ – ਸੋਟੀ – ਸੋਟੀ

ਬੀਨ ਵਜਾ ਜੋਗੀਆ ਤੈਨੂੰ ਦੇਊਂਗੀ ਮੱਕੀ ਦੇ ਰੋਟੀ

ਪਤਲੇ ਜੇ ਲੱਕ ਵਾਲ਼ਿਆਂ ਤੈਨੂੰ ਆਦਤ ਪੈ ਗਈ ਖੋਟੀ

ਮੂਹਰੇ ਘੋੜਾ ਮਿੱਤਰਾਂ ਦਾ, ਮਗਰ ਫੁੱਲਾਂ ਆਲ਼ੀ ਬੋਤੀ

ਮੇਲਣ ਮੁੰਡਿਆਂ ਨੇ ਡਿਗਦੀ ਚੁਬਾਰਿਓਂ ਬੋਚੀ।

**ਭੰਗੜੇ ਦੀਆਂ ਬੋਲੀਆਂ**

ਡਾ. ਬਿਕਰਮ ਸਿੰਘ ਘੁੰਮਣ ਨੇ ਭੰਗੜੇ ਦੀਆਂ ਬੋਲੀਆਂ ਦੀਆਂ ਅਲੱਗ ਸ਼੍ਰੇਣੀ ਬਣਾਈ ਹੈ। ਉਨ੍ਹਾਂ ਅਨੁਸਾਰ, " ਬਣਤਰ ਦੇ ਪੱਖ ਤੋਂ ਭੰਗੜੇ ਦੀਆਂ ਬੋਲੀਆਂ ਤੇ ਟੱਪਿਆਂ ਵਿੱਚ ਅੰਤਰ ਨਹੀਂ। ਅੰਤਰ ਕੇਵਲ ਇਨ੍ਹਾਂ ਹੈ ਕਿ ਭੰਗੜੇ ਦੀਆਂ ਬੋਲੀਆਂ ਵਿੱਚ ਆਪਣੇ ਭਾਵਾਂ ਨੂੰ ਰਾਗ ਵਿੱਚ ਪੇਸ਼ ਕਰਨ ਅਤੇ ਕਾਫ਼ੀਆ ਮੇਲਣ ਲਈ ਸਾਡੇ ਨਿੱਤ ਦੇ ਜੀਵਨ ਦੀ ਕਿਸੇ ਚੀਜ਼ ਜ ਦਾ ਸਹਾਰਾ ਲਿਆ ਜਾਂਦਾ ਹੈ। " ਭੰਗੜੇ ਦੀਆਂ ਬੋਲੀਆਂ ਲੰਮੀਆਂ ਹੁੰਦੀਆਂ ਹਨ। ਔਰਤਾਂ ਜੇ ਗੀਤ ਸਮੇਂ ਢੋਲਕੀ ਵਜਾਉਂਦੀਆਂ ਹਨ ਤਾਂ ਮਰਦ ਢੋਲ।

*ਬਾਰ੍ਹੀਂ ਬਰਸੀਂ ਖੱਟਣੇ ਨੂੰ ਚੱਲਿਆ,

ਖੱਟ ਕੇ ਲਿਆਂਦੇ ਪਾਵੇ,

ਹੌਲ਼ੀ ਹੌਲ਼ੀ ਨੱਚ ਕੁੜੀਏ,

ਮੇਰਾ ਲੱਕ ਨਾ ਮਰੋੜਾ ਖਾਵੇ।

ਜਾਂ

*ਬਾਬਲੇ ਨੇ ਵਰ ਟੋਲਿਆ,

ਜਿਹਨੂੰ ਪੱਗ ਨਾ ਬੰਨ੍ਹਣੀ ਆਵੇ।

**'ਟੱਪੇ'**

ਚੰਨ ਬੱਦਲਾਂ ਵਿੱਚ ਆ ਨੀ ਗਿਆ,

ਕੱਚਿਆਂ ਨੇ ਕੱਚ ਕੀਤਾ

ਸਾਡੇ ਪੱਕੇ ਨੂੰ ਵਟਾ ਨੀ ਗਿਆ

ਠੰਡੀ ਛਾਂ ਹੋਵੇ ਏਸ ਰੁੱਖ ਦੀ,

ਕਿੱਥੇ ਮਹੀਂਵਾਲ ਮੇਰਾ

ਸੋਹਣੀ ਮੱਛੀਆਂ ਨੂੰ ਰਾਹ ਪੁੱਛਦੀ।

ਟੱਪੇ ਵੀ ਲੋਕ ਗੀਤ ਦੀ ਇੱਕ ਰੂਪ ਹੈ ਜੋ ਬਹੁਤ ਹੀ ਮਕਬੂਲ ਰੂਪ ਹੈ। ਇਹ ਜ਼ਿੰਦਗੀ ਦੇ ਆਮ ਦੁੱਖ- ਮੇਲੇ, ਤਿਉਹਾਰ, ਰਸਮਾਂ ਰੀਤਾਂ ਵਿੱਚ ਆਦਿ ਲਏ ਜਾਂਦੇ ਹਨ ਜੋ ਆਪਣੇ ਮਨ-ਪੰਚਾਵੇ ਲਈ ਆਮ ਲੋਕਾਂ ਨੂੰ ਇਹਨਾਂ ਰਾਹੀਂ ਸਿੱਖਿਆ ਵੀ ਦਿੱਤੀ ਜਾਂਦੀ ਹੈ।

**2.ਵਿਆਹ ਨਾਲ ਸੰਬੰਧਿਤ ਲੋਕ-ਗੀਤ**

ਪੰਜਾਬੀ ਲੋਕ ਗੀਤ ਪੰਜਾਬੀਆਂ ਦੇ ਜੀਵਨ ਦੇ ਹਰ ਮੌਕੇ ਤੇ ਉਹਨਾਂ ਦੇ ਅੰਗ-ਸੰਗ ਰਹਿੰਦੇ ਹਨ। ਉਹਨਾਂ ਦੇ ਜੀਵਨ ਵਿਚਲਾ ਹਰੇਕ ਪਲ ਲੋਕ ਗੀਤਾਂ ਦੇ ਅੰਗ-ਸੰਗ ਵਿਚਰਦਾ ਹੈ। ਪੰਜਾਬੀ ਭਾਵੇਂ ਕੰਮਕਾਰ ਵਿੱਚ ਰੁੱਝਾ ਹੋਵੇ, ਭਾਵੇਂ ਮੇਲੇ ਵਿੱਚ ਘੁੰਮਦਾ ਹੋਵੇ, ਭਾਵੇਂ ਭੰਂਗੜੇ ਦੇ ਪਿੜ ਵਿੱਚ ਹੋਵੇ, ਭਾਵੇਂ ਬੇਲਿਆਂ ਵਿੱਚ ਆਪਣੀ ਪ੍ਰੇਮਿਕਾ ਦੇ ਸਾਥ ਵਿੱਚ ਬੈਠਾ ਹੋਵੇ, ਭਾਵੇਂ ਜੰਗ ਦੇ ਮੈਦਾਨ ਵਿੱਚ ਜੂਝਦਾ ਹੋਵੇ, ਇਥੋਂ ਤੱਕ ਕਿ ਭਾਵੇਂ ਉਹ ਆਪਣੀ ਜ਼ਿੰਦਗੀ ਦੀ ਅੰਤਿਮ ਯਾਤਰਾ ਦੇ ਰਾਹਾਂ ਤੇ ਪਿਆ ਹੋਵੇ, ਇਹ ਲੋਕ ਗੀਤ ਹਮੇਸ਼ਾ ਪੰਜਾਬੀਆਂ ਦੇ ਹਮਸਾਥ ਹੋ ਕੇ ਵਿਚਰੇ ਹਨ। ਜ਼ਿੰਦਗੀ ਦੇ ਉਦਾਸ ਪਲਾਂ ਵਿੱਚ ਜਿੱਥੇ ਇਹ ਲੋਕ ਗੀਤ ਉਨ੍ਹਾਂ ਦੇ ਮਨ ਦਾ ਧਰਵਾਸ ਬਣਦੇ ਹਨ, ਉੱਥੇ ਖ਼ੁਸ਼ੀ ਦੇ ਮੌਕਿਆਂ ਵਿੱਚ ਵੀ ਇਹ ਪੰਜਾਬੀਆਂ ਦੇ ਵਿਹੜੇ ਦੀ ਰੌਣਕ ਬਣਦੇ ਹਨ। ਖ਼ੁਸ਼ੀ ਦਾ ਮੌਕਾ ਲੋਕ ਗੀਤਾਂ ਦੀਆਂ ਸੁਰੀਲਿਆਂ ਧੁਨਾਂ ਤੋਂ ਬਿਨਾਂ ਫਿੱਕਾ ਅਤੇ ਅਧੂਰਾ ਹੀ ਲੱਗਦਾ ਹੈ।

ਹਰੇਕ ਵਿਅਕਤੀ ਦੇ ਜੀਵਨ ਵਿਚਲੇ ਕੁਝ ਹੁਸੀਨ ਪਲਾਂ ਵਿੱਚ ਵਿਆਹ ਵਿਚਲੇ ਪਲ ਵੀ ਸ਼ਾਮਿਲ ਹੁੰਦੇ ਹਨ। ਵਿਆਹ ਵਰਗਾ ਖ਼ੁਸ਼ੀ ਦਾ ਮੌਕਾ ਲੋਕ-ਗੀਤਾਂ ਬਿਨਾਂ ਕਿਆਸਿਆ ਵੀ ਨਹੀਂ ਜਾ ਸਕਦਾ। ਵਿਆਹ ਨਾਲ ਸੰਬੰਧਿਤ ਅਨੇਕਾਂ ਰਸਮਾਂ ਹਨ ਅਤੇ ਹਰੇਕ ਰਸਮ ਲਈ ਕਈ-ਕਈ ਲੋਕ ਗੀਤ ਮਿਲਦੇ ਹਨ। ਵਿਆਹ ਨਾਲ ਸੰਬੰਧਿਤ ਲੋਕ ਗੀਤਾਂ ਵਿੱਚ ਸਿੱਠਣੀਆਂ, ਛੰਦ-ਪਰਾਗੇ, ਸੁਹਾਗ, ਘੋੜੀਆਂ, ਆਦਿ ਲੋਕ ਕਾਵਿ ਰੂਪ ਸ਼ਾਮਿਲ ਹੁੰਦੇ ਹਨ। ਲੋਕ ਰੰਗ ਪੁਸਤਕ ਵਿੱਚ ਵਿਆਹ ਨਾਲ ਸੰਬੰਧਿਤ ਲੋਕ ਗੀਤਾਂ ਵਿੱਚ ਸੁਹਾਗ ਅਤੇ ਸਿੱਠਣੀਆਂ ਸ਼ਾਮਿਲ ਹਨ ਜਿਵੇਂ- ਦੇਵੀਂ ਵੇ ਬਾਬਲਾ ਉਸ ਘਰੇ, ਬਾਬਲ ਦੇ ਮਹਿਲਾ ਓਹਲੇ, ਸਾਡਾ ਚਿੜੀਆਂ ਦਾ ਚੰਬਾ, ਅੱਜ ਦੀ ਦਿਹਾੜੀ ਰੱਖ ਡੋਲੀ, ਅਤੇ ਸਿੱਠਣੀਆਂ।

- **ਘੋੜੀਆਂ**

'ਘੋੜੀਆਂ' ਲੋਕ ਗੀਤਾਂ ਵਿੱਚ ਕੇਵਲ ਵਿਆਹ ਵਾਲੇ ਮੁੰਡੇ ਦੇ ਪਰਿਵਾਰ ਖਾਨਦਾਨ ਆਦਿ ਦੀ ਪ੍ਰਸ਼ੰਸਾ ਤੇ ਵਡਿਆਈ ਹੀ ਕੀਤੀ ਗਈ ਹੁੰਦੀ ਹੈ ਜਾਂ ਫਿਰ ਵਿਆਂਹਦੜ ਦੀ ਸੁੰਦਰਤਾ ਦੀ ਤਾਰੀਫ਼ ਹੀ ਹੋਈ ਮਿਲਦੀ ਹੈ।

ਲੜਕੇ ਦੇ ਵਿਆਹ ਨਾਲ਼ ਸੰਬੰਧਿਤ ਸ਼ਗਨਾਂ ਵਿੱਚੋਂ ਘੋੜੀਆਂ ਦਾ ਗਾਏ ਜਾਣਾ ਬਹੁਤ ਜ਼ਰੂਰੀ ਹੈ। ਘੋੜੀਆਂ ਮੂਲ ਰੂਪ 'ਵਿਆਹ ਦੇ ਗੀਤ' ਹਨ, ਜਿਨ੍ਹਾਂ ਦਾ ਗਾਉਣ ਸ਼ਾਦੀ ਤੋਂ ਅੱਠ ਦਸ ਦਿਨ ਪਹਿਲਾਂ ਹੀ ਆਰੰਭ ਹੋ ਜਾਂਦਾ ਹੈ। ਜੰਞ ਦੀ ਰਵਾਨਗੀ ਸਮੇਂ ਜਦੋਂ ਲਾੜਾ ਸਿਹਰਾ ਬੰਨ ਕੇ, ਕਲਗੀ ਲਾ ਕੇ ਘੋੜੀ ਤੇ ਸਵਾਰ ਹੁੰਦਾ ਹੈ। ਤਾਂ ਉਸ ਵੇਲੇ ਵੀ ਘੋੜੀਆਂ ਗਾਈਆ ਜਾਦੀਆਂ ਹਨ।

ਘੋੜੀ ਚੜ੍ਹ ਬੰਨਿਆ ਤੈਨੂੰ ਬਾਪੂ ਬੁਲਾਵੇ
ਮੈਂ ਸਦਕੇ ਵੀਰਾ ਮਾਂ ਸ਼ਗਨ ਮਨਾਵੇ
ਮੈਂ ਸਦਕੇ ਵੀਰਾ, ਦਾਣਾ ਮੋਤੀਆਂ ਖਾਵੇ।

ਨਿੱਕੀ ਨਿੱਕੀ ਬੋਂਦੀ ਨਿੱਕਾ-ਨਿੱਕਾ ਮੀਂਹ ਵਰੇ, ਮਾਂ ਵੇ ਸੁਗਰਾਜ ਤੇਰੇ ਸ਼ਗਨ ਕਰੇ, ਦਸਾਂ ਦੀ ਬੋਰੀ ਤੇਰਾ ਬਾਪ ਫੜੇ, ਵੀਰਾਂ ਦੀ ਜ਼ੋੜੀ ਤੇਰੇ ਨਾਲ ਚੜ੍ਹੇ, ਨੀਲੀ ਨੀਲੀ ਘੋੜੀ ਮੇਰਾ ਨਿੱਕਾਂ ਚੜ੍ਹੇ, ਭੈਣ ਸੁਹਾਰਾਜ ਤੇਰੀ ਵਾਂਗ ਫੜੇ, ਪੀਲ਼ੀ ਪੀਲ਼ੀ ਦਾਲ਼ ਤੇਰੀ ਘੋੜੀ ਚਰੇ, ਭਾਬੀ ਸਹਾਗਨ ਤੈਨੂੰ ਸੁਰਮਾ ਪਾਵੇ, ਰੱਤਾ-ਰੱਤਾ ਡੋਲਾ ਮਹਿਲੀ ਆ ਵੜੇ, ਮਾਂ ਵੇ ਸੁਹਾਗਨ ਪਾਣੀ ਵਾਰ ਪੀਵੇ, ਨਿੱਕੀ ਜੇਹੀ ਬੰਨੋ ਪੈਰ ਫਮਕ ਧਰੇ, ਨਿੱਕੀ ਜੇਹੀ ਬੰਨੋ ਪੀੜ੍ਹੇ ਬੈਠੀ ਸੱਜੇ।

- **ਸੁਹਾਗ**

ਸੁਹਾਗ ਦਾ ਸ਼ਬਦਿਕ ਅਰਥ ਹੈ, 'ਖ਼ੁਸ਼-ਨਸੀਬੀ ਆਥਣਾ ਚੰਗੇ ਭਾਗ। ਲੋਕ ਸਾਹਿਤ ਦੇ ਸੰਦਰਭ ਵਿੱਚ ਸੁਹਾਗ ਤੋਂ ਭਾਵ ਅਜਿਹੇ ਸੁਭਾਗੇ ਲੋਕ ਗੀਤ ਹਨ, ਜਿਹੜੇ ਲੜਕੀ ਦੇ ਵਿਆਹ ਨਾਲ਼ ਸੰਬੰਧਿਤ ਹਨ। ਜਿਵੇਂ ਮੁੰਡੇ ਦੇ ਵਿਆਹ ਤੋਂ ਕੁਝ ਦਿਨ ਪਹਿਲਾਂ ਵਿਆਹ ਨਾਲ਼ ਸੰਬੰਧਿਤ ਜਾਣ ਦਾ ਰਿਵਾਜ਼ ਹੈ। ਇਸੇ ਤਰ੍ਹਾਂ ਕੁੜੀ ਦੇ ਵਿਆਹ ਦੇ ਕੁਝ ਦਿਨ ਪਹਿਲਾਂ ਰਾਤ ਦੇ ਖਾਣੇ ਤੋਂ ਪਿੱਛੋ ਔਰਤਾਂ ਦੁਆਰਾ 'ਸੁਹਾਗ' ਗਾਣੇ ਆਰੰਭ ਕਰ ਦਿੰਦੀਆਂ ਹਨ। ਇਹ ਸਿਲਸਿਲਾ ਵਿਆਹ ਤੋਂ ਇੱਕ ਦਿਨ ਪਹਿਲਾਂ ਤਕ ਜਾਰੀ ਰਹਿੰਦਾ ਹੈ।

ਡਾ.ਜਗੀਰ ਸਿੰਘ ਨੂਰ 'ਸੁਹਾਗ' ਬਾਰੇ ਲਿਖਦੇ ਹਨ- "ਸੁਹਾਗ ਕੁੜੀ ਦੇ ਹਾਵਾਂ-ਭਾਵਾਂ, ਮਨੋਵੇਗਾਂ, ਸ਼ੁਭਕਾਮਨਾਵਾਂ, ਅਸੀਸੜੀਆਂ, ਚੰਗੇ ਜੀਵਨ ਸਾਥੀ ਅਤੇ ਘਰ ਪ੍ਰਾਪਤੀ ਪ੍ਰਤੀ ਲੋਚਾ, ਉਮੰਗਾਂ, ਖ਼ੁਸ਼ਹਾਲ ਵੱਸਣ ਦੀ ਕਾਮਨਾ, ਮਾਂ-ਪਿਓ ਦੇ ਘਰ ਲਈ ਚੰਗੀ ਭਾਵਨਾ, ਸਹੁਰੇ ਘਰ ਦੀ ਖੁਸ਼ਹਾਲੀ ਲਈ ਚੇਸ਼ਟਾ ਅਤੇ ਅਰਜੋਈ ਆਦਿ ਤੋਂ ਛੁੱਟ ਮਾਪਿਆਂ ਦੇ ਘਰ ਦਾ ਉਦਰੇਵਾਂ ਵਿਛੋੜਾ ਤੇ ਮੁੜ ਮਿਲਣ ਕਿ ਨਾ ਮਿਲਣ ਦਾ ਸੰਸਾ, ਸਭ ਕੁਝ ਪਿਆਰ ਵਿੱਚ ਪਰੁੱਤਾ ਹੋਇਆ ਵਰਣਿਤ ਹੁੰਦਾ ਹੈ।"[5]

ਕੁੜੀ ਦੇ ਵਿਆਹ ਨਾਲ ਸੰਬੰਧਿਤ ਇਕ ਹੋਰ ਗੀਤ 'ਬਾਬਲ ਦੇ ਮਹਿਲਾ ਓਹਲੇ ਕਿਉਂ ਖੜੀ'। ਇਸ ਸੁਹਾਗ ਵਿੱਚ ਦੁਹਰਾਓ ਮੂਲਕ ਜੁਗਤ ਰਾਹੀਂ ਧੀ ਦੇ ਭਾਵਾਂ ਦੀ ਪੇਸ਼ਕਾਰੀ ਹੋਈ ਹੈ। ਬਹੁਤ ਹੀ ਸਰਲ ਸਧਾਰਨ ਬਣਤਰ ਵਾਲਾ ਇਹ ਸੁਹਾਗ ਸਮਾਜਿਕ ਰਿਸ਼ਤਾ-ਨਾਤਾ ਪ੍ਰਬੰਧ ਦੀ ਨਿਸ਼ਾਨਦੇਹੀ ਵੀ ਕਰਦਾ ਹੈ। ਇਸ ਗੀਤ ਦਾ ਮੂਲ ਪਾਠ ਇਸ ਤਰ੍ਹਾਂ ਹੈ-

ਨੀ ਬੀਬੀ ਬਾਬਲ ਦੇ ਮਹਿਲਾਂ ਉਹਲੇ ਕਿਉਂ ਖੜੀ

ਮੈਂ ਤਾਂ ਵੇਖਾਂ ਸਵਰੀਏ ਜੀ ਦੀ ਚਾਲ

ਸਵਰੀਏ ਆਵੇ ਹਸਤ ਚੜ੍ਹੀ

ਬਾਬਲ ਆਉਂਦਿਆਂ ਸੱਜਣਾ ਦੇ ਧੋਇਉ ਪੈਰ

ਤੇ ਹੇਠ ਵਛਾਇਉ ਖੇਸ ਦਰੀ

ਚਿੱਟੜੇ ਧਰਿਉ ਅੱਗੇ ਥਾਲ

ਜਲੇਬੀ ਪਾਇਓ ਖੰਡ ਰਸੀ

ਨੀ ਬੀਬੀ ਮਾਮੇ ਦੇ ਮਹਿਲਾਂ ਉਹਲੇ ਕਿਉਂ ਖੜੀ

ਮੈਂ ਤਾਂ ਵੇਖਾਂ ਸਵਰੀਏ ਜੀ ਦੀ ਚਾਲ

"ਲੋਕ-ਗੀਤ ਗਾਉਣ ਲਈ ਰਚੇ ਜਾਂਦੇ ਹਨ। ਇਸੇ ਲਈ ਇਨ੍ਹਾਂ ਵਿੱਚ ਸ਼ਬਦਾਂ ਨੂੰ ਲੈਅ ਤੇ ਤਾਲ ਵਿੱਚ ਗੁਨਿਆ ਹੈ। ਹਰ ਗੀਤ ਇਕ ਖਾਸ ਸੁਰ ਤੇ ਲੈਅ ਵਿੱਚ ਗਾਇਆ ਜਾਂਦਾ ਹੈ ਤੇ ਸੁਰ ਤੋਂ ਸੱਖਣਾ ਗੀਤ ਇੰਝ ਲੱਗਦਾ ਹੈ ਜਿਵੇਂ ਰੂਹ ਬਿਨਾਂ ਜਿਸਮ ਹੋਵੇ।"

ਇਸੇ ਹੀ ਸ੍ਰੇਣੀ ਦਾ ਇਕ ਹੋਰ ਲੋਕ ਗੀਤ 'ਸਾਡਾ ਚਿੜੀਆਂ ਦਾ ਚੰਬਾ' ਵੀ ਲੋਕ ਗੀਤ ਪੁਸਤਕ ਵਿੱਚ ਸ਼ਾਮਿਲ ਹੈ। ਡੋਲੀ ਸਮੇਂ ਗਾਇਆ ਜਾਣ ਵਾਲਾ ਇਹ ਲੋਕ ਗੀਤ ਕਰੁਣਾ ਰਸ ਭਰਪੂਰ ਹੈ ਇਸ ਗੀਤ ਦਾ ਅਧਿਐਨ ਕਰਨ ਤੋਂ ਪਹਿਲਾਂ ਗੀਤ ਦਾ ਮੂਲ ਪਾਠ ਦੇਖ ਲੈਣਾ ਜ਼ਰੂਰੀ ਹੈ :-

ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉੱਡ ਜਾਣਾ,
ਸਾਡੀ ਲੰਬੀ ਉਡਾਰੀ ਵੇ ਬਾਬਲ ਕਿਹੜੇ ਦੇਸ਼ ਜਾਣਾ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ ਬਾਬਲ ਡੋਲਾ ਨਹੀਂ ਲੰਘਦਾ,
ਇਕ ਇੱਟ ਪੁਟਾ ਦੇਵਾ, ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ ਬਾਬਲ ਗੁੱਡੀਆਂ ਕੌਣ ਖੇਡੂ,
ਮੇਰੀਆਂ ਖੇਡਣ ਪੋਤਰੀਆਂ, ਧੀਏ ਘਰ ਜਾ ਆਪਣੇ।

- **ਸਿੱਠਣੀਆਂ**

ਸਿੱਠਣੀਆਂ ਰਾਹੀਂ ਕਾਵਿਮਈ ਢੰਗ ਨਾਲ ਇਕ ਦੂਜੇ ਨੂੰ ਮਜ਼ਾਕ ਕਰਨ ਦੀ ਖੁੱਲ੍ਹ ਸਾਡੇ ਸਮਾਜ ਵੱਲੋਂ ਦਿੱਤੀ ਗਈ ਹੈ। ਜਿਸ ਨਾਲ ਦੂਜਿਆਂ ਨੂੰ ਆਪਣੀਆਂ ਕਮੀਆਂ ਪੇਸ਼ੀਆਂ ਦਾ ਅਹਿਸਾਸ ਵੀ ਹੋ ਜਾਵੇ ਅਤੇ ਰਿਸ਼ਤੇਦਾਰਾਂ ਵਿਚਲੇ ਸੰਬੰਧ ਵੀ ਖੁਸ਼ਗਵਾਰ ਰਹਿਣ ਅਤੇ ਵਿਆਹ ਵਰਗਾ ਮੌਕਾ ਹਾਸੇ ਮਜ਼ਾਕ ਅਤੇ ਨੋਕ-ਝੋਕ ਵਰਗਾ ਮਾਹੌਲ ਸਿਰਜ ਕੇ ਯਾਦਗਾਰ ਵੀ ਬਣ ਜਾਵੇ।

ਇਹ ਸਿੱਠਣੀਆਂ ਨਵੇਂ ਰਿਸ਼ਤੇਦਾਰਾਂ ਦੇ ਸੁਭਾਅ, ਰੰਗ ਢੰਗ, ਬਾਹਰੀ ਦਿੱਖ, ਪਹਿਰਾਵੇ ਅਤੇ ਸਰੀਰਕ ਬਣਤਰ ਆਦਿ ਦੀਆਂ ਊਣਤਾਈਆਂ ਨੂੰ ਅਧਾਰ ਬਣਾ ਕੇ ਦਿੱਤੀਆਂ ਜਾਂਦੀਆਂ ਹਨ।

ਸਿੱਠਣੀ, ਵਿਆਹ ਨਾਲ਼ ਸੰਬੰਧਿਤ ਪੰਜਾਬੀ ਲੋਕ ਗੀਤਾਂ ਦਾ ਅਜਿਹਾ ਰੂਪ ਹੈ, ਜਿਸ ਦਾ ਮਨੋਰਥ ਵਿਅੰਗ, ਕਟਾਖਸ ਜਾਂ ਸਖੋਲੀਆ ਅੰਦਾਜ਼ ਵਿੱਚ ਤਨਜ਼ ਰਾਹੀਂ ਸਰੋਤਿਆ ਦਾ ਦਿਲ ਪ੍ਰਚਾਉਣ ਹੈ। ਪੁਰਾਣੇ ਸਮਿਆਂ ਵਿੱਚ ਜਦ ਮਨ ਪ੍ਰਚਾਵ ਦੇ ਸਾਧਨ ਬਹੁਤ ਹੀ ਸੀਮਿਤ ਸਨ ਤਾਂ ਵਿਆਹ ਦੇ ਸ਼ਗਨਾਂ ਵਿੱਚ ਸਿੱਠਣੀਆ ਮਨੋਰੰਜਨ ਦੇ ਪੱਖ ਤੋਂ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ। ਲੋਕ ਸਾਹਿਤ ਦੇ ਨਜ਼ਰੀਏ ਤੋਂ ਸਿੱਠਣੀ ਇਹੋ ਜਿਹਾ ਖੁਲ੍ਹਾ ਖਲਾਸਾ ਗੀਤ ਹੈ, ਜਿਸ ਵਿੱਚ ਵਿਅੰਗ ਤੇ ਬੜੇ ਸੁਲਝੇ ਹੋਏ ਢੰਗ ਨਾਲ਼ ਵਿਆਹ ਵਿੱਚ ਇੱਕ ਧਿਰ ਵੱਲੋਂ ਦੂਜੀ ਧਿਰ ਨੂੰ ਗਾਲ੍ਹਾਂ ਕੱਢਿਆਂ ਜਾਦੀਆਂ ਹਨ।

ਸਿੱਠਣੀਆਂ ਵਿੱਚ ਜ਼ਿਆਦਾਤਰ ਵਿਆਹੁਣ ਆਏ ਮੁੰਡੇ ਦੀ ਮਾਂ, ਪਿਓ, ਭੈਣ, ਜੀਜੇ, ਭਰਾਵਾਂ ਆਦਿ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਸਿੱਠਣੀਆਂ ਵਿਚੋਂ ਕੁਝ ਸਿੱਠਣੀਆਂ ਨਾਨਕਿਆਂ ਤੇ ਦਾਦਕਿਆਂ ਵਿਚਕਾਰ ਹਨ ਅਤੇ ਕੁਝ ਬਰਾਤੀਆਂ ਨੂੰ ਦਿੱਤੀਆਂ ਗਈਆਂ ਹਨ। ਜਿਵੇਂ ਕਿ ਇਸ ਸਿੱਠਣੀ ਵਿੱਚ ਬਰਾਤੀਆਂ ਜ਼ਿਆਦਾ ਖਾਣ ਦੀ ਆਦਤ ਨੂੰ ਮਜ਼ਾਕ ਬਣਾਇਆ ਗਿਆ ਹੈ -

ਨੀ ਗੱੜਪੂ ਆਏ

ਵੱਡੇ ਵੱਡੇ ਬੁਰਕ ਚਲਾਏ

ਨੀ ਗੱੜਪੂ ਆਏ

ਬੁਢੜੇ ਖੰਗੜ ਆਏ.......

ਗੰਜੇ ਖੁਰਕਣ ਆਏ ਨੀ ਗੜੱਪੂ ਆਏ ...... ਇਸੇ ਤਰ੍ਹਾਂ ਲਾੜੇ ਦੀ ਭੈਣ ਨੂੰ ਵੀ ਮਜ਼ਾਕ ਦਾ ਪਾਤਰ ਬਣਾਇਆ ਜਾਂਦਾ ਹੈ। ਇਸ ਕਾਵਿ ਰੂਪ ਵਿੱਚ ਇੱਥੋਂ ਤੱਕ ਖੁੱਲ੍ਹ ਲੈ ਲਈ ਜਾਂਦੀ ਹੈ ਕਿ ਲਾੜੇ ਦੀ ਭੈਣ ਨੂੰ ਉਸਦੇ ਚਰਿੱਤਰ ਨੂੰ ਅਧਾਰ ਬਣਾ ਕੇ ਮਜ਼ਾਕ ਕਰ ਲਿਆ ਜਾਂਦਾ ਹੈ ਪਰ ਇਸਦਾ ਗੁੱਸਾ ਨਹੀਂ ਕੀਤਾ ਜਾਂਦਾ ਜਿਵੇਂ -

ਮਿਰਚਾਂ ਦਾ ਬੂਟਾ ਤੇ ਹਰੀ ਏ ਕਿਆਰੀ

ਲੈ ਲਾੜੇ ਦੀ ਭੈਣ ਦੁੱਧ ਮੰਗੇ ਪੁੱਤ ਮੰਗੇ,

ਨਵੀਂ ਮੰਗੇ ਯਾਰੀ।

ਸਾਡੇ ਵਿਹੜੇ ਮਾਦਰੀ, ਮੁੰਡੇ ਦੀ ਭੈਣ ਬਾਂਦਰੀ,
ਢੋਲ ਸਿਰ ਢਮ ਕੇਰੇ ਢੱਡੇ, ਵੰਨ ਸੁਵੰਨੇ ਆਏਵੀ,
ਲਾੜਾ ਤੇ ਸਰਬਾਲਾ ਦੋਵੇਂ, ਭੈਣ ਨਾਲ਼ ਲਿਆਦੇ ਵੀ,
ਵੇ ਜੀਜਾ ਭੈਣ ਨੂੰ ਨਚਾ ਲੈ ਇਮਲੀ ਦੇ ਹੇਠ।

ਸੋ ਸਿੱਠਣੀਆਂ ਸਰਲ ਸਾਦੀ ਤੇ ਲੋਕ ਬੋਲੀ ਵਿੱਚ ਲਿਖਿਆ ਅਜਿਹਾ ਕਾਵਿ ਰੂਪ ਹੈ ਜੋ ਖੁੱਲ੍ਹੇ ਰੂਪ ਅਤੇ ਇਕਹਰੀ ਬਣਤਰ ਵਾਲਾ ਹੁੰਦਾ ਹੈ। ਇਹ ਕਾਵਿ ਰੂਪ ਵਿੱਚ ਸੰਗੀਤਕ ਲੈਅ ਦਾ ਖਿਆਲ ਤਾਂ ਰੱਖਿਆ ਜਾਂਦਾ ਹੈ ਪਰ ਇਹ ਕਿਸੇ ਨਿਸ਼ਚਿਤ ਛੰਦ ਤੇ ਆਕਾਰ ਦਾ ਨਹੀਂ ਹੁੰਦਾ।

- **ਲੋਰੀਆਂ**

'ਲੋਰੀ' ਇਕ ਅਜਿਹਾ ਲੋਕ ਕਾਵਿ ਰੂਪ ਹੈ, ਜੋ ਬੱਚੇ ਦੇ ਪਾਲਣ ਪੋਸ਼ਣ ਦੌਰਾਨ ਗਾਇਆ ਜਾਂਦਾ ਹੈ। ਇਹ ਮਾਂ ਦੁਆਰਾ ਆਪਣੇ ਬੱਚੇ ਲਈ ਗਾਇਆ ਗਿਆ ਅਜਿਹਾ ਮਿੱਠੀ ਰਸੀਲੀ ਸੁਰ ਵਾਲਾ ਗੀਤ ਹੈ, ਜੋ ਸੰਬੋਧਨੀ ਸ਼ੈਲੀ ਵਿੱਚ ਗਾਇਆ ਜਾਂਦਾ ਹੈ। ਮਾਂ ਆਪਣੇ ਨਿੱਕੇ ਨਵਜਾਤ ਬੱਚੇ ਨੂੰ ਵਰਾਉਣ, ਪ੍ਰਚਾਉਣ ਤੇ ਲਾਡ ਲਡਾਉਣ ਲਈ ਇਸ ਕਾਵਿ ਰੂਪ ਦੀ ਵਰਤੋਂ ਕਰਦੀ ਹੈ। ਲੋਰੀਆਂ ਬੱਚੇ ਨੂੰ ਝੂਲਣੇ ਵਿੱਚ ਪਾ ਕੇ, ਗੋਦੀ ਵਿੱਚ ਪਾ ਕੇ, ਬਾਹਵਾਂ ਵਿਚ ਲੈ ਕੇ ਜਾਂ ਮੋਢੇ ਲਾ ਕੇ ਦਿੱਤੀਆਂ ਜਾਂਦੀਆਂ ਹਨ। ਡਾ. ਜਗੀਰ ਸਿੰਘ ਨੂਰ ਲੋਰੀ ਕਾਵਿ ਰੂਪ ਬਾਰੇ ਲਿਖਦੇ ਹਨ -

"ਜਦੋਂ ਨਵਜਾਤ ਬੱਚਾ ਜਰਾਂ ਕੁ ਹੋਸ਼ ਸੰਭਾਲਣ ਦੇ ਸਮੱਰਥ ਹੋ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਉਹ ਮਾਂ ਜਾਂ ਕਿਸੇ ਹੋਰ ਪਾਲਕ ਇਸਤਰੀ ਦੇ ਹੱਥਾਂ ਦੀ ਛੂਹ ਅਤੇ ਆਵਾਜ਼ ਦੀ ਪਛਾਣ ਕਰਦਾ ਹੈ। ਅਜਿਹੇ ਪਛਾਣ ਸੂਚਕਾਂ ਦੀ ਅਣਹੋਂਦ ਵਿੱਚ ਉਹ ਰੋਂਦਾ ਹੈ ਤੇ ਪਰਚੌਣੀ ਚਾਹੁੰਦਾ ਹੈ- ਇਹ ਅਵਸਥਾ ਉਸਦੇ ਦੁਆਰਾ ਪਹਿਲੀ ਕਿਸਮ ਦੇ ਦਿਲ-ਪ੍ਰਚਾਵੇ ਜਾਂ ਮਨੋਰੰਜਨ ਦੀ ਮੰਗ ਕਰਨ ਦੀ ਹੁੰਦੀ ਹੈ, ਸੋ ਉਸ ਵਕਤ ਜਿਸ ਕਾਵਿ ਰੂਪ ਨਾਲ ਬੱਚੇ ਨੂੰ ਸੁਸਤਾਇਆ ਜਾਂ ਪਰਚਾਇਆ ਜਾਂਦਾ ਹੈ, ਉਹ ਹੈ ਲੋਰੀ।"

ਲੋਰੀਆ ਪੰਜਾਬ ਦੇ ਅਜਿਹਾ ਲੋਕ ਗੀਤ ਹਨ, ਜਿਹੜੇ ਮਾਂ ਜਾ ਭੈਣ ਦੁਆਰਾ ਰੋਂਦੇ ਬੱਚੇ ਚੁੱਖ ਕਰਾਉਣ, ਪ੍ਰਚਾਉਣ ਅਤੇ ਮਲਾਉਣ ਲਈ ਗਾਏ ਜਾਦੇ ਹਨ। ਲੋਕ ਗੀਤ ਪੰਜਾਬ ਦੇ ਲੋਕ ਜੀਵਨ ਦਾ ਅਨਿੱਖੜਵਾਂ ਅੰਗ ਹਨ।

“ਜੰਮਣ ਤੋਂ ਮੌਤ ਤਕ ਪੰਜਾਬ ਦੇ ਜੀਵਨ ਦਾ ਕੋਈ ਵੀ ਪੱਖ ਅਜਿਹਾ ਨਹੀਂ ਹੈ, ਜਿਸ ਸੰਬੰਧੀ ਲੋਕ ਗੀਤ ਉਪਲਬਧ ਨਾ ਹੋਣ। ਇਨ੍ਹਾਂ ਲੋਕ ਗੀਤਾਂ ਦੀ ਵਿਸ਼ਾਲ ਭਾਵਨਾ ਨੂੰ ਮੁੱਖ ਰੱਖ ਕੇ ਇਹ ਧਾਰਨਾ ਪ੍ਰਚੱਲਿਤ ਹੈ ਕਿ ਪੰਜਾਬੀ ਗੀਤਾਂ ਵਿੱਚ ਜੰਮਦਾ ਹੈ : ਲੋਰੀਆਂ, ਖਾਲ਼ਾਂ, ਧਮਾਲਾਂ ਵਿੱਚ ਇਸ ਦਾ ਪਾਲਨ ਪੋਸ਼ਣ ਹੁੰਦਾ ਹੈ। ਘੋੜੀਆਂ, ਸੁਹਾਗ, ਸਿੱਠਣੀਆਂ, ਛੰਦਾਂ ਅਤੇ ਗਿੱਧਿਆਂ ਵਿੱਚ ਵਿਆਹਿਆਂ ਜਾਂਦਾ ਹੈ ਅਤੇ ਇਸ ਦਾ ਅੰਤਿਮ ਸੰਸਕਾਰ ਵੀ ਅਲਾਹੁਣੀਆਂ ਅਤੇ ਕੀਰਨਿਆਂ ਦੇ ਰੂਪ ਵਿੱਚ ਗੀਤਾਂ ਰਾਹੀਂ ਹੀ ਹੁੰਦਾ ਹੈ।”

“ਲੋਰੀਆਂ ਪੰਜਾਬ ਦੇ ਅਜਿਹੇ ਲੋਕ ਗੀਤ ਹਨ, ਜਿਹੜੇ ਜਾਂ ਭੈਣ ਦੁਆਰਾ ਰੋਂਦੇ ਬੱਚੇ ਨੂੰ ਚੁੱਪ ਕਰਾਉਣ, ਪ੍ਰਚਾਉਣ ਅਤੇ ਸਲਾਉਣ ਲਈ ਗਾਏ ਜਾਂਦੇ ਹਨ।”

**ਲੋਰੀ ਦਾ ਅਰਥ**

"ਪੰਜਾਬੀ ਸ਼ਬਦ ਲੋਰੀ ਨੂੰ ਲੋਰ ਦੇ ਅਰਥਾਂ ਵਿੱਚ ਵੀ ਸਮਝਿਆ ਜਾ ਸਕਦਾ ਹੈ। ਲੋਰ ਤੋਂ ਭਾਵ ਸਰੂਰ ਹੈ। ਲੋਰੀ ਬੱਚੇ ਨੂੰ ਉਸ ਦੀਆਂ ਸੁਚੇਤ ਸਰਗਰਮੀਆਂ ਤੋਂ ਹਟਾ ਕੇ ਉਸ ਨੂੰ ਸਰੂਰ ਵਿੱਚ ਲੈ ਜਾਂਦੀ ਹੈ ਅਤੇ ਮਾਨਸਿਕ ਤੌਰ ਤੇ ਬੱਚਾ ਸਸਤਾਉਣ ਲੱਗ ਜਾਂਦਾ ਹੈ। ਪੰਜਾਬੀ ਤੇ ਹਿੰਦੀ ਸ਼ਬਦ ਲੋਰੀ ਅੰਗਰੇਜ਼ੀ ਸ਼ਬਦ Lullaby ਸ਼ਬਦ ਦਾ ਸੰਬੰਧ Dullness ਨਾਲ਼ ਜੁੜਦਾ ਹੈ। ਭਾਰਤੀ ਯੂਰਪੀ Dullness ਭਾਸ਼ਾਵਾਂ ਦੇ ਆਪਸੀ ਸੰਬੰਧਾਂ ਦੇ ਹਵਾਲੇ ਨਾਲ਼ ਲੋਰੀ, ਲੱਲਅੱਬੀ ਗੀਤ ਅੰਗਰੇਜ਼ੀ ਸ਼ਬਦ ਲੁਲਲ, ਹਿੰਦੀ ਸ਼ਬਦ ਲੱਲਾ ਆਦਿ ਦੀ ਸਾਂਝ ਤਲਾਸ਼ ਕੀਤੀ ਜਾ ਸਕਦੀ ਹੈ। ਅੰਗਰੇਜ਼ੀ ਸ਼ਬਦ ਲੁਲ ਦੇ ਅਰਥ ਬੱਚੇ ਨੂੰ ਸੁਸਤ ਕਰਨ ਦੇ ਹਨ ਹਿੰਦੀ ਸ਼ਬਦ ਲੱਲਾ ਤੋਂ ਭਾਵ ਲਾਡਲਾ ਹੁੰਦੇ ਹਨ।"

**ਲੋਰੀ ਦੀਆਂ ਪਰਿਭਾਸ਼ਾਵਾਂ**

- ਸੁਖਦੇਵ ਮਾਧੋਪੁਰੀ ਅਨੁਸਾਰ, "ਮਾਵਾਂ ਆਪਣਿਆਂ ਨੂੰ ਪ੍ਰਚਾਉਣ ਲਈ ਮਧੁਰ ਸੁਰ ਅਤੇ ਲੈਅ ਵਿੱਚ ਜਿਹੜੇ ਗੀਤ ਗਾਉਂਦੀਆਂ ਇਨ੍ਹਾਂ ਨੂੰ ਲੋਰੀ ਆਖਦੇ ਹਨ।" - ਜੀਤ ਸਿੰਘ ਜੋਸ਼ੀ ਅਨੁਸਾਰ, "ਲੋਰੀ ਮਮਤਾ ਭਿੱਜੇ ਬੋਲ ਹੁੰਦੇ ਹਨ। ਮਾਂ ਬੱਚੇ ਨੂੰ ਮਧੁਰ ਸੁਰ ਵਿੱਚ ਜੋ ਗੀਤ ਸੁਣਾਉਂਦੀ ਹੈ, ਉਹ ਲੋਰੀ ਹੈ।"

ਪ੍ਰਕਿਰਿਆ ਅਤੇ ਪ੍ਰਕਾਰਜ

"ਛੋਟੇ ਬੱਚਿਆਂ ਦਾ ਮਨ ਪ੍ਰਚਾਉਣ ਰੋਂਦਿਆਂ ਨੂੰ ਵਰਾਉਣ ਲਈ ਜਾਂ ਉਨ੍ਹਾਂ ਨੂੰ ਸੁਆਉਣ ਲਈ ਮਾਵਾਂ, ਭੈਣਾਂ, ਤਾਈਆਂ, ਚਾਚੀਆਂ, ਮਾਸੀਆਂ ਗੋਦ ਵਿੱਚ ਬਿਠਾ ਕੇ ਹਿਲਾਉਂਦੀਆਂ ਹੋਈਆਂ ਨਾਲ਼ੋ ਨਾਲ਼ ਲੋਰੀਆਂ ਦਿੰਦੀਆਂ ਹਨ। ਇਨ੍ਹਾਂ ਲੋਰੀਆਂ ਵਿੱਚ ਉਨ੍ਹਾਂ ਦੀਆਂ ਸੱਧਰਾਂ ਤੇ ਰੀਝਾਂ ਉਲੀਕੀਆਂ ਹੁੰਦੀਆਂ ਹਨ। ਇਨ੍ਹਾਂ ਲੋਰੀਆਂ ਦਾ ਢੰਗ ਸੰਬੋਧਨੀ ਹੁੰਦਾ ਹੈ। ਇਨ੍ਹਾਂ ਦੀਆਂ ਤੁਕਾਂ ਵੀ ਨਿੱਕੀਆਂ ਨਿੱਕੀਆਂ ਹੁੰਦੀਆਂ ਹਨ। ਹਰ ਤੁਕ ਪਿੱਛੇ ਕੁੱਝ ਅਜਿਹੇ ਸਵਰ ਮੂੰਹੋਂ ਕੱਢੇ ਜਾਂਦੇ ਹਨ, ਜਿਨ੍ਹਾਂ ਦੇ ਕੋਈ ਅਰਥ ਨਹੀਂ ਹੁੰਦੇ ਪਰ ਇਨ੍ਹਾਂ ਵਿੱਚੋਂ ਸੰਗੀਤ ਜ਼ਰੂਰ ਝਾਕਦਾ ਹੈ।"

"ਕਾਕੜਿਆ ਬਲਾਕੜਿਆ, ਟਾਹਲੀ ਤੇਰੇ ਬੱਚੇ ਊਂ, ਊਂ, ਊਂ।

ਨਾਨਾ ਤੇਰਾ ਢੋਲ ਵਜਾਵੇ, ਨਾਨੀ ਤੇਰੀ ਨੱਚੇ, ਊਂ, ਊਂ, ਊਂ।"

"ਮਾਂ ਅਤੇ ਭੈਣ ਦੀਆਂ ਰੀਝਾਂ ਦਾ ਪ੍ਰਗਟਾਵਾ ਇਨ੍ਹਾਂ ਲੋਰੀਆਂ ਵਿੱਚ ਪੂਰੀ ਤਰ੍ਹਾਂ ਹੋ ਸਕਦਾ ਹੈ। ਕਾਕਾ ਇਨ੍ਹਾਂ ਲੋਰੀਆਂ ਵਿੱਚ ਗੁਲਾਹ ਦਾ ਫੁੱਲ, ਮੱਖਣ ਦਾ ਚੰਨ, ਰਾਤਾਂ ਦਾ ਲਾੜਾ, ਦੇਸ਼ ਦਾ ਰਾਜਾ, ਸੋਨੇ ਦਾ ਪੰਘੂੜਾ ਝੂਟਣ ਵਾਲ਼ਾ ਅਤੇ ਚਾਂਦੀ ਦੀਆਂ ਪੌੜੀਆਂ ਚੜ੍ਹਨ ਵਾਲ਼ਾ ਕਾਕਾ ਬਾਵਾ ਜਾਂ ਲਾਲ ਹੈ। ਇਨ੍ਹਾਂ ਲੋਰੀਆਂ ਦੀ ਚੋਖੀ ਗਿਣਤੀ 'ਅੱਲ੍ਹੜ ਬੱਲ੍ਹੜ ਬਾਵੇ ਦਾ' ਦੀ ਹੈ।" ਉਦਾਹਰਨ ਵੇਖੋ :

"ਅੱਲ੍ਹੜ ਬੱਲ੍ਹੜ ਬਾਵੇ ਦਾ, ਬਾਵਾ ਕਣਕ ਲਿਆਵੇਗਾ,

ਬਾਵੀ ਬਹਿ ਕੇ ਛੱਟੇਗੀ, ਸੌ ਰੁਪਈਆ ਵੱਟੇਗੀ।"

ਭਰਾਈਆਂ ਤੇ ਖੁਸਰਿਆਂ ਦੀਆਂ ਲੋਰੀਆਂ

" ਪੁੱਤਰ ਦੇ ਜਨਮ ਦੇ ਪਹਿਲੇ ਸਾਲ ਵਿੱਚ ਕਈ ਤਿਉਹਾਰ ਅਜਿਹੇ ਆਉਂਦੇ ਹਨ ਜਿਨ੍ਹਾਂ ਦਾ ਮੰਤਵ ਸਾਰੇ ਭਾਈਚਾਰੇ ਦਾ ਇਕੱਠੇ ਹੋ ਕੇ ਜਸ਼ਨ ਮਨਾਉਣਾ ਹੈ। ਸਾਲ ਵਿੱਚ ਇੱਕ ਦੋ ਵਾਰੀ ਭਰਾਈ ਛਿੰਝਾਂ ਤੇ ਵਾਢੀਆਂ ਦੇ ਢੋਲਾਂ ਤੋਂ ਵਿਹਲੇ ਹੋ ਕੇ ਗਲ਼ੀ ਗਲ਼ੀ ਫਿਰਦੇ, ਨਵੇਂ ਜੰਮੇ ਪੁੱਤਰਾਂ ਵਾਲ਼ੇ ਘਰੀਂ ਜਾਂਦੇ ਤੇ ਢੋਲ ਦਾ ਖੜਾਕ ਸੁਣ ਕੇ ਪਲਾਂ ਵਿੱਚ ਗਲੀ ਮੁਹੱਲੇ ਦੇ ਅੰਞਾਣਿਆਂ, ਸਿਆਣਿਆ ਦਾ ਪਿੜ ਬੱਝ ਜਾਂਦਾ ਸੀ। ਭਰਾਈ ਢੋਲ ਤੇ ਵਿਰਲਾ ਵਿਰਲਾ ਡੱਗਾ ਮਾਰਦੇ ਤੇ ਬਾਲਾਂ ਨੂੰ ਚੁੱਕ ਕੇ ਲੋਰੀਆਂ ਦਿੰਦੇ ਸਨ। ਉਨ੍ਹਾਂ ਦਾਣੇ ਗੁੜ੍ਹ ਤੇ ਕੱਪੜੇ ਦਿੱਤੇ ਜਾਂਦੇ ਸਨ। " "ਉਨ੍ਹੀਂ ਸੌ ਸੰਤਾਲੀ ਦੀ ਵੰਡ ਕਾਰਨ ਬਹੁਤ ਸਾਰੇ ਭਰਾਈ ਪਾਕਿਸਤਾਨ ਵਿੱਚ ਚਲੇ ਗਏ ਤੇ ਲੋਰੀਆਂ ਦਾ ਰਿਵਾਜ ਕਾਫ਼ੀ ਘੱਟ ਗਿਆ। ਪਰ ਥੋੜ੍ਹੀ ਦੇਰ ਮਗਰੋਂ ਭਰਾਈਆਂ ਦੀ ਥਾਂ ਖੁਸਰਿਆਂ ਨੇ ਲੈ ਲਈ। "

" ਲੈ ਲਾ ਲੈ ਲਾ ਵੇ, ਕਾਕਾ ਲੋਰੀਆਂ,

ਲੈ ਲਾ ਲੈ ਲਾ ਵੇ, ਚੰਦਾ ਲੋਰੀਆਂ,

ਇਹ ਲੋਰੀ ਤੇਰੀ ਦਾਦੀ ਦੁਆਵੇ,

ਬਾਬਾ ਵੰਡੇ ਦੰਮਾਂ ਦੀਆਂ ਬੋਰੀਆਂ,

ਲੈ ਲਾ ਲੈ ਲਾ ਵੇ, ਕਾਕਾ ਲੋਰੀਆਂ। "

ਰੁਣੇਚਾ ਲੋਰੀ

"ਰਾਜਸਥਾਨ ਭੂ ਖੇਤਰ ਵਿੱਚ ਵਿਚਰਦੇ ਬਹੁਤੇ ਗਾਡੀ ਲੁਹਾਰ ਰੁਣੇਚਾ ਸਥਿਤ 'ਡਾਲੀ ਬਾਈ' ਦੀ ਸਮਾਧੀ ਹਾਮਲਾ ਇਸਤਰੀਆਂ ਨੂੰ, ਜਾਣ ਨਵਜਾਤ ਸ਼ਿਸ਼ੂਆਂ ਨੂੰ, ਆਈ ਲਾਚਾ ਅਤੇ 'ਖੇਤਲਾ' ਨਿਮਿਤ ਲੋਰੀ ਦੇਣ ਲਈ ਲੈ ਕੇ ਜਾਂਦੇ ਹਨ। ਇਸ ਸਮੇਂ ਹਾਮਲਾ ਇਸਤਰੀ ਜਾਂ ਨਵਜਾਤ ਸ਼ਿਸ਼ੂ ਸਮੇਤ ਮਾਂ ਅਤੇ ਬੱਚਾ ਸਮਾਧੀ ਦੇ ਥੜ੍ਹੇ ਨੇੜੇ ਰੱਤ ਜਗਾ ਕੱਟਦੇ ਸਨ। ਦੂਜੇ ਦਿਨ ਸਵੇਰੇ ਭਾਟ ਗਮੰਤਰੀ, ਜਨਮ ਲੈਣ ਵਾਲ਼ੇ, ਜਾਂ ਜਨਮ ਲੈ ਚੁੱਕੇ ਬੱਚੇ ਨੂੰ ਲੋਰੀ ਸੁਣਾਉਂਦੇ ਹਨ। ਜਿਸ ਦੇ ਇਵਜ਼ ਵਿੱਚ ਮਾਮਿਆਂ ਵੱਲੋਂ ਵਿੱਤ ਅਨੁਸਾਰ ਇਵਜ਼ਾਨਾ ਦਿੱਤਾ ਜਾਂਦਾ ਹੈ। "

" ਹੇ ਮੇਰੇ ਬੱਚੇ,

ਤੂੰ ਮੇਰੀ ਕੁੱਖ ਵਿੱਚ ਕਿਉਂ ਆਇਆ,

ਮੇਰੀ ਕੁੱਖ ਤਾਂ

ਚਿਤੌੜ ਦੀ ਧਰਤੀ ਤੇ

ਜੌਹਰ ਦੀ ਅੱਗ ਵਿੱਚ ਹੀ

ਸੜ ਗਈ ਸੀ। "[6]

**'ਮਾਹੀਆ'**

'ਮਾਹੀਆ' ਪੰਜਾਬੀ ਦਾ ਸਭ ਤੋਂ ਵੱਧ ਗਾਏ ਜਾਣ ਵਾਲਾ ਲੋਕ ਗੀਤ ਹੈ। ਆਕਾਰ ਵਿੱਚ ਬਹੁਤ ਛੋਟਾ ਪਰਤੂ ਸਾਰੇ ਪੰਜਾਬ ਵਿੱਚ ਅਤਿ ਹਰਮਨ ਪਿਆਰਾ ਗੀਤ ਹੈ। ਮਾਹੀਆ ਮਾਹੀ ਤੋਂ ਬਣਿਆ ਹੈ ਅਤੇ ਮਾਹੀ ਦੇ ਸ਼ਬਦੀ ਅਰਥ ਮੱਝਾਂ ਚਾਰਨ ਵਾਲਾ ਜਾਂ ਵਾਗੀ। ਜਿਵੇਂ ਰਾਝਾਂ ਅਤੇ ਮਹੀਵਾਲ ਪਾਲੀ/ਮਾਹੀ ਹੁੰਦੇ ਹੋਏ ਵੀ ਪ੍ਰੀਤਮ ਦੀ ਅਜਾਮਤ ਦਾ ਰੂਪ ਧਾਰਨ ਕਰ ਚੁੱਕੇ ਹਨ, ਇਸ ਪ੍ਰਕਾਰ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ। ਇਹ ਲੋਕ ਗੀਤ ਦੀ ਅਜੇਹੀ ਸਿਨਫ਼/ਕਿਸਮ ਹੈ, ਜਿਸ ਦਾ ਨਾਇਕ 'ਮਾਹੀਆ' ਹੈ।

ਦੋ ਪੱਤਰਾਂ ਅਨਾਰਾਂ ਦੇ

ਸਾਡੇ ਬੰਨੇ ਆ ਬੈਠੇ,

ਕਬੂਤਰ ਯਾਰਾਂ ਦੇ।

ਕੋਈ ਸਾਵੇ ਰੁਖ ਮਾਹੀਆ

ਪੀਂਘ ਵਿਛੋੜੇ ਦੀ,

ਝੂਟੇ ਦਿੰਦੇ ਨੇ ਦੁੱਖ ਮਾਹੀਆ।

**ਢੋਲਾ**

ਢੋਲਾ ਜਾਂ ਢੋਲਾ ਪੰਜਾਬੀ ਵਿੰਚ ਪ੍ਰੀਤਮ ਅਥਵਾ ਮਹਿਬੂਬ ਦਾ ਪ੍ਰਤੀਕ ਹੈ। ਜਿਨ੍ਹਾਂ ਗੀਤਾਂ ਵਿੱਚ ਢੋਲੇ ਦਾ ਬਾਰ ਬਾਰ ਜ਼ਿਕਰ ਆਵੇ ਅਤੇ ਪ੍ਰੀਤਮ ਦੀ ਪ੍ਰਸੰਸਾ ਕੀਤੀ ਗਈ ਹਵੇ, ਉਨਾਂ ਨੂੰ ਢੋਲੇ ਕਿਹਾ ਜਾਂਦਾ ਹੈ।

ਢੋਲੇ ਦੀ ਪਰਿਭਾਸ਼ਾ

ਅਫਜਲ ਪ੍ਰਵੇਜ ਅਨੁਸਾਰ,"ਢੋਲਾ ਦੀ ਕੋਈ ਇਕ ਤਕਨੀਕ ਨਹੀਂ ਸਗੋਂ ਹਰ ਉਹ ਗੀਤ ਜਿਸ਼ ਵਿਚ ਢੋਲਾ ਨੂੰ ਮੁਖਾਤਿਬ ਕੀਤਾ ਗਿਆ ਹੋਵੇ ਉਹ ਢੋਲਾ ਹੈ ਉਹਨਾਂ ਨੇ ਢੋਲੇ ਦਾ ਮੁਖਾਤਿਬ ਇਸ ਪ੍ਰਕਾਰ ਦਿੱਤਾ ਹੈ-

ਢੋਲੇ ਦੀ ਲੋਕ ਪਰੰਪਰਾ

ਢੋਲ ਢੋਲਕ ਨਾਲ ਗਾਇਆ ਜਾਣ ਵਾਲਾ ਲੋਕ ਗੀਤ ਹੈ ਬਾਰ ਦੇ ਇਲਾਕੇ ਵਿਚ ਊਠ ਤੇ ਸਵਾਰ ਲੋਕ ਕਈ-ਕਈ ਮੀਲ ਤੱਕ ਢੋਲੇ ਗਾਉਦੇਂ ਜਾਦੇਂ ਹਨ ਢੋਲੇ ਦੀਆਂ ਲਾਉਣਾ,ਮੁਹਾਵਰਾ ਸੰਕੇਤ ਕਰਦਾ ਹੈ ਕਿ ਢੋਲਾ ਪੂਰਨ ਮੌਜ ਮਸਤੀ ਦਾ ਗੀਤ ਹੈ-

"ਜਨਾਬ ਏ.ਡੀ.ਇਜ਼ਾਜ਼ ਨੇ ਆਪਣੀ ਪੁਸਤਕ ਚਾਜ਼ੇ ਛੱਤੇ ਵਿਚ ਢੋਲਿਆ ਨੂੰ ਗਾਏ ਜਾਣ ਦੇ ਤਿੰਨ ਢੰਗਾ ਦੀ ਰਵਾਨੀ,ਰਗੀ ਅਤੇ ਉਤਲਾ ਧੁਰ ਬਾਰੇ ਲਿਖਿਆ ਹੈ।ਢੋਲਾ ਸੁਣਾਉਣ ਵਾਲੇ ਇਨ੍ਹਾਂ ਵਿਚੋਂ 'ਰਗੀ' ਢੰਗ ਦੀ ਵਰਤੋਂ ਵਧੇਰੇ ਕਰਦੇ ਹਨ।"

1. ਸ਼ੈਲੀ

ਢੋਲਾ ਕਈ ਸ਼ੈਲੀਆਂ ਵਿਚ ਪ੍ਰਚਲਿਤ ਹੈ। ਪੋਠੋਹਾਰ ਵਿਚ ਪ੍ਰਚਲਿਤ ਢੋਲੇ ਰੂਪ ਤੇ ਲੈਅ ਵਿਚ ਸਾਂਦਲ ਬਾਰ ਦੇ ਜਾਂਗਲੀਆਂ ਦੇ ਢੋਲਿਆਂ ਨਾਲ ਵੱਖਰੇ ਹਨ।ਪੋਠੋਹਾਰੀ ਢੋਲਿਆਂ ਦਾ ਇਕ ਬਝਵਾਂ ਰੂਪ–ਵਿਧਾਨ ਹੈ। ਇਹ ਪੰਜ ਸਤਰਾਂ ਦੇ ਹੁੰਦੇ ਹਨ ਅਤੇ ਦੋ ਟੁਕੜੀਆਂ ਵਿਚ ਵੰਡੇ ਹੁੰਦੇ ਹਨ। ਪਹਿਲੀ ਟੁਕੜੀ ਤਿੰਨ ਸਤਰਾਂ ਦੀ ਹੁੰਦੀ ਹੈ, ਜਿਸ ਵਿਚ ਪਹਿਲੀਆਂ ਦੋ ਸਤਰਾਂ ਦਾ ਤੁਕਾਂਤ ਮਿਲਦਾ ਹੈ, ਤੀਜੀ ਦਾ ਨਹੀਂ। ਟੁਕੜੀ ਦੋ ਸਤਰਾਂ ਦੀ ਹੁੰਦੀ ਹੈ। ਪਹਿਲੀ ਟੁਕੜੀ ਦੇ ਪ੍ਰਭਾਵ ਨੂੰ ਗੂੜਾ ਕਰਦੀ ਹੈ ਤੇ ਬਿਜਲੀ ਦੀ ਲਿਸ਼ਕ ਵਾਂਗ ਚਕਾਚੋਂਦ ਕਰ ਜਾਂਦੀ ਹੈ।" ਇਹ ਦੂਜੀ ਟੁਕੜੀ ਢੋਲੇ ਦੀ ਇਕਾਈ ਦਾ ਬੱਝਵਾਂ ਹੁੰਦਿਆਂ ਵੀ ਭਾਵ ਵਿਚ ਸੁੰਤਤਰ ਤੇ ਸੰਪੂਰਨ ਹੋਣ ਕਰਕੇ, ਕਿਸੇ ਵੀ ਢੋਲੇ ਦੀ ਪਹਿਲੀ ਕਲੀ ਨਾਲ ਲੱਗ ਕੇ ਗਾਂਈ ਜਾ ਸਕਦੀ ਹੈ। ਇਹ ਦੂਜੀ ਕਲੀ, ਕਿਸੇ ਢੋਲੇ ਦਾ ਹਿੱਸਾ ਹੁੰਦਿਆਂ ਵੀ ਹਰ ਢੋਲੇ ਨਾਲ ਨਿਸ਼ਚਿਤ ਨਹੀਂ, ਇਹ ਜਿੱਥੇ ਢੁੱਕ ਜਾਵੇ, ਢਕਾ ਕੇ ਗਾ ਲਈ ਜਾਂਦੀ ਹੈ –

ਪੋਠੋਹਾਰੀ ਢੋਲੇ ਆਮ ਤੌਰ ਉੱਤੇ ਪਹਾੜੀ ਵਿੱਚ 'ਕਹਿਰਵਾਂ' ਤਾਲ ਵਿਚ ਗਾਏ ਜਾਂਦੇ ਹਨ, ਪਰ ਕੁਝ ਢੋਲੇ ਤਿਲੰਗ ਤੇ ਭੈਰਵੀ ਵਿਚ ਗਾ ਲਏ ਜਾਂਦੇ ਹਨ। "ਸਾਂਦਲ ਬਾਰ ਵਿਚ ਪ੍ਰਚਲਿਤ ਢੋਲਿਆਂ ਦਾ ਕੋਈ ਬਝਵਾਂ ਰੂਪ–ਵਿਧਾਨ ਅਤੇ ਇਨ੍ਹਾਂ ਦੀ ਲੈਅ ਪੋਠੋਹਾਰੀ ਢੋਲਿਆਂ ਨਾਲੋਂ ਵੱਖਰੀ ਹੈ। ਇਹ ਇਕੱਠ ਵਿੱਚ ਗਾਇਆਂ ਜਾਂਦਾ ਹੈ। ਕੰਨਾਂ ਤੇ ਹੱਥ ਧਰਕੇ ਲੰਮੀ ਜਿਹੀ ਹੇਕ ਨਾਲ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਵੈਰਾਗ ਵਿਚ ਆ ਕੇ ਕੋਈ ਵੈਣ ਪਾ ਰਿਹਾ ਹੋਵੇ, ਕਿਸੇ ਮੁਟਿਆਰ ਦੇ ਦੱਬੇ ਹੋਏ ਅਰਮਾਨਾਂ ਦਾ ਚਿੱਤਰ ਖਿੱਚ ਰਿਹਾ ਹੁੰਦਾ ਹੈ। "ਜਾਂਗਲੀ ਢੋਲੇ ਦੀ ਮਿਠਾਸ ਕੱਚੇ ਦੁੱਧ ਵਰਗੀ ਹੁੰਦੀ ਹੈ।

**ਅਲਾਹੁਣੀਆਂ**

ਅਲਾਹੁਣੀ ਤੋਂ ਭਾਵ ਸਲਾਘਾ ਅਥਵਾ ਓਸਤੱਤੀ। ਇਸ ਦਾ ਅਰਥ ਵਿਸਥਾਰ ਹੋਇਆ ਜਦ ਕਿਸੇ ਪ੍ਰਣਾਈ ਦੀ ਮ੍ਰਿਤੂ ਹੋ ਜਾਏ ਤਾਂ ਸਦੀਵੀ ਵਿਛੋੜਾ ਦੇ ਗਏ ਵਿਅਕਤੀ ਦੇ ਗੁਣ ਕ੍ਰਮ ਦੱਸਣ ਵਾਲੇ ਜਿਹੜੇ ਕਰੁਣਾਮਈ ਤੇ ਸੋਗ ਗੀਤ ਇਸਤਰੀਆਂ ਦੁਆਰਾ ਅਲਾਪੇ ਜਾਂਦੇ ਹਨ, ਪੰਜਾਬੀ ਵਿੱਚ ਉਨ੍ਹਾਂ ਨੂੰ ਅਲਾਹੁਣੀਆਂ ਕਿਹਾ ਜਾਂਦਾ ਹੈ।

ਬੁੱਢਾ ਤਾਂ ਬਹਿੰਦਾ ਕੁਰਸੀ ਡਾਹ
ਹਾਏ ਨੀ ਬੁੱਢੜਾ ਮਰਨੀ ਗਿਆ
ਬੁੱਢਡੀ ਰੰਡੀ ਕਰ ਨੀ ਗਿਆ।

**ਲੋਕ ਕਹਾਣੀਆਂ]ਲੋਕ ਕਥਾਵਾਂ/**

ਲੋਕ ਕਹਾਣੀ ਤੋਂ ਭਾਵ ਅਜਿਹਾ ਪਰੰਪਰਾਗਤ ਬਿਰਤਾਂਤ ਹੈ ਜਿਸ ਵਿੱਚ ਲੋਕ ਮਾਨਸ ਦੀ ਅਭਿਗਿਅਕਤੀ ਹੋਵੇ ਅਤੇ ਲੋਕ ਸਮੂਹ ਨੇ ਜਿਸ ਨੂੰ ਪ੍ਰਵਾਨਗੀ ਦੇ ਕੇ ਪੀੜ੍ਹੀ ਅੱਗੇ ਤੋਰਿਆ ਹੋਵੇ। ਪੰਜਾਬੀ ਲੋਕ ਕਹਾਣੀ ਵਧੇਰੇ ਕਰਕੇ ਵਾਤਕ ਵਿੱਚਮਿਲਦੀਆਂ ਹਨ, ਪਰ ਕੁਝ ਭਾਗ ਕਵਿਤਾ ਵਿੱਚ ਵੀ ਹੈ।ਇਨ੍ਹਾਂ ਕਹਾਣੀਆਂ ਦੀ ਸਿਰਜਨਾ ਵਿੱਚ ਬੇ-ਮਹਾਰੀ ਕਲਪਨਾ ਅਤੇ ਅਦਭੁੱਤ ਹੋਂਦ ਤੋ਼ ਛੁੱਟ ਕਥਾਨਕ ਰੂੜੀਆਂ ਅਤੇ ਉਪਯੋਗ ਦ੍ਰਿਸ਼ਟੀ ਦਾ ਹੱਥ ਵੀ ਹੁੰਦਾ ਹੈ। ਪੰਜਾਬੀ ਲੋਕ ਕਹਾਣੀਆਂ ਦੀ ਵੱਡੀ ਵਿਸ਼ੇਸ਼ਤਾਂ ਇਨ੍ਹਾਂ ਦੇ ਵਿਸ਼ੇ, ਰੂਪ ਘਟਨਾਵਾਂ, ਪਾਤਰ ਆਦਿ ਪੱਖਾਂ ਤੋਂ ਵੰਨ ਸੁਵੰਨਤਾ ਹੈ। ਪੰਜਾਬੀ ਲੋਲ ਕਹਾਣੀਆਂ ਉੱਤਰ ਇੱਕ ਪੇਤਲੀ ਝਾਤ ਤੋਂ ਸਹਿਜੇਹੀ ਇਸ ਸਿੱਟੇ ਤੇ ਪੁੱਜੀਦਾ ਹੈ। ਕਿ ਜੋ ਕੁਝ ਵੀ ਲੋਕ ਚੇਤਨਾਂ ਅਤੇ ਲੋਕ ਕਲਪਨਾ ਦੀ ਪਕੜ ਵਿੱਚ ਆ ਸਕਦਾ ਹੈ, ਉਹ ਸਭ ਕੁਝ ਇਨ੍ਹਾਂ ਕਹਾਣੀਆਂ ਵਿੱਚ ਸਮੋ ਲਿਆ ਗਿਆ

ਹੈ।ਇਨ੍ਹਾਂ ਦਾ ਸਮਾ ਸਤਿਯੁਗ, ਤ੍ਰੇਤਾ, ਦੁਆਪਰ ਅਤੇ ਕਲਯੁਗ ਤਕ ਫੈਲਿਆ ਹੋਇਆ। ਪੰਜਾਬੀ ਲੋਕ ਕਹਾਣੀਆਂ ਦੀ ਪ੍ਰਕਿਰਤੀ, ਸੁਭਾਉ, ਵਿਸ਼ੇ, ਪਾਤਰਾਂ, ਘਟਲਾਵਾਂ ਆਦਿ ਨੂੰ ਮੁੱਖ ਰੱਖਦੇ ਹੋਇਆ ਇਨ੍ਹਾਂ ਨੂੰ ਹੇਠ ਲਿਖੀਆ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ:

1.ਮਿਥਕ ਕਥਾਵਾਂ 2.ਦੰਤ ਕਥਾਵਾਂ 3.ਪਸ਼ੂ/ਪੰਛੀ ਕਹਾਣੀਆਂ 4.ਨੀਤੀ ਕਥਾਵਾਂ 5.ਪਰੀ ਕਹਾਣੀਆਂ 6. ਬੁਝਾਵਨ ਕਹਾਣੀਆਂ 7.ਪ੍ਰੇਤ ਕਥਾਵਾਂ ਦੁਆਰਾ ਦਰਪੋਤੀ ਦੀਪ ਬੇ-ਪਤੀ, ਪਰਮਾਤਮਾ ਜਿਵੇਂ ਦਰਯੋਕਨ ਦੀ ਹੰਕਾਰ ਤੋੜ ਦਾ ਹੈ।

ਜਨਮੇਜਾ ਅਤੇ ਪਰੀਛਤ ਬਾਰੇ ਪ੍ਰਸੰਗ, ਦਾਈ ਪੂਤਨਾ ਦੀ ਮੁਕਤੀ, ਕੁਬਿਜਾ ਕੁੱਬ ਦੂਰ ਹੋਣਾ, ਬਿਦਰ ਦੇ ਘਰੋਂ ਸਦਾਮਾ ਦੀ ਮਿੱਤਰਤਾ, ਚੰਦ੍ਰਾਵਲੀ ਜਾਂ ਦੀ ਦੀ ਗੋਪੀ ਨਾਲ ਪਿਆਰ, ਅਤੇ ਸੁਰਗਾਂ ਵਿੱਚ ਕਲਾਪ-ਬ੍ਰਿਛਾਂ ਲਿਆ ਕੇ ਗੋਪੀ ਸਤਭਾਮਾ ਦੀ ਇੱਛਾ ਪੁਰੀ ਕਰਨੀ ਆਦਿ ਮਿੱਥਕ ਕਥਾਵਾਂ ਹਨ।

**ਮਿਥਕ ਕਥਾਵਾਂ**

- ਮਿਥਕ ਕਥਾਵਾਂ ਤੋਂ ਭਾਵ ਪੂਰਵ ਇਤਿਹਾਸਿਕ ਯੂਗ ਵਿੱਚ ਵਾਪਰੀਆਂ ਘਟਨਾਵਾ ਤੋਂ ਹੈ, ਜਿਹੜੀ ਲੋਕਾਂ ਦੀਆਂ ਅਲੋਕਿਕ ਪਰੰਪਰਾਵਾ ਨਾਲ ਜੁੜੀਆਂ ਹੋਣ ਅਤੇ ਉਨ੍ਹਾਂ ਦੇ ਦੇਵਤਿਆ ਪ੍ਰਾਚੀਨ ਯੋਧਿਆਂ, ਧਾਰਮਿਕ ਵਿਸ਼ਵਾਸਾਂ ਅਤੇ ਸਾਂਸਕ੍ਰਿਤਕ ਗੁਣਾਂ ਨਾਲ ਸੰਬੰਧਿਤ ਹੋਣ। ਅੰਗ੍ਰੇਜੀ ਅਜਿਹਹੀਆਂ ਕਥਾਵਾਂ ਨੂੰ ਮਿਥਸ ਆਖਦੇ ਹਨ ਮਿਥਕ ਕਥਾਵਾਂ ਸ਼ੁੱਧ ਰੂਪ ਵਿੱਚ ਲੋਕ ਮਾਨਸ ਦੀ ਅਭਿਗਿਅਕਤੀ ਹਨ। ਇਨ੍ਹਾਂ ਵਿੱਚ ਕਾਲਪਨਿਕ ਨਿਰੂਪਰਣ ਸ਼ਕਤੀ ਦੀ ਕੋਈ ਸੀਮਾ ਨਹੀਂ ਹੁੰਦੀ, ਘਟਨਾਵਾਂ ਅਤਿਕਥਣੀ ਅਤੇ ਸ਼ਰਧਾਯਕਤ ਭੈ ਨਾਲ ਭਰੀਆ ਹੋਈਆ ਹੁੰਦੀਆਂ ਹਨ। ਅਸਲ ਵਿੱਚ ਮਿਥਕ ਕਥਾਵਾਂ ਵਿੱਚ ਕੁਝ ਵੀ ਅਸੰਭਵ ਨਹੀਂ ਹੁੰਦਾ ਇਹਨਾਂ ਨੂੰ ਹੇਠ ਲਿਖੇ ਭਾਗਾਂ ਵਿੱਚ ਵੰਡਿਆ ਗਿਆ ਹੈ।
    - ਪੌਰਾਇਕ ਭਗਤਾਂ, ਰਿਸ਼ੀਆਂ, ਮੁਨੀਆਂ ਅਤੇ ਮਿਥਕ ਰਾਜਿਆ ਬਾਰੇ
    - ਰਾਮ ਚੰਦਰ ਅਥਾਵਾਂ ਰਾਮਇਣ ਸੰਬੰਧੀ।
    - ਮਹਾਭਾਰਤ ਅਤੇ ਭਗਵਾਨ ਕ੍ਰਿਸ਼ਨ ਬਾਰੇ
    - ਦੇਵਿਤਿਆ ਅਤੇ ਦੈਤਾਂ ਨਾਲ ਸੰਬੰਧਿਤ
    - ਪੌਰਾਇਕ ਭਗਤਾਂ, ਰਿਸ਼ੀਆਂ, ਮੁਨੀਆਂ ਅਤੇ ਮਿਥਕ ਰਾਜਿਆਂ
    - ਰਾਜਾ ਹਰੀਸ਼ ਚੰਦਰ ਦੀ ਕਥਾ, ਗੋਤਮ ਅਹੱਲਿਆ ਪ੍ਰਸੰਗ, ਦੁਰਾਬਾਸਾ ਰਿਸ਼ੀ, ਬਲਿਰਾਜਾ, ਅੱਜ ਰਾਜਾ ਅਤੇ ਰਾਜਾ ਜਣਕ ਬਾਰੇ ਕਹਾਣੀਆ ਰਾਜਾ ਭਗੀਰਥ, ਰਿਸ਼ਬਿਆਸ ., ਸੁਕਦੇਵ ਰਿਸ਼ੀ, ਨਾਰਦ ਅਤੇ ਵਿਸ਼ਵਾਮ੍ਰਿਤ ਬਾਰੇ ਮਿਥਕ ਕਥਾਵਾਂ ਪ੍ਰਚੱਲਿਤ ਹਨ।
    - ਰਮਾਇਣ ਨਾਲ ਸੰਬੰਧਤ ਕੁਝ ਕਥਾਵਾਂ ਜਿਵੇਂ ਮਤਰੇਈ ਮਾਂ ਦੇ ਆਖੇ ਰਾਮ ਚੰਦਰ ਲੂੰ ਬਨਵਾਸ ਲਛਮਣ ਦੁਆਰਾ ਸਰੂਪਨਖਾਂ ਦਾ ਨੱਕ ਕੱਟੇ ਜਾਣਾ, ਰਾਵਣ ਅਤੇ ਹਨੂਮਾਣ ਬਾਰੇ ਕਥਾਵਾਂ ਤੋਂ ਛੁੱਟ ਕੁੰਭਕਰਨ, ਬਾਲੀ,ਤਾਰਕਾ ਅਤੇ ਮਰੀਚ, ਆਦਿ ਬਾਰੇ ਕਹਾਣੀਆਂ ਪ੍ਰੱਚਲਿਤ ਹਨ।
    - ਮਹਾਂਭਾਰਤ ਨਾਲ ਸੰਬੰਧਿਤ, ਦੁਰਯੋਧਨ ਦੁਆਰਾ।

**ਦੰਤ ਕਥਾਵਾਂ**

ਪੰਰਪਰਾਗਤ ਬਿਰਤਾਂਤ ਵਿੱਚ ਜਦ ਦੇਵੀ ਦੇਵਤਿਆ ਦੀ ਥਾਂ ਮਨੁੱਖ ਪ੍ਰੇਵਸ਼ ਕਰਦੇ ਹਨ। ਅਤੇ ਮਿਥਕ ਗੁਣਾ ਨੂੰ ਮਨੁੱਖ ਨਾਲ ਜੋੜ ਦਿੱਤਾ ਜਾਂਦਾ ਹੈ। ਦੰਡ ਕਥਾ ਵਿੱਚ ਦੇਵਤਿਆ ਅਤੇ ਅਰਧ ਦੇਵਤਿਆ ਦੀ ਥਾਂ ਇਤਿਹਾਸਕ ਅਤੀ ਆਰਧ ਇਤਿਹਾਸਕ ਵਿਅਕਤੀ ਦੇ ਕਾਰਨਾਮਿਆ ਨੂੰ ਆਪਣੇ ਮਨੋਰਥ ਦੀ ਸਿਧੀ ਲਈ ਵਰਤਿਆ ਜਾਂਦਾ ਹੈ ਇਸ ਵਿੱਚ ਸੰਤਾਂ ਮਹਾਤਮਾਵਾਂ, ਪੀਰਾਂ ਫ਼ਕੀਰਾਂ, ਇਤਿਹਾਸਕ ਯੋਧਿਆ ਅਤੇ ਰਾਜਿਆਂ ਨਾਲ ਸੰਬੰਧਿਤ ਪ੍ਰੀਤ ਕਥਾਵਾਂ ਜਿਵੇਂ ਹੀਰ ਰਾਂਝਾਂ, ਸੰਸੀ ਪੁੰਨੂੰ ਸ਼ੀਰੀ ਫਰਿਆਦ, ਲੈਲਾ ਮਜਨੂੰ ਅਤੇ ਯੂਸਫ਼ ਜ਼ੁਲੈਖਾਂ ਆਦਿ ਤੀਰਥ ਅਸਥਾਨਾਂ, ਮੰਦਰਾ, ਪਹਾੜਾ ਗੁਫਾਵਾ ਆਦਿ ਬਾਰੇ ਤਬਾਹ ਹੋਏ ਕਿਲ੍ਹੇ, ਤਲਾਅ/ਸਰੋਵਰ, ਦਰਿਆ, ਪੁਰਾਤਨ ਇਮਾਰਤਾਂ ਬੁੱਤਾਂ ਆਦਿ ਬਾਰੇ ਮਨੁਖੀ ਬੋਲੀ,, ਰਹੁ ਰੀਤਾਂ ਅਤੇ ਸਦਾਚਾਰਕ ਨਿਯਮਾਂ ਸੰਬੰਧੀ ਦੱਬੇ ਹੋਏ ਖਜ਼ਾਨਿਆ ਸੰਬੰਧੀ ਦੰਤ ਕਥਾਵਾਂ ਪ੍ਰਚੱਲਿਤ ਹਨ।

ਪਸ਼ੂਪਸ਼ੂ ਪੰਛੀਆਂ ਦਾ ਮਾਨਵੀਕਰਨ  ਪੰਛੀ ਹਨ।-ਇਨ੍ਹਾਂ ਕਹਾਣੀਆਂ ਦੇ ਮੁੱਖ ਪਾਤਰ ਪਸ਼ੂ :ਪੰਛੀ ਕਹਾਣੀਆਂ - ਕਰਕੇ ਇਨ੍ਹਾ ਕਹਾਣੀ ਵਿੱਚ ਉਨ੍ਹਾਂ ਨੂੰ ਮਨੁਖਾਂ ਵਾਂਗ ਸੋਚਦੇ,ਕੰਮ ਕਰਦੇ ਬੋਲਦੇ, ਨੱਚਦੇ ਕੁਦਦੇ ਵਿਖਾਇਆ ਗਿਆ ਹੈ। ਮਨੁੱਖਾਂ ਨੇ ਵੱਖਵੱਖ ਪਸ਼ੂ ਪੰਛੀਆਂ ਨੂੰ ਜਿਹੜੀਆ ਵਿਸ਼-ੇਸ਼ ਖਾਸੀਅਤ ਪ੍ਰਦਾਨ ਕੀਤੀਆਂ ਹਨ, ਉਨ੍ਹਾਂ ਅਨੁਸਾਰ ਉਹ ਕਾਰਜ ਕਰਦੇ ਹਨ, ਜਿਵੇਂ ਕਾ ਸਿਆਣਾ ਹੈ, ਲੂਮੜੀ ਚਾਲਕ, ਸ਼ੇਰ ਬਹਾਦਰ ਹੈ ਅਤੇ ਬਘਿਆੜ ਲਾਲਚੀ ਆਦਿ।

**ਨੀਤੀ ਕਥਾਵਾਂ**

ਨੀਤੀ ਕਥਾਵਾਂ ਵਿੱਚ ਪਸ਼ੂ ਪੰਛੀਆਂ ਨੂੰ ਮਨੁੱਖਾਂ ਵਾਲੇ ਗੁਣ ਪ੍ਰਦਾਨ ਕਰਦੇ ਵਿਅੰਗਮਈ ਉੱਕਤੀ ਦੁਆਰਾ ਮਾਨਵਜਾਤੀ ਨੂੰਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਆਮ ਤੌਰ ਤੇ ਅਜੇਹੀਆਂ ਕਹਾਣੀਆਂ ਦੇ ਦੋ ਭਾਗ ਹੁੰਦੇ ਹਨ। ਪਹਿਲੇ ਹਿੱਸੇ ਵਿੱਚ ਵਾਰ ਤਾਂ ਦੇ ਨਾਲ-ਨਾਲ ਉਦੇਸ਼ ਨੂੰ ਉਦਾਹਰਨ ਸਹਿਤ ਸਮਝਿਆ ਜਾਂਦਾ ਹੈ ਅਤੇ ਦੂਜੇ ਹਿੱਸੇ ਵਿੱਚ ਉਪਦੇਸ਼ਾਤਮਕ ਕਥਨ ਦਾ ਵਿਵਰਨ ਲੋਕੋਕਤੀ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। 'ਲੂੰਮੜੀ ਤੇ ਅੰਗੂਰ` ਦੀ ਕਹਾਣੀ ਵਿੱਚ ਲੂੰਮੜੀ ਦੀ ਅੰਗੂਰਾਂ ਦੇ ਗੁੱਛੇ ਤਕ ਪੁੱਜਣ ਦੀ ਅਸਮਰਥਾ ਬਾਰੇ ਦਸ ਕੇ ਅੰਤ ਵਿੱਚ ਇੱਕ ਲੋਕੋਕਤੀ ਆਉਂਦੀ ਹੈ।

- ਦਾਖੈ ਹੱਥ ਨਾ ਅੱਪੜੇ, ਆਖੈ ਥੂਹ ਕਉੜੀ।

ਸ਼ੇਰ, ਘੋੜਾ, ਹਾਥੀ, ਗਿੱਦੜ, ਲੂੰਮੜੀ, ਕਾਂ, ਬਿੱਲੀ, ਚੂਹਾ, ਤੋਤਾ ਮੋਰ ਆਦਿ ਇਨ੍ਹਾਂ ਕਹਾਣੀਆਂ ਦੇ ਪਾਤਰ ਹਨ। ਹਰ ਕਹਾਣੀ ਦੇ ਅੰਤ ਵਿੰਚ ਕੋਈ ਨਾ ਕੋਈ ਸਮਾਜਕ, ਸਦਾਚਾਰਕ, ਧਾਰਮਿਕ ਜਾਂ ਰਾਜਨੀਤਿਕ ਉਪਦੇਸ਼ ਦਿੱਤਾ ਗਿਆ ਹੈ।

**ਪਰੀ ਕਥਾਵਾਂ**

ਪਰੀ ਕਥਾਵਾਂ ਪੰਜਾਬੀ ਲੋਕ ਕਹਾਣੀਆਂ ਦੀ ਬਹੁਤ ਦਿਲਚਸਪ ਸ੍ਰੇਣੀ ਹੈ ਪਰੀਆਂ ਤੋਂ ਇਲਾਵਾਂ ਇਨ੍ਹਾਂ ਦੇ ਪਾਤਰ ਬਾਦਸ਼ਾਹ, ਸਹਿਜਾਦੇ ਅਤੇ ਸੌਦਾਗਰ ਵੀ ਹੁੰਦੇ ਹਨ। ਹਰ ਪ੍ਰਕਾਰ ਦੀਆਂ ਅਲਹੋਣੀਆਂ ਅਤੇ ਅਸੰਭਵ ਗੱਲਾ ਇਨ੍ਹਾਂ ਕਥਾਵਾਂ ਵਿੱਚ ਵਾਪਰਦੀਆਂ ਹਨ।

**ਪ੍ਰੇਤ ਕਥਾਵਾਂ**

ਜਿਨ, ਭੂਤ, ਪ੍ਰੇਤ, ਬੋਣੈ, ਭੂਤਨੀਆਂ, ਛੈਵਾਂ ਅਤੇ ਚੜੇਲਾਂ, ਆਦਿ ਅਮਾਨਵੀ ਪਾਤਰਾ ਨਾਲ ਜੁੜੀਆਂ ਰਹੱਸਮਈ ਜੁਗਤ ਦੀਆਂ ਚਮਤਕਾਰੀ ਘਟਨਾਵਾਂ ਨਾਲ ਸੰਬੰਧਿਤ ਪਰੰਪਰਾਗਤ ਬਿਰਤਾਂਤ ਨੂੰ ਪ੍ਰੇਤ ਕਥਾਵਾਂ ਦੀ ਲੜੀ ਵਿੱਚ ਰੱਖਿਆ ਜਾ ਸਕਦਾ ਹੈ।

**ਬੁਝਾਵਨ ਕਥਾਵਨ**

ਮਿਥਕ ਕਥਾਵਾਂ, ਦੰਤ ਕਥਾਵਾਂ ਜਾਂ ਪਰੀ ਕਹਾਣੀਆਂ ਵਾਂਗ ਬੁਝਾਵਨ ਕਥਾਵਾਂ ਕਿਸੇ ਵੱਖਰੇ ਖੇਤਰ ਦੀਆਂ ਕਹਾਣੀਆਂ ਵਾਂਗ ਬੁਝਾਵਨ ਕਥਾਵਾਂ ਕਿਸੇ ਵੱਖਰੇ ਖੇਤਰ ਦੀਆਂ ਕਹਾਣੀਆਂ ਨਹੀਂ ਹਨ। ਵਾਸਤਵ ਵਿੱਚ ਬੁਝਾਵਨ ਕਥਾ ਵਿੱਚ ਕੋਈ ਨੀਤੀ ਦੀ ਗੱਲ ਸਮਝਾਈ ਗਈ ਹੁੰਦੀ ਹੈ ਕਿਸੇ ਦੂਜੀ ਕਹਾਣੀ ਵਿੱਚ ਪਹੇਲੀਆਂ ਸ਼ਰਤਾਂ ਦੇ ਰੂਪ ਵਿੱਚ ਆਉਂਦੀਆਂ ਹਨ ਅਤੇ ਕਿਸੇ ਕਥਾ ਵਿੱਚ ਅਜਿਹੇ ਪ੍ਰਸ਼ਨ ਸਾਹਮਣੇ ਆਉਂਦੇ ਹਨ, ਜਿਨ੍ਹਾਂ ਦਾ ਉੱਤਰ ਤਲਾਸ ਕਰਨਾ ਹੁੰਦਾ ਹੈ।

**ਪੰਜਾਬੀ ਬੁਝਾਰਤਾਂ**

ਬੁਝਾਰਤ ਜਾਂ ਬਾਤ ਦਾ ਸ਼ਬਦ ਸਾਹਮਣੇ ਆਉਂਦੀਆਂ ਹੀ ਸਾਡੀ ਕਲਪਨਾ ਸਾਨੂੰ ਬਚਪਨ ਵਿੱਚ ਲੈ ਜਾਂਦੀ ਹੈ। ਜਦੋਂ ਹਰ ਬੱਚਾ ਆਪਣੇ ਬਜੁਰਗ ਪਾਸੋਂ ਹੁੰਗਾਰੇ ਵਾਲੀਆਂ ਲੰਮੀਆਂ-ਲੰਮੀਆਂ ਬਾਤਾਂ ਸੁਣਨ ਜਾਂ ਬੁਝਾਰਤਾਂ ਨੂੰ ਬੁੱਝਣ ਦੀ ਪ੍ਰਕਿਰਿਆ ਵਿੱਚੋ ਗੁਜ਼ਰਿਆ ਸੀ। ਅਕਾਰ ਦੀ ਦ੍ਰਿਸ਼ਟੀ ਤੋਂ ਬੁਝਾਰਤ ਅਖਾਣ ਦੇ ਵਧੇਰੇ ਨੇੜੇ ਹੈ। ਕਈ ਵਾਰ ਅਖਣਾ ਅਤੇ ਬੁਝਾਰਤਾ ਨੂੰ ਲੋਕ ਗੀਤ ਸਮਝ ਲਿਆ ਜਾਂਦਾ ਹੈ, ਜੋ ਠੀਕ ਨਹੀਂ। ਲੋਕ ਗੀਤ ਗਾਏ ਜਾਂਦੇ ਹਨ: ਅਖਾਣਾਦੀ ਢੁੱਕਵੇ ਰੂਪ ਵਿੱਚ ਲਿਖਤੀ ਜਾਂ ਅਲਿਖਤੀ ਤੌਰ ਤੇ ਵਰਤੋਂ ਕੀਤੀ ਜਾਂਦੀ ਹੈ। ਅਤੇ ਬੁਝਾਰਤਾਂ ਪਾਈਆ ਜਾਂਦੀਆਂ ਹਨ। ਇਹ ਵਾਰਤਕ ਵਿੱਚ ਵੀ ਮਿਲਦੀਆਂ ਹਨ, ਪਰ ਬਹੁਤੀਆਂ ਬੁਝਾਰਤਾਂ ਤੁਕਾਂਤ ਵਿੱਚ ਹੁੰਦੀਆਂ ਹਨ। ਇਹ ਇੱਕ ਤੁਕੀ ਦੋ ਤੁਕੀ, ਬਹੁ ਤੁਕੀਆਂ ਬੁਝਾਰਤਾਂ ਵੀ ਹੁੰਦੀਆਂ ਹਨ।

- ਬਾਤ ਪਾਵਾਂ ਬਤੋਲੀ ਪਾਵਾਂ ਸੁਣ ਤੇ ਭਾਈ ਹਕੀਮਾਂ
- ਲੱਕੜੀਆਂ ਚੋਂ ਪਾਣੀ ਕੱਢਾ ਚੁੱਕ ਬਣਾਵਾਂ ਢੀਮਾ
- ਇੱਕ ਬੁਝਾਰਤ ਪਾਵਾਂ, ਸਿਰ ਕੱਟ ਕੇ ਲੂਣ ਲਾਵਾਂ
- ਜੇ ਖਾਵਾਂ ਤੇ ਪਛਤਾਵਾਂ ਨਾ ਖਾਵਾਂ ਤੇ ਪਛਤਾਵਾਂ

ਕਾਲੀ ਹਾਂ ਪਰ ਕਾਂ ਨਹੀਂ ਲੰਮੀ ਹਾਂ ਪਰ ਡੋਰ ਨਹੀਂ ਬੰਨ੍ਹੀ ਜਾਂਦੀ ਹਾਂ ਪਰ ਪਸ਼ੂ ਨਹੀਂ।

**ਪੰਜਾਬੀ ਅਖਾਣ**

'ਅਖਾਣ' ਲੋਕ ਸਾਹਿਤ ਦਾ ਅਜੇਹਾ ਰੂਪ ਹਨ, ਜਿਨ੍ਹਾਂ ਵਿੱਚ ਲੋਕ ਜੀਵਨ ਦੇ ਲੰਮੇ ਤਜਰਬਿਆਂ ਅਤੇ ਅਨੁਭਵਾਂ ਨੂੰ ਲੋਕ ਬੋਲੀ ਦੁਆਰਾ ਬਹੁਤ ਹੀ ਸੰਖੇਪ ਪਰੰਤੂ ਢੁਕਵੀ ਸ਼ੈਲੀ ਰਾਹੀਂ ਵਾਕਾਂ/ਤੁਕਾਂ ਦੇ ਰੂਪ ਵਿੱਚ ਪ੍ਰਗਟਾਇਆ ਗਿਆ ਹੁੰਦਾ ਹੈ। ਅਖਾਣ ਲਈ ਪੰਜਾਬੀ ਵਿੱਚ ਅਖੌਤ ਲੋਕੋਕਤੀ ਅਤੇ ਕਹਾਵਤ ਉਰਦੂ ਵਿੱਚ ਅਖਾਣ ਦੇ ਸਮਾਨਾਰਥਕ ਸ਼ਬਦ ਹਨ ਪੰਜਾਬੀ ਵਿੱਚ ਹਜ਼ਾਰਾ ਦੀ ਸੰਖਿਆਂ ਵਿੱਚ ਅਖਾਣ ਮਿਲਦੇ ਹਨ, ਪਰ ਬਣਤਰ ਦੀ ਦ੍ਰਿਸ਼ਟੀ ਤੋਂ ਕੋਈ ਵੀ ਇੱਕ ਵਿਸ਼ੇਸ਼ ਰੂਪ ਨਿਸ਼ਚਿਤ ਨਹੀਂ ਹੈ। ਦੋ ਸ਼ਬਦੇ, ਤਿੰਨ ਸ਼ਬਦੇ, ਚਾਰ ਸ਼ਬਦੇ ਅਖਾਣਾਂ ਤੋਂ ਲੈ ਕੇ ਇੱਕ ਤੁਕੇ, ਦੋ ਤੁਕੇ, ਅੱਠ ਜਾ ਦਸ ਤੁਕੇ ਅਖਾਣ ਵੀ ਮਿਲਦੇ ਹਨ।

- ਦੋ ਸ਼ਬਦੇਵਾਹੀ ਪਾਤਸ਼ਾਹੀ -
- ਚਾਰ ਸ਼ਬਦੇਔਰਤਾਂ ਘਰ ਦੀਆਂ ਦੌਲਤਾਂ -

ਇਹ ਲੋਕਾਂ ਦੀ ਜ਼ਿੰਦਗੀ ਦਾ ਨਿਚੋੜ ਹਨ। ਇਨ੍ਹਾਂ ਵਿੰਚ ਸਿਆਖਣ ਤਾਂ ਹੁੰਦੀ ਹੀ ਹੈ। ਪਰ ਬਹੁਤੀ ਵਾਰ ਉਪਦੇਸ਼ ਵੀ ਲੁਕਿਆ ਹੁੰਦਾ ਹੈ।

- ਜਿਹਦੀ ਕੋਠੀ ਦਾਣੇ, ਉਹਦੇ ਕਮਲੇ ਵੀ ਸਿਆਣੇ।

**ਲੋਕ ਵਾਰਾਂ**

ਪੰਜਾਬੀ ਸਾਹਿਤ ਵਿੱਚ ਵਾਰਾਂ ਦੀ ਪਰੰਪਰਾ ਨਾ ਕੇਵਲ ਬਹੁਤ ਪੁਰਾਣੀ ਹੈ ਸਗੋਂ ਇਨ੍ਹਾਂ ਦੀ ਰਚਨਾ ਅੱਜ ਵੀ ਹੁੰਦੀ ਹੈ। ਵਾਰ ਯੁੱਧ ਸੰਬੰਧੀ ਉਹ ਕਾਵਿ ਰਚਨਾ ਹੈ ਜਿਸ ਵਿੱਚ ਸੂਰਬੀਰਤਾ ਦਾ ਵਰਣਨ ਹੁੰਦਾ ਹੈ। ਇਹ ਲੋਕ ਵਾਰਾਂ ਨੇ ਹੀ ਪੰਜਾਬੀ ਵਾਰ ਦੀ ਨੀਂਹ ਪਕੇਰੀ ਕੀਤੀ ਹੈ। ਲੋਕ ਵਾਰਾਂ ਦਾ ਸੰਬੰਧ ਲੋਕਧਾਰਾ ਨਾਲ ਹੋਣ ਕਰਕੇ, ਇਨ੍ਹਾਂ ਦਾ ਸਰੂਪ ਲੋਕ ਕਾਵਿ ਵਾਲਾ ਬਣਿਆ ਹੈ। ਇਹ ਵਾਰਾਂ ਠੇਠ ਪੰਜਾਬੀ, ਰੂਪ ਵਿੱਚ ਭੱਟਾ, ਮਰਾਸੀਆਂ, ਡੂੰਮਾ ਦੁਆਰਾ ਗਾਈਆਂ ਜਾਦੀਆਂ ਸਨ ਅਤੇ ਮੌਖਿਕ ਰੂਪ ਵਿੱਚ ਸਾਡੇ ਕੋਲ ਪਹੁੰਚੀਆਂ, ਇਨ੍ਹਾਂ ਵਿੱਚ ਬਹਾਦਰੀ ਦਾ ਜਸ ਗਾਇਨ ਕੀਤਾ ਜਾਂਦਾ ਸੀ ਲੋਕ ਸਾਹਿਤ ਵਿੱਚ ਨੌ ਲੋਕ ਵਾਰਾ ਮਿਲਦੀਆਂ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 11 ਵਾਰਾਂ ਵਿੰਚੋਂ 9 ਵਾਰਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਲੋਕ ਵਾਰਾਂ ਦੀ ਧੁਨੀ ਤੇ ਗਾਉਣ ਦਾ ਉਦੇਸ਼ ਦਿੱਤਾ ਗਿਆ ਹੈ।

# ਲੋਕ ਵਿਸ਼ਵਾਸ ਤੇ ਰਹੁ-ਰੀਤਾਂ

**ਭੂਮਿਕਾ**:ਰਸਮ-ਰਿਵਾਜ਼,ਰਹੁ-ਰੀਤਾਂ ਤੇ ਸੰਸਕਾਰ ਭਾਇਚਾਰਕ ਜੀਵਾਂ ਦੇ ਮਨਾਂ ਦੀਆਂ ਸਿੱਕਾਂ,ਸੱਧਰਾਂ ਤੇ ਜਜ਼ਬਿਆ ਦੀ ਤਰਜਮਾਨੀ ਕਰਦੇ ਹਨ। ਭਾਇਚਾਰਕ ਜੀਵਾਂ ਦੇ ਜਨਮ,ਮਰਨ ਤੇ ਵਿਆਹ-ਸ਼ਾਦੀ ਤੇ ਇਹਨਾਂ ਦਾ ਅਸਲੀ ਰੂਪ ਸਾਮ੍ਹਣੇ ਆਉਂਦਾ ਹੈ। ਜੀਵਨ-ਨਾਟਕ ਦੀਆਂ ਇਹਨਾਂ ਤਿੰਨਾਂ ਝਾਕੀਆਂ ਦੇ ਰੰਗ-ਮੰਚ ਆਮ ਤੌਰ 'ਤੇ ਸਾਡੇ ਘਰਾਂ ਦੇ ਵਿਹੜੇ ਹੁੰਦੇ ਹਨ। ਸਾਡੇ ਬਹੁਤ ਸੰਸਕਾਰ ਅਗਨੀ, ਪਾਣੀ, ਲੋਹੇ, ਅਨਾਜ ਅਤੇ ਬਿਰਖਾਂ ਦੀਆਂ ਟਾਹਣੀਆਂ ਰਾਹੀਂ ਨੇਪਰੇ ਚਾੜ੍ਹੇ ਜ੍ਹਾਦੇ ਰਹੇ ਹਨ। ਮੁਢਲੇ ਮਨੁੱਖ ਨੂੰ ਦੈਵੀ ਤਾਕਤਾਂ ਦਾ ਸਾਥੋ ਜ਼ਿਆਦਾ ਸੀ। ਬਹੁਤ ਸਾਰੇ ਸੰਸਕਾਰਾਂ ਦਾ ਅਰੰਭ ਇਹਨਾਂ ਦੈਵੀ ਤਾਕਤਾਂ ਨੂੰ ਪਤਿਆਉਣ ਜਾਂ ਰਿਝਾਉਣ ਕਰਕੇ ਹੋਇਆ।

ਜਨਮ ਵੇਲੇ ਦੀਆਂ ਰਸਮਾਂ:

**ਗਰਭ ਸੰਸਕਾਰ**: ਸਭ ਤੋਂ ਪਹਿਲਾਂ ਅਸੀਂ ਗਰਭ ਸੰਸਕਾਰ ਬਾਰੇ ਗੱਲ ਕਰਦੇ ਹਾਂ। ਪਹਿਲੇ ਸਮੇਂ ਵਿੱਚ ਪ੍ਰੇਤ-ਰੂਹਾਂ ਤੋਂ ਬਚਣ ਲਈ ਗਰਭ ਦੇ ਤੀਜੇ, ਪੰਜਵੇ ਜਾਂ ਸੱਤਵੇ ਮਹੀਨੇ ਵਿੱਚ ਇਸਤਰੀ ਦੇ ਪੱਲੇ ਨਾਲ ਅਨਾਜ ਬੰਨਿਆ ਜਾਂ ਉਸ ਦੇ ਪੱਲੇ ਪਾਇਆ ਜਾਂਦਾ ਸੀ। ਉਹ ਇਸ ਨੂੰ ਰਿੰਨ ਕੇ ਖਾਂਦੀ ਸੀ ਤੇ ਭਾਇਚਾਰੇ ਵਿੱਚ ਵੰਡਦੀ ਸੀ। ਇਸ ਸੂਰਤ ਵਿੱਚ ਇਹ ਰਸਮ ਕਰਨ ਵੇਲੇ ਦੋਵੇ ਪਤੀ- ਪਤਨੀ, ਪਤਨੀ ਦੇ ਸਹੁਰਿਆਂ ਵੱਲੋਂ ਘੱਲੇ ਹੋਏ ਕੱਪੜੇ ਪਹਿਨ ਕੇ, ਜਠੇਰਿਆਂ ਦੀ ਪੂਜਾ ਕਰਦੇ ਹਨ।

**ਜਣੇਪੇ ਦੀਆਂ ਰਸਮਾਂ**: ਜਣੇਪੇ ਦੀਆਂ ਰਸਮਾਂ ਵਿੱਚ ਜਣੇਪੇ ਤੋਂ ਪਿਛੋਂ ਬੱਚਾ ਤੇ ਜੱਚਾ ਨੂੰ ਧੂਫ ਦਿੱਤੀ ਜਾਂਦੀ ਸੀ ਜਾਂ ਦੀਵਾ ਬਾਲ਼ ਕੇ ਰੱਖਿਆ ਜਾਂਦਾ ਸੀ। ਜਿਹੜਾ ਦਸ ਦਿਨ ਲਗਾਤਾਰ ਜਗਦਾ ਰਹਿੰਦਾ ਸੀ। ਮੁੰਡਾ ਜੰਮਿਆ ਹੋਵੇ ਤਾਂ ਪਿੰਡ ਦੇ ਲਾਗੀ ਅਤੇ ਭਾਇਚਾਰੇ ਦੇ ਹੋਰ ਬੰਦੇ ਵਧਾਇਆਂ ਲੈ ਕੇ ਆ ਜਾਂਦੇ ਸਨ।

**ਗੁੜ੍ਹਤੀ**: ਬੱਚੇ ਦੇ ਜਨਮ ਤੋਂ ਇਕਦਮ ਬਾਅਦ ਕੋਈ ਚੀਜ਼ (ਗੁੜ, ਸ਼ਹਿਦ ਜਾਂ ਦੁੱਧ ਆਦਿ) ਉਸਦੇ ਮੂੰਹ ਨੂੰ ਲਾਈ ਜਾਂ ਚਟਾਈ ਜਾਂਦੀ ਸੀ, ਉਸ ਰਸਮ ਨੂੰ ਗੁੜ੍ਹਤੀ ਦੇਣ ਵਾਲ਼ੇ ਬੰਦੇ ਦੇ ਸੁਭਾਅ ਜਿਹਾ ਹੀ ਹੋਵੇਗਾ।

**ਪੰਜਵੀਂ-ਨਾਉਂਣ**: ਜਣੇਪੇ ਤੋਂ ਪੰਜ ਦਿਨ ਪਿੱਛੋਂ 'ਪੰਜਵੀਂ-ਨ੍ਹਾਉਣ' ਦੀ ਰੀਤ ਸੀ। ਪੰਜਵੇ ਦਿਨ ਮਾਂਵਾਂ ਪਾਣੀ ਵਿੱਚ ਸੇਂਜੀ, ਮੇਥੀ ਜਾਂ ਵਣ ਦੇ ਪੱਤੇ ਉਬਾਲ ਕੇ ਨ੍ਹਾਉਂਦੀਆਂ ਸਨ। ਇਹ 'ਪੰਜਵੀ ਨ੍ਹਾਉਣ' ਦਾਈ ਕਰਾਉਂਦੀ ਸੀ। ਨ੍ਹਾਉਣ ਤੋਂ ਪਹਿਲਾਂ ਉਹ ਮਾਂ ਦੀਆਂ ਤਲੀਆਂ ਥੱਲੇ ਕੁੱਝ ਨਕਦੀ ਰਖਾ ਲੈਂਦੀ ਸੀ, ਜਿਹੜੀ ਬਾਅਦ ਵਿੱਚ ਉਸੇ ਨੂੰ ਦੇ ਦਿੱਤੀ ਜਾਂਦੀ ਸੀ।

**ਛਟੀ**: ਛੇਵੇਂ ਦਿਨ ਚੌਂਕ ਪੂਰ ਕੇ ਮਾਂ ਨੂੰ ਰੋਟੀ ਖੁਆਈ ਜਾਂਦੀ ਸੀ। ਇਸ ਰਾਤ ਨੂੰ ਪੰਜਾਬ ਵਿੱਚ 'ਛਟੀ'।ਕਹਿੰਦੇ ਸਨ। ਇਸ ਵੇਲੇ ਮਾਂ ਰੱਜ ਕੇ ਖਾਂਦੀ ਸੀ। ਵਿਸ਼ਵਾਸ ਕੀਤਾ ਜਾਂਦਾ ਸੀ ਕਿ ਉਹ ਜਿੰਨਾ ਨੀਅਤ ਭਰ ਕੇ ਖਾਏਗੀ, ਓਨੀ ਹੀ ਉਸ ਦੇ ਬੱਚੇ ਦੀ ਨੀਅਤ ਭਰੀ ਰਹੇਗੀ।

**ਬਾਹਰ ਵਧਾਉਣ**:ਪੰਜਾਬ ਵਿੱਚ 'ਬਾਹਰ ਵਧਾਉਣ' ਦੀ ਰਸਮ ਤੇਰ੍ਹਵੇ ਦਿਨ ਕੀਤੀ ਜਾਂਦੀ ਸੀ। ਮੁੰਡਾ ਹੋਵੇ ਤਾਂ ਇਸੇ ਸਮੇਂ ਸਾਰੇ ਲਾਗੀ ਤੋਂਹਫੇ ਲੈ ਕੇ ਵਧਾਇਆ ਦੇਣ ਆਉਂਦੇ ਸਨ। ਸ਼ਾਮ ਨੂੰ ਬੱਚੇ ਦੀ ਮਾਂ ਜਣੇਪੇ ਤੋਂ ਪਿੱਛੋਂ ਪਹਿਲੀ ਵਾਰੀ ਹੱਥ ਵਿੱਚ ਪਾਣੀ ਦੀ ਗੜਵੀ ਲੈ ਕੇ ਬਾਹਰ ਜਾਂਦੀ ਸੀ। ਬਾਹਰੋਂ ਚੰਗੇ ਸ਼ਗਨਾਂ ਵਾਸਤੇ ਉਹ ਹਰਾ ਘਾਹ ਪੁੱਟ ਲਿਆਉਂਦੀ ਸੀ।

**ਭੇਲੀ**: ਮੁੰਡਾ ਹੋਵੇ ਤਾਂ ਬਹੁਤੀ ਥਾਂਈ ਇਸੇ ਦਿਹਾੜੇ ਦਾਦਕਿਆਂ ਨੂੰ ਨਾਈ ਦੇ ਹੱਥ ਦੱਭ, ਖੰਮ੍ਹਣੀ ਤੇ ਗੁੜ ਦੀ ਭੇਲੀ ਭੇਜਦੇ ਹਨ। ਥੋੜ੍ਹਾ ਬਹੁਤ ਸ਼ਗਨ ਬਾਕੀ ਅੰਗਾਂ-।ਸਾਕਾਂ ਨੂੰ ਵੀ ਭੇਜਿਆ ਜਾਂਦਾ ਹੈ।

**ਛੂਛਕ**:ਭੇਲੀ ਪਹੁੰਚਣ ਤੇ ਮੁੰਡੇ ਦੇ ਨਾਨਕਿਆਂ ਵੱਲੋਂ 'ਛੂਛਕ' ਭੇਜਣ ਦਾ ਰਿਵਾਜ਼ ਆਮ ਹੈ। ਮੁੰਡੇ ਦੇ ਜਨਮ ਤੋਂ ਪਿੱਛੋਂ ਆਉਣ ਵਾਲ਼ੀ ਲੋਹੜੀ ਉੱਤੇ ਮੁੰਡੇ-ਕੁੜੀਆਂ ਭੇਲੀ ਮੰਗ ਕੇ ਖਾਂਦੇ ਹਨ।

**ਨਾਮ- ਸੰਸਕਾਰ**:ਪੰਜਾਬ ਵਿੱਚ 'ਨਾਂ ਰੱਖਣ' ਵਾਸਤੇ ਕੋਈ 'ਨਾਮ - ਸੰਸਕਾਰ' ਨਹੀਂ ਮਨਾਇਆ ਜਾਂਦਾ। ਕਈ ਵਾਰ ਭਰਾਈ ਜਿਹੜਾ ਨਾਂ ਦੱਸ ਦੇਵੇ ਰੱਖ ਲੈਂਦੇ ਤੇ ਕਈ ਵਾਰ ਆਪਣੇ- ਆਪਣੇ ਧਾਰਮਿਕ ਗ੍ਰੰਥ ਦਾ ਕੋਈ ਪੰਨਾ ਪਿੰਡ ਦੇ ਗ੍ਰੰਥੀ, ਮੋਲਵੀ ਜਾਂ ਪੰਡਤ ਤੋਂ ਖੁਲ੍ਹਵਾ ਕੇ ਪੰਨੇ ਦੇ ਪਹਿਲੇ ਅੱਖਰ ਤੋਂ ਕੋਈ ਨਾਂ ਰੱਖ ਲੈਂਦੇ ਹਨ।

**ਮੁੰਡਨ- ਸੰਸਕਾਰ**: ਹਿੰਦੂ ਪਰਿਵਾਰ ਵਿੱਚ ' ਮੁੰਡਨ ਸੰਸਕਾਰ' ਤੀਜੇ ਤੋਂ ਪੰਜਵੇਂ ਸਾਲ ਵਿੱਚ ਕੀਤਾ ਜਾਂਦਾ ਸੀ।ਆਮ ਤੋਂਰ ਤੇ ਇਹ ਸੰਸਕਾਰ ਅਜਿਹੇ ਸਥਾਨ ਉੱਤੇ ਕੀਤਾ ਜਾਂਦਾ ਹੈ। ਜਿੱਥੇ ਦੀ ਬੱਚੇ ਦੇ ਮਾਪਿਆਂ ਨੇ ਸੁੱਖ ਸੁਖੀ ਹੋਵੇ।

**ਜਨੇਊ**: ਮੁੰਡਨ ਤੋਂ ਪਿੱਛੋਂ, 'ਜਨੇਊ' ਪਹਿਨਣ' ਤੱਕ ਪੰਜਾਬ ਦੇ ਹਿੰਦੂ ਆਮ ਤੌਰ ਤੇ ਹੋਰ ਕੋਈ ਵਿਸ਼ੇਸ਼ ਸੰਸਕਾਰ ਨਹੀਂ ਕਰਦੇ।

ਵਿਆਹ ਦੀਆਂ ਰਸਮਾਂ:

**ਰੋਕਣ**[2]: ਮੁੰਡੇ-ਕੁੜੀ ਦੇ ਜਵਾਨ ਹੋਣ ਤੇ ਵਿਆਹ ਦੀਆਂ ਰਸਮਾਂ ਦੀ ਲੜ੍ਹੀ ਸ਼ੁਰੂ ਹੋ ਜਾਂਦੀ ਹੈ। ਪਹਿਲਾਂ,"ਰੋਕਣ" ਜਾਂ "ਠਾਕਣ" ਦੀ ਰਸਮ ਹੁੰਦੀ ਹੈ। ਪਹਿਲੇਂ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਮੁੰਡੇ ਨੂੰ ਇੱਕ ਰੁਪਇਆ ਭੇਜ ਦਿੰਦੇ ਸਨ। ਜਿਸ ਦਾ ਭਾਵ ਇਹ ਹੁੰਦਾ ਸੀ ਕਿ ਕੁੜਮਾਈ ਜਾਂ ਮੰਗਣੀ ਭਾਵੇਂ ਕਦੀ ਵੀ ਹੋਵੇ, ਨਾਤਾ ਪੱਕਾ ਹੈ। ਪਰ ਹੁਣ ਇਸ ਦੇ ਵੀ ਰੂਪ ਬਦਲ ਰਹੇ ਹਨ।

**ਸਗਾਈ**: ਵਰ ਲੱਭ ਕੇ ਨਾਤਾ ਤੈਅ ਹੋ ਜਾਣ ਤੋਂ ਪਿਛੋਂ "ਕੁੜਮਾਈ" ਜਾਂ "ਸਗਾਈ" ਦੀ ਰਸਮ ਹੁੰਦੀ ਹੈ। ਪਹਿਲੇ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਖੰਮ੍ਹਣੀ, ਰੁਪਇਆ, ਪੰਜ ਮਿਸਰੀ ਦੇ ਕੂਜੇ,ਪੰਜ ਛੁਹਾਰੇ, ਕੇਸਰ ਆਦਿ ਦੇ ਕੇ ਮੁੰਡੇ ਦੇ ਘਰ ਨੂੰ ਘੱਲ ਦਿੰਦੇ ਹਨ। ਮੁੰਡੇ ਵਾਲ਼ਿਆਂ ਨੇ ਰਿਸ਼ਤੇਦਾਰਾਂ ਅਤੇ ਸ਼ਰੀਕੇ ਵਿੱਚ ਸੱਦਾ ਭੇਜਿਆ ਹੁਦਾ ਸੀ। ਮੁੰਡੇ ਦੇ ਮਾਮੇ ਤੇ ਪਿਤਾ ਪੰਚਾਇਤ ਦੀ ਹਜ਼ੂਰੀ ਵਿੱਚ ਮੁਡੇ ਨੂੰ ਚੌਂਕੀ ਤੇ ਬਿਠਾ ਲੈਂਦੇ ਅਤੇ ਨਾਈ ਆਪਣੇ ਨਾਲ ਲਿਆਂਦੀਆਂ ਚੀਜ਼ਾ ਉਸ ਦੀ ਝੋਲੀ ਵਿੱਚ ਪਾਕੇ ਕੇਸਰ ਦਾ ਟਿੱਕਾ ਉਸ ਦੇ ਮੱਥੇ ਉਤੇ ਲਾ ਦਿੰਦਾ। ਕੁੜੀ ਦਾ ਬਾਪ ਜਾਂ ਵਿਚੋਲਾ ਪੱਲੇ ਵਾਲ਼ੀਆ ਚੀਜ਼ਾ ਵਿਚੋਂ ਇੱਕ ਛੁਹਾਰਾ ਮੁੰਡੇ ਦੇ ਅਜਿਹੇ ਹਾਣੀਆ ਨੂੰ ਦਿੱਤੇ ਜਾਦੇਂ ਜਿਨ੍ਹਾਂ ਦੀ ਛੇਤੀ ਹੀ ਮੰਗਣੀ ਹੋਣ ਦੀ ਆਸ ਹੁੰਦੀ।

ਮੁੰਡੇ ਵਾਲ਼ੇ ਨਾਈ ਦੇ ਹੱਥ ਮੰਗੇਤਰ ਕੁੜੀ ਵਾਸਤੇ ਸੂਟ, ਜੁੱਤੀ, ਗਹਿਣਾ, ਲਾਲ ਪਰਾਂਦੀ, ਮਹਿੰਦੀ, ਮੌਲ਼ੀ, ਖੰਡ, ਚੌਲ਼, ਛੁਹਾਰੇ ਤੇ ਨਕਦੀ ਆਦਿ ਘੱਲਦੇ। ਕੁੜੀ ਆਪਣੇ ਘਰ ਨ੍ਹਾਂ- ਧੋ, ਜੁੱਤੀ, ਕੱਪੜੇ ਤੇ ਲਾਲ ਪਰਾਂਦੀ ਪਹਿਨ ਕੇ ਚੜ੍ਹਦੇ ਵੱਲ

ਮੂੰਹ ਕਰ ਕੇ ਪੀੜੇ ਤੇ ਬੈਠ ਜਾਂਦੀ ਪਿੰਡ ਦੀ ਨਾਇਣ ਸਹੁਰਿਆਂ ਦੀ ਭੇਜੀ ਨਕਦੀ ਉਸ ਦੀ ਝੋਲੀ ਵਿੱਚ ਪਾ ਕੇ ਖੰਡ ਤੇ ਛੁਹਾਰਾ ਉਸ ਦੇ ਮੂੰਹ ਵਿੱਚ ਪਾ ਦਿੰਦੀ ਅਤੇ ਇਸ ਤਰਾਂ ਉਸ ਦੀ ਵੀ ਸਗਾਈ ਹੋ ਜਾਦੀ।

**ਸਾਹਾ ਕਢਾਉਣਾ**: ਮੰਗਣੀ ਤੋਂ ਪਿੱਛੋ ਕਿਸੇ ਸ਼ੁੱਭ ਮਹੀਨੇ ਦੀ ਤਿਥ ਤੇ ਘੜੀ ਵਿਆਹ ਲਈ ਨਿਯਤ ਕਰ ਲਈ ਜਾਂਦੀ ਹੈ। ਇਸ ਨੂੰ "ਸਾਹਾ ਕਢਾਉਣਾ" ਕਿਹਾ ਜਾਂਦਾ ਹੈ।

**ਲਗਨ**: ਇਸ ਤੋਂ ਪਿੱਛੋ ਜਦ ਵਿਆਹ ਵਿੱਚ ਥੋੜ੍ਹੇ ਦਿਨ ਰਹਿ ਜਾਣ ਤਾਂ ਕੁੜੀ ਵਾਲ਼ੇ 'ਸਾਹੇ ਦੀ ਚਿੱਠੀ' ਜਾਂ 'ਲਗਨ' ਲਿਖਾਉਂਦੇ ਹਨ। ਚਿੱਠੀ ਨੂੰ ਦੱਭ, ਚੌਲ਼, ਹਲ਼ਦੀ, ਖੰਮ੍ਹਣੀ ਆਦਿ ਵਿੱਚ ਲਪੇਟ ਕੇ ਨਾਈ, ਪੰਡਿਤ ਜਾਂ ਵਿਚੋਲੇ ਆਦਿ ਦੇ ਹੱਥ ਮੁੰਡੇ ਵਾਲ਼ਿਆਂ ਨੂੰ ਭੇਜਿਆ ਜਾਂਦਾ ਹੈ।

**ਵਿਆਹ ਦੀਆਂ ਤਿਆਰੀਆਂ**: ਸਾਹੇ ਦੀ ਚਿੱਠੀ ਤੋਂ ਪਿੱਛੋ ਦੋਹਾਂ ਘਰਾਂ ਵਿੱਚ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਦੀਂਆਂ ਹਨ। ਕੁੜੀ ਵਾਲੇ ਭਾਇਚਾਰੇ ਵਿੱਚ ਮੌਲੀ ਜਾਂ ਰੂੰ ਕੱਤਣ ਤੇ ਪੀਹਣ ਲਈ ਦਾਣੇ ਵੰਡ ਦਿੰਦੇ, ਅੱਜ-ਕੱਲ੍ਹ ਅਜਿਹੇ ਕੰਮ ਮਸ਼ੀਨਾਂ ਤੇ ਕਰਾ ਲਏ ਜਾਂਦੇ ਹਨ। ਫੇਰ ਵੀ ਕੁੜੀ ਦਾ ਵਿਆਹ ਸਾਰੇ ਭਾਇਚਾਰੇ ਦਾ ਕੰਮ ਸਮਝਿਆ ਜਾਂਦਾ ਹੈ। ਮੁੰਡੇ ਵਾਲੇ ਵੀ ਘਰ ਵਰੀ ਆਦਿ ਤਿਆਰ ਕਰਨ ਲੱਗ ਜਾਂਦੇ ਹਨ।

**ਥੜ੍ਹੇ ਪਾਉਂਣਾ**: ਜਿਸ ਦਿਨ ਤੋ ਲਗਨ ਭੇਜ ਦਿੱਤਾ ਜਾਂਦਾ ਹੈ, ਕੁੜੀ ਤੇ ਮੁੰਡੇ ਦਾ ਬਾਹਰ ਨਿਕਲਣਾ, ਕਿਸੇ ਨਾਲ ਹੱਸਣਾ,ਬੋਲਣਾ, ਤੇ ਕੰਮ ਕਰਨਾ ਮਨ੍ਹਾ ਹੋ ਜਾਂਦਾ ਹੈ। ਇਸ ਨੂੰ "ਸਾਹੇ ਲੱਤ ਬੰਨਣਾ" ਜਾਂ "ਥੜੇ ਪਾਉਣਾ" ਕਹਿੰਦੇ ਹਨ।

**ਕੜ੍ਹਾਹੀ**: ਸੱਤ ਜਾਂ ਨੌਂ ਦਿਨ ਪਹਿਲਾਂ "ਕੜ੍ਹਾਹੀ ਚੜ੍ਹਾਈ" ਜਾਂਦੀ ਸੀ। ਵਿਆਂਹਦੜ ਦੀ ਮਾਂ ਇਸ ਕੜ੍ਹਾਹੀ ਵਿੱਚ ਤਿਆਰ ਕੀਤੇ ਗੁਲਗੁਲੇ ਆਪਣੇ ਪੇਕਿਆਂ ਨੂੰ ਲੈ ਜਾਦੀ ਤੇ ਉਹਨਾ ਨੂੰ ਵਿਆਹ ਦਾ ਦਿਨ ਦੱਸ ਆਉਂਦੀ। ਤੇ ਉਹ 'ਨਾਨਕੀ ਛੱਕ ' ਤਿਆਰ ਕਰਨ ਲੱਗ ਜਾਂਦੇ।

**ਵਟਣਾ**: ਵਿਆਹ ਤੋਂ ਪਹਿਲਾਂ ਵੱਡੀ ਰੀਤ ਕੇਵਲ ਵਟਣੇ ਜਾਂ ਮਾਂਈਏ ਦੀ ਹੁੰਦੀ ਸੀ। ਬੰਨੜੇ ਜਾਂ ਬੰਨੜੀ ਦੇ ਸਿਰ ਉੱਤੇ ਚਾਰ ਕੁੜੀਆਂ ਚਾਰੇ ਕੰਨੀਂਆ ਫੜ ਕੇ ਪੀਲ਼ੀ ਚਾਦਰ ਦਾ ਚੰਦੋਆ ਤਾਣ ਕੇ ਖੜ੍ਹੀਆਂ ਹੋ ਜਾਂਦੀਆਂ। ਇੱਕ ਠੂਠੀ ਵਿੱਚ ਤੇਲ, ਪਾਣੀ ਤੇ ਹਲਦੀ ਮਿਲ਼ਾ ਕੇ ਵਟਣਾ ਤਿਆਰ ਕੀਤਾ ਹੁੰਦਾ। ਇਹ ਵਟਣਾ ਘਾਹ ਦੀ ਗੁੱਟੀ ਨਾਲ ਲਾ-ਲਾ ਕੇ ਮੁੰਡੇ ਜਾਂ ਕੁੜੀ ਦੇ ਵਾਲ਼ ਦੀ ਲਿਟ ਨੂੰ ਲਾਇਆ ਜਾਂਦਾ। ਇਹ ਵਿਆਹ ਵਾਲੇ ਦਿਨ ਤੱਕ ਲੱਗਦਾ ਰਹਿੰਦਾ ਸੀ।

**ਨਾਨਕਾ-ਮੇਲ**: ਵਿਆਹ ਤੋਂ ਇੱਕ ਦਿਨ ਪਹਿਲਾਂ ਸੱਦੇ ਹੋਏ ਅੰਗ-ਸਾਕ ਪਹੁੰਚਣੇ ਸ਼ੁਰੂ ਹੋ ਜਾਦੇਂ ਹਨ। ਸਭ ਤੋਂ ਵਧੇਰਾ ਮੇਲ਼ ਨਾਨਕਿਆਂ ਦਾ ਹੁੰਦਾ ਹੈ, ਜਿਹੜੇ ਆਪਣੀ ਦੋਹਤਰੀ ਜਾਂ ਦੋਹਤਮਾਨ ਲਈ ਗਹਿਣੇ, ਬਿਸਤਰੇ, ਪਲੰਘ, ਬਰਤਨ ਤੇ ਕੱਪੜੇ-ਲੀੜੇ ਲੈ ਕੇ ਫੜਿਆ ਹੁੰਦਾ ਹੈ। ਬਾਕੀ ਮੇਲ਼, ਚੋਹਲ ਕਰਦਾ ਤੇ ਬੰਬੀਹਾ ਬੁਲਾਉਂਦਾ ਪਿੰਡ ਦੀ ਜੂਹ ਵਿੱਚ ਵੜਦਾ ਹੈ।

**ਘੋੜੀ**: ਦੂਜੇ ਦਿਨ ਚੰਨ ਚੜ੍ਹਨ ਤੋਂ ਪਹਿਲਾਂ ਮੁੰਡੇ ਨੂੰ ਆਖ਼ਰੀ ਵਟਣਾ ਮਲ਼ ਕੇ ਕੇ ਨੁਹਾ ਦਿੰਦੇ ਹਨ। ਨੁਹਾ ਕੇ ਉਸ ਨੂੰ ਮਾਮੇ ਦੀ ਲਿਆਂਦੀ ਹੋਈ ਪੁਸ਼ਾਕ ਪਹਿਨਾਈ ਜਾਂਦੀ ਹੈ। ਇਸ ਤੋਂ ਪਿਛੋਂ ਮੁੰਡੇ ਦੇ ਸਿਰ ਤੇ ਸਿਹਰਾ ਬੰਨ੍ਹ ਦਿੰਦੇ ਹਨ। ਸਰਬਾਲ੍ਹੇ ਨੂੰ ਵੀ ਇਸੇ ਤਰ੍ਹਾਂ ਨੁਹਾ ਕੇ ਸਿਹਰਾ ਬੰਨਿਆਂ ਜਾਂਦਾ ਹੈ। ਇਸ ਤੋਂ ਪਿੱਛੋਂ 'ਘੋੜੀ' ਦੀ ਰੀਤ ਹੁੰਦੀ ਹੈ। ਘੋੜੀ

ਚੜ੍ਹਨ ਤੋਂ ਪਹਿਲਾਂ ਮੁੰਡੇ ਦੀ ਭਰਜਾਈ ਸੁਰਮਾ ਪਾ ਕੇ 'ਸੁਰਮਾ ਪੁਆਈ' ਲੈ ਲੈਦੀਂ ਹੈ। ਉਸ ਤੋਂ ਪਿੱਛੇ ਉਸ ਦੀ ਭੈਣ ਵਾਗ ਫੜਦੀ ਹੈ

**ਮਿਲਣੀ**: ਪਿੰਡ ਦੇ ਦਰਵਾਜ਼ੇ ਉੱਤੇ ਜਾਂ ਡੇਰੇ ਵਿੱਚ ਪਹੁੰਚਣ ਤੇ 'ਮਿਲਣੀ' ਹੁੰਦੀ ਹੈ। ਮਿਲਣੀ ਤੋਂ ਪਿੱਛੋ ਜੰਨ ਡੇਰੇ ਪਹੁੰਚ ਜਾਂਦੀ ਹੈ। ਮੁੰਡਾ ਰਾਤ ਦੀ ਰੋਟੀ ਡੇਰੇ ਵਿੱਚ ਹੀ ਖਾਂਦਾ ਹੈ

**ਲਾਵਾਂ**:ਵਿਆਹ ਵਿੱਚ ਲਾਵਾਂ ਦੀ ਰਸਮ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਤੋਂ ਬਿਨਾਂ ਵਿਆਹ ਸੰਪੂਰਨ ਨਹੀਂ ਸਮਝਿਆ ਜਾਂਦਾ। ਪਰ ਇਹਨਾਂ ਰਸਮਾਂ ਵਿੱਚ ਥਾਂ-ਥਾਂ ਤੇ ਰਿਵਾਜ ਅਨੁਸਾਰ ਤਬਦੀਲੀ ਕੀਤੀ ਜਾਂਦੀ ਹੈ। ਸੁਹਾਗ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਲੇ -ਦੁਆਲੇ ਲਾਵਾਂ ਦੇ ਪਾਠ ਤੇ ਕੀਰਤਨ ਸਮੇਂ ਚਾਰ ਲਾਵਾਂ ਲੈਦੀਂ ਹੈ।

**ਵਰੀ**: ਫਿਰ "ਵਰੀ" ਹੁੰਦੀ ਹੈ। ਜਿਹੜੀਆਂ ਵੀ 'ਵਰੀ' ਲੈ ਕੇ ਆਏ ਹੋਣ, ਥਾਲ਼ੀਆ, ਟੋਕਰਿਆ ਵਿੱਚ ਖਿਲਾਰ ਕੇ ਬੰਦ ਦੀ ਬੰਦ ਕੁੜੀ ਵਾਲ਼ਿਆਂ ਦੇ ਘਰ ਲਿਆਂਉਂਦੇ ਹਨ।

**ਦਾਜ ਜਾਂ ਖੱਟ**:ਇਸੇ ਤਰਾਂ ਜੰਨ ਦੇ ਤੁਰਨ ਤੋਂ ਪਹਿਲਾਂ ਕੁੜੀ ਵਾਲ਼ੇ ਮੁੰਡੇ ਵਾਲ਼ਿਆਂ ਨੂੰ ਤੇ ਆਪਣੇ ਭਾਈਚਾਰੇ ਨੂੰ ਦਿੱਤਾ ਜਾਣ ਵਾਲ਼ਾ 'ਦਾਜ' ਤੇ 'ਖੱਟ' ਵਿਖਾਉਂਦੇ ਹਨ।

**ਡੋਲੀ**:[3] ਇਸ ਤੋਂ ਪਿੱਛੋਂ ਜੰਨ ਵਿਦਾ ਕਰ ਦਿੱਤੀ ਜਾਂਦੀ ਹੈ। ਮਾਮਾ ਕੁੜੀ ਨੂੰ ਚੁੱਕ ਕੇ ਰੋਂਦੀ, ਕੁਰਲਾਉਂਦੀ ਨੂੰ ਡੋਲ਼ੇ ਜਾਂ ਰੱਥ ਵਿੱਚ ਬਿਠਾ ਆਉਂਦਾ ਹੈ।

**ਵਾਰਨੇ-ਵਾਰਨਾ**:ਮੁੰਡੇ ਦੇ ਘਰ ਪਹੁੰਚਣ ਉੱਤੇ ਮੁੰਡੇ ਦੀ ਮਾਂ ਸ਼ਗਨਾ ਦੀ ਥਾਲੀ ਲੈ ਕੇ ਨੂੰਹ-ਪੁੱਤ ਨੂੰ ਲੈਣ ਜਾਂਦੀ ਹੈ। ਦਰਵਾਜ਼ੇ ਉਤੇ ਉਹ ਪਾਣੀ ਨਾਲ਼ "ਵਾਰਨੇ ਵਾਰਦੀ" ਹੈ। ਉਹ ਸੱਤ ਵਾਰੀ ਪਾਣੀ ਮੂੰਹ ਨੂੰ ਲਾਉਂਦੀ ਹੈ। ਭਾਵ ਉਹ ਪੁੱਤ ਦੇ ਦੁੱਖ ਆਪਣੇ ਸਿਰ ਲੈਣ ਦੀ ਕੁਰਬਾਨੀ ਕਰਦੀ ਹੈ।

**ਛਟੀ ਖੇਡਣਾ**: ਦੂਜੇ ਦਿਨ ਸਵੇਰੇ ਲਾੜਾ ਤੇ ਵਹੁਟੀ ਪਿੱਤਰਾ, ਸ਼ਹੀਦਾ ਜਾਂ ਤੁਲਸੀ ਦੇ ਬੂਟੇ ਦੀ ਪੂਜਾ ਵਾਸਤੇ ਜਾਂਦੇ ਹਨ ਕਈ ਥਾਵਾਂ ਉੱਤੇ ਇਸ ਸਮੇਂ ਛਟੀ ਖੇਡਣ ਦਾ ਵੀ ਰਿਵਾਜ ਹੈ। ਲਾੜਾ ਤੇ ਵਹੁਟੀ ਇੱਕ ਦੂਜੇ ਦੇ ਸੱਤ- ਸੱਤ ਛਟੀਆਂ ਮਾਰਦੇ ਹਨ। ਇਸ ਸ਼ਾਮ ਉਹ "ਕੰਗਣਾ" ਖੇਲਦੇ ਹਨ।

**ਪੇਟੀ ਖੁਲ੍ਹਾਈ**: ਤੀਜੇ ਦਿਨ ਬਹੂ ਨੂੰ ਤੋਰਨ ਤੋਂ ਪਹਿਲਾਂ ਪਿੰਡ ਨੂੰ 'ਦਿਖਾਵਾ' ਦਿਖਾਈਆ ਜਾਂਦਾ ਹੈ। ਬਹੂ ਦੀ ਛੋਟੀ ਨਣਾਨ ਪੇਟੀ ਖੋਲ੍ਹਦੀ ਹੈ ਤੇ "ਪੇਟੀ ਖੁਲ੍ਹਾਈ" ਦਾ ਮਨਭਾਉਂਦਾ ਸੂਟ ਕੱਢ ਲੈਂਦੀ ਹੈ।

ਵਿਆਹ ਦੀਆਂ ਇਨ੍ਹਾਂ ਰਸਮਾਂ ਵਿੱਚ ਹੁਣ ਕਿਤੇ-ਕਿਤੇ ਤਬਦੀਲੀ ਆ ਗਈ ਹੈ।

ਹਵਾਲੇ

1. ਸ੍ਰੀ ਗੁਲਜਾਰ, ਸੰਧੂ ,ਪੰਜਾਬ ਦੇ ਰਸਮ ਰਿਵਾਜ਼,ਪੰਨਾ 1
2. ਸੰਧੂ, ਸ੍ਰੀ ਗੁਲਜਾਰ, ਪੰਜਾਬ ਦੇ ਰਸਮ ਰਿਵਾਜ਼,ਪੰਨਾ 5
3. ਬਰਿੰਦਰ ਕੌਰ, ਪੰਜਾਬੀ ਸੱਭਿਆਚਾਰ,ਪੰਨਾ 14

# ਲੋਕ ਧਰਮ

ਧਰਮ ਇੱਕ ਅਜਿਹੀ ਸੰਸਥਾ ਹੈ ਜਿਸਦੀ ਹੋਂਦ ਮਨੁੱਖ ਦੇ ਜੀਵਨ ਵਿੱਚ ਬਹੁਤ ਮਹਤੱਵਪੂਰਣ ਭੂਮਿਕਾ ਅਦਾ ਕਰਦੀ ਹੈ। ਧਰਮ ਅੰਗਰੇਜ਼ੀ ਸ਼ਬਦ 'Religion ਦਾ ਸਮਾਨਅਰਥੀ ਹੈ। ਰੀਲੀਜ਼ਨ ਰੋਮਨ ਸ਼ਬਦ religio ਤੋਂ ਨਿਕਲਿਆ ਹੈ। ਸਿਸਰੋ ਇਸ ਦਾ ਮੂਲ re-legere ਮੰਨਦਾ ਹੈ, ਜਿਸਦੇ ਅਰਥ ਮੁੜ ਇਕੱਤਰ ਕਰਨਾ, ਚੁੱਕਣਾ, ਵਿਚਾਰਨਾ, ਸੋਚਣਾ ਹਨ। ਇਹ ਅਰਥ'nec-ligere' ਦੇ ਵਿਰੋਧੀ ਹਨ ਜਿਸਦਾ ਭਾਵ 'ਧਿਆਨ ਨਾ ਦੇਣਾ' ਹੈ। ਕੁਝ ਹੋਰ ਵਿਦਵਾਨਾਂ ਨੇ ਇਸ ਸ਼ਬਦ ਦਾ ਮੂਲ're-legre', , ਭਾਵ ਬੰਨ੍ਹਣਾ, ਰੋਕਣਾ ਮੰਨਿਆ ਹੈ। ਇਸਦਾ ਸਮਭਾਵੀ ਸੰਸਕ੍ਰਿਤ ਸ਼ਬਦ ਧਰਮ 'ਧ੍ਰੀ' ਅਤੇ 'ਮਨ' ਦੇ ਜੋੜ ਤੋਂ ਬਣਦਾ ਹੈ। ਜਿਸਦੇ ਅਰਥ ਹਨ, ਕਰਤੱਵ, ਕਿਸੇ ਜਾਤੀ, ਸੰਪਰਦਾਇ ਆਦਿ ਦੇ ਪ੍ਰਚਲਿਤ ਵਿਹਾਰ ਦਾ ਪਾਲਣ, ਕਾਨੂੰਨ ਜਾਂ ਪ੍ਰਥਾ ਜਾਂ ਭਲਾਈ ਦੇ ਕੰਮ, ਨੇਕ ਕੰਮ ਆਦਿ।[1] ਇਸ ਤਰ੍ਹਾਂ ਧਰਮ ਮਨੁੱਖ ਦੀਆਂ ਚੰਗਿਆਈਆਂ ਨੂੰ ਉਜਾਗਰ ਕਰਨ ਵਾਲੀ ਸ਼ਕਤੀਸ਼ਾਲੀ ਸੰਸਥਾਂ ਵਜੋਂ ਸਹਾਈ ਹੁੰਦਾ ਹੈ।

## ਲੋਕ ਧਰਮ ਦੀ ਉਤਪਤੀ

**ਮਿਥਕ ਕਥਾ ਦੀ ਹੋਂਦ ਧਰਮ ਤੋਂ ਪੂਰਬਲੀ ਅਵਸਥਾ ਵਿੱਚ ਕਾਇਮ ਹੋਈ ਅਤੇ ਧਰਮ ਮਿਥਕ ਕਥਾ ਦੇ ਗਰਭ ਵਿੱਚੋਂ ਨਿੰਮਿਆ।**[4] ਇਸ ਕਰਕੇ ਕੁਦਰਤ ਨੂੰ ਲੈ ਕੇ ਪਹਿਲਾਂ ਮਨੁੱਖ ਅੰਦਰ ਇਕ ਮਿੱਥ ਬਣੀ ਇਸ ਮਿੱਥ ਦੇ ਸਹਾਰੇ ਕੁਦਰਤ ਨੂੰ ਸਮਝਦਿਆਂ ਉਸਦਾ ਮਾਨਵੀਕਰਨ ਤੇ ਦੈਵੀਕਰਨ ਕੀਤਾ ਤੇ ਕੁਦਰਤ ਦੀ ਕਰੋਪੀ ਤੋਂ ਬਚਣ ਲਈ ਉਹ ਉਸ ਨੂੰ ਰਿਝਾਉਣ ਤੇ ਪਤਿਆਉਣ ਦੇ ਵੱਖ ਵੱਖ ਢੰਗ ਤਰੀਕੇ ਕੱਢਦਾ ਹੈ ਜਿਸ ਤੋਂ ਲੋਕ ਧਰਮ ਹੋਂਦ ਵਿੱਚ ਆਉਂਦਾ ਹੈ। ਜਿਸ ਦਿਨ ਮਨੁੱਖ ਅਨੁਭਵ ਕਰਦਾ ਹੈ ਕਿ ਪ੍ਰਕਿਰਤੀ ਦੀ ਹਰ ਵਸਤੂ ਵਿੱਚ ਕੋਈ ਆਤਮ ਤੱਤ ਹੈ ਉਸ ਦਿਨ ਮਿੱਥ ਹੋਂਦ ਵਿੱਚ ਆਈ। ਜਿਸ ਦਿਨ ਉਸਨੇ ਆਤਮ ਤੱਤ ਦਾ ਦੈਵੀਕਰਨ ਕਰਕੇ ਪੂਜਿਆ ਤੇ ਅਰਾਧਿਆ ਉਸ ਦਿਨ ਧਰਮ ਹੋਂਦ ਵਿੱਚ ਆਇਆ।

## ਲੋਕ ਧਰਮ ਤੇ ਸ਼ਾਸਤਰੀ ਧਰਮ

ਲੋਕ ਧਰਮ ਨੂੰ ਸਮਝਣ ਲਈ ਅਸੀਂ ਲੋਕ ਧਰਮ ਤੇ ਸ਼ਾਸਤਰੀ ਧਰਮ ਵਿੱਚ ਅੰਤਰ ਕਰਕੇ ਦੇਖਦੇ ਹਾਂ, ਜਿਵੇਂ:- 1) ਲੋਕ ਧਰਮ ਸਮੂਹਿਕ ਧਾਰਮਿਕ ਮਾਨਸਿਕਤਾ ਹੁੰਦੀ ਹੈ ਜਦੋਂ ਕਿ ਸ਼ਾਸਤਰੀ ਧਰਮ ਦਾ ਅਰੰਭ ਮਹਾਂਪੁਰਖ ਨਾਲ ਹੁੰਦਾ ਹੈ। 2) ਲੋਕ ਧਰਮ ਵਿੱਚ ਨਵੀਂਆਂ ਰੂੜੀਆਂ ਪ੍ਰਵੇਸ਼ ਕਰਦੀਆਂ ਰਹਿੰਦੀਆਂ ਹਨ ਜਦੋਂ ਕਿ ਸ਼ਾਸਤਰੀ ਧਰਮ ਵਿੱਚ ਕੋਈ ਤਬਦੀਲੀ ਨਹੀਂ ਵਾਪਰਦੀ। 3) ਲੋਕ ਧਰਮ ਦੀ ਪ੍ਰੰਪਰਾ ਮੌਖਿਕ ਹੁੰਦੀ ਹੈ। ਸ਼ਾਸਤਰੀ ਧਰਮ ਦਾ ਆਧਾਰ ਲਿਖਤੀ ਗ੍ਰੰਥ ਹੁੰਦਾ ਹੈ। 4) ਲੋਕ ਧਰਮ ਵਿੱਚ ਇਸ ਸੰਸਾਰ ਨੂੰ ਮੁੱਖ ਰੱਖਿਆ ਜਾਂਦਾ ਹੈ, ਸਵੈ ਰੱਖਿਆ ਤੇ ਸਵੈ ਇੱਛਾਵਾਂ ਨੂੰ ਪਹਿਲ ਦਿੱਤੀ ਜਾਂਦੀ ਹੈ । ਸ਼ਾਸਤਰੀ ਧਰਮ ਵਿੱਚ ਅਗਲੇ ਜਨਮ ਵਿੱਚ ਸੁੱਖ ਸਹੂਲਤਾਂ ਲਈ ਕਰਮਕਾਂਡ ਕੀਤੇ ਜਾਂਦੇ ਹਨ। 5) ਲੋਕ ਧਰਮ ਵਿੱਚ ਅਨੁਸ਼ਠਾਨਾਂ ਨੂੰ ਗ੍ਰਹਿਣ ਕਰਨ ਉਤੇ ਜੋਰ ਦਿੱਤਾ ਜਾਂਦਾ ਹੈ। ਸ਼ਾਸਤਰੀ ਧਰਮ ਵਿੱਚ

ਦਰਸ਼ਨ ਨੂੰ ਸਮਝਣ ਉਤੇ ਜੋਰ ਦਿੱਤਾ ਜਾਂਦਾ ਹੈ। 6)ਲੋਕ ਧਰਮ ਵਿੱਚ ਭੌਤਿਕ ਵਸਤੂਆਂ ਤੇ ਸੁੱਖ ਭੋਗਣ ਵੱਲ ਯਾਤਰਾ ਹੁੰਦੀ ਹੈ। ਸ਼ਾਸ਼ਤਰੀ ਧਰਮ ਵਿੱਚ ਆਤਮਾ ਤੋਂ ਪ੍ਰਮਾਤਮਾ ਵੱਲ ਯਾਤਰਾ ਹੁੰਦੀ ਹੈ।

## ਅਨੁਸ਼ਠਾਨ

ਅਨੁਸ਼ਠਾਨ ਰਹੁ ਰੀਤਾਂ ਤੇ ਪੂਜਾ ਵਿਧੀਆਂ ਹੁੰਦੀਆਂ ਹਨ। ਇਹ ਧਰਮ ਤੇ ਜਾਤੀ ਦੀਆਂ ਆਪੋ ਆਪਣੀਆਂ ਹੁੰਦੀਆਂ ਹਨ। ਇਨ੍ਹਾਂ ਵਿੱਚੋਂ ਪ੍ਰਮੁੱਖ ਅਨੁਸ਼ਠਾਨ : ਆਰਤੀ ਉਤਾਰਨਾ,ਵਰਤ ਰੱਖਣੇ,ਤੀਰਥ ਇਸ਼ਨਾਨ,ਕਥਾ ਮਹਾਤਮ,ਚਰਨ ਧੂੜੀ ਮੱਥੇ ਲਗਾਉਣੀ,ਨੌਂ ਗ੍ਰਹਿ ਪੂਜਾ ਆਦਿ।

## ਪੂਜਾ ਵਿਧੀਆਂ

ਇਸ ਵਿਚ ਪ੍ਰਾਰਥਨਾ,ਚੜ੍ਹਾਵਾ,ਚਿਰਾਗ ਬਾਲਣਾ,ਮਿੱਟੀ ਕੱਢਣਾ,ਸੁੱਖਾਂ ਸੁੱਖਣਾ,ਚੌਂਕੀਆਂ ਭਰਨਾ,ਜਗਰਾਤਾ ਕੱਢਣਾ,ਇਸ਼ਟ ਦੀ ਆਰਤੀ,ਬਲੀ ਦੇਣਾ,ਵਰਤ ਰੱਖਣੇ ਆਦਿ ਪੂਜਾ ਵਿਧੀਆਂ ਹਨ,ਜਿਹਨਾਂ ਵਿੱਚੋਂ ਪ੍ਰਾਰਥਨਾ ਨੂੰ ਮੁੱਖ ਸਥਾਨ ਪ੍ਰਾਪਤ ਹੈ।

## ਪ੍ਰਕਿਰਤੀ ਪੂਜਾ

ਮਨੁੱਖ ਨੇ ਪ੍ਰਕਿਰਤੀ ਨੂੰ ਜਿਉਂ ਜਿਉਂ ਹੀ ਦੇਖਣਾ ਤੇ ਸਮਝਣਾ ਸ਼ੁਰੂ ਕੀਤਾ ਤਾਂ ਉਸ ਨੂੰ ਪ੍ਰਕਿਰਤੀ ਆਪਣੇ ਵਰਗੇ ਕੰਮ ਕਰਦੀ ਤੇ ਸਾਂਹ ਲੈਂਦੀ ਪ੍ਰਤੀਤ ਹੋਈ। ਇਸ ਲਈ ਉਹ ਪ੍ਰਕਿਰਤੀ ਦਾ ਮਾਨਵੀਕਰਨ ਕਰਦਾ ਹੈ ਪਰ ਜਦੋਂ ਉਹ ਪ੍ਰਕਿਰਤੀ ਦੇ ਦੋ ਰੂਪਾਂ ਮਿਹਰਬਾਨ ਤੇ ਵਿਕਰਾਲ ਤੋਂ ਜਾਣੂ ਹੁੰਦਾ ਹੈ ਤਾਂ ਉਹ ਪਹਿਲੇ ਰੂਪ ਵਿਚ ਪ੍ਰਕਿਰਤੀ ਦਾ ਜਸ ਗਾਉਂਦਾ ਹੈ ਜਿਸ ਵਿਚ ਉਹ ਗਰਮੀ ਵਿਚ ਠੰਡੀਆਂ ਹਵਾਵਾਂ ਤੇ ਮੀਂਹ ਦਾ ਅਨੰਦ ਮਾਣਦਾ ਹੈ। ਦੂਸਰੇ ਵਿਕਰਾਲ ਰੂਪ ਵਿਚ ਉਹ ਹੜ੍ਹ,ਤੂਫਾਨ ਆਦਿ ਤੋਂ ਘਬਰਾ ਕੇ ਪ੍ਰਕਿਰਤੀ ਨੂੰ ਆਪਣੇ ਤੋਂ ਤਾਕਤਵਰ ਤੇ ਪਰਾ ਭੌਤਿਕ ਚੀਜ ਕਲਪ ਲੈਂਦਾ ਹੈ ਤੇ ਆਪਣੇ ਆਪ ਨੂੰ ਉਸ ਦੇ ਮੁਕਾਬਲੇ ਤੁਛ ਸਮਝਦਾ ਹੈ। ਇਸ ਦੌਰਾਨ ਹੀ ਉਹ ਵੱਖ ਵੱਖ ਪ੍ਰਕਿਰਤੀ ਰੂਪਾਂ ਦੀ ਪੂਜਾ ਕਰਦਾ ਹੈ, ਜਿਵੇਂ:- ਗ੍ਰਹਿ ਪੂਜਾ,ਧਰਤੀ ਪੂਜਾ,ਸੂਰਜ ਦਿਉਤਾ,ਸ਼ਨਿਚਰ ਗ੍ਰਹਿ,ਸ਼ੁੱਕਰ ਗ੍ਰਹਿ,ਮੰਗਲ ਗ੍ਰਹਿ,ਬ੍ਰਹਿਸਪਤੀ ਗ੍ਰਹਿ ਆਦਿ ਦੀ ਪੂਜਾ ਕਰਦਾ ਹੈ।

## ਨਛਤਰ ਪੂਜਾ

ਨਛਤਰ ਅਸਮਾਨ ਉੱਤੇ ਬਿਖਰੇ ਗ੍ਰਹਿ ਦੇ ਸਮੂਹ ਹਨ ਜਿਹਨਾਂ ਵਿੱਚੋਂ ਚੰਨ ਨੂੰ ਲੰਘਣਾ ਪੈਂਦਾ ਹੈ। ਇਹ ਗਿਣਤੀ ਵਿਚ 27 ਮੰਨੇ ਜਾਂਦੇ ਹਨ।[5] ਕੁਝ ਨਛਤਰ ਸ਼ੁਭ ਮੰਨੇ ਜਾਂਦੇ ਹਨ ਤੇ ਕੁਝ ਅਸ਼ੁਭ ਮੰਨੇ ਜਾਂਦੇ ਹਨ। ਜਿਹਨਾਂ ਵਿੱਚੋਂ ਮੂਲ ਨਛਤਰ ਨੂੰ ਸਭ ਤੋਂ ਨਹਿਸ ਮੰਨਿਆ ਜਾਂਦਾ ਹੈ।

## ਪਿਤਰ ਪੂਜਾ

ਪਿਤਰ ਪੂਜਾ ਆਪਣੇ ਵੱਡੇ ਵਡੇਰਿਆਂ ਦੀ ਯਾਦ ਵਿਚ ਕੀਤੀ ਜਾਂਦੀ ਹੈ ਜੋ ਇਸ ਸੰਸਾਰ ਤੋਂ ਚਲੇ ਜਾਂਦੇ ਹਨ ਭਾਵ ਜਿਹਨਾਂ ਦੀ ਮੌਤ ਹੋ ਜਾਂਦੀ ਹੈ। ਮਨੁੱਖੀ ਮਨ ਦੀ ਮਿੱਥ ਅਨੁਸਾਰ ਵੱਡੇ ਵਡੇਰੇ ਮਰਨ ਤੋਂ ਬਾਅਦ ਹੋਰ ਸ਼ਕਤੀਸ਼ਾਲੀ ਹੋ

ਜਾਂਦੇ ਹਨ।ਉਨ੍ਹਾਂ ਦੀ ਇਸ ਸ਼ਕਤੀ ਦੀ ਮਿਹਰ ਨੂੰ ਪਾਉਣ ਖਾਤਰ ਹੀ ਮਨੁੱਖ ਪਿਤਰ ਪੂਜਾ ਕਰਦਾ ਹੈ। ਪਿਤਰ ਦੋ ਤਰ੍ਹਾਂ ਦੇ ਹੁੰਦੇ ਹਨ : 1) ਧਰਮਾਤਮਾ (ਕਲਿਆਣੀ)- ਜੋ ਕੁਲ ਕੁਟੰਭ ਦਾ ਕਲਿਆਣ ਚਾਹੁੰਦੇ ਹਨ । 2) ਦੁਸ਼ਟ ਤੇ ਦੋਖੀ - ਜੋ ਦੁੱਖ ਦਲਿੱਦਰ ਤੇ ਰੋਗ ਫੈਲਾਉਂਦੇ ਹਨ । ਪੰਜਾਬ ਵਿੱਚ ਪਿਤਰ ਪ੍ਰਤੀ ਜੋ ਵਿਹਾਰ ਹੈ ਉਹ ਤ੍ਰੈ ਪੱਖਾ ਹੈ - 1) ਸੰਤੁਸ਼ਟੀ ਤੇ ਟਹਿਲ ਸੇਵਾ 2) ਪਤਿਆਉਣਾ 3) ਪੂਜਾ ਅਰਚਾ ਕਰਨੀ । **ਪਿਤਰ** ਪੂਜਾ ਤੇ **ਜਠੇਰਾ** ਪੂਜਾ ਵਿੱਚ ਅੰਤਰ ਸਿਰਫ ਐਨਾ ਕੁ ਹੈ ਕਿ ਪਿਤਰ ਪੂਜਾ ਦਾ ਸੰਬੰਧ ਇਕ ਪਰਿਵਾਰ ਨਾਲ ਹੈ ਜਦੋਂ ਕਿ ਜਠੇਰਾ ਪੂਜਾ ਕਬੀਲੇ ਜਾਂ ਗੋਤ ਨਾਲ ਸਬੰਧਤ ਹੈ ।

## ਗਰਾਮ ਦਿਉਤੇ

ਇਹਨਾਂ ਗਰਾਮ ਦਿਉਤਿਆਂ ਦੇ ਸਥਾਨ ਨੂੰ **ਦੇਹਰ** ਕਿਹਾ ਜਾਂਦਾ ਹੈ । ਇਹ ਦਿਉਤੇ ਆਪਣੇ ਆਪਣੇ ਅਧਿਕਾਰ ਖੇਤਰ ਅਨੁਸਾਰ ਪਿੰਡ ਦੇ ਲੋਕਾਂ ਦੀ ਰੱਖਿਆ ਕਰਦੇ ਹਨ। ਇਹ ਦਿਉਤੇ ਗਿਣਤੀ ਵਿੱਚ ਚਾਰ ਹਨ : 1) ਭੂਮੀਆ - ਭੂਮੀਆ ਪਿੰਡ ਦੀ ਸਾਰੀ ਭੂਮੀ ਵਿੱਚ ਫੈਲਿਆ ਹੁੰਦਾ ਹੈ। ਇਸ ਦਾ ਅਧਿਕਾਰ ਖੇਤਰ ਬਾਕੀ ਗਰਾਮ ਦਿਉਤਿਆਂ ਤੋਂ ਵੱਡਾ ਹੁੰਦਾ ਹੈ । 2) ਖੇੜਾ ਦਿਉਤਾ - ਇਹ ਪਿੰਡ ਦਾ ਰੱਖਿਅਕ ਹੈ । 3) ਖੇਤਰਪਾਲ - ਇਸ ਦਾ ਅਧਿਕਾਰ ਖੇਤਰ ਪਿੰਡ ਦੇ ਖੇਤ ਹਨ । 4) ਸੀਮਾ ਦਿਉਤਾ - ਇਸ ਦਾ ਅਧਿਕਾਰ ਸੀਮਾ ਦੇ ਅੰਦਰ ਹੁੰਦਾ ਹੈ ਤੇ ਬਦਰੂਹਾਂ, ਰੋਗ ਅਤੇ ਬੀਮਾਰੀਆਂ ਫੈਲਾਉਣ ਵਾਲੀ ਖੋਰੂ ਸ਼ਕਤੀ ਨੂੰ ਸੀਮਾਂ ਤੋਂ ਦੂਰ ਰੱਖਣਾ ਹੈ ।

## ਟੋਟਮ (ਗੋਤਰ ਚਿੰਨ੍ਹ ਦੀ ਪੂਜਾ)

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਕੋਈ ਵੀ ਟੋਟਮ ਕਿਸੇ ਖਾਸ ਕਬੀਲੇ ਤੇ ਭਾਈਚਾਰੇ ਦੀ ਪ੍ਰਤੀਨਿਧਤਾ ਕਰਦਾ ਹੈ । ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਇਹ ਜਰੂਰੀ ਨਹੀਂ ਕਿ ਕੋਈ ਗੋਤ ਜਿਸ ਜਾਨਵਰ ਜਾਂ ਪੌਦੇ ਅਥਵਾ ਪਦਾਰਥਕ ਵਸਤੂ ਵਿਚ ਸ਼ਰਧਾ ਰੱਖੇ ਉਹ ਟੋਟਮ ਹੀ ਹੋਵੇ। ਕਈ ਜਾਨਵਰ, ਪੰਛੀਆਂ ਜਾਂ ਦਰੱਖ਼ਤਾਂ ਪ੍ਰਤੀ ਸਾਡੀ ਸ਼ਰਧਾ ਟੋਟਮ ਪ੍ਰਭਾਵ ਹੇਠ ਨਹੀਂ ਹੁੰਦੀ ਸਗੋਂ ਇਹਨਾਂ ਪਿੱਛੇ ਕੋਈ ਮਿੱਥਕ ਧਾਰਮਿਕ ਭਾਵਨਾ ਹੋ ਸਕਦੀ ਹੈ ,ਜਿਵੇਂ :- ਚੂਹਾ ਭਾਵੇਂ ਗਣੇਸ਼ ਦੀ ਸਵਾਰੀ ਹੋਣ ਕਰਕੇ ਪਵਿੱਤਰ ਹੈ ਪਰ ਉਸ ਨੂੰ ਮਾਰਨ ਦੀ ਕੋਈ ਮਨਾਹੀ ਨਹੀਂ ।

## ਹਵਾਲੇ


1. 1. ਦਰਿਆ ., ਪੰਜਾਬ ਲੋਕਇੱਕ ਅਧਿਐਨ :ਧਰਮ-, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ 2004, ਪੰਨਾ- 9
   2. ਜੀਤ ਸਿੰਘ ਜੋਸ਼ੀ ., ਲੋਕ ਕਲਾ ਅਤੇ ਸਭਿਆਚਾਰ: ਮੁੱਢਲੀ ਜਾਣਪਛਾਣ-, ਪੰਜਾਬੀ ਯੂਨੀਵਰਸਿਟੀ, ਪਟਿਆਲਾ 2010, ਪੰਨਾ- 76
   3. ਬਲਬੀਰ ਸਿੰਘ ਪੂਨੀ, ਲੋਕਧਾਰਾ, ਵਾਰਿਸ਼ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 1993, ਪੰਨਾ.119-
   4. ਵਣਜਾਰਾ ਬੇਦੀ, ਲੋਕਧਰਮ-, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2007, ਪੰਨਾ.11-10-
   5. ਜੀਤ ਸਿੰਘ ਜੋਸ਼ੀ . , ਲੋਕ ਕਲਾ ਅਤੇ ਸਭਿਆਚਾਰਪਛਾਣ-ਮੁੱਢਲੀ ਜਾਣ :, ਪੰਜਾਬੀ ਯੂਨੀਵਰਸਿਟੀ, ਪਟਿਆਲਾ 2010, ਪੰਨਾ79-78-

6. ਬਲਬੀਰ ਸਿੰਘ, ਪੂਨੀ, ਲੋਕਧਾਰਾ ਅਧਿਐਨ, ਰੂਹੀ ਪ੍ਰਕਾਸ਼ਨ ਅੰਮ੍ਰਿਤਸਰ, ਪੰਨਾ 104

7. ਉਹੀ, ਪੰਨਾ .104

8. ਉਹੀ, ਪੰਨਾ 104

9. ਜੀਤ ਸਿੰਘ ਜੋਸ਼ੀ, ਲੋਕ ਧਰਮ, ਸੱਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ .290

10. ਉਹੀ ਰਚਨਾ, ਪੰਨਾ .291

11. ਉਹੀ ਰਚਨਾ, ਪੰਨਾ .292

12. ਉਹੀ ਰਚਨਾ, ਪੰਨਾ .293

13. ਉਹੀ ਰਚਨਾ, ਪੰਨਾ .294

**ਲੋਕ ਕਲਾਵਾਂ** ਨੂੰ ਜੇਕਰ ਧਿਆਨ ਨਾਲ ਵੇਖਿਆ ਜਾਵੇ ਤਾਂ ਇਹ ਗੱਲ ਸਮਝ ਪੈਂਦੀ ਹੈ ਕਿ ਪੰਜਾਬ ਦੇ ਲੋਕ,ਕਲਾਕਾਰ ਤੇ ਸਧਾਰਨ ਲੋਕ ਵੀ ਜਦੋਂ ਆਪਣੀ ਕਲਾ ਦੀ ਪੇਸ਼ਕਾਰੀ ਕਰਦੇ ਹਨ ਚਾਹੇ ਉਹ ਲੱਕੜੀ ਦਾ ਕੰਮ ਹੋਵੇ,ਸਿਲਾਈ ਕਢਾਈ ਵਿੱਚ ਸੂਈ, ਕਰੋਛੀਏ ਅਤੇ ਧਾਗੇ ਦੀਆਂ ਯਗਤਾਂ ਨਾਲ ਮਿੱਟੀ ਦੇ ਬਰਤਨਾਂ ਦੀ ਬਣਾਵਟ ਅਤੇ ਸਜਾਵਟ ਜਾਂ ਘਰ ਦੇ ਚੁੱਲੇ ਚੌਕਿਆਂ ਆਹਰਿਆਂ ਅਤੇ ਕੰਧਾਂ ਉੱਪਰ ਹੋਵੇ। ਉਹਨਾਂ ਦੀਆਂ ਕਲਾਂ ਵਿੱਚ ਯੁਗਤਾਂ, ਰੂੜ੍ਹੀਆਂ ਅਤੇ ਸਾਜੋ ਸਮਾਨ ਅਤੇ ਨਿੱਜੀ ਦ੍ਰਿਸ਼ਟੀ ਉੱਪਰ ਹੀ ਨਹੀਂ ਹੁੰਦੀ ਸਗੋਂ ਇਸ ਕਲਾ ਵਿੱਚ ਸੱਭਿਆਚਾਰ ਸਮੂਹ ਦੀ ਸਾਂਝੀ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਲੋਕਾਂ ਵੱਲੋਂ ਇਸ ਪ੍ਰਗਟਾਵੇ ਲਈ ਵਰਤੀਆਂ ਯੁਗਤਾਂ ਰੂੜ੍ਹੀਆਂ ਅਤੇ ਬਿਨ੍ਹਾਂ ਪ੍ਰਤੀਕ ਆਤਮਿਕ ਵਸਤੂਆਂ ਅਤੇ ਜੀਵਾਂ ਨੂੰ ਕਿਸੇ ਸਖਿਅਤ ਕਲਾਕਾਰ ਵਾਂਗ ਹੂ-ਬ-ਹੂ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਹੁੰਦੀ ਸਗੋਂ ਇਨ੍ਹਾਂ ਦੀ ਬਣਾਟ ਦਾ ਖੁਦਰਾਪਣ ਹੀ ਇਸ ਦੀ ਖੂਬਸੂਰਤੀ ਅਤੇ ਸੋਜ ਦਾ ਗੁਣ ਹੈ। ਜੇਕਰ ਇਸ ਕਲਾ ਨੂੰ ਗੋਰ ਨਾਲ ਵੇਖਿਆ ਜਾਵੇ ਤਾਂ ਇਹ ਗੱਲ ਸਮਝ ਪਵੇਗੀ ਕਿ ਕੱਪੜਿਆ ਦਾ ਕਢਾਈ, ਬਰਤਨਾਂ ਦੀ ਸਜਾਵਟ ਲਈ ਬਣਾਏ ਇਨ੍ਹਾਂ ਚਿੱਤਰਾਂ ਮੋਟਿਫਾ ਗ੍ਰਾਫਾਂ, ਅਤੇ ਖਾਨਿਆਂ ਵਿਚੋਂ ਸਾਨੰ ਪੂਰੇ ਬ੍ਰਹਿਮੰਡ ਦੇ ਦਰਸ਼ਨ ਹੁੰਦੇ ਹਨ। ਇਹ ਲੋਕਾਂ ਦਾ ਬ੍ਰਹਿਮੰਡ ਹੈ ਨਾ ਕਿ ਕਿਸੇ ਵਿਗਿਆਨੀ ਦਾ ਨਹੀਂ। ਜਿਹੜਾ ਕਦੀ ਸਾਡੇ ਪੁਰਖਿਆ ਨੇ ਦੇਖਿਆ ਸੋਚਿਆ ਅਤੇ ਸਿਰਜਿਆ ਹੋਵੇਗਾ ਇਸ ਚਿੱਤਰਕਾਰੀ ਵਿੱਚ ਕਾਂ, ਤੋਤੇ, ਚਿੜ੍ਹਿਆ, ਮੋਰ, ਘੁੱਗੀਆਂ, ਕੁੱਤੇ ਆਦਿ ਜਾਨਵਰ ਪੰਜਾਬੀ ਮਨੁੱਖ ਨਾਲ ਉਹਨਾਂ ਦੇ ਰਿਸ਼ਤਿਆਂ ਦੀ ਗਵਾਹੀ ਭਰਦੇ ਹਨ। ਇਹ ਪਸ਼ੂ ਪੰਛੀ ਅਤੇ ਜੀਵ ਸਾਡੀਆਂ ਹੀ ਮਿੱਥਾਂ, ਦੰਦ ਕਥਾਵਾਂ, ਪਰੀ ਕਹਾਣੀਆਂ ਵਿਚੋਂ ਰੂਪਾਂਤਰਿਤ ਹੋ ਲੋਕ ਰੂੜ੍ਹੀਆਂ ਵਿੱਚ ਸਾਡੀ ਚਿੱਤਰਕਾਰੀ ਕਲਾ ਵਿੱਚ ਪੇਸ਼ ਹੋਏ ਹਨ। ਲੋਕ ਕਲਾ ਬਾਰੇ ਅਰਨਿਸਟਰ ਫੀਸਰ ਲਿਖਦੇ ਹਨ-ਸਭਿਅਤਾ ਦੇ ਮੁੱਢਲੇ ਪੜਾਵਾ ਉੱਤੇ ਕਲਾ ਦਾ ਸੁਹਜ ਨਾਲ ਕੋਈ ਲਾਗਾ ਦੇਗਾ ਨਹੀਂ ਸੀ।[1]

ਇਸ ਲਈ ਕਿਹਾ ਜਾ ਸਕਦਾ ਕਿ ਲੋਕ ਕਲਾਵਾਂ ਦੀ ਖੂਬਸੂਰਤੀ ਉਸਦੀ ਰੂੜ੍ਹੀਆਂ ਵਿੱਚ ਨਾ ਕਿ ਬਣਾਵਟ ਵਿਚ। ਲੋਕ ਕਲਾਂ ਜਨਮ ਜੀਵਨ ਦੀਆਂ ਮੁਢਲੀਆਂ ਪਦਾਰਥਕ, ਆਰਥਿਕ ਲੋੜਾ ਦੀ ਪੂਰਤੀ ਹਿੱਤ ਹੋਇਆ। ਆਦਿਮ ਕਲਾਂ ਮਨੁੱਖ ਦੀ ਉਤਪਾਦਿਕ ਜਾ ਆਰਥਿਕ ਕਾਰਗੁਜ਼ਾਰੀ ਦਾ ਅਨਿੱਖੜ ਅੰਗ ਸੀ।[2]

ਲੋਕ ਕਲਾ ਮਨੁੱਖ ਵਿਚਾਰ ਪ੍ਰਕਿਰਤੀ ਦੇ ਵਰਤਾਰਿਆਂ ਦੀ ਮਨੁੱਖੀ ਵਿਹਾਰ ਦੀ ਨਕਲ ਹੈ ਆਦਿ ਕਾਲ ਤੋਂ ਮਨੁੱਖ ਪ੍ਰਕਿਰਤੀਕ ਵਰਤਾਰਿਆਂ ਤੋਂ ਭੈ-ਭੀਤ ਹੁੰਦਾ ਆਇਆ ਹੈ। ਇਨ੍ਹਾਂ ਵਰਤਾਰਿਆ ਨੂੰ ਉਸ ਨੂੰ ਦੇਵੀ ਸ਼ਕਤੀ ਦੇ ਰੂਪ ਵਿੱਚ ਲਿਆ ਹੈ ਅਤੇ ਉਹਨਾਂ ਦੀ ਉਪਾਸਨਾ ਆਰੰਭ ਕੀਤੀ। ਇਸ ਉਪਾਸਨਾ ਵਿੱਚ ਉਹਨਾਂ ਦੀ ਪੂਜਾ ਤੇ ਨਕਲਾ ਦੇ ਰੂਪ ਸ਼ੁਰੂ ਹੋਏ। ਜਿਹਨਾਂ ਨੂੰ ਉਸਨੇ ਆਪਣੀ ਕਲਾ ਰਾਹੀ ਸਾਰਥਿਕ ਅਤੇ ਪਰਤੱਖ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਲੋਕ ਕਲਾਂ ਜੀਵਨ ਦੀਆਂ ਲੋੜਾਂ ਵਿਚੋਂ ਉਪਜੀ ਹੋਣ ਕਰਕੇ ਜਨ ਜੀਵਨ ਅਤੇ ਸੱਭਿਆਚਾਰ ਨਾਲ ਇਕਸਾਰ ਹੁੰਦੀ ਹੈ।ਇਸ ਦਾ ਸੁਹਜ ਫ਼ਸਲ ਜਾਤੀ ਦੀਆਂ ਕਲਾ ਰੁਚੀਆਂ ਦਾ ਬੋਧਿਕ ਹੈ। ਲੋਕ ਕਲਾ ਪਿੰਡਾਂ ਦੇ ਅੱਲੜ ਲੋਕਾਂ ਦੀਆਂ ਅੰਤਰੀਵ ਖਾਹਿਸ਼ਾਂ, ਭਾਵਨਾਵਾਂ ਤੇ ਤਜਰਬਿਆਂ ਦਾ ਸੁਭਾਵਿਕ ਪ੍ਰਗਟਾਵਾ ਹੈ ਅਤੇ ਇਹ ਸਦੀਆਂ ਤੋਂ ਚੱਲੀਆਂ ਆ ਰਹੀਆਂ ਕਲਾ

ਰੁਚੀਆਂ ਸਹਿਜ ਭਾਵ ਵਿੱਚ ਹੀ ਪ੍ਰਫੁਲਤ ਹੁੰਦੀਆਂ ਰਹੀਆਂ ਹਨ। ਪੀੜ੍ਹੀ ਦਾ ਅਨੁਭਵ ਖੁਰ-ਖੁਰ ਕੇ ਇਸ ਕਲਾ ਨੂੰ ਸੰਵਾਰਦਾ ਰਿਹਾ ਹੈ ਭਾਵੇਂ ਲੋਕ ਕਲਾ ਵੇਖਣ ਵਿੱਚ ਸਾਦੀ ਜਹੀ ਲੱਗਦੀ ਹੈ। ਪਰ ਇਸ ਵਿੱਚ ਕਲਾ ਦਾ ਇੱਕ ਪ੍ਰਬਲ ਕਵੀ ਹੁੰਦਾ ਹੈ। ਜੋ ਇਸ ਦੀ ਛਵੀ ਨੂੰ ਮਨਮੋਹਣਾ ਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ।[3] ਇਸ ਲਈ ਲੋਕ ਕਲਾ ਸਰੀਰਕ ਲੋੜਾਂ, ਮਨੁੱਖ ਦੀਆਂ ਕੁਝ ਮਾਨਸਿਕ ਲੋੜਾਂ ਵੀ ਹਨ, ਜਿਨ੍ਹਾਂ ਦੀ ਤ੍ਰਿਪਤੀ ਸੁਹਜ ਰਸ ਨਾਲ ਹੁੰਦੀ ਹੈ। ਸੁਹਜ ਨੂੰ ਮਾਨਣ ਦੀ ਇੱਛਾ ਨੇ ਕਲਾ ਨੂੰ ਜਨਮ ਦਿੱਤਾ। ਉਹ ਕਲਾ, ਜਿਸ ਨੂੰ ਆਦਿ ਕਾਲ ਤੋਂ ਅਨੇਕਾਂ ਕਿਰਤੀਆਂ ਨੇ ਆਪਣੇ ਅਨੁਭਵ ਨਾਲ ਸਿੰਜ ਕੇ ਰਸਾਇਆ, ਪਕਾਇਆ ਤੇ ਨਿਖਾਰਿਆ ਅਤੇ ਜੋ ਪਰੰਪਰਾਂ ਦੀ ਧਾਰਾ ਦਾ ਅੰਗ ਬਣ ਕੇ ਵਿਗਸੀ, ਲੋਕ ਕਲਾ ਅਖਵਾਈ।[4] ਲੋਕ ਕਲਾ ਨੂੰ ਕਿਸੇ ਵਿਸ਼ੇਸ਼ ਸਿਖਲਾਈ ਦੁਆਰਾ ਨਹੀਂ ਸਿੱਖਿਆ ਜਾਂਦਾ ਸਗੋਂ ਇਸ ਨਾਲ ਅਸੀਂ ਪਰੰਪਰਾਂ ਤੋਂ ਆਤਮਸਾਤ ਕਰਦੇ ਹਾਂ। ਲੋਕ ਕਲਾ ਦਾ ਮੁਲਾਂਕਣ ਨਹੀਂ ਹੁੰਦਾ ਇਸ ਕਰਕੇ ਇਸ ਵਿੱਚ ਕੋਈ ਦਰਜੇਬੰਦੀ ਨਹੀਂ ਹੁੰਦੀ। ਲੋਕ ਕਲਾ ਪਰੰਪਰਾਂ ਤੋਂ ਚਲੇ ਆ ਰਹੇ ਮੋਟਿਫਾ ਦੀ ਪੇਸ਼ਕਾਰੀ ਕਰਦੀ ਹੈ।

### ਮੂਰਤੀ ਕਲਾ

ਮੂਰਤੀ ਕਲਾ ਵਿੱਚ ਪੰਜਾਬ ਦੀ ਗੰਧਾਰ ਸ਼ੈੱਲੀ ਬੜੀ ਪ੍ਰਸਿੱਧ ਹੈ। ਇਹ ਮੂਲ ਵਿੱਚ ਲੋਕ ਸ਼ੈਲੀ ਜੋ ਯੂਨਾਨੀ ਤੇ ਈਰਾਨੀ ਸ਼ੈਲੀਆਂ ਦੇ ਪ੍ਰਭਾਵ ਹੇਠ, ਬੁੱਧ ਕਾਲ ਵਿੱਚ ਨਿਖਰੀ। ਗੰਧਾਰ ਸ਼ੈਲੀ ਦੀ ਵੱਡੀ ਵਿਸ਼ੇਸਤਾ ਇਹ ਸੀ ਕਿ ਮੂਰਤੀਆਂ ਵਿੱਚ ਨਕਸ਼ਾਂ ਤੇ ਅੰਗਾ ਨੂੰ ਬੜੀ ਮਿਹਨਤ ਨਾਲ ਘੜਿਆ ਤੇ ਨਿਖਾਰਿਆ ਜਾਂਦਾ ਸੀ।

### ਚਿੱਤਰਕਲਾ

ਜਨ ਸਧਾਰਨ ਵਲੋਂ ਲੋਕ ਨਮੂਨਿਆਂ ਵਿੱਚ ਕੀਤੀ ਚਿੱਤਰਕਾਰੀ ਜਾਂ ਕਲਾਕਾਰਾਂ ਵਲੋਂ ਲੋਕ-ਨਮੂਨਿਆਂ ਅਤੇ ਸਮੱਗਰੀ ਦੀ ਚਿੱਤਰਕਾਰੀ ਨੂੰ ਹੀ ਲੋਕ ਚਿੱਤਰਕਾਰੀ ਕਿਹਾ ਜਾਂਦਾ ਹੈ। ਪੰਜਾਬ ਵਿੱਚ ਚਿੱਤਰਕਾਰੀ ਦੀਆਂ ਦੋ ਵੰਨਗੀਆਂ ਮਿਲਦੀਆਂ ਹਨ:[5]

### ਸਧਾਰਨ ਚਿੱਤਰਕਾਰੀ

ਇਹ ਚਿੱਤਰਕਾਰੀ ਸਾਧਾਰਨ ਪੇਂਡੂ ਔਰਤਾਂ ਵੱਲੋਂ ਪਾਂਡੂ ਨਾਲ ਲਿਪੀਆਂ ਕੰਧਾਂ ਉੱਪਰ ਚੂਨੇ, ਗੇਰੂ ਜਾਂ ਕਾਲੇ ਰੰਗ ਨਾਲ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚ ਹੋਈ ਮਾਤਾ ਜਾਂ ਚੰਡੀ ਮਾਈ ਤੋਂ ਇਲਾਵਾ ਬਿੱਲੀਆਂ ਦਾ ਜੋੜਾਂ, ਖਰਗੋਸਾਂ ਦਾ ਜੋੜਾਂ, ਮੋਰ, ਹਿਰਨ, ਚਿੜੀਆਂ, ਬਰੋਟਾ, ਭਲਵਾਨ, ਸ਼ੇਰ, ਹਾਥੀ, ਮਿਰਗ ਜਾਂ ਮਜ਼ਾਕੀਆ ਲਹਿਜੇ ਵਿੱਚ ਮੁੱਛਾਂ ਵਾਲਾ ਮਨੁੱਖ, ਭੱਜਿਆ ਜਾਂਦਾ ਕੁੱਤਾ, ਕਬੂਤਰ ਆਦਿ ਵੱਖ ਵੱਖ ਨਮੂਨੇ ਚਿੱਤਰੇ ਜਾਂਦੇ ਹਨ। ਇਨ੍ਹਾਂ ਚਿੱਤਰਾਂ ਵਿੱਚ ਨਮੂਨੇ ਪ੍ਰਤੀਕ ਰੂਪ ਵਿੱਚ ਪੇਸ਼ ਕੀਤੇ ਜਾਂਦੇ ਹਨ।

### ਪਰਬੀਨ ਚਿੱਤਰਕਾਰੀ

ਇਹ ਕਲਾਕਾਰੀ ਕਿਸੇ ਖਾਸ਼ ਚਿੱਤਰਪਟ ਤੇ ਰੰਗਾਂ ਦੁਆਰਾ ਪਰਬੀਨ ਤੇ ਹੁਨਰਮੰਦ ਕਲਾਕਾਰਾਂ ਵਲੋਂ ਕੀਤੀ ਜਾਂਦੀ ਹੈ। ਇਸ ਦੁਆਰਾ ਲੋਕ ਪਰੰਪਰਾਂ ਦਾ ਚਿੱਤਰਨ ਕੀਤਾ ਜਾਂਦਾ ਹੈ। ਮਹਾਂਭਾਰਤ ਅਤੇ ਰਮਾਇਣ ਵਿੱਚੋਂ ਝਾਕੀਆਂ ਚਿੱਤਰੀਆਂ ਜਾਂਦੀਆਂ ਹਨ।

## ਸਿੱਖ ਰਾਜ ਸਮੇਂ ਚਿੱਤਰਕਾਰੀ

ਸਿੱਖ ਰਾਜ ਸਮੇਂ ਪੰਜਾਬ ਦੀ ਪ੍ਰਬੀਨ ਚਿੱਤਰਕਾਰੀ ਬਹੁਤ ਪ੍ਰਚਲਤ ਹੋਈ।ਪਹਾੜੀ ਕਲਾਕਾਰਾਂ ਨੇ ਆਪਣੇ ਸਿੱਖ ਸਰਪ੍ਸਤਾਂ ਦੇ ਸੁਹਜ-ਸੁਆਦ ਨੂੰ ਮੁਖ ਰੱਖਦੇ ਚਿੱਤਰ ਬਣਾਉਣੇ ਸ਼ੁਰੂ ਕਰ ਦਿੱਤੇ ਅਤੇ ਉਹਨਾਂ ਵਿਚੋਂ ਕੁਝ ਲਾਹੌਰ ਵੀ ਆ ਵਸੇ ਪਹਾੜੀ ਕਲਾਕਾਰਾਂ ਦੀਆਂ ਵਿਭਿੰਨ ਕਲਾ ਸ਼ੈਲੀਆਂ ਜਿਹਨਾਂ ਵਿੱਚ ਕਾਂਗੜਾ,ਬਸੋਲੀ ਅਤੇ ਨੂਰਪੁਰ ਦੀਆਂ ਕਲਾ ਸ਼ੈਲੀਆਂ ਪ੍ਰਸਿੱਧ ਹਨ।ਪਰ ਛੇਤੀ ਹੀ ਪਰਬੀਨ ਕਲਾਂ ਨੇ ਢਹਿੰਦੀ ਕਲਾ ਵਲ ਵਧਣਾ ਸ਼ੁਰੂ ਕਰ ਦਿੱਤਾ। ਇਸਦਾ ਕਾਰਨ ਇਹ ਸੀ ਕਿ ਪਹਾੜੀ ਚਿੱਤਰਕਲਾ ਆਪਣੀ ਅਧਿਆਤਮਕ ਪਰੰਪਰਾ ਨਾਲੋਂ ਪੂਰੀ ਤਰ੍ਹਾਂ ਟੁੱਟ ਗਈ ਹੈ।

## ਕੁੰਭਕਾਰੀ ਕਲਾ

ਮਿੱਟੀ ਨਾਲ ਭਾਂਡੇ ਘੜਨ ਦੀ ਕਲਾ ਨੂੰ ਕੁੰਭਕਾਰੀ ਦੀ ਕਲਾ ਦਾ ਨਾਂ ਦਿੱਤਾ ਜਾਂਦਾ ਹੈ, ਮੁਸਲਮਾਨਾ ਤੇ ਆਉਣ ਨਾਲ ਕੁੰਭਕਾਰੀ ਦੀ ਕਲਾ ਕਾਫੀ ਵਿਗਸੀ ਤੇ ਪ੍ਰਫੁੱਲਿਤ ਹੋਈ ਕਿਉਂਕਿ ਮੁਸਲਮਾਨ ਧਾਤ ਦੇ ਭਾਂਡਿਆਂ ਨਾਲੋਂ ਮਿੱਟੇ ਦੇ ਭਾਂਡੇ ਵਧੇਰੇ ਵਰਤਦੇ ਹਨ। ਮੁਸਲਮਾਨੀ ਵਿਸ਼ਵਾਸਾਂ ਨੇ ਕੁੰਭਕਾਰੀ ਦੀ ਕਲਾ ਨੂੰ ਵਿਗਸਾਣ ਵਿੱਚ ਚੋਖਾ ਹਿੱਸਾ ਪਾਇਆ। ਪਹਿਲਾਂ ਪੰਜਾਬ ਦੇ ਮਿੱਟੀ ਦੇ ਭਾਂਡੇ ਰੋਗਨੀ ਨਹੀਂ ਹੁੰਦੇ ਸਨ। ਰੋਗਨੀ ਤੇ ਰੰਗਦਾਰ ਬਰਤਨਾਂ ਦਾ ਰਿਵਾਜ ਵੀ ਮੁਸਲਮਾਨਾਂ ਦੇ ਵੇਲੇ ਪਿਆ ਤੇ ਇਹ ਕਲਾ ਮੂਲ ਵਿੱਚ ਈਰਾਨੀ ਹੈ।[6] ਸਾਡੀਆਂ ਬਹੁਤ ਸਾਰੀਆਂ ਲੋਕ-ਕਲਾਵਾਂ ਅਜਿਹੀਆਂ ਹਨ, ਜੋ ਮਿੱਟੀ ਨਾਲ ਸੰਬੰਧਿਤ ਹਨ। ਪੰਜਾਬੀ ਸੁਆਣੀਆਂ ਮਿੱਟੀ ਨੂੰ ਆਧਾਰ ਬਣਾ ਕੇ ਹੀ ਇਨ੍ਹਾਂ ਲੋਕ-ਕਲਾਵਾਂ ਨੂੰ ਪ੍ਰਗਟ ਕਰਦੀਆਂ ਹਨ। ਜਿੱਥੇ ਇਹ ਕਲਾਵਾਂ ਉਨ੍ਹਾਂ ਅੰਦਰਲੇ ਗੁਣਾਂ ਨੂੰ ਬਾਹਰ ਕੱਢਦੀਆਂ ਸਨ, ਉੱਥੇ ਮਾਨਸਿਕ ਤੇ ਸਰੀਰਕ ਤੌਰ `ਤੇ ਵਧੇਰੇ ਚੇਤੰਨ ਵੀ ਕਰਦੀਆਂ ਸਨ। ਇਸ ਵਰਗ ਅਧੀਨ ਆਉਣ ਵਾਲੀਆਂ ਲੋਕ ਕਲਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

## ਮਿੱਟੀ ਦੀ ਕੰਧ `ਤੇ ਬੂਟੀਆਂ ਪਾਉਣਾ

ਸਾਡੇ ਵਿਰਸੇ ਦੀ ਇਹ ਬਹੁਤ ਹੀ ਹਰਮਨ ਪਿਆਰੀ ਕਲਾ ਰਹੀ ਹੈ। ਇਹ ਕਲਾ ਸੁਆਣੀਆਂ ਆਪਣੇ ਘਰ ਦੀਆਂ ਕੰਧਾਂ ਉੱਤੇ ਵੱਖ-ਵੱਖ ਤਰ੍ਹਾਂ ਦੀਆਂ ਬੂਟੀਆਂ ਵਾਹ ਕੇ ਪ੍ਰਗਟ ਕਰਦੀਆਂ ਸਨ। ਔਰਤਾਂ ਘਰ ਦੀਆਂ ਕੱਚੀਆਂ ਕੰਧਾਂ `ਤੇ ਗੋਹਾ ਫੇਰ ਕੇ ਇਸ ਉੱਤੇ ਸਫ਼ੈਦੀ ਨਾਲ ਕਈ ਪ੍ਰਕਾਰ ਦੇ ਕਬੂਤਰ, ਤੋਤੇ, ਮੋਰ, ਚਿੜੀਆਂ, ਗੁੱਡੀਆਂ, ਗੁੱਡੇ ਉਲ੍ਹੀਕਦੀਆਂ ਸਨ। ਇਸ ਤਰ੍ਹਾ ਜਿੱਥੇ ਉਹ ਆਪਣੇ ਘਰਾਂ ਦੀਆਂ ਕੰਧਾਂ ਨੂੰ ਵੱਖ-ਵੱਖ ਚਿੱਤਰਾਂ ਨਾਲ ਸ਼ਿੰਗਾਰਦੀਆਂ ਸਨ, ਉਥੇ ਉਹ ਆਪਣੇ ਅੰਦਰ ਛੁਪੀ ਕਲਾ ਦੇ ਨਮੂਨੇ ਵੀ ਬਿਖ਼ਰਦੀਆਂ ਨਜ਼ਰ ਆਉਂਦੀਆ ਸਨ, ਪਰ ਅੱਜ ਜਦ ਮਿੱਟੀਆਂ ਨਾਲ ਬਣੀਆਂ ਕੰਧਾਂ ਹੀ ਨਹੀਂ ਰਹੀਆਂ, ਤਾਂ ਬੂਟੀਆਂ ਕਿੱਥੇ ਪਾਉਣੀਆ ਨੇ =;ਵਸ

## ਚੁੱਲੇ ਨੂੰ ਮਿੱਟੀ ਲਾਉਣਾ

ਚੁੱਲੇ ਦੀ ਆਮਦ ਹਰ ਘਰ ਵਿੱਚ ਸਥਿਰ ਰਹੀ ਹੈ। ਚੁੱਲ੍ਹਾ ਉਹ ਥਾਂ ਜਾਂ ਜਗ੍ਹਾਂ ਹੈ, ਜਿੱਥੇ ਅੰਨ, ਪਾਣੀ ਤਿਆਰ ਕੀਤਾ ਜਾਂਦਾ ਹੈ। ਜਿਸ `ਤੇ ਆਪਾਂ ਏਨਾ ਕੁਝ ਤਿਆਰ ਕਰਦੇ ਹਾਂ ਉਸ ਨੂੰ ਸ਼ਿੰਗਾਰ ਕੇ ਰੱਖਿਆ ਜਾਵੇ। ਉਸ ਦੀ ਟੁੱਟ-ਭੱਜ ਮੁਰੰਮਤ ਕੀਤੀ ਜਾਵੇ। ਚੁੱਲ੍ਹੇ ਦੀ ਮੁਰੰਮਤ ਅਸੀਂ ਮਿੱਟੀ ਲਾ ਕੇ ਹੀ ਕਰ ਸਕਦੇ ਹਾਂ। ਜਿਸ ਥਾਂ ਤੋਂ ਚੁੱਲ੍ਹਾਂ ਭੁਰਿਆ ਹੋਵੇ ਅਸੀਂ ਉਥੇ ਹੀ ਮਿੱਟੀ ਲਾਉਂਦੇ ਹਾਂ। ਅੱਜ ਦੇ ਆਧੁਨਿਕ ਯੁੱਗ ਵਿੱਚ ਚੁੱਲ੍ਹੇ ਹੀ ਨਾ ਰਹੇ, ਤਾਂ ਮਿੱਟੀਆਂ ਕਿਵੇਂ ਲਾਉਣੀਆ

ਨੇ। ਇਨ੍ਹਾਂ ਚੁੱਲਿਆਂ ਦੀ ਥਾਂ ਹੁਣ ਗੈਸੀ ਚੁੱਲ੍ਹਿਆਂ ਨੇ ਭਾਵੇਂ ਲੈ ਲਈ ਹੈ। ਪਰ ਇਨ੍ਹਾਂ ਦੀ ਮਹੱਤਤਾ ਹਾਲੇ ਵੀ ਓਨੀ ਹੈ, ਜਿੰਨੀ ਪਹਿਲੇ ਸਮਿਆਂ ਵਿੱਚ ਸੀ। ਕਿਉਂਕਿ ਗੈਸ ਦੀ ਕਮੀ ਕਰਕੇ ਇਨ੍ਹਾਂ ਦਾ ਆਸਰਾ ਸਾਡੇ ਟੁੱਟੇ ਸਰੀਰ ਨੂੰ ਸਿਆਲ ਵਿੱਚ ਨਿੱਘ ਦੇਂਦਾ ਹੈ।

**ਮੱਟੀਆਂ ਬਣਾਉਣੀਆਂ**

ਪੁਰਾਣੇ ਸਮਿਆਂ ਵਿੱਚ ਆਟਾ, ਚੌਲ, ਦਾਣੇ ਪਾਉਣ ਲਈ ਮੱਟੀਆਂ ਦੀ ਵਰਤੋਂ ਕਰਿਆ ਕਰਦੇ ਸਨ। ਇਨ੍ਹਾਂ ਮੱਟੀਆਂ ਬਣਾਉਣ ਦੀ ਕਲਾ ਸਾਡੀਆਂ ਸੁਆਣੀਆਂ ਭਲੀ-ਭਾਂਤੀ ਜਾਣੂ ਸਨ। ਉਹ ਇੱਕਲੀ ਜਾਂ ਦੋ ਮੱਟੀਆਂ ਨੂੰ ਜੋੜ ਕੇ ਵੀ ਬਣਾਉਂਦੀਆ ਸਨ। ਮੱਟੀਆਂ ਬਣਾਉਣ ਲਈ ਚੀਕਣੀ ਮਿੱਟੀ ਲਈ ਜਾਂਦੀ ਹੈ। ਚੀਕਣੀ ਮਿੱਟੀ ਨੂੰ ਭਿੱਜਣੀ ਪਾਇਆ ਜਾਂਦਾ ਹੈ। ਜਦੋਂ ਮਿੱਟੀ ਪਾਣੀ ਨਾਲ ਪੂਰੀ ਤਰ੍ਹਾਂ ਭਰ ਜਾਂਦੀ ਹੈ,ਤਾਂ ਇਸ ਵਿੱਚ ਥੋੜ੍ਹੀ ਜਿਹੀ ਤੂੜੀ ਪਾ ਦਿੱਤੀ ਜਾਂਦੀ ਹੈ। ਬਾਅਦ ਵਿੱਚ ਇਸ ਨੂੰ ਪੂਰੀ ਤਰ੍ਹਾਂ ਘਾਣੀ ਕੀਤਾ ਜਾਂਦਾ ਹੈ। ਮੱਟੀਆਂ ਦੀ ਉਸਾਰੀ ਉਸ ਥਾਂ `ਤੇ ਕੀਤੀ ਜਾਂਦੀ ਹੈ ਜਿੱਥੇ ਮੀਂਹ ਕਣੀ ਦਾ ਡਰ ਨਾ ਹੋਵੇ। ਸਭ ਤੋਂ ਪਹਿਲਾ ਮੱਟੀਆਂ ਦਾ ਥੱਲਾ ਪਾਇਆ ਜਾਂਦਾ ਹੈ। ਥੱਲੇ ਹੇਠ ਥੋੜ੍ਹੀ ਜਿਹੀ ਤੂੜੀ ਖਿਲਾਰ ਲਈ ਜਾਂਦੀ ਹੈ ਤਾਂ ਥੱਲੇ ਨੂੰ ਜ਼ਮੀਨ ਤੋਂ ਆਸਾਨੀ ਨਾਲ ਛੁਡਵਾਇਆ ਜਾਵੇ। ਥੱਲੇ ਉੱਤੇ ਵਰਗਾਕਾਰ ਰੂਪ/ਸ਼ਕਲ ਵਿੱਚ ਮੱਟੀਆ ਦੀ ਉਤਾਂਹ ਵੱਲ ਨੂੰ ਉਸਾਰੀ ਕੀਤੀ ਜਾਂਦੀ ਹੇ। 3-4 ਫੁੱਟ ਤੱਕ ਪਹੁੰਚ ਕੇ ਮੱਟੀਆਂ ਦੇ ਮੂੰਹ ਬਣਾਏ ਜਾਂਦੇ ਹਨ। ਇਨ੍ਹਾਂ ਦੇ ਮੂੰਹ 3-4 ਇੰਚ ਅਰਧ ਵਿਆਸ ਵਾਲੇ ਚੱਕਰੀ ਰੂਪ ਹੁੰਦੇ ਹਨ। ਇਨ੍ਹਾਂ ਦੇ ਮੂੰਹਾਂ ਉੱਤੇ ਚਾਟੀ, ਘੜੇ ਜਾਂ ਦਧੂਨੇ ਦਾ ਉਪਰਲਾ ਹਿੱਸਾ ਤੋੜ ਕੇ ਲਾਇਆ ਜਾਂਦਾ ਹੈ। ਪੂਰੀ ਸਿਰਜਣਾ ਤੋਂ ਬਾਅਦ ਇਨ੍ਹਾਂ ਨੂੰ ਨਮੀ ਰਹਿਤ ਕੀਤਾ ਜਾਂਦਾ ਹੇ। ਫਿਰ ਇਸ ਉੱਤੇ ਗੋਲੂ ਫੇਰਿਆਂ ਜਾਂਦਾ ਹੈ ਤੇ ਕਈ ਪ੍ਰਕਾਰ ਦੀ ਡਿਜ਼ਾਇਨਿੰਗ ਵੇਲ ਬੂਟੀਆਂ ਪਾ ਕੇ ਕੀਤੀ ਜਾਂਦੀ ਹੈ। ਪਰ ਅੱਜ ਇਹ ਲੋਕ-ਕਲਾ ਸਾਡੀਆਂ ਸੁਆਣੀਆਂ ਦੇ ਮਨੋਂ ਵਿਸਰਦੀ ਜਾ ਰਹੀ ਹੈ। ਉਹ ਘਰੇਲੂ ਵਰਤੋਂ ਲਈ ਮੱਟੀਆ ਬਣਾਉਣ ਦੀ ਕਲਾ ਤੋਂ ਬਿਲਕੁਲ ਅਣਜਾਣ ਹੋ ਰਹੀਆਂ ਹਨ।

**ਭੜੋਲੇ ਬਣਾਉਣਾ**

ਪੁਰਾਣੇ ਸਮਿਆਂ ਵਿੱਚ ਅਨਾਜ ਦੀ ਸੰਭਾਲ ਲਈ ਭੜੋਲੇ ਵਰਤੇ ਜਾਂਦੇ ਸਨ। ਉਸ ਸਮੇਂ ਅੱਜ ਦੇ ਸਮੇਂ ਵਾਂਗ ਵੱਖ-ਵੱਖ ਧਾਤਾਂ ਦੇ ਬਣੇ ਹੋਏ ਡਰੰਮ ਨਹੀਂ ਸਨ ਮਿਲਦੇ। ਲੋਕ ਆਪਣੀ ਕਲਾ ਕ੍ਰਿਤੀ ਦੇ ਅਨੁਸਾਰ ਹੀ ਅਨਾਜ ਦੀ ਸੰਭਾਲ ਲਈ ਭੜੋਲੇ ਬਣਾ ਲੈਂਦੇ ਸਨ। ਭੜੋਲਾ ਬਣਾਓਣਾ ਲਈ ਚੀਕਣੀ ਮਿੱਟੀ ਲਈ ਜਾਂਦੀ ਹੈ ਤੇ ਮਿੱਟੀ ਨੂੰ ਖੂਬ ਗਿੱਲਾ ਕੀਤਾ ਜਾਂਦਾ ਹੈ।ਗਿੱਲੀ ਮਿੱਟੀ ਵਿੱਚ ਤੂੜੀ ਪਾਈ ਜਾਂਦੀ ਹੈ। ਇਸ ਨੂੰ ਬਾਅਦ ਵਿੱਚ ਘਾਣੀ ਕੀਤਾ ਜਾਂਦਾ ਹੈ। ਘਾਣੀ ਕੀਤੀ ਮਿੱਟੀ ਭੜੋਲਾ ਬਣਾਉਣ ਲਈ ਵਰਤੀ ਜਾਂਦੀ ਹੈ।ਭੜੋਲਾ ਬਣਾਉਣ ਲਈ ਸਭ ਤੋਂ ਪਹਿਲਾ ਇਸ ਦਾ ਥੱਲਾ ਰੱਖਿਆ ਜਾਂਦਾ ਹੈ। ਥੱਲੇ ਵਾਲੀ ਜਗ੍ਹਾਂ ਸਮਤਲ ਰੱਖੀ ਜਾਂਦੀ ਹੈ। ਇਸ ਜਗ੍ਹਾਂ ਤੇ ਥੋੜ੍ਹੀ ਜਿਹੀ ਤੂੜੀ ਖਿਲਾਰੀ ਜਾਂਦੀ ਹੈ, ਤਾਂ ਜੋ ਭੜੋਲਾ ਜ਼ਮੀਨ ਨਾਲ ਨਾ ਚਿੰਬੜੇ। ਭੜੋਲੇ ਦੇ ਘੇਰੇ ਦੀ ਚੌੜਾਈ ਅਨਾਜ ਦੀ ਸਮੱਰਥਾ ਤੇ ਆਪਣੀ ਮਰਜ਼ੀ ਮੁਤਾਬਿਕ ਰੱਖਿਆ ਜਾਂਦਾ ਹੈ। ਭੜੋਲੇ ਦੀ ਪਰਤ ਦੀ ਮੋਟਾਈ ਇੱਕ-ਡੇਢ ਇੰਚ ਰੱਖੀ ਜਾਂਦੀ ਹੈ, ਤਾਂ ਜੋ ਇਸ ਵਿੱਚ ਆਸਾਨੀ ਨਾਲ ਸਿੱਲ ਨਾ ਜਾ ਸਕੇ। ਇਸ ਦੀ ਉਸਾਰੀ ਹਰ ਰੋਜ਼ ਥ'ੜੀ-ਥੋੜੀ ਕੀਤੀ ਜਾਂਦੀ ਹੈ ਤੇ ਤਿੱਖੀ ਧੁੱਪ ਵਿੱਚ ਸੁਕਾਇਆ ਜਾਂਦਾ ਹੈ।ਇਸ ਵਿੱਚ ਇੱਕ ਛੇਕ ਉਪਰਲੇ ਤੱਲ `ਤੇ ਦੋ-ਢਾਈ ਇੰਚ ਅਰਧ ਵਿਆਸ ਦਾ ਤੇ ਹੇਠਲੇ ਤੱਲ ਤੋਂ 4-5 ਇੰਚ ਉੱਪਰ ਇੱਕ

ਇੱਕ ਛੇਕ ਡੇਢ-ਦੋ ਇੰਚ ਅਰਧ ਵਿਆਸ ਦਾ ਰੱਖਿਆ ਜਾਂਦਾ ਹੈ ਇਸ ਉੱਤੇ ਗੋਲੂ ਫੇਰਿਆ ਜਾਂਦਾ ਤੇ ਕਈ ਪ੍ਰਕਾਰ ਦੇ ਬੂਟੇ ਪਾਏ ਜਾਂਦੇ ਹਨ। ਪਰ ਅੱਜ ਇਸ ਦੀ ਸਾਡੇ ਘਰਾਂ ਵਿੱਚੋਂ ਅਣਹੋਂਦ ਸਪਸ਼ਟ ਨਜਰ ਆਉਂਦੀ ਹੈ।ਭੜੋਲੇ ਸਾਡੀਆਂ ਜਰੂਰਤਾਂ ਨੂੰ ਪੂਰੀਆ ਕਰਦੇ ਸਨ। ਸਾਡੇ ਸਮੁੱਚੇ ਪੰਜਾਬੀ ਜਗਤ ਵਿਚੋਂ ਇਹ ਲੋਕ-ਕਲਾ ਵਿਸਰ ਚੁੱਕੀ ਹੈ। ਭੜੋਲੇ ਦੀ ਥਾਂ ਅੱਜ ਕਈ ਪ੍ਰਕਾਰ ਦੇ ਧਾਤਾਂ ਦੇ ਡਰੰਮਾਂ ਨੇ ਲੈ ਲਈ ਹੈ।

**ਫੁਲਕਾਰੀ**

ਫੁਲਕਾਰੀ ਪੰਜਾਬੀ ਦੀ ਸ਼ਿਲਪ ਕਲਾ ਦਾ ਉੱਤਮ ਨਮੂਨਾ ਹੈ। ਫੁਲਕਾਰੀ ਦੇ ਪੈਟਰਨ ਤੇ ਡਿਜ਼ਾਇਨ ਹੋਰ ਕਸੀਦਾਕਾਰੀ ਲਈ ਵੀ ਅਪਣਾਏ ਗਏ ਹਨ। ਫੁਲਕਾਰੀ ਸ਼ਬਦ ਹਰ ਤਰ੍ਹਾਂ ਦੀ ਕਸੀਦਾਕਾਰੀ ਲਈ ਵਰਤਿਆ ਜਾਂਦਾ ਹੈ। ਇਸ ਸ਼ਬਦ ਦੇ ਅਰਥ ਹਨ -ਫੁੱਲ ਕੱਢਣੇ

ਵਿੱਚ ਦਰਵਾਜ਼ੇ ਦੇ ਕੋਈ ਫੁੱਲ ਕੱਢਦਾ ਫੁਲਕਾਰੀ।

ਮਿੱਤਰਾਂ ਦੇ ਪਿੰਡ ਜਾਣ ਦੀ ਕੋਈ,ਕਰਦਾ ਏ ਭੌਰ ਤਿਆਰੀ।[7]

ਫੁਲਕਾਰੀ ਦੀਆਂ ਅੱਗੇ ਕਈ ਕਿਸਮਾਂ ਹਨ ਜਿਵੇਂ ਤਿਲ -ਪਤਰਾਂ,ਚੌਪ,ਸੱਬਰ, ਬਾਗ ਫੁਲਕਾਰੀ ਨਿਕਲ ਤੇ ਛਮਾਸ ਆਦਿ। ਪੰਜਾਬੀ ਚਰਿੱਤਰ ਤੇ ਭਾਵਨਾ ਇਸ ਦੀ ਨੁਹਾਰ,ਅਕਾਰ,ਰੰਗ ਤੇ ਸੁਹਜ ਵਿੱਚ ਸਮਾਈ ਹੋਈ ਹੈ।

**ਫੁਲਕਾਰੀ ਦਾ ਅੰਤ**

ਉਨੀਵੀਂ ਸਦੀ ਦੇ ਅੱਧ ਵਿੱਚ ਅੰਗਰੇਜ਼ ਪੰਜਾਬ ਵਿੱਚ ਆਏ। ਉਨੀਵੀਂ ਸਦੀ ਦੇ ਅੰਤ ਤੱਕ ਪੰਜਾਬ ਨੇ ਅੰਗਰੇਜ਼ਾਂ ਦਾ ਪ੍ਰਭਾਵ ਕਬੂਲਣਾ ਸ਼ੁਰੂ ਕਰ ਦਿੱਤਾ। ਪੰਜਾਬ ਵਿੱਚ ਰੀਤੀ ਰਿਵਾਜ ਬਦਲਣ ਲਗੇ।ਇਸੇ ਤਰ੍ਹਾਂ ਬਾਹਰੀ ਕਪੜੇ ਨੇ ਖਾਦੀ ਦਾ ਰਿਵਾਜ ਵੀ ਘੱਟ ਕਰ ਦਿੱਤਾ। ਸਨਅਤਾਂ ਦੇ ਲੱਗਣ ਨਾਲ ਵਧੀਆ ਮਹੀਨ ਕੱਪੜਾ ਚਾਲੂ ਹੋਇਆ। ਦੇਸ਼ ਦੀ ਵੰਡ ਨੇ ਫੁਲਕਾਰੀ ਦੇ ਉਸਰੇ ਕੇਂਦਰ ਤਬਾਹ ਕਰ ਦਿੱਤੇ। ਇਸ ਤਰ੍ਹਾਂ ਸਮੁੱਚਾ ਪੰਜਾਬੀ ਭਾਈਚਾਰਾ ਉਥੱਲ-ਪੁੱਥਲ ਦੇ ਦੌਰ ਵਿਚੋ ਲੰਘਿਆ। ਇਸ ਸਭਿਆਚਾਰ ਉਥੱਲ-ਪੁੱਥਲ ਸਦਕਾ,ਦੂਸਰਾ ਮਸ਼ੀਨੀ ਯੁਗ ਦੀ ਸ਼ੁਰੂਆਤ ਹੋਣ ਸਦਕਾ ਹੱਥ ਨਾਲ ਕਸੀਦਾਕਾਰੀ ਦਾ ਰਿਵਾਜ ਘੱਟਦਾ ਗਿਆ। ਅਜ ਸ਼ਾਇਦ ਹੀ ਕੋਈ ਫੁਲਕਾਰੀ ਕਢਦਾ ਹੋਵੇ।[8]

ਹਵਾਲੇ


1. *Ernst fischer,the necessity of art .pp. 35–.36*
2. *ਨਾਹਰ ਸਿੰਘ. ਪੰਜਾਬੀ ਲੋਕ ਨਾਚ,ਸਭਿਆਚਾਰ ਦੀ ਭੂਮਿਕਾ ਤੇ ਸਾਰਥਿਕਤਾ. p. 114*
3. *ਵਣਜਾਰਾ ਬੇਦੀ. ਪੰਜਾਬ ਦੀ ਲੋਕਧਾਰਾ. p. 117*
4. *ਭੁਪਿੰਦਰ ਬੇਦੀ. ਪੰਜਾਬੀ ਦੀ ਲੋਕਧਾਰਾ .ਨੈਸ਼ਨਲ ਬੁੱਕ ਟਰੱਸਟ ਇੰਡੀਆ :ਨਵੀਂ ਦਿੱਲੀ .p. .214*
5. *ਭੁਪਿੰਦਰ ਸਿੰਘ ਖਹਿਰਾ .(1986) ਲੋਕਧਾਰਾ ਭਾਸ਼ਾ ਅਤੇ ਸਭਿਆਚਾਰਪੈਪਸੂ ਬੁੱਕ ਡਿਪੂ :ਪਟਿਆਲਾ . .ਬੁੱਕਸ ਮਾਰਕੀਟ p. .115*

6. *ਭੁਪਿੰਦਰ ਸਿੰਘ ਖਹਿਰਾ .(1986) ਲੋਕਧਾਰਾ ਭਾਸ਼ਾ ਅਤੇ ਸਭਿਆਚਾਰਪੈਪਸੂ ਬੁੱਕ ਡਿਪੂ :ਪਟਿਆਲਾ . .ਬੁੱਕਸ ਮਾਰਕੀਟ p. .115*
7. *ਸਹਿੰਦਰ ਸਿੰਘ ਬੇਦੀ. ਪੰਜਾਬੀ ਦੀ ਲੋਕਧਾਰਾ.ਨੈਸ਼ਨਲ ਬੁੱਕ ਟਰੱਸਟ ਇੰਡੀਆ :ਨਵੀਂ ਦਿੱਲੀ .*
8. *ਭੁਪਿੰਦਰ ਸਿੰਘ ਖਹਿਰਾ .(1986) ਲੋਕਧਾਰਾ ਭਾਸ਼ਾ ਅਤੇ ਸਭਿਆਚਾਰ ਬੁੱਕ ਡਿਪੂ ਪੈਪਸੂ :ਪਟਿਆਲਾ . .ਬੁੱਕਸ ਮਾਰਕੀਟ p.114*

ਲੋਕ-ਗੀਤ, ਲੋਕ-ਮਨਾਂ ਦੇ ਅਜਿਹੇ ਸੁੱਚੇ ਪ੍ਰਗਟਾਵੇ ਹਨ, ਜੋ ਸੁੱਤ-ਸਿੱਧ ਲੋਕ ਹਿਰਦਿਆਂ ਵਿੱਚੋਂ ਝਰਨਿਆਂ ਦੀ ਤਰਾਂ ਝਰਕੇ, ਲੋਕ ਚੇਤਿਆਂ ਦਾ ਅੰਗ ਬਣਦੇ ਹੋਏ ਪੀੜੀ-ਦਰ-ਪੀੜੀ ਅਗੇਰੇ ਪਹੁੰਚਦੇ ਹਨ। ਇਹ ਕਿਸੇ ਕੌਮ ਦਾ ਅਣਵੰਡਿਆ ਕੀਮਤੀ ਸਰਮਾਇਆ ਹੁੰਦੇ ਹਨ। ਕਿਸੇ ਬੋਲੀ ਦੇ ਸਾਹਿਤ ਦੀ ਇਹ ਅਜਿਹੀ ਪਲੇਠੀ ਕਿਰਤ ਹੁੰਦੇ ਹਨ ਜਿਨ੍ਹਾਂ ਵਿੱਚ ਲੋਕਾਂ ਦੇ ਅਵਚੇਤਨ ਮਨ ਦੀਆਂ ਆਪ-ਮੁਹਾਰੀਆ ਛੱਲਾਂ ਲੈ-ਬੱਧ ਰੂਪ ਧਾਰਦੀਆਂ ਰਹਿੰਦੀਆਂ ਹਨ। ਇਹ ਕੌਮਾਂ ਦੇ ਹਿਰਦਿਆਂ ਅੰਦਰ ਸਾਂਝ ਤੇ ਅੱਪਣਤ ਦੀ ਵਗਦੀ ਸਾਂਝੀ ਰੌਂ ਨੂੰ ਪੁਨਰ ਸਰਜੀਤ ਕਰਨ ਤੇ ਲੋਕਾਂ ਨੂੰ ਸਾਂਝੀ - ਸੱਭਿਆਚਾਰਿਕ ਕੜੀ ਤੇ ਭਾਵਕ ਏਕਤਾ ਵਿੱਚ ਬੰਨ੍ਹੀ ਰੱਖਣ ਦਾ ਸਾਰਥਕ ਰੋਲ ਦਾ ਕਰਦੇ ਹਨ। ਮਨੁੱਖੀ ਸੱਭਿਆਚਾਰ ਨਾਲ ਇਹਨਾਂ ਦਾ ਰਿਸ਼ਤਾ ਬੜਾ ਕਦੀਮੀ ਹੈ। ਸੱਭਿਆਚਾਰ ਦੀ ਸਾਂਝੀ ਸੋਚ, ਸਾਂਝੇ ਵਲਵਲਿਆਂ ਤੇ ਪਰੰਪਰਾਗਤ ਰਹਿਣੀ -ਬਹਿਣੀ ਦੇ ਅਨੇਕਾਂ ਸਜੀਵ ਚਿੱਤਰ ਇਹਨਾਂ ਵਿੱਚੋਂ ਝਲਕਾਂ ਮਾਰਦੇ ਹਨ। ਮਨੁੱਖੀ ਸੱਭਿਆਚਾਰ ਅਤੇ ਮਾਨਵੀ ਹਿਰਦਿਆਂ ਦੇ ਇਹ ਇਤਨਾ ਕਰੀਬ ਹਨ ਕਿ ਵਸ਼ਿਸ਼ਟ ਸਾਹਿਤ, ਜਿਨ੍ਹਾਂ ਵਿਸ਼ਿਆ ਨੂੰ ਕਈ ਵਾਰ ਆਪਣੀ ਪਕੜ ਵਿੱਚ ਨਹੀਂ ਲਿਆ ਸਕਦਾ, ਉਹਨਾਂ ਨੂੰ ਵੀ ਇਹਨਾਂ ਲੋਕ ਗੀਤਾ ਵਿੱਚ ਜ਼ਬਾਨ ਮਿਲ ਜਾਂਦੀ ਹੈ।

ਲੋਕ-ਗੀਤ ਲੋਕ-ਸੱਭਿਆਚਾਰ ਦਾ ਹੀ ਪ੍ਰਕਾਸ਼ ਹਨ। ਕਿਸੇ ਸੱਭਿਆਚਾਰ ਦੀ ਜਿਤਨੀ ਬਹੁਰੰਗੀ ਤੇ ਵੰਨ-ਸੁਵੰਨੀ ਝਾਂਕੀ ਲੋਕ-ਗੀਤਾਂ ਵਿੱਚ ਵੇਖਣ ਨੂੰ ਮਿਲਦੀ ਹੈ, ਉਹ ਸਾਹਿਤ ਦੇ ਕਿਸੇ ਵੀ ਹੋਰ ਸਾਹਿਤ-ਰੂਪ ਵਿੱਚ ਆਪਣਾ ਪ੍ਰਗਟਾਉ ਨਹੀਂ ਲੱਭ ਸਕਦੀ। ਲੋਕ-ਸੱਭਿਆਚਾਰ ਨਾਲ ਇਸ ਪ੍ਰਕਾਰ ਦੀ ਨਿਕਟੀ ਸਾਂਝ ਦਾ ਸਦਕਾ ਹੀ ਲੋਕ-ਗੀਤਾਂ ਦੀ ਫੁੱਲਕਾਰੀ ਦਾ ਇੱਕ-ਇੱਕ ਧਾਗਾ ਸੱਭਿਆਚਾਰਿਕ ਕਦਰਾਂ-ਕੀਮਤਾਂ ਤੇ ਰਸਮਾ ਨਾਲ ਪਰੁੱਤਿਆ ਪਿਆ ਹੈ। ਇਨਸਾਨ ਦੇ ਜੰਮਣ ਤੋਂ ਲੈ ਕੇ ਮਰਨ ਤੱਕ ਸ਼ਾਇਦ ਹੀ ਸਾਡੀ ਰਹਿਣੀ-ਬਹਿਣੀ ਦਾ ਕੋਈ ਅਜਿਹਾ ਮੌਕਾ ਹੋਵੇ ਜਿਸ ਸੰਬੰਧੀ ਲੋਕ-ਗੀਤ ਆਪਣਾ ਸਾਥ ਨਾ ਪਾਲਦੇ ਹੋਣ। ਖ਼ੁਸ਼ੀ-ਗ਼ਮੀ, ਜੰਮਣ-ਮਰਨ, ਮੇਲ-ਵਿਛੋੜੇ, ਰੁੱਤਾਂ-ਥਿੱਤਾਂ, ਦਿਨਾ-ਦਿਹਾਰਾਂ, ਰੀਤੀ-ਰਿਵਾਜਾਂ ਤੇ ਹੋਰ ਸਮਜਿਕ ਕਾਰਾਂ-ਵਿਹਾਰਾਂ ਵਿੱਚ ਲੋਕ ਗੀਤ ਮਨੁੱਖ ਦੇ ਅੰਗ-ਸੰਗ ਰਹਿੰਦੇ ਹਨ। ਇਸ ਕਰਕੇ ਹੀ ਇਹਨਾਂ ਨੂੰ ਲੋਕ -ਸੱਭਿਆਚਾਰ ਦਾ ਜਖ਼ੀਰਾ ਮੰਨਿਆ ਜਾਂਦਾ ਹੈ।

ਇਤਹਾਸਿਕ ਤੌਰ ਤੇ ਲੋਕ-ਗੀਤਾਂ ਦੀ ਸਿਰਜਣਾ, ਉਦੋਂ ਤੋਂ ਆਰੰਭ ਹੋਈ ਜਦੋਂ ਮਨੁੱਖ ਨੇ 'ਭਾਸ਼ਾ ਬੋਲਦੇ' ਸਮਾਜ ਵਿੱਚ ਰਿਸ਼ਤੇ-ਨਾਤਿਆਂ ਦੇ ਸੰਸਾਰ ਵਿੱਚ ਰਹਿਣ-ਸਹਿਣ ਸ਼ੁਰੂ ਕੀਤਾ। ਮੁੱਢਲੇ ਸਮੇਂ ਵਿੱਚ ਇਹ ਨਾਚ ਅਤੇ ਸੰਗੀਤ ਵਰਗੀਆਂ ਕਲਾਵਾਂ ਨਾਲ ਸਾਂਝੇ ਰੂਪ ਵਿੱਚ ਹੋਂਦ ਵਿੱਚ ਆਏ। ਮਨੱਖੀ ਕਿਰਤ ਦੇ ਹੁੰਗਾਰਿਆ ਵਜੋਂ ਇਹ ਮਨੁੱਖ ਦੇ ਦੁੱਖ-ਸੁੱਖ, ਤੰਗੀਆ-ਤੁਰਸ਼ੀਆ, ਰੀਝਾਂ, ਵਲਵਲਿਆਂ, ਮੇਲੇ-ਵਿਛੋੜਿਆਂ ਅਤੇ ਹਾਸਿਆਂ-ਰੋਸਿਆ ਦਾ ਸਭ ਤੋਂ ਪਹਿਲਾ ਪ੍ਰਗਟਾਉ ਮਾਧੀਅਮ ਬਣੇ, ਇਹਨਾਂ ਦੀ ਸਿਰਜਨਾ ਪਿੱਛੇ ਕਿਉਂਕਿ ਸਮੁੱਚੀ ਜਾਤੀ ਦਾ ਲੋਕ ਅਨੁਭਵ ਤੇ ਵਤੀਰਾ ਕਾਰਜਸ਼ੀਲ ਹੁੰਦਾ ਹੈ ਜਿਸ ਕਰਕੇ ਇਹ ਸਮੁੱਚੀ ਜਾਤੀ ਦੀ ਸਿਰਜਣਾ ਅਖਵਾਉਂਦੇ ਹਨ।

**ਇਹਨਾਂ ਦੀ ਸਿਰਜਨਾ ਦੇ ਸੰਬੰਧ ਵਿੱਚ ਇਹ ਆਮ ਭੁੱਲੇਖਾ ਹੈ ਕਿ ਲੋਕ-ਗੀਤਾਂ ਦੀ ਸਿਰਜਣਾ ਸ਼ਾਇਦ 'ਜਨ ਸਮੂਹ' ਜਾਂ 'ਲੋਕ' ਕਰਦਾ ਹੈ ਪਰ ਹਕੀਕਤ ਇਹ ਹੈ ਕਿ ਕੋਈ ਵੀ ਗੀਤ ਰਚਨਾ, ਲੋਕ ਸਮੂਹ ਨਹੀਂ ਰਚਦਾ ਸਗੋਂ ਹਰ ਲੋਕ ਗੀਤ ਸਿਰਜਣਾ ਵਿਅਕਤੀਗਤ ਕਿਰਤ ਹੁੰਦੀ ਹੈ। ਇਤਨਾ ਜ਼ਰੂਰ ਹੈ ਕਿ ਇਸ ਦੀ ਪ੍ਰਕਿਰਤੀ**

**ਗੁਮਨਾਮ ਹੁੰਦੀ ਹੈ ਤੇ ਇਸ ਦਾ ਸਿਰਜਨਹਾਰ -ਵਿਅਕਤੀ, ਸਮੂਹ ਜਾਂ ਜਾਤੀਗਤ ਭਾਵਾਂ, ਤਜਰਬਿਆਂ ਤੇ ਲੋਕ-ਮੁਹਾਵਰੇ ਦੀ ਤਰਜਮਾਨੀ ਕਰਨ ਕਰਕੇ ਹੌਲੀ-ਹੌਲੀ ਗੁਮਨਾਮ ਜਾਂ ਅਲੋਪ ਹੋ ਜਾਂਦਾ ਹੈ ਤੇ ਉਸ ਰਚਨਾ ਦੇ ਅੰਦਰੋਂ ਸਮੂਹ ਬੋਲਣ ਲੱਗ ਜਾਂਦਾ ਹੈ। ਮਿਸਾਲ ਵਜੋਂ ਨਿਮਨ-ਲਿਖਤ ਲੋਕ-ਗੀਤ ਵੇਖਣ ਯੋਗ ਹੈ।**

ਬਾਬਲ ਸਾਡਾ ਚਿੜੀਆਂ ਦਾ ਚੰਬਾ ਵੇ,

ਬਾਬਲ ਅਸਾਂ ਉਡ ਵੇ ਜਾਣਾ

ਸਾਡੀ ਲੰਮੀ ਉਡਾਰੀ ਵੇ,

ਬਾਬਲ ਕਿਹੜੇ ਦੇਸ ਜਾਣਾ,

…………

…………

ਬੇਸ਼ਕ ਇਹ ਗੀਤ ਕਿਸੇ ਵਿਅਕਤੀ ਵਿਸ਼ੇਸ਼ ਦੀ ਰਚਨਾ ਹੀ ਹੋਵੇ ਪਰ ਲੋਕ-ਭਾਵਾਂ ਦੀ ਤਰਜਮਾਨੀ ਕਰਨ ਤੇ ਲੋਕ-ਮੁਹਾਵਰੇ ਵਿੱਚ ਸੁਰ ਉਚਾਰਨ ਕਰਕੇ, ਸਮੇਂ ਦੇ ਪ੍ਰਵਾਹ ਨਾਲ ਇਸਦਾ ਕਰਤਾ ਹੌਲੀ-ਹੌਲੀ ਗੁਮਨਾਮ ਹੋ ਗਿਆ ਹੋਵੇਗਾ। ਅਸਲ ਵਿੱਚ ਲੋਕ-ਗੀਤਾਂ ਦੀ ਸਰਲਤਾ, ਸਾਦਗੀ ਠੇਠਤਾ ਤੇ ਲੋਕ-ਮੁਖਤਾ ਹੀ ਇਹਨਾਂ ਨੂੰ ਲੋਕ ਪ੍ਰਵਾਨਗੀ ਦੇ ਅਮਲ ਵਿੱਚੋਂ ਗੁਜ਼ਰ ਕੇ ਲੋਕ-ਸਮੂਹ ਦੀ ਰਚਨਾ ਦਾ ਦਰਜਾ ਦਿਵਾਂਦੀ ਹੈ। ਇਸੇ ਕਰਕੇ ਲੋਕ-ਗੀਤਾਂ ਦੇ ਨਾਮ ਹੇਠ ਆਧੁਨਿਕ ਸਮੇਂ ਵਿੱਚ ਪੱਤਰ-ਪੱਤਰਕਾਵਾਂ ਵਿੱਚ ਪ੍ਰਕਾਸ਼ਿਤ ਹੋਣ ਵਾਲੀਆਂ ਕਿਰਤਾਂ ਨੂੰ ਲੋਕ-ਕਾਵਿ ਕਹਿਣਾ ਬੜਾ ਅਲੋਕਾਰ ਪ੍ਰਤੀਤ ਹੁੰਦਾ ਹੈ ਕਿਉਂਕਿ ਇਹ ਰਚਨਾਵਾਂ ਲੋਕ ਪ੍ਰਵਾਨਗੀ, ਲੋਕ-ਮੁਹਾਵਰੇ ਤੇ ਲੋਕ-ਸਿਮਰਤੀਆਂ ਦੇ ਪ੍ਰਵਾਹ ਤੋਂ ਕੋਰੀਆਂ ਹੁੰਦੀਆਂ ਹਨ।

ਲੋਕ ਜੀਵਨ ਨਾਲ ਸੰਬਧਿਤ ਹੋਣ ਕਰਕੇ ਲੋਕ-ਗੀਤ ਆਪਣੇ ਵਿਸ਼ੇ-ਵਸਤੂ ਅਤੇ ਪ੍ਰਗਟਾਉ ਦੇ ਪੱਖ ਤੋਂ ਭਾਵੇਂ ਸਾਰੀ ਸਮਗਰੀ ਆਪਣੇ ਸੱਭਿਆਚਾਰਿਕ ਪਿਛੋਕੜ ਵਿੱਚੋਂ ਹਾਸਲ ਕਾਰਕੇ, ਆਪਣੇ ਅਤੀਤ ਨਾਲ ਜੁੜੇ ਰਹਿੰਦੇ ਹਨ ਪਰ ਇਹਨਾਂ ਵਿੱਚ ਨਿੱਤ ਨਵਿਆਂ ਵੇਰਵਿਆਂ ਨੂੰ ਗ੍ਰਹਿਣ ਕਰਨ ਦੀਆਂ ਸੰਭਾਵਨਾਵਾਂ ਮੌਜੂਦ ਰਹਿੰਦੀਆਂ ਹਨ। ਜੰਗਲ ਦੇ ਰੁੱਖ ਵਾਂਗ ਭਾਵੇਂ ਇਹਨਾਂ ਦੀਆਂ ਜੜ੍ਹਾਂ ਧਰਤੀ ਵਿੱਚ ਧਸੀਆਂ ਰਹਿੰਦੀਆਂ ਹਨ ਪਰ ਇਹਨਾਂ ਤੇ ਨਿੱਤ ਨਵੀਆਂ ਹਰੀਆਂ-ਕਚੂਰ ਕਰੂੰਬਲਾਂ, ਡਾਲੀਆਂ ਤੇ ਫੁੱਲ, ਫਲ ਖਿੜਦੇ ਰਹਿੰਦੇ ਹਨ।

ਲੋਕ-ਗੀਤਾਂ ਦੀ ਸਿਰਜਣਾ, ਇੱਕ ਪ੍ਰਕਾਰ ਦੀ ਸਹਿਜ ਸਿਰਜਣਾ ਹੈ। ਇਹ ਸਾਹਿਤ ਦੇ ਕਰੜੇ ਨਿਯਮਾਂ, ਪਰਾਪੇਗੰਡਿਆਂ, ਬਾਹਰੀ ਉਚੇਚ ਜਾਂ ਬਣਾਵਟੀਪਣ ਤੋਂ ਉਸੇ ਤਰਾਂ ਹੀ ਕੋਰੇ ਹੁੰਦੇ ਹਨ ਜਿਸ ਤਰ੍ਹਾਂ ਇਹਨਾਂ ਦੇ ਸਿਰਜਣਹਾਰੇ ਆਮ ਜਿੰਦਗੀ ਦੀ ਤੜਕ-ਭੜਕ ਤੇ ਵਿਖਾਵਿਆਂ ਤੋ ਬੇਲਾਗ ਹੁੰਦੇ ਹਨ। ਇਹ ਅੱਖਰ ਗਿਆਨ ਤੋਂ ਕੋਰੇ, ਸਾਦ-ਮੁਰਾਦੇ, ਨਿਰਛਲ ਲੋਕਾਂ ਦੇ ਸੁਤੇ-ਸਿਧ ਪ੍ਰਗਟਾਵੇ ਹਨ ਜਿਵੇਂ:

ਨਾ ਮੈਂ ਮੇਲਣੇ ਪੜ੍ਹੀ ਗੁਰਮੁਖੀ ,

ਨਾ ਬੈਠੀ ਸਾਂ ਡੇਰੇ,

ਨਿਤ ਨਵੀਆਂ ਮੈਂ ਜੋੜਾਂ ਬੋਲੀਆਂ,

ਬਹਿ ਕੇ ਮੋਟੇ ਨੇੜ੍ਹੇ।

ਗੀਤ ਅਗੰਮੀ ਨਿਕਲਣ ਅੰਦਰੋਂ,

ਵੱਸ ਨਹੀ ਕੁਝ ਮੇਰੇ।

ਮੇਲਣੇ ਨੱਚ ਲੈ ਨੀ,

ਦੇ ਕੇ ਸ਼ੌਕ ਦੇ ਗੇੜੇ।

ਪਰ ਲੋਕ-ਗੀਤ ਸਹਿਜ ਸਿਰਜਣਾ ਦੇ ਬਾਵਜੂਦ ਵੀ ਵਸ਼ਿਸ਼ਟ ਸਾਹਿਤ ਵਾਲੀ ਕਲਾ ਤੇ ਸੁਹਜ ਨਾਲ ਭਰਪੂਰ ਹੁੰਦੇ ਹਨ। ਇਹ ਤਾਂ ਸਗੋਂ ਮਨੁੱਖੀ ਸਿਰਜਣ-ਯੋਗਤਾ ਅਤੇ ਕਲਾਕਾਰੀ ਦਾ ਸਭ ਤੋਂ ਪਹਿਲਾ ਵਿਖਾਲਾ ਹਨ। ਵਿਅਕਤੀਗਤ ਸਾਹਿਤ ਦੇ ਮੁਕਾਬਲੇ ਤੇ ਇਹਨਾਂ ਦੇ ਸਾਦ ਮੁਰਾਦੀ ਕਲਾਤਮਿਕ ਪ੍ਰਤਿਭਾ ਦੇ ਬਾਵਜੂਦ ਵੀ ਸਾਡੇ ਸੱਭਿਆਚਾਰਿਕ ਵਰਤਾਰੇ ਤੇ ਨਿਤ ਗੁੰਮਦੀ ਗੁਆਚਦੀ ਸਾਡੀ ਰਹਿਤਲ ਤੇ ਕਲਾ ਦੇ ਸੁੱਚੇ ਮੋਤੀਆਂ ਨੂੰ ਜਿਸ ਕਦਰ ਸਾਂਭਿਆ ਹੈ ਉਸ ਕਰਕੇ ਇਹਨਾਂ ਦਾ ਮਹੱਤਵ ਵਸ਼ਿਸ਼ਟ ਸਾਹਿਤ ਨਾਲੋ ਵੀ ਵਧੇਰੇ ਹੈ। ਲੋਕ ਧਰਤੀ ਦੇ ਨੇੜੇ ਰਹਿਣ ਕਰਕੇ ਇਹਨਾਂ ਵਿੱਚੋਂ ਅਸੀਂ ਪੰਜਾਬ ਦੀ ਮਿੱਟੀ ਦੀ ਮਹਿਕ ਤੇ ਇੱਥੋਂ ਦੇ ਅਨਘੜ-ਸੁਹਜ ਨੂੰ ਪਛਾਣ ਸਕਦੇ ਹਾਂ।

ਪੰਜਾਬ ਦੀ ਭੂਗੋਲਿਕ ਖ਼ੂਬਸੂਰਤੀ ਤੇ ਇਤਿਹਾਸਿਕ ਜੁਗਗਰਦੀਆਂ ਦੇ ਪ੍ਰਵਾਹ ਨੇ ਪੰਜਾਬ ਦੇ ਜੰਮਿਆ-ਜਾਇਆਂ ਨੂੰ ਇਸ ਕਦਰ ਕਰੜੇ ਬਣਾ ਦਿੱਤਾ ਹੈ ਕਿ ਉਹ ਸਦਾ ਤਿਆਰ-ਬਰ-ਤਿਆਰ, ਮੌਤ ਨੂੰ ਟਿੱਚ ਜਾਨਣ ਵਾਲੇ, ਔਖੇ ਤੋਂ ਔਖੇ ਇਮਤਿਹਾਨ ਵਿੱਚੋਂ ਸਹਿਜ ਗੁਜ਼ਰਨ ਵਾਲੇ, ਸਾਹਸੀ ਤੇ ਉੱਦਮੀ ਬਣ ਗਏ। ਤਲਵਾਰਾਂ ਦੀਆਂ ਧਾਰਾਂ ਤੇ ਪਲਣ ਵਾਲੇ ਇਹਨਾਂ ਪੰਜਾਬੀਆਂ ਨੇ ਜਿਸ ਪ੍ਰਕਾਰ ਦੇ ਨਿਵੇਕਲੇ ਸੱਭਿਆਚਾਰ ਨੂੰ ਸਿਰਜਿਆ ਉਸ ਦੇ ਭਰਪੂਰ ਨਮੂਨੇ ਅਤੇ ਵੇਰਵੇ ਪੰਜਾਬੀ ਲੋਕ-ਗੀਤਾਂ ਵਿੱਚੋਂ ਸਾਖਿਆਤ ਹੁੰਦੇ ਹਨ।

ਪੰਜਾਬ ਦੇ ਵੱਖ-ਵੱਖ ਖਿੱਤਿਆਂ ਮਾਝੇ, ਮਾਲਵੇ, ਦੁਆਬੇ, ਪੁਆਧ, ਪੋਠੋਹਾਰ ਅਤੇ ਪਹਾੜੀ ਇਲਾਇਆਂ ਵਿੱਚੋਂ ਇਤਨੀ ਵੱਡੀ ਗਿਣਤੀ ਵਿੱਚ ਲੋਕ-ਗੀਤ ਮਿਲਦੇ ਹਨ ਕਿ ਇਹਨਾਂ ਦੇ ਕਈ ਸੰਗ੍ਰਹਿ ਸੰਕਲਿਤ ਕੀਤੇ ਜਾ ਸਕਦੇ ਹਨ। ਪੰਜਾਬ ਦੇ ਇਹਨਾਂ ਵੱਖ-ਵੱਖ ਖਿੱਤਿਆਂ ਵਿੱਚੋ ਮਿਲਣ ਵਾਲੇ ਵਧੇਰੇ ਗੀਤ, ਸਥਾਨਕ ਨਾਵਾਂ, ਥਾਵਾਂ, ਵੇਰਵਿਆਂ, ਹਵਾਲਿਆਂ ਅਤੇ ਭਾਸ਼ਾਈ ਅੰਤਰਾਂ ਦੇ ਬਾਵਜੂਦ ਇੱਕੋ ਸੁਭਾਅ ਅਤੇ ਤਾਸੀਰ ਵਾਲੇ ਹਨ। ਰੂਪਕ ਅਤੇ ਭਾਸ਼ਾਈ ਵੰਨਗੀਆਂ ਦੇ ਪੱਖ ਤੋਂ ਜ਼ਰੂਰ ਕਈ ਲੋਕ ਗੀਤ ਇੱਕ ਇਲਾਕੇ ਵਿਸ਼ੇਸ਼ ਵਿੱਚ ਹੀ ਗਾਏ ਜਾਂਦੇ ਹਨ। ਪਰ ਸਮੁੱਚੇ ਰੂਪ ਵਿੱਚ ਪੰਜਾਬੀ ਦੇ ਇਹਨਾਂ ਲੋਕ-ਗੀਤਾ ਵਿੱਚ ਪੰਜਾਬੀ ਸੱਭਿਆਚਾਰ ਦਾ ਇੱਕ ਸਮੱਰਗ ਰੂਪ ਅੰਕਿਤ ਹੋਇਆ ਮਿਲਦਾ ਹੈ। ਉਸ ਤਰਾਂ ਆਮ ਪ੍ਰਸਿੱਧ ਹੈ ਕਿ ਕਵੀਸ਼ਰੀ ਮਾਲਵੇ ਦੀ, ਗੌਣ ਮਾਝੇ ਦਾ, ਢੋਲ ਬਾਰ ਦੇ, ਮਾਹੀਆ ਪੋਠੋਹਾਰ ਦਾ, ਬੋਲੀਆਂ ਪੁਆਧ ਦੀਆ, ਜਿੰਦੂਆ ਪਹਾੜੀਆਂ ਦਾ, ਪਰ ਇੱਥੇ ਵੱਖ-ਵੱਖ ਖਿੱਤਿਆ ਦੇ ਵੱਖ-ਵੱਖ ਗੀਤਾਂ ਦਾ ਅਧਿਐਨ ਸੰਭਵ ਨਹੀਂ ਹੈ।

ਪੰਜਾਬੀ ਲੋਕ ਗੀਤ ਸਾਂਝੇ ਤੇ ਅਣਵੰਡੇ ਪੰਜਾਬ ਦੇ ਪੰਜਾਬੀਆਂ ਦਾ ਅਣਵੰਡਿਆ ਮੁੱਲਵਾਨ ਵਿਰਸਾ ਹੈ। ਵਿਸ਼ੇਸ਼ ਸੱਭਿਆਚਾਰਿਕ ਪ੍ਰਵਾਹ ਵਿੱਚੋਂ ਗੁਜ਼ਰਦੀ, ਵਿਗਸਦੀ, ਮੌਲਦੀ, ਪੰਜਾਬੀ ਮਾਨਸਿਕਤਾ ਨੇ ਸੁੱਤੇ-ਸਿਧ ਹੀ ਲੋਕ-ਗੀਤਾਂ ਦੀ

ਸਿਰਜਣਾ ਰਾਹੀਂ ਜੋ ਪ੍ਰਕਾਸ਼ ਪਰਾਪਤ ਕੀਤਾ ਹੈ ਉਸ ਤੋਂ ਪੰਜਾਬੀ ਸੱਭਿਆਚਾਰ ਦੀ ਇੱਕ ਬੜੀ ਰਾਂਗਲੀ ਤਸਵੀਰ ਵੇਖਣ ਨੂੰ ਮਿਲਦੀ ਹੈ। ਸਦਕੇ ਜਾਈਏ ਪੰਜਾਬੀ ਗੀਤਾਂ ਦੀਆਂ ਸਿਰਜਣਹਾਰ ਸੁਆਣੀਆਂ ਦੇ ਜਿਨ੍ਹਾਂ ਨੇ ਆਪਣੇ ਮਸਤਕਾਂ ਅੰਦਰ ਹਜ਼ਾਰਾ ਲੋਕ-ਗੀਤਾਂ ਨੂੰ ਸਾਂਭ ਕੇ ਪੰਜਾਬੀ ਸੱਭਿਆਚਾਰ ਦੀਆਂ ਉਹਨਾਂ ਕਦੀਮੀ ਰਵਾਇਤਾਂ ਨੂੰ ਪੁਨਰ-ਸੁਰਜੀਤ ਕਰ ਦਿੱਤਾ ਹੈ ਜੋ ਅੱਜ ਸਾਨੂੰ ਬਹੁਤ ਪਰਾਈਆਂ ਅਤੇ ਪੁਰਾਣੀਆਂ ਪ੍ਰਤੀਤ ਹੁੰਦੀਆਂ ਹਨ। ਪੰਜਾਬੀ ਲੋਕ-ਗੀਤਾਂ ਦੀ ਇੱਕ ਵਿਲੱਖਣਤਾ ਜੋ ਬੜੇ ਸਪੱਸ਼ਟ ਰੂਪ ਵਿੱਚ ਨਜ਼ਰੀ ਪੈਂਦੀ ਹੈ ਉਹ ਇਹ ਹੈ ਕਿ ਸਾਡੇ ਲੋਕ-ਗੀਤਾਂ ਦਾ ਵਧੇਰੇ ਹਿੱਸਾ ਸਾਡੀਆਂ ਸੁਆਣੀਆਂ ਦੇ ਹੋਠਾਂ ਅਤੇ ਚੇਤਿਆਂ ਰਾਹੀਂ ਸਾਡੇ ਤੱਕ ਪੁੱਜਾ ਹੈ। ਲੋਕ-ਗੀਤਾਂ ਦੇ ਇਹ ਭੰਡਾਰ ਜੋ ਸਾਡੀਆਂ ਸੁਆਣੀਆਂ ਨੇ ਭਰੇ ਹਨ ਇਹ ਵਧੇਰੇ ਪਰੰਪਰਾ-ਪਾਲਕ ਹਨ ਜੋ ਪੰਜਾਬੀ ਸੁਭਾਅ ਦੀ ਸਾਦਗੀ ਦੀ ਗਵਾਹੀ ਭਰਦੇ ਹਨ। ਸੋ ਇਹਨਾਂ ਲੋਕ-ਗੀਤਾਂ ਵਿੱਚ ਮਿਸ਼ਰੀ ਜਿਹੀ ਮਿਠਾਸ ਘੁਲੀ ਹੈ ਤੇ ਇਹਨਾਂ ਨੂੰ ਆਪਣੇ ਘਰਾਂ ਦੇ ਵਿਹੜਿਆਂ ਤੋ ਧਰਤੀ ਦੇ ਨੇੜੇ ਰਹਿਣ ਦਾ ਸ਼ੌਕ ਹੈ। ਮਰਦਾ ਵਲੋਂ ਬੜੇ ਘੱਟ ਗੀਤ ਰਚੇ ਗਏ ਹਨ ਤੇ ਜਿਹੜੇ ਰਚੇ ਵੀ ਗਏ ਹਨ ਉਹਨਾ ਦਾ ਸੁਭਾਅ ਪਰੰਪਰਾ-ਪਾਲਕ ਦੀ ਬਜਾਏ ਵਿਅਕਤੀਗਤ ਸੁਤੰਤਰਤਾ ਦੀ ਲੋਚਾ ਰੱਖਦਾ ਹੇ।

ਪੰਜਾਬ ਦੀਆਂ ਸੁਆਣੀਆਂ ਤੇ ਮਰਦਾ ਵਲੋਂ ਰਚੇ ਗਏ ਲੋਕ-ਗੀਤਾਂ ਦੀ ਵਿਸ਼ੇ ਪੱਖੋ ਵਰਗ ਵੰਡ ਇਸ ਤਰ੍ਹਾ ਕੀਤੀ ਜਾ ਸਕਦੀ ਹੈ ਸੂਰਮਗਤੀ ਦੇ ਗੀਤ, ਪਰੀਤ ਕਥਾਵਾਂ, ਰਾਜਨੀਤਿਕ, ਸਮਾਜਿਕ ਤੇ ਆਰਥਿਕ ਪੱਖ, ਸੰਸਕਾਰ, ਪੂਜਾ-ਪਾਠ, ਦਿਨ-ਦਿਹਾਰ,ਰੁੱਤਾਂ-ਥਿੱਤਾਂ, ਪੇਂਡੂ ਆਹਰ, ਪਿਆਰ-ਗੀਤ, ਵਿਛੋੜਾ, ਜਨਮ, ਵਿਆਹ, ਮਰਨ, ਪੇਕਾ ਘਰ, ਸਹੁਰਾ ਘਰ, ਹਾਰ-ਸ਼ਿੰਗਾਰ, ਰੁੱਖ, ਪੰਛੀ, ਫ਼ਸਲਾਂ, ਪਸੂ ਆਦਿ ਸੰਬੰਧੀ ਲੋਕ-ਗੀਤ। ਇਸੇ ਤਰਾਂ ਹੀ ਰੂਪਕ ਵੰਨਗੀਆਂ ਦੇ ਲਿਹਾਜ਼ ਨਾਲ ਲੋਕ-ਗੀਤਾਂ ਦੇ ਵੱਖ-ਵੱਖ ਰੂਪ: ਲੰਮੇ ਗੌਣ, ਸੁਹਾਗ, ਘੋੜੀਆਂ, ਸਿੱਠਣੀਆਂ, ਟੱਪਾ, ਬੋਲੀ, ਮਾਹੀਆ, ਢੋਲਾ, ਅਲਾਹੁਣੀ, ਵੈਣ(ਕੀਰਨਾ), ਛੰਦ ਪਰਾਗਾ, ਪੱਤਲ, ਥਾਲ, ਕਿੱਕਲੀ, ਹੇਅਰਾ, ਲੋਰੀਆਂ, ਮੰਗਲ -ਗੀਤ ਆਦਿ। ਅਸਲ ਵਿੱਚ ਪੰਜਾਬੀ ਲੋਕ-ਗੀਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਇਸ ਵਿੱਚ ਪੰਜਾਬ ਦੇ ਲੋਕ ਨਾਇਕਾਂ, ਪ੍ਰੀਤ- ਨਾਇਕਾਂ, ਦੇਵੀ-ਦੇਵਤਿਆਂ, ਸੰਸਕਾਰਾਂ (ਪੁੱਤਰ ਜਨਮ, ਤੇਰਵਾਂ, ਤੜਾਗੀ, ਧਮਾਣ, ਨਾਮਕਰਨ, ਜਨੇਊ, ਮੁੰਡਣ, ਕੁੜਮਾਈ, ਵਿਆਹ, ਵੱਟਣਾ ਖਾਰਾ, ਸਾਹੇ ਬੰਨ੍ਹਣਾ, ਸਿਠਣੀਆਂ, ਸੁਹਾਗ, ਲਾਵਾਂ, ਬੇਦੀ, ਡੋਲੀ, ਖੱਟ, ਪਾਣੀ ਵਾਰਨਾ, ਮੁਕਲਾਵਾ, ਵੈਣ, ਕੀਰਣੇ, ਵਰ੍ਹੇ-ਗੰਢ, ਵਰੀਣਾ) ਰੁੱਤਾਂ (ਬਸੰਤ, ਸਾਵੇ, ਤੀਆਂ, ਝੂਲੇ, ਪੀਘਾਂ, ਰੱਖੜੀ, ਸੰਗਰਾਂਦ, ਹੋਲੀ, ਵਿਸਾਖੀ ) ਰਾਮ ਨੌਮੀ, ਦੇਵੀਆਂ ਦੀਆਂ ਭੇਟਾਂ, ਭਜਨ, ਆਰਤੀਆਂ, ਜਾਗੋ, ਆਹਰ ਦੇ ਗੀਤ (ਕਣਕ ਕੱਟਣ, ਕੋਹਲੂ ਚੱਲਣ, ਚੱਕੀ ਪੀਸਣ, ਚਰਖਾ ਕੱਤਣ, ਪਾਈ ਭਰਨ ਆਦਿ)। ਪਿਆਰ ਗੀਤਾਂ ਵਿੱਚ ਮਾਹੀਆ, ਟੱਪੇ, ਬੋਲੀਆਂ, ਜਿਦੂੰਆ ਤੋਂ ਇਲਾਵਾ ਚਿੱਠੀ, ਢੋਲਾ, ਦੋਹੜੇ, ਕਾਫ਼ੀਆਂ, ਸੱਦਾ, ਝੋਕਾਂ, ਬਿਰਹੜੇ ਆਦਿ ਸ਼ਾਮਲ ਹਨ। ਲੋਕ-ਗੀਤਾਂ ਦੇ ਇਹਨਾਂ ਰੂਪਾ ਤੋਂ ਇਲਾਵਾਂ ਡਾ: ਕਰਨੈਲ ਸਿੰਘ ਥਿੰਦ ਨੇ ਪੇਸ਼ਾਵਾਰ ਜਾਤੀਆਂ ਦੇ ਲੋਕ-ਗੀਤਾਂ ਵਿੱਚ ਤੇਲੀ, ਆਜੜੀ, ਧੋਬੀ, ਸਪੇਰੇ, ਨਾਥ, ਮਿਰਾਸੀ, ਭੰਡ, ਸਿਕਲੀਗੀਰ, ਗੁੱਜਰ, ਘੁਮਿਆਰ, ਸਾਂਸੀ, ਓਡ ਆਦਿ ਦੇ ਲੋਕ-ਗੀਤਾਂ ਨੂੰ ਵੀ ਪੰਜਾਬੀ ਕਿਰਮਾਣੀ ਜੀਵਨ ਦੇ ਲੋਕ-ਗੀਤਾਂ ਵਿਚ ਸ਼ਾਮਲ ਕੀਤਾ ਹੈ।

ਪੰਜਾਬੀ ਲੋਕ-ਗੀਤਾਂ ਵਿੱਚ ਪੰਜਾਬੀਆਂ ਦੀ ਸੂਰਮਗਤੀ ਨੂੰ ਭਾਵੇਂ ਸਿੱਧਾ ਕਾਵਿ ਪ੍ਰਗਟਾਵਾ ਤਾਂ ਨਹੀਂ ਮਿਲਿਆ ਪਰ ਪੰਜਾਬੀਆਂ ਦੇ ਲੋਕ-ਮਨਾਂ ਵਿੱਚ ਵਸਦੇ ਲੋਕ-ਨਾਇਕਾਂ ਦੇ ਕਾਰਨਾਮਿਆਂ ਅਤੇ ਲੋਕ-ਪ੍ਰਵਾਨਗੀ ਦੇ ਅਨੇਕਾਂ ਵੇਰਵਿਆਂ ਨੂੰ

ਲੋਕ-ਗੀਤਕਾਰਾਂ ਨੇ ਸੁੱਤੇ-ਸਿਧ ਪਰਵਾਨ ਕਰ ਲਿਆ ਹੈ। ਲੋਕ-ਗੀਤਾਂ ਵਿੱਚ ਸਾਡੇ ਲੋਕ ਨਾਇਕਾਂ ਰਾਜਾ ਰਸਾਲੂ, ਦੁੱਲਾ ਭੱਟੀ, ਜੱਗਾ ਜੱਟ, ਸੁੱਚਾ ਸੂਰਮਾ, ਜਿਉਣਾ ਮੌੜ, ਭਗਤ ਸਿੰਘ ਆਦਿ ਦੀਆਂ ਜੀਵਨ-ਗਥਾਵਾਂ ਦੇ ਉਹਨਾਂ ਪੱਖਾਂ ਨੂੰ ਅਚੇਤ ਰੂਪ ਵਿੱਚ ਹੀ ਜ਼ਬਾਨ ਮਿਲ ਗਈ ਹੈ ਜਿਨ੍ਹਾਂ ਨੂੰ ਲੋਕ-ਮਨ ਨੇ ਆਪਣੇ ਹਿਰਦੇ ਨਾਲ ਲਾਇਆ ਹੈ। ਮਿਸਾਲ ਵਜੋਂ ਸਾਂਦਲ ਬਾਰ ਦੇ ਦੁੱਲੇ ਭੱਟੀ ਦੀ ਲੋਕ-ਪ੍ਰਸਿਧੀ ਬਾਰੇ ਨਿਮਨ-ਲਿਖਤ ਲੋਕ-ਗੀਤ ਤਾਂ ਸਮੁੱਚੇ ਪੰਜਾਬ ਵਿੱਚ ਅਮਰ ਹੋ ਗਿਆ ਹੈ:

ਸੁੰਦਰ ਮੁੰਦਰੀਏ ਹੋ

ਤੇਰਾ ਕੌਣ ਵਿਚਾਰਾ ਹੋ

ਦੁੱਲਾ ਭੱਟੀ ਵਾਲਾ ਹੋ

ਦੁੱਲੇ ਦੀ ਧੀ ਵਿਆਹੀ ਹੋ

ਸੇਰ ਸ਼ੱਕਰ ਆਈ ਹੋ

ਕੁੜੀ ਦੇ ਬੋਝੇ ਪਾਈ ਹੋ

ਕੁੜੀ ਦਾ ਲਾਲ ਪਟਾਕਾ ਹੋ

ਕੁੜੀ ਦਾ ਸਾਲੂ ਪਾਟਾ ਹੋ

ਸਾਲੂ ਕੌਣ ਸਮੇਟੇ ਹੋ

ਚਾਚਾ ਗਾਲੀ ਦੇਸੇ ਹੋ

ਚਾਚਾ ਚੂਰੀ ਕੁੱਟੀ ਹੋ

ਜਿੰਮੀਦਾਰਾਂ ਲੁੱਟੀ ਹੋ

ਜਿੰਮੀਦਾਰ ਸਦਾਏ ਹੋ

ਗਿਣ ਮਿਣ ਪੱਲੇ ਪਾਏ ਹੋ।

ਇਹਨਾਂ ਲੋਕ-ਗੀਤ ਪੰਕਤੀਆਂ ਵਿੱਚ ਦੁੱਲਾ ਭੱਟੀ ਦੀ ਕਥਾ ਦੇ ਵੇਰਵੇ ਬੇਸ਼ਕ ਤਰੁੱਟ ਗਏ ਹੋਣ ਪਰ ਇਸ ਤੋਂ ਇਹ ਜ਼ਰੂਰ ਪਤਾ ਚੱਲਦਾ ਹੈ ਕਿ ਦੁੱਲਾ ਭੱਟੀ ਮੁਗਲ ਸਲਤਨਤ ਦੇ ਖਿਲਾਫ਼ ਜੂਝਦੀ ਪੰਜਾਬੀਅਤ ਦਾ ਪਰਤੀਕ ਹੈ। ਇਸੇ ਤਰ੍ਹਾਂ ਪੰਜਾਬ ਦੇ ਹੋਰ ਲੋਕ ਨਾਇਕ ਰਾਜੇ ਰਸਾਲੂ ਨਾਲ ਸੰਬੰਧਿਤ ਅਨੇਕਾਂ ਲੋਕ-ਗੀਤ ਪੰਜਾਬ ਵਿੱਚ ਵਿਸ਼ੇਸ ਪ੍ਰਸਿੱਧੀ

ਪ੍ਰਾਪਤ ਕਰ ਗਏ ਹਨ। ਇਵੇਂ ਹੀ ਲੋਕ-ਗੀਤਾਂ ਵਿੱਚ ਕਿੱਧਰੇ 'ਛਵੀਆਂ' ਦੇ ਕੁੰਢ ਮੁੜ ਜਾਣ ਦੇ ਬਾਵਜੂਦ ਵੀ ਜਿਉਣਾ ਮੌੜ ਵੱਢਿਆਂ ਨਹੀ ਜਾਂਦਾ, ਕਿੱਧਰੇ ਸੁੱਚਾ ਸੂਰਮਾ ਡਾਕੇ ਮਾਰਦਾ ਹੈ, ਕਿੱਧਰੇ ਜੱਗੇ ਜੱਟ ਦੇ ਮਰ ਜਾਣ ਤੇ ਮਣਾ ਮਣ ਰੇਤ ਭਿੱਜਦੀ ਹੈ ਤੇ ਕਿੱਧਰੇ ਉਸਦੇ ਵਿਯੋਗ ਦਾ ਅਸਰ ਪਰਿੰਦਿਆਂ ਤੱਕ ਨੂੰ ਵੀ ਹੁੰਦਾ ਹੈ:

ਜਿਥੇ ਜੱਗਾ ਮਾਰਿਆ, ਉਥੇ ਰੋਣ ਤਿੱਤਰ ਤੇ ਮੋਰ,

ਮਹਿਲੀਂ ਰੋਦੀਆਂ ਰਾਣੀਆਂ, ਪਿਛਵਾੜੇ ਰੋਂਦੇ ਚੋਰ।

ਦੁਨੀਆਂ ਦੇ ਇਤਿਹਾਸ ਅੰਦਰ ਸ਼ਾਇਦ ਇਹ ਪੰਜਾਬੀ ਮਾਵਾਂ ਦੇ ਹੀ ਹਿੱਸੇ ਆਇਆ ਹੈ ਜੋ ਆਪਣੌ ਜੰਮੇ-ਜਾਇ ਪੁੱਤਰਾਂ ਦੇ ਹੌਕੇ-ਹੇਰਵਿਆਂ ਦੀ ਬਜਾਏ ਇਸ ਤਰ੍ਹਾਂ ਦੇ ਸਵਰ ਉਚਾਰਦੀਆਂ ਹਨ:

ਪਤਾ ਹੁੰਦਾ ਜੇ ਜੱਗੇ ਨੇ ਮਰ ਜਾਣਾ,

ਇੱਕ ਦੀ ਮੈਂ ਦੋ ਜਣਦੀ।

ਪੰਜਾਬੀਆਂ ਨੇ ਬਹਾਦਰੀ ਅਤੇ ਸੂਰਮਗਤੀ ਦੇ ਨਾਲ-ਨਾਲ ਪਿਆਰ ਦੇ ਖੇਤਰ ਵਿੱਚ ਵੀ ਸਾਡੇ ਪ੍ਰੀਤ-ਨਾਇਕਾਂ ਨਾਲ ਬੇਪਨਾਹ ਮੁੱਹਬਤ ਪਾਈ ਹੈ। ਪੰਜਾਬੀ ਲੋਕ-ਗੀਤਾਂ ਵਿੱਚ ਹੀਰ-ਰਾਂਝਾ, ਸੱਸੀ-ਪੁੰਨੂ, ਮਿਰਜਾ-ਸਾਹਿਬਾਂ, ਸੋਹਣੀ-ਮਹੀਂਵਾਲ ਆਦਿ ਪ੍ਰੀਤ ਕਥਾਵਾਂ ਨੂੰ ਵਿਸ਼ੇਸ਼ ਥਾਂ ਮਿਲੀ ਹੈ। ਕਈ ਵਾਰ ਤਾਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਪ੍ਰੀਤ-ਨਾਇਕ ਲੋਕ-ਗੀਤਾਂ ਥਾਣੀ ਲੰਘਕੇ ਹੀ ਸਾਡੀਆਂ ਕਿੱਸਾ-ਰਚਨਾਵਾਂ ਦਾ ਅੰਗ ਬਣ ਗਏ ਹਨ। ਗੱਲ ਕੀ ਸਾਡੀਆ ਲੋਕ-ਪਰਵਾਨਿਤ ਪਰੀਤ-ਕਥਾਵਾਂ ਪਹਿਲਾ ਲੋਕ ਹਿਰਦਿਆਂ ਵਿੱਚ ਲੋਕ ਗੀਤਾ ਰਾਹੀਂ ਹੀ ਪਰਵਾਨ ਚੜ੍ਹੀਆਂ ਤੇ ਸ਼ਾਇਦ ਇਹਨਾ ਗੀਤੋਂ ਨੇ ਹੀ ਵਿਅਕਤੀਗਤ ਕਿੱਸਾਕਾਰਾਂ ਨੂੰ ਪਰੀਤ ਕਥਾਵਾਂ, ਕਿੱਸਿਆ ਵਿੱਚ ਸਮੋਣ ਲਈ ਪਰੇਰਿਤ ਕੀਤਾ। ਪੰਜਾਬ ਕਿਉਕਿ ਸੂਰਮਿਆ ਅਤੇ ਆਸ਼ਕਾ ਦੀ ਧਰਤੀ ਹੈ ਤੇ ਇੱਥੋਂ ਦੇ ਲੋਕ-ਗੀਤ ਰਚਨਹਾਰਿਆ ਨੇ ਇਹਨਾਂ ਦੇ ਨਾਇਕਾ ਦੀ ਪਛਾਣ ਕਰਕੇ ਇਹਨਾਂ ਨੂੰ ਆਪਣੇ ਗੀਤਾਂ ਦਾ ਅੰਗ ਬਣਾ ਲਿਆ ਹੈ।

ਪੰਜਾਬੀ ਲੋਕ-ਗੀਤਾਂ ਦਾ ਇੱਕ ਵਡੇਰਾ ਭਾਗ ਜਨਮ ਤੋਂ ਲੈ ਕੇ ਮੌਤ ਤੱਕ ਦੀਆ ਅਨੇਕਾ ਘਟਨਾਵਾਂ ਨੂੰ ਉਹਨਾ ਦੇ ਸਮਾਜਿਕ ਪ੍ਰਸੰਗ ਵਿੱਚ ਪੇਸ਼ ਕਰਨ ਦੇ ਨਾਲ-ਨਾਲ ਪੰਜਾਬੀ ਭਾਈਚਾਰੇ ਦੇ ਸਚਿਆਰੇ ਜੀਵਨ ਤੇ ਸਾਕਾਦਰੀਆ ਦੇ ਮਿਲ ਵਰਤਣ ਦੀ ਬਹੁਰੰਗੀ ਝਲਕੀ ਪੇਸ਼ ਕਰਦਾ ਹੈ। ਇਹਨਾਂ ਵਿੱਚ ਜਿੱਥੇ ਸਮੂਹਿਕ ਭਾਈਚਾਰਕ ਜੀਵਨ ਦੀ ਝਾਕੀ ਪ੍ਰਸਤੁਤ ਹੁੰਦੀ ਹੈ ਉੱਥੇ ਪੱਜਾਬੀ ਰਹਿਤ-ਬਹਿਤ ਦੇ ਅਨੇਕਾ ਪੱਖਾ ਨੂੰ ਜ਼ੁਬਾਨ ਮਿਲਦੀ ਹੈ ਜਿਵੇਂ:

ਵੇ ਪਿੱਪਲਾ ਤੂ ਆਪ ਵੱਡਾ ਪਰਿਵਾਰ ਵੱਡਾ

ਪੱਤਿਆ ਨੇ ਛਹਿਬਰ ਲਾਈ,

ਵੇ ਡਾਇਆ ਤੋਂ ਬਾਝ ਤੈਨੂੰ ਸਰਦਾ ਨਾਹੀ।

ਪੱਤਿਆ ਨੇ ਛਹਿਬਰ ਲਾਈ।

ਜੇ ਬਾਬਲ ਤੂ ਆਪ ਵੱਡਾ ਪਰਿਵਾਰ ਵੱਡਾ

ਭਾਈਆ ਤੋ ਬਾਝ ਤੈਨੂੰ ਸਰਦਾ ਨਾਹੀਂ।

ਜੇ ਬਾਬਲ ਤੂ ਆਪ ਵੱਡਾ ਪਰਿਵਾਰ ਵੱਡਾ

ਚਾਚਿਆ ਤੋ ਬਾਝ ਤੈਨੂੰ ਸਰਦਾ ਨਾਹੀਂ।

ਜੇ ਬਾਬਲ ਤੂ ਆਪ ਵੱਡਾ ਪਰਿਵਾਰ ਵੱਡਾ

ਲਾਗੀਆ ਤੋ ਬਾਝ ਤੈਨੂੰ ਸਰਦਾ ਨਾਹੀਂ।

ਵੇ ਬਾਬਲ ਤੂ ਆਪ ਵੱਡਾ ਪਰਿਵਾਰ ਵੱਡਾ

ਪੱਤਿਆ ਤੋ ਬਾਝ ਤੈਨੂੰ ਸਰਦਾ ਨਾਹੀਂ।

ਇਸ ਲੋਕ-ਗੀਤ ਵਿੱਚ ਪੰਜਾਬ ਦੇ ਭਾਈਚਾਰਿਕ ਜੀਵਨ ਵਿੱਚਲੀ ਅਤੁੱਟ ਸਾਂਝ ਅਤੇ ਉਸ ਦੀ ਲੋੜ ਨੂੰ ਪਿੱਪਲ ਦੇ ਚਿੰਨ੍ਹ ਰਾਹੀਂ ਰੂਪਮਾਨ ਕਿਤਾ ਗਿਆ ਹੈ। ਪੰਜਾਬੀ ਸੱਭਿਆਚਾਰ ਵਿੱਚ ਸਾਂਝੀ ਰਹਿਣੀ ਅਤੇ ਸੰਯੁਕਤ ਪਰਿਵਾਰ ਦੀ ਖਾਸ ਲੋੜ ਮਹਿਸੂਸ ਕੀਤੀ ਜਾਂਦੀ ਹੈ।

ਕਿਰਸਾਣੀ ਸਮਾਜ ਵਿੱਚ ਵੀ ਵਰ-ਘਰ ਦੀ ਚੋਣ ਸਮੇਂ ਵੀ ਇਸ ਗੱਲ ਨੂੰ ਪਹਿਲ ਦਿੱਤੀ ਜਾਂਦੀ ਹੈ ਕਿ ਪਰਿਵਾਰ ਜਾ ਖਾਨਦਾਨ ਕਿਤਨਾ ਕੁ ਵੱਡਾ ਹੈ। ਪੰਜਾਬ ਦੇ ਸੁਹਾਗ ਗੀਤਾਂ ਵਿੱਚ ਅਨੇਕਾਂ ਥਾਈਂ ਅਜਿਹੇ ਪਰਿਵਾਰ ਦੀ ਕਲਪਨਾ ਕਿਤੀ ਗਈ ਹੈ :

ਦੇਈਂ ਵੇ ਬਾਬਲਾ ਉਸ ਘਰੇ ਜਿੱਥੇ ਸੱਸ ਭਲੀ, ਸਹੁਰਾ ਪ੍ਰਧਾਨ ਹੋਵੇ।

ਡਾਹ ਬਹਿੰਦੀ ਪੀੜ੍ਹਾ ਸਾਹਮਣੇ ਮੱਥੇ ਕਦੀ ਨਾ ਵੱਟ।

ਬਾਬਲ ਤੇਰਾ ਪੁੰਨ ਹੋਵੇ, ਤੇਰਾ ਹੋਵੇ ਵੱਡੜਾ ਜੱਸ ਬਾਬਲਾ।

ਦੇਵੀਂ ਵੇ ਬਾਬਲਾ ਉਸ ਘਰੇ ਜਿੱਥੇ ਸੱਸੂ ਦੇ ਬਾਹਲੜੇ ਪੁੱਤ,

ਇੱਕ ਮੰਗੀਏ ਇੱਕ ਵਿਆਹਰੀਏ ਵੇ ਮੈਂ ਸ਼ਾਦੀਆ ਵੇਖਾਂ ਨਿੱਤ।

ਦੇਈਂ ਵੇ ਬਾਬਲਾ ਉਸ ਘਰੇ ਜਿੱਥੇ ਬੂਰੀਆਂ ਹੋਵਣ ਸੱਠ,

ਇੱਕ ਰਿੜਕਾ ਇੱਕ ਜਮਾਵਾਂ, ਵੇ ਮੇਰਾ ਚਾਟੀਆਂ ਦੇ ਵਿੱਚ ਹੱਥ।

ਦੇਈਂ ਵੇ ਬਾਬਲਾ ਉਸ ਘਰੇ ਜਿੱਥੇ ਦਰਜ਼ੀ ਸੀਵੇ ਪੱਟ,

ਇੱਕ ਪਾਵਾਂ ਇੱਕ ਟੱਗਣੇ ਵੇ ਮੇਰਾ ਸੰਦੂਖਾਂ ਦੇ ਵਿੱਚ ਹੱਥ।

ਦੇਈਂ ਵੇ ਬਾਬਲਾ ਉਸ ਘਰੇ, ਜਿੱਥੇ ਘਾੜ ਘੜੇ ਸੁਨਿਆਰ,

ਇੱਕ ਪਾਵਾਂ ਇੱਕ ਲਾਹਵਾਂ, ਵੇ ਮੇਰਾ ਵਿੱਚ ਪਟਾਰੀਆ ਹੱਥ।

ਦਿਲਚਸਪ ਗੱਲ ਇਹ ਹੈ ਕਿ ਇਸ ਗੀਤ ਵਿੱਚ ਵਰ ਦਾ ਕਿੱਧਰੇ ਜ਼ਿਕਰ ਨਹੀਂ ਆਇਆ ਅਤੇ ਸਾਰਾ ਧਿਆਨ ਕੇਵਲ ਘਰ ਅਤੇ ਖਾਨਦਾਨ ਉੱਤੇ ਕੇਂਦ੍ਰਿਤ ਹੈ। ਲੋਕ-ਗੀਤ ਦੀ ਮੂਲ ਭਾਵਨਾ ਜਿੱਥੇ ਸਰਦੇ-ਪੁੱਜਦੇ ਰੱਜੇ-ਪੁੱਜੇ ਪਰਿਵਾਰ ਨਾਲ ਸੰਬੰਧਿਤ ਹੈ ਉੱਥੇ ਸੱਸੂ ਦੇ ਬਾਹਲੜੇ ਪੁੱਤਾ ਦੀ ਅਜਿਹੀ ਸਮਾਜਿਕ ਲੋੜ ਵੱਲ ਇਸ਼ਾਰਾ ਵੀ ਹੈ ਜੋ ਕਿ ਕਿਰਸਾਣੀ ਜੀਵਨ ਦੀ ਇੱਕ ਲੋੜ ਹੈ। ਇਹ ਸਾਰੀ ਦੀ ਸਾਰੀ ਲੋਕ-ਗੀਤ ਰਚਨਾ ਕਿਰਸਾਣੀ ਸਮਾਜ ਦੇ ਘਰੋਗੀ ਜੀਵਨ ਦੀਆਂ ਤਾਲਾਂ ਨਾਲ ਓਤਪੋਤ ਹੈ। ਇਸ ਤੋਂ ਇਲਾਵਾ ਸਾਡੇ ਲੋਕ-ਗੀਤਾਂ ਵਿੱਚੋਂ ਕਿਰਸਾਣੀ ਸਮਾਜ ਵਿੱਚ ਮਰਦ ਦੀ ਸਰਦਾਰੀ ਅਤੇ ਔਰਤ ਦੀ ਅਧੀਨਗੀ ਦੇ ਅਨੇਕਾਂ ਅਜਿਹੇ ਉਦਾਹਰਨ ਮਿਲਦੇ ਹਨ ਜਿਨ੍ਹਾਂ ਵਿੱਚੋਂ ਲੜਕੀ ਵਾਲੇ ਘਰ ਦੀ ਨਿਮਨ ਸਥਿਤੀ ਦੀ ਝਲਕ ਮਿਲਦੀ ਹੈ:

ਕੋਠਾ ਕਿਉਂ ਨਿਵਿਆਂ, ਧਰਮੀ ਕਿਉਂ ਨਿਵਿਆਂ,

ਇਸ ਕੋਠੇ ਦੀ ਛੱਤ ਪੁਰਾਣੀ, ਕੋਠਾ ਧਰਮੀ ਤਾਂ ਨਿਵਿਆਂ।

ਬਾਬਲ ਕਿਉਂ ਨਿਵਿਆਂ, ਧਰਮੀ ਕਿਉਂ ਨਿਵਿਆਂ,

ਇਸ ਬਾਬਲ ਦੀ ਕੰਨਿਆ ਕੁਆਰੀ, ਬਾਬਲ ਧਰਮੀ ਤਾਂ ਨਿਵਿਆਂ।

ਮਰਦ ਪ੍ਰਧਾਨ ਸਮਾਜ ਵਿੱਚ ਕੁੜੀ ਦਾ ਬਾਬਲ ਚਾਹੇ ਕਿੰਨਾ ਹੀ ਵੱਡਾ ਸਰਦਾਰ ਕਿਉਂ ਨਾ ਹੋਵੇ ਉਸਨੂੰ ਕੁੜਮਾਚਾਰੀ ਦੇ ਸਾਹਮਣੇ ਨਿਵਣਾ ਹੀ ਪੈਂਦਾ ਹੈ। ਇਹੀ ਕਾਰਨ ਹੈ ਕਿ ਪੰਜਾਬੀ ਸੱਭਿਆਚਾਰ ਵਿੱਚ ਪੁੱਤਰ ਅਤੇ ਧੀ ਦੇ ਜਨਮ ਨੂੰ ਵੱਖਰੀ-ਵੱਖਰੀ ਨਿਗਾਹ ਨਾਲ ਵੇਖਿਆ ਜਾਂਦਾ ਹੈ।

ਸਾਡੇ ਭਾਈਚਾਰੇ ਵਿੱਚ ਔਰਤਾਂ ਨੂੰ ਮਰਦ ਦੇ ਮੁਕਾਬਲੇ ਤੇ ਸਦਾ ਅਧੀਨਗੀ ਦੀ ਸਥਿਤੀ ਵਿੱਚ ਜਿਉਂਣਾ ਪੈਂਦਾ ਹੈ ਤੇ ਉਸਦੀ ਖੱਟੀ ਕਮਾਈ ਨੂੰ ਮਰਦਾਂ ਦੇ ਮੁਕਾਬਲੇ ਬੜਾ ਨਿਮਣ ਤੇ ਨਿਗੁਣਾ ਜਿਹਾ ਮੰਨਿਆ ਜਾਦਾ ਹੈ।

ਜੇਠ ਹਾੜ ਦੀਆਂ ਧੁੱਪਾਂ ਵੇ ਚੰਨਾ, ਏਥੇ ਪੈਣ ਬਲਾਈਂ,

ਵੇ ਲਾਲ ਦਮਾਂ ਦਿਆ ਲੋਭੀਆਂ, ਪ੍ਰਦੇਸ ਨਾ ਜਾਈਂ।

ਮੈ ਕੱਤੂਗੀ ਨਿੱਕੜਾ, ਤੂੰ ਬਹਿ ਕੇ ਖਾਈਂ,

ਨੀ ਲਾਜੋ ਨਾਰਾਂ ਦੀ ਖੱਟੀ ਵਿੱਚ ਕੋਈ ਬਰਕਤ ਨਾਹੀਂ,

ਨੀ ਗੋਰੀਏ, ਮਰਦਾ ਦੀ ਖੱਟੀ, ਚੂੜੇ ਛਣਕਨ ਬਾਹੀਂ।

ਇਹ ਗੀਤ ਜਿਸ ਸਮਾਜਿਕ ਮਨੋਸਥਿਤੀ ਦੀ ਉਪਜ ਹੈ ਉਸ ਵਿੱਚ ਔਰਤ ਦੀ ਖੱਟੀ ਕਮਾਈ ਨੂੰ ਕਿਸੇ ਨੌਂਗੇ ਵਿੱਚ ਨਹੀਂ ਗਿਣਿਆ ਜਾਂਦਾ ਤੇ ਸਾਰੀਆਂ ਬਰਕਤਾਂ ਮਰਦ ਦੀ ਬਦੌਲਤ ਹੀ ਮੰਨੀਆ ਗਈਆ ਹਨ। ਔਰਤ ਦੀ ਇਸ ਸਥਿਤੀ ਦੇ ਨਾਲ-ਨਾਲ ਕਿਰਸਾਣੀ ਸਮਾਜ ਦੀਆਂ ਆਰਥਿਕ ਤੰਗੀਆਂ ਤੁਰਸੀਆਂ, ਲੋੜਾਂ, ਥੁੱੜਾਂ ਤੇ ਕਸਕਾਂ ਨੂੰ ਵੀ ਲੋਕ-ਗੀਤਾਂ ਵਿੱਚ ਭਰਵੀ ਥਾਂ ਮਿਲਦੀ ਹੈ। ਪੰਜਾਬ ਦੀ ਛੋਟੀ ਕਿਰਸਾਣੀ ਅਤੇ ਆਰਥਿਕ ਸੰਕਟਾ ਤੇ ਤੰਗੀਆਂ-ਤੁਰਸੀਆਂ ਤੋਂ ਪੰਜਾਬੀ ਸੱਭਿਆਚਾਰ ਵਿੱਚ ਪੈਦਾ ਹੋਏ ਕਈ ਅੰਤਰ ਵਿਰੋਧਾਂ ਨੂੰ ਵੀ ਲੋਕ-ਗੀਤ ਰੂਪਮਾਨ ਕਰਦੇ ਹਨ।

ਪੰਜਾਬੀ ਲੋਕ-ਗੀਤਾਂ ਵਿੱਚ ਕਿਰਸਾਣੀ ਸਮਾਜ ਦੇ ਆਰਥਿਕ ਰਿਸ਼ਤਿਆਂ ਦੇ ਨਾਲ-ਨਾਲ ਸਾਕਾਂ ਸਰੀਕੀਆਂ ਅਤੇ ਬਰਾਦਰੀਆਂ ਦੇ ਵਰਤ ਵਿਹਾਰ ਦੇ ਅਨੇਕਾਂ ਰੂਪ ਵੇਖਣ ਨੂੰ ਮਿਲਦੇ ਹਨ। ਇਹਨਾਂ ਵਿੱਚ ਪੰਜਾਬੀਆਂ ਦੇ ਸਚਿਆਰੇ ਜੀਵਨ ਤੇ ਰਿਸ਼ਤੇ ਨਾਤਿਆ ਦੇ ਕਈ ਚਿਤਰ ਤਾਂ ਸਜੀਵ ਰੂਪਧਾਰਨ ਕਰ ਗਏ ਹਨ। ਖਾਸ ਕਰਕੇ ਸੁਹਾਗਾਂ ਅਤੇ ਘੋੜੀਆਂ ਵਿੱਚ ਨਾਨਕਿਆਂ, ਦਾਦਕਿਆਂ, ਪੇਕਿਆਂ, ਸਹੁਰਿਆਂ, ਚਾਚਿਆਂ, ਤਾਇਆਂ,ਮਾਮਿਆਂ, ਭੂਆ, ਫੁੱਫੜਾ, ਨਾਨੀਆਂ, ਨਾਨਿਆਂ, ਦਾਦੀ, ਦਾਦਿਆਂ, ਗੱਲ ਕੀ ਸਾਰੇ ਰਿਸ਼ਤੀਆਂ ਦੇ ਵਿਭਿੰਨ ਰੂਪ ਪ੍ਰਸਤੁਤ ਹੁੰਦੇ ਹਨ। ਇਹ ਸਾਰੇ ਸਾਕ ਅੰਗ, ਸਾਕ-ਸਰੀਕਿਆਂ, ਸ਼ਰੀਕੇ-ਬਰਾਦਰੀਆਂ ਸਾਡੇ ਜੀਵਨ ਵਿੱਚ ਜਿਉਂ ਦਾ ਤਿਉਂ ਵਿਚਰਦੇ ਪ੍ਰਤੀਤ ਹੁੰਦੇ ਹਨ। ਵਿਆਹ ਸ਼ਾਦੀਆਂ ਦੇ ਸਮੇਂ ਕਿੱਧਰੇ ਨਾਨਕਿਆਂ, ਦਾਦਕਿਆਂ ਦੀ ਲੋੜ ਮਹਿਸੂਸ ਹੁੰਦੀ ਹੈ। ਕਿੱਧਰੇ ਧਰਮੀ ਬਾਬਲ, ਚਾਚੇ, ਮਾਮੇ, ਵੀਰ, ਫੁੱਫੜ, ਬਾਬੇ ਆਪਣੀ ਧੀ ਲਈ ਵਰ ਟੋਲਣ ਜਾਂਦੇ ਹਨ, ਕਿੱਧਰੇ ਨਾਨਕੀਆਂ ਹੱਥੀਂ ਚੂੜੇ ਪਾ ਕੇ ਚੜੋ-ਚੜੰਦੀਆਂ ਗਾਉਂਦੀਆਂ ਆਉਂਦੀਆਂ ਹਨ। ਕਿਧਰੇ ਮਾਮਾ ਆਪਣੀ ਭਾਣਜੀ ਨੂੰ ਖਾਰਿਉਂ ਉਤਾਰਦਾ ਵਿਭਿੰਨ ਰਸਮਾਂ ਨਿਭਾਉਦਾ ਹੈ ਜਿਵੇਂ:

ਹਰੇ ਨ੍ਹਾਈ ਹਰੇ ਧੋਈ, ਹਰੇ ਠੰਡਾ ਪਾਈਆਂ,

ਦੇਸ ਮਾਮਾ ਵਹਿੜ ਵੱਛੀ, ਤੇਰਾ ਪੁੰਨ ਕਰਕੇ ਜਾਣੀਏ।

ਅੱਗੇ ਤਾ ਦਿੰਦਾ ਸੈਂ ਅੱਜੀਂ ਪੱਜੀਂ,

ਹੁਣ ਦਿਤੜਾ ਦਾਨ ਪਛਾਣੀਏ।

ਪੰਜਾਬੀ ਲੋਕ-ਗੀਤਾਂ ਪੰਜਾਬ ਦੇ ਕਿਰਸਾਣੀ ਸਮਾਜ ਦੇ ਸੱਭਿਆਚਾਰ ਦਾ ਜੋ ਚਿਤਰ ਸਾਕਾਰ ਕਰਦੇ ਹਨ, ਉਸ ਵਿੱਚੋਂ ਇਸ ਵਰਤਾਰੇ ਦੀ ਜਾਤਾਂ-ਜਮਾਂਤਾਂ ਦੀ ਸ਼੍ਰੇਣੀ ਵੰਡ ਵੀ ਕਿਧਰੇ ਨਜ਼ਰੀ ਪੈਂਦੀ ਹੈ। ਕਿਰਸਾਣੀ ਸਮਾਜ ਵਿੱਚ ਰਿਸ਼ਤਿਆਂ-ਨਾਤਿਆਂ ਦਾ ਜਜਮਾਨੀ-ਰਿਸ਼ਤਾ ਲੋਕ-ਗੀਤਾਂ ਦੀ ਸਿਰਜਣਾ ਪ੍ਰਕਿਰਿਆਂ ਦਾ ਅਧਾਰ ਵੀ ਬਣਦਾ ਹੈ ਜਿਵੇਂ:

ਰਾਜਾ ਤੇ ਪੁੱਛਦਾ ਰਾਣੀਏ, ਸੁਣ ਮੇਰੀ ਬਾਤ ਨੂੰ, ਸੁਣ ਮੇਰੀ ਬਾਤ ਨੂੰ

ਗਾਗਾਰ ਦੇ ਸੁੱਚੇ ਮੋਤੀ ਕ੍ਹਿਨੂੰ ਦੇਈਏ।

ਪਾਂਧੇ ਦੇ ਜਾਈਏ ਵੇ ਰਾਜਾ, ਸਾਹਾ ਸੁਧਾਈਏ, ਸਾਹਾ ਸੁਧਾਈਏ,

ਗਾਗਰ ਦੇ ਸੁੱਚੇ ਮੋਤੀ ਤਾਂ ਉਨ੍ਹੂੰ ਦੇਈਏ।

ਪੁੱਤਰਾਂ ਦਾ ਜੰਮਣ, ਵੇ ਰਾਜਾ, ਨੂੰਹਾਂ ਦਾ ਆਵਣ,

ਇੰਦਰ ਦੀ ਵਰਖਾ ਵੇ ਰਾਜਾ ਨਿੱਤ ਨਹੀਉਂ।

.............................

ਨਾਈ ਦੇ ਜਾਈਏ ਵੇ ਰਾਜਾ, ਗੰਢਾਂ ਘਲਾਈਏ, ਗੰਢਾਂ ਘਲਾਈਏ,

ਗਾਗਰ ਦੇ ਸੁੱਚੇ ਮੋਤੀ ਤਾਂ ਉਨ੍ਹੂੰ ਦੇਈਏ।

.............................

ਲਲਾਰੀ ਦੇ ਜਾਈਏ ਵੇ ਰਾਜਾ, ਚੀਰਾ ਰੰਗਾਇਏ, ਚੀਰਾ ਰੰਗਾਈਏ,

ਗਾਗਰ ਦੇ ਸੁੱਚੇ ਮੋਤੀ ਤਾਂ ਉਨ੍ਹੂੰ ਦੇਈਏ।

.............................

ਸੁਨਿਆਰੇ ਦੇ ਜਾਈਏ ਵੇ ਰਾਜਾ, ਕੈਂਠਾਂ ਘੜਾਈਏ, ਕੈਂਠਾਂ ਘੜਾਈਏ,

ਗਾਗਰ ਦੇ ਸੁੱਚੇ ਮੋਤੀ ਤਾਂ ਉਨ੍ਹੂੰ ਦੇਈਏ ਵੇ ਰਾਜਾ।

.............................

ਮਾਲਣ ਦੇ ਜਾਈਏ ਵੇ ਰਾਜਾ, ਸਿਹਰਾ ਗੁੰਦਾਈਏ, ਸਿਹਰਾ ਗੁੰਦਾਈਏ,

ਗਾਗਰ ਦੇ ਸੁੱਚੇ ਮੋਤੀ ਤਾਂ ਉਨ੍ਹੂੰ ਦੇਈਏ।

.............................

ਦਰਜੀ ਦੇ ਜਾਈਏ ਵੇ ਰਾਜਾ, ਲੀੜੇ ਸਵਾਈਏ, ਲੀੜੇ ਸਵਾਈਏ,

ਗਾਗਰ ਦੇ ਸੁੱਚੇ ਮੋਤੀ ਤਾਂ ਉਨ੍ਹੂੰ ਦੇਈਏ।

...........................

ਮੋਚੀ ਦੇ ਜਾਈਏ ਵੇ ਰਾਜਾ, ਜੋੜਾ ਬਣਵਾਈਏ, ਜੋੜਾ ਬਣਵਾਈਏ,

ਗਾਗਰ ਦੇ ਸੁੱਚੇ ਮੋਤੀ ਤਾਂ ਉਨ੍ਹੂੰ ਦੇਇਏ।

ਇਸ ਲੋਕ-ਗੀਤ ਵਿੱਚ ਸਾਡੇ ਸੱਭਿਆਚਾਰਕ ਵਰਤਾਰੇ ਦੀ ਮੂੰਹ ਬੋਲਦੀ ਤਸਵੀਰ ਪੇਸ਼ ਹੁੰਦੀ ਹੈ ਜਿਸ ਵਿੱਚ ਇੱਕ ਜੱਟ ਕਿਰਸਾਣ ਜਜਮਾਨ ਹੈ ਤੇ ਉਸ ਦੇ ਆਸੇ-ਪਾਸੇ ਲਾਗੀਆਂ ਦਾ ਇੱਕ ਝੁੰਮਰ ਹੈ। ਇਹ ਲਾਗੀ ਆਪਣੇ ਜਜਮਾਨਾ ਨਾਲ ਇੱਕ ਕਦੀਮੀ ਸਾਂਝ ਤੇ ਰਿਸ਼ਤੇ ਵਿੱਚ ਇਸ ਤਰ੍ਹਾਂ ਬੱਝੇ ਪਏ ਹਨ ਕਿ ਇਹ ਇੱਕ ਦੂਸਰੇ ਦੇ ਪੂਰਕ ਪ੍ਰਤੀਤ ਹੁੰਦੇ ਹਨ। ਭਾਵੇਂ ਜਜਮਾਨ ਇੱਕ ਰਾਜਾ ਹੈ ਪਰ ਲਾਗੀਆਂ ਨੂੰ ਸਾਡੇ ਸੱਭਿਆਚਾਰ ਵਿੱਚ ਆਦਰ ਮਾਣ ਵਾਲੇ ਨਾਵਾਂ ਨਾਲ ਪੁਕਾਰਿਆਂ ਜਾਂਦਾ ਹੈ। ਇਹੀ ਕਾਰਨ ਹੈ ਕਿ ਸਾਡੇ ਲਾਗੀ - ਜਜਮਾਨੀ ਰਿਸ਼ਤਿਆਂ ਵਿੱਚ ਇੱਕ ਸੱਭਿਆਚਾਰਕ ਨਿੱਘ, ਅਪਣੱਤ ਤੇ ਸਾਂਝ ਦਾ ਅਹਿਸਾਸ ਹੁੰਦਾ ਹੈ।

ਜਿੱਥੋਂ ਤੱਕ ਸੰਸਕਾਰ-ਗੀਤਾਂ ਦਾ ਸੰਬਧ ਹੈ ਇਹ ਲੋਕ-ਗੀਤ ਪੰਜਾਬੀਆਂ ਦੇ ਜਨਮ ਤੋਂ ਲੈ ਕੇ ਮਰਨ ਤੱਕ ਥਾਂ-ਪਰ-ਥਾਂ ਪੰਜਾਬੀਆਂ ਦਾ ਸੰਗ ਪਾਲਦੇ ਹੋਏ ਸਾਡੀਆਂ ਭਾਈਚਾਰਿਕ ਰਸਮਾਂ ਦਾ ਅਤੁੱਟ ਅੰਗ ਬਣ ਗਏ ਹਨ ਤੇ ਸਾਡੇ ਭਾਈਚਾਰੇ ਦੀ ਸ਼ਾਇਦ ਹੀ ਕੋਈ ਅਜਿਹੀ ਰਸਮ ਹੋਵੇ ਜਿਸ ਨਾਲ ਸਾਡੇ ਲੋਕ-ਗੀਤਾਂ ਦਾ ਸਾਥ ਨਾ ਹੋਵੇ। ਸ਼ਾਇਦ ਇਸੇ ਕਰਕੇ ਹੀ ਕਿਹਾ ਜਾਂਦਾ ਹੈ ਪੰਜਾਬੀ ਲੋਕ-ਗੀਤਾਂ ਵਿੱਚ ਜੰਮਦਾ, ਪਲਦਾ, ਨਿੰਮਦਾ, ਵਿਆਹਿਆ ਜਾਂਦਾ ਅਤੇ ਮਰਦਾ ਹੈ। ਇੱਥੋਂ ਤੱਕ ਕਿ ਸੰਸਕਾਰ-ਗੀਤਾਂ ਵਿੱਚ ਤਾਂ ਸਾਡਾ ਸਮੁੱਚਾ ਭਾਈਚਾਰਾ ਵਾਸਤਵਿਕ ਰੂਪ ਵਿੱਚ ਵਿਹਾਰ ਕਰਦਾ, ਮੰਨਤਾਂ-ਮਨੌਤਾਂ ਮਨਾਉਂਦਾ, ਵਿਗਸਦਾ, ਮੌਲਦਾ, ਨਜ਼ਰ ਆਉਂਦਾ ਹੈ।

ਪੰਜਾਬੀ ਲੋਕ-ਗੀਤਾਂ ਨੇ ਇੱਥੋਂ ਦੇ ਧਰਮ ਅਤੇ ਸਦਾਚਾਰ ਨਾਲ ਵੀ ਆਪਣੀ ਅਤੁੱਟ ਸਾਂਝ ਦਾ ਸਬੂਤ ਦਿੱਤਾ ਹੈ। ਵਿਸ਼ੇਸ਼ ਤੇ ਵਿਲੱਖਣ ਖੂਬੀ ਇਹ ਹੈ ਕਿ ਨਾ ਤਾਂ ਇਸ ਜ਼ਰਖੇਜ਼ ਧਰਤੀ ਵਿੱਚੋਂ ਉਪਜਿਆ ਧਰਮ ਹੀ ਗੁੰਝਲਦਾਰ ਹੈ ਅਤੇ ਨਾ ਹੀ ਇੱਥੋਂ ਦੀਆਂ ਲੋਕ-ਗੀਤ ਸਿਰਜਣਾ ਗੁੰਝਲਦਾਰ ਹਨ। ਪੰਜਾਬ ਦੇ ਲੋਕ-ਗੀਤ ਰਚਣਹਾਰਿਆਂ ਨੇ ਜੇਕਰ ਇੱਕ ਪਾਸੇ ਬਹਾਦਰ ਲੋਕ-ਨਾਇਕਾਂ, ਪ੍ਰੀਤ-ਪਾਤਰਾਂ, ਭਗਤੀਵਾਨਾ ਅਤੇ ਸ਼ਕਤੀਵਾਨਾਂ ਨੂੰ ਨਵੇਂ ਨਕਸ਼ ਪਰਦਾਨ ਕੀਤੇ ਹਨ ਤਾਂ ਦੂਸਰੇ ਪਾਸੇ ਇੱਥੋਂ ਉਪਜੇ ਧਰਮ ਅਤੇ ਸਦਾਚਾਰ ਨੂੰ ਵੀ ਬੜਾ ਸਹਿਵਨ ਹੀ ਆਪਣਾ ਅੰਗ ਬਣਾ ਲਿਆ ਹੈ ਜਿਵੇਂ:

ਧਰਤੀ ਜੇਡ ਗਰੀਬ ਨਾ ਕੋਈ,

ਇੰਦਰ ਜੇਡ ਨਾ ਦਾਤਾ।

ਬ੍ਰਹਮਾ ਜੇਡ ਪੰਡਤ ਨਾ ਕੋਈ

ਸੀਤਾ ਜੇਡ ਨਾ ਮਾਤਾ।

ਲਛਮਣ ਜੇਡ ਜਤੀ ਨਾ ਕੋਈ,

ਰਾਮ ਜੇਡ ਨਾ ਭਰਾਤਾ।

ਸਰਵਣ ਜੇਡ ਪੁੱਤਰ ਨਾ ਕੋਈ,

ਜਿਸ ਰੱਬ ਦਾ ਨਾਮ ਗਿਆਤਾ।

ਨਾਨਕ ਜੇਡ ਭਗਤ ਨਾ ਕੋਈ,

ਜਿਨ ਹਰ ਦਾ ਨਾਮ ਪਛਾਤਾ।

ਦੁਨੀਆ ਮਾਣ ਕਰਦੀ,

ਰੱਬ ਸਭਨਾਂ ਦਾ ਰਾਖਾ।

ਉਪਰੋਕਤ ਲੋਕ-ਗੀਤ ਵਿੱਚੋਂ ਧਾਰਮਿਕ ਰਵਾਦਾਰੀ ਅਤੇ ਸਾਦਗੀ ਦੀ ਜੋ ਤਸਵੀਰ ਝਲਕਦੀ ਹੈ ਉਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਪੰਜਾਬੀ ਸਾਰੇ ਸੰਤਾਂ ਭਗਤਾਂ ਨੂੰ ਮੰਨਦੇ ਹੋਏ ਉਹਨਾਂ ਵਿੱਚ ਕਿਸੇ ਕਿਸਮ ਦਾ ਭੇਦ-ਭਾਵ ਜਾਂ ਵਿਤਕਰਾ ਨਹੀਂ ਮੰਨਦੇ।

ਇਸ ਧਰਤੀ ਵਿੱਚੋਂ ਪੈਦਾ ਹੋਏ ਸਦਾਚਾਰ ਦੀਆਂ ਕਈ ਪ੍ਰਤੀਨਿਧ ਉਦਾਹਰਨਾ ਲੋਕ-ਗੀਤਾਂ ਵਿੱਚ ਵੀ ਮਿਲਦੀਆਂ ਹਨ - ਜਿਵੇਂ ਪੂਰਨ ਦੀ ਲੋਕ-ਕਥਾਂ ਵਿੱਚ ਪੂਰਨ ਸਦਾਚਾਰ ਦੀਆਂ ਕਰੜੀਆਂ ਪਰੀਖਿਆਵਾਂ ਵਿੱਚੋ ਨਿਕਲ ਕੇ ਹੀ ਪ੍ਰਵਾਨ ਚੜ੍ਹਦਾ ਹੈ। ਉਸ ਨੂੰ ਨਾ ਤਾਂ ਲੂਣਾ ਦੇ ਲਵਾਏ ਸੋਹਣੇ ਬਾਗ ਤੇ ਨਵਾਬ ਸੇਜਾਂ ਉਸਦੇ ਜਤ-ਸਤ ਤੋਂ ਡੁਲਾ ਸਕਦੀਆਂ ਹਨ ਅਤੇ ਨਾ ਹੀ ਸੁੰਦਰਾਂ ਦਾ ਬੇਪਨਾਹ ਹੁਸਨ ਖਿੜਕਾ ਸਕਦਾ ਹੈ:

ਵੇ ਮੈਂ ਬਾਗ ਲਵਾਇਆ ਸੁਹਣਾ,

ਵੇ ਤੂੰ ਫੁੱਲਾਂ ਦੇ ਪੱਜ ਆ

ਮੇਰਿਆ ਗੋਰਖ ਨਾਥਾ ਪੂਰਨਾ।

ਨੀਂ ਮੈਂ ਤੇਰੇ ਬਾਗੀਂ ਨਾ ਆਵਾਂ

ਤੂੰ ਤਾਂ ਲੱਗੋਂ ਧਰਮ-ਦੀ ਮਾਂ,

ਮੇਰੀਏ ਅਕਲਾਂ ਸਮਝ ਸਿਆਣੀਏ।

ਵੇ ਮੈਂ ਨਾ ਜੰਮਿਆ ਨਾ ਪਾਲਿਆ

ਮੈਂ ਕਿਸ ਬਿੱਧ ਦੀ ਮਾਂ ?

ਮੇਰਿਆ ਗੋਰਖ ਨਾਥਾ ਪੂਰਨਾ।

ਨੀ ਤੂੰ ਮੇਰੇ ਬਾਪ ਦੀ ਇਸਤਰੀ,

ਇਸ ਬਿਧ ਧਰਮ-ਦੀ ਮਾਂ

ਮੇਰੀਏ ਅਕਲਾਂ ਸਮਝ ਸਿਆਣੀਏ।

ਇਸ ਲੋਕ-ਗੀਤ ਵਿੱਚ ਅਸਲ ਝਗੜਾ ਧਰਮ ਅਤੇ ਸਦਾਚਾਰ ਦਾ ਹੈ। ਲੂਣਾ ਦੀ ਹਰ ਦਲੀਲ ਦਾ ਪੂਰਨ ਪਾਸ ਜਵਾਬ ਹੈ। ਅਸਲ ਵਿੱਚ ਪੂਰਨ ਜਿਹੀ ਸਾਬਤੀ ਅਤੇ ਸਦਾਚਾਰਿਕ ਤੇ ਦ੍ਰਿੜਤਾ ਦੇ ਮਾਰਗ ਤੇ ਤੁਰਨ ਤੋਂ ਬਗੈਰ ਕੋਈ ਲੋਕ-ਨਾਇਕ ਦੀ ਕੱਸਵਟੀ ਤੇ ਪੂਰਾ ਨਹੀਂ ਉਤਰ ਸਕਦਾ। ਇਹੀ ਕਾਰਨ ਹੈ ਕਿ ਪੰਜਾਬ ਦੇ ਸਾਰੇ ਲੋਕ-ਨਾਇਕ ਚਾਹੇ ਸੂਰਮਗਤੀ, ਧਰਮ ਤੇ ਪ੍ਰੀਤ ਦੇ ਕਿਸੇ ਵੀ ਖੇਤਰ ਵਿੱਚ ਕਿਉਂ ਨਾ ਵਿਚਰਨ ਉਹਨਾਂ ਨੂੰ ਪੰਜਾਬੀ ਸਦਾਚਾਰ ਦੀ ਕੁਠਾਲੀ ਵਿੱਚੋ ਢਲਕੇ ਹੀ ਲੋਕ ਪ੍ਰਵਾਨ ਚੜਨਾ ਪੈਂਦਾ ਹੈ।

ਪੂਰਨ ਜਿਹੀ ਫ਼ਕੀਰੀ ਤੇ ਸਦਾਚਾਰ ਦਾ ਮਾਰਗ ਹੀ ਪੰਜਾਬ ਦੇ ਸੱਭਿਆਚਾਰ ਦੀ ਅਸਲ ਕਸਵੱਟੀ ਹੈ। ਪੰਜਾਬ ਦੇ ਲੋਕ-ਨਾਇਕਾਂ ਸੰਬੰਧੀ ਰਚੇ ਗਏ ਗੀਤਾਂ ਤੋਂ ਇਲਾਵਾ ਹੋਰ ਲੋਕ-ਗੀਤਾਂ ਵਿੱਚ ਪੰਜਾਬ ਦੇ ਸਦਾਚਾਰ ਲੱਜ, ਸ਼ਰਮ, ਅਤੇ ਰਵਾਇਤੀ ਕਦਰਾਂ-ਕੀਮਤਾਂ ਦੀਆ ਕਨਸੋਆਂ ਕੰਨੀ ਪੈਂਦੀਆਂ ਹਨ।

ਪੰਜਾਬੀ ਲੋਕ-ਗੀਤਾਂ ਦਾ ਇੱਕ ਵਡੇਰਾ ਭਾਗ ਬੋਲੀਆਂ, ਟੱਪੇ, ਮਾਹੀਆ, ਸਿੱਠਣੀਆਂ, ਛੰਦ ਪਰਾਗੇ ਤੇ ਕੁਝ ਹੋਰ ਨਿੱਕੀਆ-ਨਿੱਕੀਆਂ ਗੀਤ-ਬਣਤਰਾਂ ਵਿੱਚੋਂ ਮਿਲਦਾ ਹੈ ਜਿਨ੍ਹਾਂ ਵਿੱਚੋਂ ਇੱਥੋਂ ਦੇ ਰਚਣਹਾਰਿਆਂ ਤੇ ਖਾਸ ਕਰਕੇ ਪੰਜਾਬ ਦੀਆਂ ਸੁਆਣੀਆਂ ਨੇ ਆਪਣੇ 'ਗੁਭ-ਗੁਭਾਟ ' ਕੱਢਕੇ ਆਪਣੀਆ ਕਸਕਾਂ, ਹੌਕੇਂ-ਹਾਵਿਆਂ, ਹੇਰਵਿਆਂ ਵਿਛੋੜੇ, ਤਲਖੀਆਂ ਤੇ ਸਮਾਜਿਕ ਜਿਆਦਤੀਆਂ ਦੇ ਦਰਦ ਅਤੇ ਪੀੜਾ ਨੂੰ ਮੱਠਿਆ ਕੀਤਾ ਹੈ। ਇਸ ਕਰਕੇ ਲੋਕ-ਗੀਤਾਂ ਵਿੱਚੋਂ ਕਿੱਧਰੇ-ਕਿੱਧਰੇ ਸਥਾਪਤ ਪਰੰਪਰਾ ਤੇ ਸਦਾਚਾਰ ਦੇ ਵਿਰੁੱਧ ਨਾਬਰੀ ਦੀ ਸੁਰ ਵੀ ਉੱਚੀ ਹੁੰਦੀ ਹੈ। ਕਿਧਰੇ ਬਾਬਲ ਦੁਆਰਾ ਸਹੇੜੇ ਮਧਰੇ ਤੇ ਕਾਲੇ ਵਰ ਦਾ ਦਰਦ ਹੈ। ਕਿੱਧਰੇ ਸੱਸ ਦੀਆ ਗਾਲਾਂ ਹਨ। ਕਿਧਰੇ ਸਹੁਰੇ, ਜੇਠ ਦੀਆਂ ਘੂਰਾਂ ਹਨ, ਕਿਧਰੇ ਪਰਦੇਸ ਗਏ ਮਾਹੀ ਦੇ ਹੌਕੇਂ ਹਨ। ਕਿਧਰੇ ਅੱਲੜ ਪਤੀ ਦੀਆਂ ਬੇਪ੍ਰਵਾਹੀਆਂ ਹਨ, ਕਿਧਰੇ ਦਰਾਣੀਆਂ-ਜਠਾਣੀਆਂ ਤੇ ਨਣਦਾਂ ਦੇ ਸਰੀਕੇ ਹਨ:

ਰੱਤੀ ਰੱਤੀ ਡੱਬੀ ਵਿੱਚ ਸੀਟੀਆਂ ਵੇ ਲਾਲ,

ਤੇਰੀ ਭੈਣ ਨੇ ਸਾਨੂੰ ਗੱਲਾਂ ਕੀਤੀਆਂ ਵੇ ਲਾਲ।

ਤੇਰੀ ਭੈਣ ਲੜੇ, ਨਾ ਲੜਨਾਂ ਵੇ ਲਾਲ,

ਅਸੀਂ ਸਿਰ ਚਰਨਾ ਤੇ ਧਰਨਾ ਵੇ ਲਾਲ।

...........................

( ਇਸੇ ਤਰਾਂ ਮਾਂ, ਦਰਾਣੀਆਂ, ਜਠਾਣੀਆਂ ਸੰਬੰਧੀ )

ਪੰਜਾਬ ਦੀ ਧਰਤੀ ਦੀਆਂ ਇਹਨਾਂ ਲੋਕ-ਗੀਤ ਰਚਣਹਾਰੀਆਂ ਸਵਾਣੀਆਂ ਨੇ ਆਪਣੇ ਜੀਵਨ ਦੇ ਨਿੱਕੇ-ਨਿੱਕੇ ਪ੍ਰਤਿਕਰਮਾਂ ਤੇ ਹੁਗਾਰਿਆਂ ਨੂੰ ਲੋਕ-ਗੀਤਾਂ ਨਾਲ ਇਸ ਤਰ੍ਹਾਂ ਜੋੜ ਦਿੱਤਾ ਹੈ ਕਿ ਲੋਕ ਸੱਭਿਆਚਾਰ ਤੇ ਲੋਕ-ਗੀਤ ਇੱਕ-ਮਿੱਕ ਹੋ ਗਏ ਪ੍ਰਤੀਤ ਹੁੰਦੇ ਹਨ। ਲੋਕ ਸੱਭਿਆਚਾਰ ਦੀ ਰਾਂਗਲੀ ਫੁਲਕਾਰੀ ਦੀਆਂ ਝਲਕਾਂ ਇਹਨਾਂ ਵਿੱਚੋਂ ਥਾਂ-ਥਾਂ ਤੇ ਖਿੰਡੀਆਂ ਵੇਖੀਆਂ ਜਾ ਸਕਦੀਆਂ ਹਨ। ਇਹਨਾਂ ਵਿੱਚ ਕਿੱਧਰੇ ਚਰਖੇ ਹਲਾਂ ਲਾਗੇ ਲਿਜਾਏ ਜਾਂਦੇ ਹਨ, ਕਿੱਧਰੇ ਮਾਵਾਂ ਪੁੱਤਰਾਂ ਦੀਆਂ ਦੁਆਵਾਂ ਕਰਦੀਆਂ ਹਨ, ਕਿਧਰੇ ਨਾਰਾਂ ਕੰਤਾਂ ਦੀ ਸਲਾਮਤੀ ਚਾਹੁੰਦੀਆਂ ਹਨ, ਕਿਧਰੇ ਦਿਓਰ ਭਰਜਾਈਆਂ ਦੇ ਝੇੜੇ ਹਨ, ਕਿੱਧਰੇ ਹੱਥ ਪੂਣੀਆਂ ਢਾਂਕ ਤੇ ਚਰਖਾ ਹੈ, ਕਿੱਧਰੇ ਨਾਇਣ ਮੀਢੀਆਂ ਗੁੰਦ ਕੇ ਡਾਕ ਬੰਗਲਾ ਬਣਾਉਂਦੀ ਹੈ, ਕਿਧਰੇ ਉੱਚੀਆਂ ਲੰਮੀਆਂ ਟਾਹਲੀਆਂ ਤੇ ਗੁਜਰੀ ਦੀ ਪੀਂਘ ਪੈਂਦੀ ਹੈ, ਕਿਧਰੇ ਬਾਬਲ ਦੇ ਮਹਿਲਾਂ ਵਿੱਚ ਸੱਤ ਰੰਗੀਆ ਕਬੂਤਰ ਬੋਲਦਾ ਹੈ। ਕਿੱਧਰੇ ਕਾਂ ਦੇ ਹੱਥ ਵੀਰਾਂ ਨੂੰ ਸੁਨੇਹਾਂ ਭੇਜਿਆ ਜਾਂਦਾ ਹੈ, ਕਿੱਧਰੇ ਵੀਰ ਨੀਲਾ ਘੋੜਾ ਬੀੜ ਕੇ ਆਉਂਦਾ ਹੈ, ਕਿੱਧਰੇ ਵੀਰ ਦੀ ਕੁਰਸੀ ਥਾਣੇਦਾਰ ਦੇ ਬਰਾਬਰ ਡਹਿੰਦੀ ਹੈ। ਕਿਧਰੇ ਵੀਰ ਰੁੱਸੀ ਭੈਣ ਨੂੰ ਮਨਾਉਂਦਾ ਹੈ, ਕਿਧਰੇ ਚੰਦਰੀ ਸੱਸ ਵੀਰ ਨੂੰ ਸੁੱਕੀ ਖੰਡ ਪਾਉਂਦੀ ਹੈ। ਇਸ ਤਰ੍ਹਾਂ ਪੰਜਾਬੀ ਲੋਕ-ਗੀਤਾਂ ਵਿੱਚ ਥਾਂ-ਪਰ-ਥਾਂ ਪੰਜਾਬ ਦੀ ਮਿੱਟੀ ਦੀ ਮਹਿਕ ਖਿੰਡਰੀ ਨਜ਼ਰ ਆਉਂਦੀ ਹੈ।

ਅੱਜ ਇਸ ਪ੍ਰਕਾਰ ਦੀ ਰਾਂਗਲੀ ਝਾਕੀ ਪੇਸ਼ ਕਰਨ ਵਾਲੇ ਲੋਕ-ਗੀਤਾਂ ਦੇ ਸ੍ਰੋਤ ਹੌਲੀ-ਹੌਲੀ ਖੁਰਦੇ ਜਾ ਰਹੇ ਹਨ। ਸਾਡੇ ਲੋਕ-ਗੀਤਾਂ ਦੇ ਰਚਣਹਾਰੇ ਤੇ ਬੋਲਣਹਾਰੇ ਕਿਰਮਣ ਕਿਰਮਣ ਸਾਡੇ ਪਾਸੋਂ ਕਿਰਦੇ ਜਾ ਰਹੇ ਹਨ ਤੇ ਸਾਡੀ ਝੋਲ, ਸਾਡੇ ਆਪਣੇ, ਸਾਡੀ ਧਰਤੀ ਦੇ ਲੋਕਾਂ ਦੇ ਇਹਨਾਂ ਗੀਤਾਂ ਖੁਣੋਂ ਸੱਖਣੀ ਹੁੰਦੀ ਜਾ ਰਹੀ ਹੈ। ਜਦ ਸਾਡੀ ਮਾਂ-ਧਰਤੀ ਵਿੱਚੋਂ ਉਪਜੇ ਇਹ ਸੁੱਚੇ ਗੀਤ ਹੀ ਸਾਡੇ ਪਾਸ ਨਹੀਂ ਰਹਿਣਗੇ ਤਾਂ ਅਸੀਂ ਇਹਨਾਂ ਵਿੱਚ ਪੇਸ਼ ਹੋਣ ਵਾਲੀਆਂ ਪੰਜਾਬੀ ਜਨ-ਜੀਵਨ ਤੇ ਵਰਤਾਰੇ ਦੀਆਂ ਸਚਿਆਰੀਆਂ ਕਦਰਾਂ-ਕੀਮਤਾਂ ਕਿਵੇਂ ਬਰਕਰਾਰ ਰੱਖ ਸਕਾਂਗੇ। ਲੋਕ ਵਿਰਸੇ ਤੇ ਖਾਸ ਕਰਕੇ ਲੋਕ-ਗੀਤਾਂ ਦੀ ਸਾਂਭ-ਸੰਭਾਲ ਕਰਨ, ਉਹਨਾਂ ਦੇ ਸਾਰਥਕ ਪੱਖਾਂ ਦਾ ਮੁਲਾਂਕਣ ਕਰਨ ਤੇ ਉਸ ਨੂੰ ਵਰਤਮਾਨ ਨਾਲ ਜੋੜਨ ਦੀ ਜਿੰਨੀ ਲੋੜ ਅੱਜ ਮਹਿਸੂਸ ਕੀਤੀ ਜਾ ਰਹੀ ਹੈ, ਸ਼ਾਇਦ ਪਹਿਲਾਂ ਕਦੇ ਨਹੀਂ ਸੀ ਕੀਤੀ ਗਈ। ਪੰਜਾਬੀ ਲੋਕ-ਗੀਤਾਂ ਦੇ ਸੋਮਿਆ ਨਾਲ ਸਾਂਝ ਪੈਦਾ ਕਰਨ ਦੇ ਸੰਬੰਧ ਵਿੱਚ ਪੰਜਾਬੀ ਦੇ ਸਾਹਿਤ ਰਿਸ਼ੀ ਪ੍ਰਿੰਸੀਪਲ ਤੇਜਾ ਸਿੰਘ ਦੀਆਂ ਇਹ ਸਤਰਾਂ ਬਹੁਤ ਮੁੱਲਵਾਨ ਪ੍ਰਤੀਤ ਹੁੰਦੀਆਂ ਹਨ:

ਜੇ ਕਦੇ ਫੇਰ ਸਾਡੀ ਆਪਣੀ ਜ਼ਿੰਦਗੀ ਵਿੱਚ ਰੂਹ ਨੇ ਰੁਮਕਣਾ ਹੈ, ਤਾਂ ਉਸ ਲਈ ਪੁਰਾਣੀ ਲਾਗ ਨੂੰ ਕਾਇਮ ਰੱਖਣ ਲਈ ਸਾਨੂੰ ਚਾਹੀਦਾ ਹੈ ਕਿ ਆਪਣੇ ਗੀਤ-ਭੰਡਾਰ ਨੂੰ ਸਾਂਭ ਲਈਏ। ਇਹ ਗੀਤ ਹੌਲੀ ਹੌਲੀ ਸਾਡੀ ਯਾਦੋਂ ਲਹਿ ਰਹੇ ਹਨ।

ਜੇਕਰ ਕੁਝ ਚਿਰ ਹੋਰ ਸਾਰ ਨਾ ਲਈ ਤਾਂ ਇਹ ਮੂਲੋਂ ਹੀ ਦੁਰਲੱਭ ਹੋ ਜਾਣਗੇ, ਫਿਰ ਅਸੀਂ ਟੈਕਸਲਾ, ਤੇ ਮੋਹਿੰਜੋਦੜੋ ਦੇ ਥੇਹਾਂ ਵਾਕਰ ਇਨ੍ਹਾਂ ਗੀਤਾਂ ਦੀਆਂ ਟੁੱਟੀਆਂ ਫੁੱਟੀਆਂ ਤੁਕਾਂ ਨੂੰ ਹੀ ਸਹਿਕਦੇ ਫਿਰਾਂਗੇ...

ਡਾ. ਚਰਨਜੀਤ ਕੌਰ Anuswr ਪੰਜਾਬੀ ਲੋਕ ਸਾਹਿਤ ਵਿਚ ਲੋਕਗੀਤਾਂ ਦਾ ਵਿਸ਼ੇਸ਼ ਸਥਾਨ ਹੈ। ਪੰਜਾਬੀ ਲੋਕ ਗੀਤਾਂ ਵਿਚ ਹੀ ਜੰਮਦੇ ਅਤੇ ਲੋਕ ਗੀਤਾਂ ਵਿਚ ਹੀ ਮਰਦੇ ਹਨ। ਮੱਧਕਾਲੀ ਸਾਹਿਤ ਦੀਆਂ ਚਾਰ ਮੁੱਖ ਧਾਰਾਵਾਂ ਸੂਫ਼ੀ ਕਾਵਿ, ਗੁਰਮਤਿ ਕਾਵਿ, ਕਿੱਸਾ ਕਾਵਿ ਅਤੇ ਵਾਰ ਕਾਵਿ ਸਮਾਨੰਤਰ ਵਗਦੀਆਂ ਹਨ। ਇਨ੍ਹਾਂ ਵਿਚੋਂ ਪਹਿਲੀਆਂ ਦੋ ਇਸ਼ਕ ਹਕੀਕੀ ਅਤੇ ਪਿਛਲੀਆਂ ਦੋ ਇਸ਼ਕ ਮਿਜਾਜ਼ੀ ਭਾਵ ਦੁਨਿਆਵੀ ਸੰਸਾਰ ਨੂੰ ਦਰਸਾਉਂਦੀਆਂ ਹਨ ਪਰ ਇਨ੍ਹਾਂ ਧਾਰਾਵਾਂ ਦੇ ਰਚੈਤਾ ਮਰਦ ਹੀ ਹਨ। ਇਨ੍ਹਾਂ ਚਾਰਾਂ ਹੀ ਧਾਰਾਵਾਂ ਦੇ ਨਾਲੋ ਨਾਲ ਇਕ ਵੱਖਰੀ ਧਾਰਾ ਲੋਕ ਗੀਤਾਂ ਦੀ ਵਹਿੰਦੀ ਰਹੀ ਹੈ, ਜਿਨ੍ਹਾਂ ਦੇ ਰਚੈਤਾ ਦਾ ਕੋਈ ਨਾਂ ਨਹੀਂ ਹੁੰਦਾ। ਅਸਲ ਵਿਚ ਇਹ ਲੋਕ ਗੀਤ ਨਾਰੀ ਮਨ ਦੀ ਬਾਤ ਪਾਉਂਦੇ ਹਨ ਅਤੇ ਸਦੀਆਂ ਦੀ ਦਬਾਈ ਨਾਰੀ ਦੇ ਮਨ ਦੀ ਜ਼ੁਬਾਨ ਬਣਦੇ ਹਨ।

ਲੋਕ ਗੀਤ ਕੇਵਲ ਸ਼ਬਦ ਜਾਂ ਗੀਤ ਨਹੀਂ ਹੁੰਦੇ ਸਗੋਂ ਇਹ ਸਮੁੱਚੀ ਜੀਵਨ ਜਾਚ ਹੁੰਦੇ ਹਨ। ਲੋਕ ਗੀਤ ਸਾਡੇ ਸਭਿਆਚਾਰ ਦੀਆਂ ਲੋਕਧਰਾਈ ਰਸਮਾਂ ਨਾਲ ਜੁੜੇ ਹੁੰਦੇ ਹਨ ਅਤੇ ਇਹ ਵਡੇਰੇ ਸਮਾਜਿਕ ਪ੍ਰਸੰਗਾਂ ਵਿਚ ਹੀ ਅਰਥ ਗ੍ਰਹਿਣ ਕਰਦੇ ਹਨ। ਇਨ੍ਹਾਂ ਲੋਕ ਗੀਤਾਂ ਵਿਚ ਨਾ ਕੇਵਲ ਕਿਸੇ ਸਭਿਆਚਾਰ ਦਾ ਇਤਿਹਾਸ ਛੁਪਿਆ ਹੁੰਦਾ ਹੈ ਸਗੋਂ ਇਹ ਸਮਕਾਲ ਦਾ ਵੀ ਚਿੱਤਰਣ ਕਰਦੇ ਹਨ। ਜਿੰਨੀ ਦੇਰ ਕਿਸੇ ਸਭਿਆਚਾਰ ਦੇ ਲੋਕ ਗੀਤ ਜਿਉਂਦੇ ਰਹਿੰਦੇ ਹਨ, ਓਨੀ ਦੇਰ ਹੀ ਓਹ ਸਭਿਆਚਾਰ ਜਿਊਂਦਾ ਰਹਿੰਦਾ ਹੈ। ਜਦੋਂ ਕੋਈ ਕੌਮ ਆਪਣੇ ਲੋਕ ਗੀਤ ਭੁੱਲ ਜਾਵੇ ਤਾਂ ਸਮਝੋ ਉਹ ਆਪਣਾ ਸਭਿਆਚਾਰ ਭੁੱਲ ਗਈ। ਅਜੋਕੀ ਮੰਡੀ ਦੀ ਮਾਰ ਹੇਠ ਸਾਰੇ ਹੀ ਸਭਿਆਚਾਰ ਆਏ ਹੋਏ ਹਨ। ਲੋਕ ਸਿਰਜਿਤ ਸਭਿਆਚਾਰਾਂ ਦੀ ਥਾਂ ਖਪਤ ਸਭਿਆਚਾਰ ਪੈਦਾ ਹੋ ਰਿਹਾ ਹੈ ਜਿਸ ਰਾਹੀਂ ਮਨੁੱਖ ਨੂੰ ਉਚੇਰੀਆਂ ਕਦਰਾਂ-ਕੀਮਤਾਂ ਦੀ ਥਾਂ ਮੰਡੀ ਦਾ ਗੁਲਾਮ ਬਣਾਇਆ ਜਾ ਰਿਹਾ ਹੈ। ਅਜਿਹੇ ਸਮੇਂ 'ਚ ਆਪਣੇ ਸਭਿਆਚਾਰ ਨੂੰ ਬਚਾਉਣ ਲਈ ਲੋਕ ਗੀਤਾਂ ਨੂੰ ਜਿੰ.ਦਗੀ ਦਾ ਭਾਗ ਬਣਾਈ ਰੱਖਣਾ ਇਕ ਤਰ੍ਹਾਂ ਨਾਲ ਮੰਡੀ ਸਭਿਆਚਾਰ ਦੇ ਖਿਲਾਫ ਜੰਗ ਲੜਨ ਦਾ ਅਹਿਦ ਹੈ। ਹਥਲੀ ਪੁਸਤਕ ਇਕ ਤਰ੍ਹਾਂ ਨਾਲ ਇਸੇ ਦਿਸ਼ਾ ਵਿਚ ਕੀਤਾ ਕਾਰਜ ਹੈ।

ਲੋਕ ਗੀਤਾਂ ਨਾਲੋਂ ਸਾਦਾ, ਸਰਲ ਅਤੇ ਸੌਖਾ ਕੁਝ ਵੀ ਨਹੀਂ ਹੁੰਦਾ ਪਰੰਤੂ ਇਸ ਜਿੰਨਾ ਜਟਿਲ ਪ੍ਰਤੀਕਾਤਮਿਕ ਅਤੇ ਗੁੰਝਲਦਾਰ ਵੀ ਹੋਰ ਕੁਝ ਨਹੀਂ ਹੁੰਦਾ ਕਿਉਂਕਿ ਇਹ ਕਿਸੇ ਇਕ ਵਿਅਕਤੀ ਦੇ ਮਨ ਦੀ ਪੇਸ਼ਕਾਰੀ ਨਹੀਂ ਸਗੋਂ ਸਮੁੱਚੇ ਸਭਿਆਚਾਰਕ ਅਵਚੇਤਨ ਵਿਚ ਮੌਜੂਦ ਵਿਰੋਧਤਾਈਆਂ ਦਾ ਕਲਾਤਮਿਕ ਉਸਾਰ ਹੁੰਦਾ ਹੈ। ਲੋਕ ਗੀਤਾਂ ਵਿਚ ਸਾਰੀਆਂ ਖੁਸ਼ੀਆਂ ਅਤੇ ਗਮੀਆਂ ਇਕੋ ਧਾਗੇ ਵਿਚ ਪਰੋਈਆਂ ਹੁੰਦੀਆਂ ਹਨ। ਲੋਕ ਗੀਤਾਂ ਨੂੰ ਸਿਰਜਣ ਵਾਲੇ, ਗਾਉਣ ਵਾਲੇ ਅਤੇ ਸੰਭਾਲਣ ਵਾਲੇ ਇਕ ਸੁਰ ਹੁੰਦੇ ਹਨ। ਨਰ-ਨਾਰੀ ਦੇ ਰਿਸ਼ਤੇ ਦੀਆਂ ਸਾਰੀਆਂ ਖੂਬਸੂਰਤੀਆਂ ਲੋਕ ਗੀਤਾਂ ਵਿਚ ਏਨੇ ਵਿਭਿੰਨ ਢੰਗਾਂ ਨਾਲ ਪੇਸ਼ ਹੁੰਦੀਆਂ ਹਨ ਕਿ ਲੋਕ ਧਾਰਾ ਦੇ ਸਿਰਜਕਾਂ ਅੱਗੇ ਸਿਰ ਆਪਣੇ ਆਪ ਝੁਕ ਜਾਂਦਾ ਹੈ। ਮਿਸਾਲ ਵਜੋਂ ਪ੍ਰਕਿਰਤੀ ਵਿਚ ਨਰ-ਨਾਰੀ ਦਾ ਵਿਰੋਧੀ ਲਿੰਗ ਪ੍ਰਤੀ ਖਿੱਚ ਅਤੇ ਹਉਮੈ ਵਿਰੋਧ ਦਾ ਦਵੰਦਾਤਮਿਕ ਰਿਸ਼ਤਾ ਇਨ੍ਹਾਂ ਲੋਕ ਗੀਤਾਂ ਵਿਚ ਦੇਖਿਆ ਜਾ ਸਕਦਾ ਹੈ:

ਧਰਤੀ ਤੇ ਅੰਬਰ ਦਾ ਪੈ ਗਿਆ ਝਗੜਾ

ਕੌਣ ਜਿੱਤੇ ਕੌਣ ਹਾਰੇ

ਅੰਬਰ ਤਾਂ ਆਖੇ ਮੈਂ ਅੱਜ ਹੀ ਵਰਸਾਂ

ਧਰਤੀ ਕਹੇ ਸੋਕ ਜਾਣਾ ਵੇ-ਹੇ...।

ਇਸ ਲੋਕ ਗੀਤ ਵਿਚ ਨਾਰੀ ਮਰਦਾਵੀਂ ਹਉਮੈ ਨੂੰ ਆਪਣੀ ਸਮਰੱਥਾ ਨਾਲ ਸੋਖ ਲੈਣ ਦੀ ਚੁਣੌਤੀ ਦਿੰਦੀ ਹੈ। ਉਹ ਮਰਦ ਨਾਲ ਝਗੜੇ ਵਿਚ ਪੈਣ ਦੀ ਥਾਂ ਇਸ ਵਿਰੋਧ ਵਿਚ ਕੁਝ ਨਵਾਂ ਸਿਰਜ ਲੈਂਦੀ ਹੈ। ਇਸ ਗੀਤ ਵਿਚ ਧਰਤੀ ਤੇ ਅੰਬਰ ਦੇ ਰੂਪਕ ਰਾਹੀਂ ਨਰ-ਨਾਰੀ ਦਾ ਕੁਦਰਤੀ ਵਿਰੋਧ ਤੇ ਸੁਮੇਲ ਜੀਵਨ ਦੇ ਉਗਮਣ, ਵਿਗਸਣ ਤੋਂ ਲੈ ਕੇ ਬਿਨਸਣ ਤੱਕ ਦੇ ਸਫਰ ਰਾਹੀਂ ਆਪਣੇ ਹੀ ਢੰਗ ਨਾਲ ਪੇਸ਼ ਹੈ। ਜਿਵੇਂ ਮੀਂਹ ਉਪਰੰਤ ਧਰਤੀ ਹਰੀਭਰੀ ਹੁੰਦੀ ਹੈ, ਉਵੇਂ ਹੀ ਨਾਰੀ ਦੀ ਕੁੱਖ ਹਰੀ ਹੋ ਜਾਂਦੀ ਹੈ ਤੇ ਉਹ ਪ੍ਰਕਿਰਤੀ ਵਾਂਗ ਫੈਲ ਜਾਂਦੀ ਹੈ।

ਮਾਂ ਦੀ ਗੋਦ ਵਿਚ ਖੇਡਦੇ ਬੱਚੇ ਲਈ ਮਾਂ ਦੇ ਮੁਹੱਬਤੀ ਸੰਗੀਤਮਈ ਕਾਵਿਕ ਬੋਲ ਲੋਰੀਆਂ ਬਣ ਜਾਂਦੇ ਹਨ। ਕੰਮੀਂ ਰੁੱਝੀ ਮਾਂ ਬੱਚੇ ਨੂੰ ਨਾਲੋ ਨਾਲ ਪਿਆਰਦੀ-ਦੁਲਾਰਦੀ ਪਿਆਰ ਵਿਗੁੱਤੇ ਸ਼ਬਦ ਉਚਾਰਦੀ ਤਾਂ ਕਦੀ ਚੱਕੀ ਦੀ ਅਵਾਜ਼ ਜਾਂ ਚਰਖੇ ਦੀ ਘੂਕਰ ਉਸ ਦੀ ਤਾਲ ਬਣਦੇ ਤੇ ਕਦੀ ਚੌਂਕੇ ਦੇ ਭਾਂਡੇ ਭਾਵ ਗੜਵੀ ਜਾਂ ਕੌਲੀ ਉਸ ਦੇ ਸਾਜ ਬਣ ਜਾਂਦੇ। ਇਹ ਤਾਲ ਸਾਜ ਤੇ ਮਾਂ ਦੀ ਲੈਅ ਮਈ ਅਵਾਜ਼ ਹੀ ਲੋਰੀ ਬਣ ਜਾਂਦੀ। ਵਿਹੜੇ ਵਿਚ ਖੇਡਦਾ ਬਾਲ ਮਾਂ ਦੇ ਭਵਿੱਖੀ ਸੁਪਨੇ ਵਜੋਂ ਉਭਰਦਾ ਤੇ ਉਸ ਦੇ ਮਨ ਵਿਚ ਲੋਰੀਆਂ ਦੀ ਥਾਂ ਘੋੜੀਆਂ ਲੈਂਦੀਆਂ। ਇਹ ਦੁੱਖ ਦੀ ਗੱਲ ਹੈ ਕਿ ਪੰਜਾਬੀ ਸਭਿਆਚਾਰ ਵਿਚ ਨਾਰੀ ਕੰਠ ਵਿਚੋਂ ਉਪਜੇ ਇਹ ਬੋਲ ਕੇਵਲ ਲੜਕੇ ਲਈ ਹੀ ਉਭਰਦੇ ਰਹੇ। ਕੋਈ ਲੋਰੀ ਜਾਂ ਘੋੜੀ ਲੜਕੀ ਦੇ ਸੁੱਖ ਦੀ ਬਾਤ ਨਹੀਂ ਪਾਉਂਦੀ ਜਾਂ ਇਹ ਆਖਿਆ ਜਾ ਸਕਦਾ ਹੈ ਕਿ ਲੋਰੀਆਂ ਤੇ ਘੋੜੀਆਂ ਦੀ ਰਚੈਤਾ ਦੇ ਕੰਨ ਖੁਦ ਇਨ੍ਹਾਂ ਅਨੰਦਮਈ ਬੋਲਾਂ ਤੋਂ ਵਾਂਝੇ ਰਹਿੰਦੇ ਹਨ। ਉਹ ਖੁਦ ਬਾਲ ਉਮਰੇ ਜਿਊਣ ਜੋਗੀ ਦੀ ਥਾਂ ਮਰ ਜਾਣੀ ਅਖਵਾ-ਅਖਵਾ ਕੇ ਵੱਡੀ ਹੁੰਦੀ ਬਾਬਲ ਦੇ ਵਿਹੜੇ ਦੀ ਸੁੱਖ ਮਨਾਉਂਦੀ, ਮਾੜੇ 'ਚੋਂ ਚੰਗਾ ਸਿਰਜਦੀ, ਕਿੱਕਲੀ ਪਾਉਂਦੀ ਮੁਟਿਆਰ ਹੁੰਦੀ ਤ੍ਰਿੰਝਣ ਦੇ ਛੋਪ ਕੱਤਦੀ ਆਪਣੇ ਭਾਵਾਂ ਨੂੰ ਜ਼ੁਬਾਨ ਦਿੰਦੀ ਹੈ। ਉਹ ਲੋਰੀਆਂ ਤੋਂ ਕਿੱਕਲੀ ਤੇ ਕਿੱਕਲੀ ਤੋਂ ਸੁਹਾਗ ਗਾਉਂਦੀ ਮਨ ਵਿਚਲੀ ਵਰ-ਘਰ ਦੀ ਨਵੀਂ ਚਾਹਤ ਦੀ ਬਾਤ ਪਾਉਂਦੀ ਹੈ। ਮਰਦਾਵੇਂ ਪੰਜਾਬੀ ਸਮਾਜ ਵਿਚ ਉਸ ਪਾਸ ਇਨ੍ਹਾਂ ਚਾਹਤਾਂ ਨੂੰ ਖੁਲ੍ਹੇਆਮ ਪਰਗਟ ਕਰਨ ਦੀ ਖੁੱਲ੍ਹ ਨਹੀਂ। ਸੋ ਉਹ ਇਨ੍ਹਾਂ ਲੋਕ ਗੀਤਾਂ/ਸੁਹਾਗ ਰਾਹੀਂ ਚੰਗੇ ਵਰਘਰ ਲਈ ਬਾਬਲ ਅੱਗੇ ਅਰਜੋਈਆਂ ਕਰਦੀ ਹੈ:

ਚੰਦਨ ਦੇ ਓਹਲੇ ਬੀਬੀ ਕਿਉਂ ਖੜੀ

ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਪਾਸ

ਬਾਬਲ ਮੇਰੀ ਆਸ

ਬਾਬਲ ਵਰ ਲੋੜੀਏ...।

ਨੀ ਲਾਡੋ ਕਿਹੋ ਜਿਹਾ ਵਰ ਲੋੜੀਏ?

ਬਾਬਲ ਜਿਉਂ ਤਾਰਿਆਂ ਵਿਚੋਂ ਚੰਨ

ਚੰਨਾਂ ਵਿਚੋਂ ਕਾਹਨ

ਕਨੱਈਆ ਵਰ ਲੋੜੀਏ।

ਬਾਬਲ ਜਦੋਂ ਉਸ ਦੀਆਂ ਇੱਛਾਵਾਂ ਦੀ ਪੂਰਤੀ ਨਹੀਂ ਕਰਦਾ ਤਾਂ ਸਾਡਾ ਪਿਤਰੀ ਢਾਂਚਾ ਉਸ ਨੂੰ ਮਰਿਆਦਾ ਵਿਚ ਬੰਨ ਦਿੰਦਾ ਹੈ। ਸਹੁਰੇ ਜਾਂਦਿਆਂ ਹੀ 'ਰਾਮ ਸੀਤਾ ਨੂੰ ਵਿਆਹ ਕਰ ਲਿਆਏ, ਵੱਜ ਰਹੀਆਂ ਬੰਸਰੀਆਂ' ਦੇ ਗੀਤ ਸ਼ੁਰੂ ਹੋ ਜਾਂਦੇ ਹਨ। ਸੋ ਸਮਾਜ ਉਸ ਨੂੰ ਕਨੱਈਏ ਦੀ ਰਾਧਾ ਦੀ ਬਜਾਏ ਰਾਮ ਦੀ ਸੀਤਾ ਵਿਚ ਢਾਲ ਦਿੰਦਾ ਹੈ। ਇਸ ਢਲਣ ਪ੍ਰਕਿਰਿਆ ਦੇ ਦੁਖਾਂਤ ਨੂੰ ਨਾਰੀ ਨੇ ਲੋਕ ਗੀਤਾਂ ਰਾਹੀਂ ਪ੍ਰਗਟਾਇਆ ਹੈ। ਮਾਪਿਆਂ ਤੋਂ ਦੂਰ ਨਵੇਂ ਘਰ ਨਵੀਂ ਜ਼ਿੰਦਗੀ ਸ਼ੁਰੂ ਹੁੰਦੀ ਹੈ ਤੇ ਨਵੇਂ ਘਰ ਵਿਚ ਨਵੀਆਂ ਦੁਸ਼ਵਾਰੀਆਂ, ਸੱਸ-ਸਹੁਰੇ, ਦਿਉਰਾਂ-ਜੇਠਾਂ, ਦਰਾਣੀਆਂ-ਜਠਾਣੀਆਂ, ਨਣਦਾਂ ਨਾਲ ਖੱਟੇ-ਮਿੱਠੇ ਰਿਸ਼ਤੇ ਅਤੇ ਮਾਪਿਆਂ ਦਾ ਵੈਰਾਗ ਉਸ ਦੇ ਮਨ ਵਿਚ ਰੁਦਨ ਪੈਦਾ ਕਰਦੇ ਹਨ। ਇਸ ਰੁਦਨ ਵਿਚ ਮਾਂਵਾਂ-ਧੀਆਂ ਦਾ ਰੁਦਨ ਇਸ ਗੀਤ ਵਿਚ ਦੇਖਿਆ ਜਾ ਸਕਦਾ ਹੈ:

ਵਣ-ਵਣ ਪੀਲਾਂ ਪੱਕੀਆਂ

ਨੀ ਮੇਰੀਏ ਰਾਣੀਏ ਮਾਏ

ਕੋਈ ਹੋਈਆਂ ਲਾਲੋ-ਲਾਲ ਨੀ ਭਲੀਏ।

ਧੀਆਂ ਨੂੰ ਸਹੁਰੇ ਤੋਰ ਕੇ

ਨੀ ਮੇਰੀਏ ਰਾਣੀਏ ਮਾਏ,

ਤੇਰਾ ਕੇਹਾ ਕੁ ਲੱਗਦਾ ਜੀਅ ਨੀ ਭਲੀਏ!

ਦਿਨ ਨੂੰ ਗਿਣਦੀ ਪੂਣੀਆਂ

ਨੀ ਮੇਰੀ ਰਾਣੀਏ ਧੀਏ,

ਕੋਈ ਤਾਰੇ ਗਿਣ-ਗਿਣ ਰਾਤ ਨੀ ਭਲੀਏ!

ਮੁੜ ਉਸੇ ਘਰ ਵਿਚ ਰਚ-ਮਿਚ ਜਾਣਾ ਅਤੇ ਫਿਰ ਨਣਦਾਂ-ਦਿਉਰਾਂ ਦੇ ਮੰਗਣੇ, ਵਿਆਹ ਮੁਕਲਾਵੇ ਕਰਨੇ ਤੇ ਜਸ਼ਨ ਮਨਾਉਣੇ। ਮੁੜ ਆਪਣੀ ਸੰਤਾਨ ਦੀਆਂ ਲੋਰੀਆਂ, ਘੋੜੀਆਂ ਤੇ ਇਸ ਤਰ੍ਹਾਂ ਜ਼ਿੰਦਗੀ ਚਰਖੇ ਦੇ ਫੇਰ ਦੀ ਤਰ੍ਹਾਂ ਚੱਲਦੀ ਰਹਿੰਦੀ ਹੈ। ਮਾਨਵੀ ਇਤਿਹਾਸ ਵਿਚ ਨਾਰੀ ਦੇ ਯੋਗਦਾਨ ਨੂੰ ਲੋਕ ਗੀਤਾਂ ਨੇ ਹੀ ਸਾਂਭਿਆ ਹੈ। ਇਕ ਤਰ੍ਹਾਂ ਨਾਲ ਇਹ ਜ਼ਿੰਦਗੀ ਦੀ ਗਵਾਹੀ ਹਨ।

ਨੀਲਮ ਸੈਣੀ ਦੀ ਪੁਸਤਕ 'ਸਾਡੀਆਂ ਰਸਮਾਂ, ਸਾਡੇ ਗੀਤ' ਨੂੰ ਪੜ੍ਹਦਿਆਂ ਜਨਮ ਤੋਂ ਜ਼ਿੰਦਗੀ ਦੇ ਆਖਰੀ ਪੜਾਅ ਤੱਕ (ਮੌਤ ਨੂੰ ਛੱਡ ਕੇ) ਦੇ ਗੀਤ ਪੜ੍ਹ ਕੇ ਭੁੱਲੀਆਂ ਵਿਸਰੀਆਂ ਸਾਰੀਆਂ ਰਸਮਾਂ ਅੱਖਾਂ ਅੱਗੇ ਮੁੜ ਸੁਰਜੀਤ ਹੋ ਗਈਆਂ। ਨੀਲਮ ਨੇ ਸਾਡੀਆਂ ਨਾਨੀਆਂ-ਦਾਦੀਆਂ ਦੇ ਖਜਾਨੇ ਨੂੰ ਸਾਂਭਣ ਵਿਚ ਆਪਣੇ ਹਿੱਸੇ ਦਾ ਯੋਗਦਾਨ ਪਾਇਆ ਹੈ। ਇਹ ਕੰਮ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਜਦੋਂ ਸੰਗ੍ਰਿਹਕਾਰ ਲੰਮੇ ਸਮੇਂ ਤੋਂ ਵਿਦੇਸ਼ ਵਿਚ ਜਾ ਵਸੀ ਹੋਵੇ। ਓਪਰੀ ਧਰਤੀ 'ਤੇ ਆਪਣਾ ਸਭਿਆਚਾਰ ਰਸਮਾਂ ਤੇ ਲੋਕ ਗੀਤਾਂ ਰਾਹੀਂ ਸੰਭਾਲਣਾ, ਆਪਣੇ ਮੂਲ ਨੂੰ ਵਿਦੇਸ਼ਾਂ ਵਿਚ ਜੰਮੀ ਪਲੀ ਅਗਲੀ ਪੀੜ੍ਹੀ ਲਈ ਸੰਭਾਲਣਾ ਇਕ ਸ਼ਲਾਘਾਯੋਗ ਕਾਰਜ ਹੈ। ਦਰਅਸਲ ਕਿਸੇ ਹੋਰ ਸਭਿਆਚਾਰ ਵਿਚ ਜਾ ਕੇ ਉਥੋਂ ਦੀ ਭਾਸ਼ਾ ਸਿੱਖੀ ਜਾ ਸਕਦੀ ਹੈ, ਉਥੋਂ ਦਾ ਪਹਿਰਾਵਾ ਪਹਿਨਿਆ ਜਾ ਸਕਦਾ ਹੈ ਪਰ ਉਥੋਂ ਦੇ ਲੋਕ ਗੀਤ ਨਹੀਂ ਗਾਏ ਜਾ ਸਕਦੇ ਕਿਉਂਕਿ ਲੋਕ ਗੀਤ ਵਿਚ ਉਸ ਸਮਾਜ ਦੀ ਪਰੰਪਰਾ ਵੀ ਸ਼ਾਮਿਲ ਹੁੰਦੀ ਹੈ। ਇਸੇ ਕਰਕੇ ਇਕ ਲੋਕ ਗੀਤ ਨੂੰ ਦੂਜੇ ਸਭਿਆਚਾਰ ਵਿਚ ਅਨੁਵਾਦਣਾ ਏਨਾ ਸੌਖਾ ਕਾਰਜ ਨਹੀਂ ਹੈ। ਆਪਣੇ ਭਾਵਾਂ ਨੂੰ ਜ਼ੁਬਾਨ ਦੇਣ ਲਈ ਆਪਣੇ ਲੋਕ ਗੀਤ ਹੀ ਇਸ ਦਾ ਮਾਧਿਅਮ ਬਣਦੇ ਹਨ। ਸੋ ਬੱਚੇ ਦੇ ਪੈਦਾ ਹੋਣ ਤੋਂ ਲੈ ਕੇ ਵਿਆਹ ਤੱਕ ਦੀਆਂ ਰਸਮਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਰਸਮਾਂ ਤੇ ਗਾਏ ਜਾਣ ਵਾਲੇ ਗੀਤਾਂ ਨੂੰ ਪੁਸਤਕ ਰੂਪ ਦੇ ਕੇ ਨੀਲਮ ਨੇ ਚੰਗਾ ਉਦਮ ਕੀਤਾ ਹੈ।

ਨੀਲਮ ਖੁਦ ਸਿਰਜਣਾਤਮਕ ਲੇਖਿਕਾ ਹੈ, ਉਸ ਨੂੰ ਸਿਰਜਣਾ ਦੀ ਸੰਭਾਲ ਕਰਨੀ ਆਉਂਦੀ ਹੈ। ਲੋਕ ਧਾਰਾ ਦਾ ਖਜਾਨਾ ਅਤੁੱਟ ਹੁੰਦਾ ਹੈ। ਇਸ ਸਾਰੇ ਨੂੰ ਲਿਖਤੀ ਸ਼ਬਦਾਂ ਵਿਚ ਸਾਂਭਣਾ ਸੁਖਾਲਾ ਨਹੀਂ ਹੈ। ਦਵਿੰਦਰ ਸਤਿਆਰਥੀ ਤੋਂ ਲੈ ਕੇ ਅੰਮ੍ਰਿਤਾ ਪ੍ਰੀਤਮ ਤੱਕ ਅਤੇ ਡਾ. ਨਾਹਰ ਸਿੰਘ ਤੋਂ ਲੈ ਕੇ ਹਮਾਤੜ-ਤੁਮਾਤੜ ਤੱਕ ਹਰ ਕੋਈ ਆਪਣੇ ਹਿੱਸੇ ਦਾ ਛੋਪ ਕੱਤ ਰਿਹਾ ਹੈ। ਇਸ ਪ੍ਰਸੰਗ ਵਿਚ ਨੀਲਮ ਸੈਣੀ ਦਾ ਕੰਮ ਮਹੱਤਵਪੂਰਨ ਹੈ। ਉਸ ਨੇ ਨਾ ਕੇਵਲ ਲੋਕ ਗੀਤ ਹੀ ਇੱਕਠੇ ਕੀਤੇ ਸਗੋਂ ਉਨ੍ਹਾਂ ਦੇ ਢੁੱਕਵੇਂ ਪ੍ਰਸੰਗ ਵੀ ਇਸ ਪੁਸਤਕ ਵਿਚ ਦਰਜ ਕੀਤੇ ਹਨ। ਇਹ ਪੁਸਤਕ ਕੇਵਲ ਲੋਕ ਸਾਹਿਤ ਦੇ ਵਿਦਿਆਰਥੀਆਂ ਅਤੇ ਅਧਿਐਨ ਕਰਤਾਵਾਂ ਲਈ ਹੀ ਨਹੀਂ ਸਗੋਂ ਆਮ ਲੋਕਾਂ ਲਈ ਵੀ ਮਹੱਤਵਪੂਰਨ ਹੈ। ਇਸ ਪੁਸਤਕ ਨੂੰ ਪੜ੍ਹ ਕੇ ਨਵੀਂ ਪੀੜ੍ਹੀ ਆਪਣੀਆਂ ਜਿੰਦਗੀ ਦੀਆਂ ਖੁਸ਼ੀਆਂ ਵਿਚ ਸਭਿਆਚਾਰਕ ਰੰਗ ਭਰ ਸਕਦੀ ਹੈ। ਇਹ ਪੁਸਤਕ ਵਿਹਾਰਕ ਪੱਖੋਂ ਬਹੁਤ ਹੀ ਮੁੱਲਵਾਨ ਹੈ।

# ਲੋਕ ਕਹਾਣੀ ਦਾ ਵਿਹਾਰਕ ਅਧਿਐਨ

**ਲੋਕ ਕਹਾਣੀ** ਇੱਕ ਲੋਕਧਾਰਾਈ ਵਿਧਾ ਹੈ, ਖਾਸ ਤੌਰ 'ਤੇ ਇੱਕ ਅਜਿਹੀ ਕਹਾਣੀ ਸ਼ਾਮਲ ਹੁੰਦੀ ਹੈ ਜੋ ਪੀੜ੍ਹੀ ਦਰ ਪੀੜ੍ਹੀ ਮੂੰਹ-ਜ਼ਬਾਨੀ ਚਲੀ ਆ ਰਹੀ ਹੁੰਦੀ ਹੈ। ਅਜਿਹੀਆਂ ਕਹਾਣੀਆਂ ਅਜਿਹੀਆਂ ਚੀਜ਼ਾਂ ਨੂੰ ਸਪਸ਼ਟ ਕਰਨ ਲਈ ਜਿਹੜੀਆਂ ਲੋਕਾਂ ਨੂੰ ਸਮਝ ਨਹੀਂ ਸੀ ਆ ਰਹੀਆਂ ਹੁੰਦੀਆਂ, ਬੱਚਿਆਂ ਨੂੰ ਅਨੁਸ਼ਾਸਿਤ ਕਰਨ ਲਈ ਜਾਂ ਸਮਾਂ ਪਾਸ ਕਰਨ ਲਈ ਹੁੰਦੀਆਂ ਸਨ। ਵੱਖੋ-ਵੱਖ ਸਭਿਆਚਾਰਾਂ ਦੀਆਂ ਵੱਖੋ-ਵੱਖਰੀਆਂ "ਲੋਕ-ਕਥਾਵਾਂ" ਹਨ ਅਤੇ ਬਹੁਤ ਵਾਰੀ ਇੱਕੋ ਕਹਾਣੀ ਦੇ ਵੱਖੋ-ਵੱਖ ਰੂਪ ਹੁੰਦੇ ਹਨ। ਇਹਦੇ ਹੇਠ ਲਿਖੀਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਲੋਕ-ਕਥਾ ਇੱਕ ਪੁਰਾਣੀ ਕਹਾਣੀ ਹੈ ਜੋ ਅਕਸਰ ਅਤੇ ਪੀੜ੍ਹੀਆਂ ਲਈ ਬਾਰ ਬਾਰ ਕਹੀ ਜਾਂਦੀ ਹੈ। ਜੇ ਤੁਸੀਂ ਆਪਣੀ ਵਿਰਾਸਤ ਬਾਰੇ ਵਧੇਰੇ ਸਿੱਖਣ ਵਿੱਚ ਦਿਲਚਸਪੀ ਰੱਖਦੇ ਹੋ ਤਾਂ ਤੁਸੀਂ ਸ਼ਾਇਦ ਉਸ ਦੇਸ਼ ਵਿਚੋਂ ਕੁਝ ਲੋਕ-ਕਥਾ ਪੜ੍ਹ ਸਕਦੇ ਹੋ ਜਿੱਥੇ ਤੁਹਾਡੇ ਵੱਡੇ ਦਾਦਾ-ਦਾਦੀ ਵੱਡੇ ਹੋਏ ਹਨ। ਫੋਕਟੇਲਸ ਜ਼ੁਬਾਨੀ ਪਰੰਪਰਾ ਵਿਚਲੀਆਂ ਕਹਾਣੀਆਂ ਹਨ ਜੋ ਲੋਕ ਇੱਕ ਦੂਜੇ ਨੂੰ ਉੱਚਿਤ ਆਵਾਜ਼ ਵਿੱਚ ਦੱਸਦੇ ਹਨ ਨਾ ਕਿ ਲਿਖਤ ਰੂਪ ਵਿੱਚ ਕਹਾਣੀਆਂ ਦੀ ਬਜਾਏ। ਉਹ ਬਹੁਤ ਸਾਰੀਆਂ ਕਹਾਣੀਆਂ ਸੁਣਾਉਣ ਵਾਲੀਆਂ ਪਰੰਪਰਾਵਾਂ ਨਾਲ ਨੇੜਿਓਂ ਸੰਬੰਧਿਤ ਹਨ, ਜਿਸ ਵਿੱਚ ਕਥਾਵਾਂ, ਮਿਥਿਹਾਸ ਅਤੇ ਪਰੀ ਕਹਾਣੀਆਂ ਸ਼ਾਮਲ ਹਨ। ਹਰ ਮਨੁੱਖ ਸਮਾਜ ਦੀ ਆਪਣੀ ਲੋਕ-ਕਥਾ ਹੁੰਦੀ ਹੈ; ਇਹ ਜਾਣੀਆਂ-ਪਛਾਣੀਆਂ ਕਹਾਣੀਆਂ, ਪੀੜ੍ਹੀਆਂ ਵਿਚਕਾਰ ਦਿੱਤੀਆਂ ਗਈਆਂ, ਗਿਆਨ, ਜਾਣਕਾਰੀ ਅਤੇ ਇਤਿਹਾਸ ਦੇ ਨਾਲ-ਨਾਲ ਲੰਘਣ ਦਾ ਇੱਕ ਮਹੱਤਵਪੂਰਣ ਤਰੀਕਾ ਹਨ।

ਲੋਕ-ਕਥਾ ਸੰਸਕ੍ਰਿਤੀ ਦਾ ਭਾਵਪੂਰਤ ਅੰਗ ਹੈ ਜੋ ਲੋਕਾਂ ਦੇ ਕਿਸੇ ਵਿਸ਼ੇਸ਼ ਸਮੂਹ ਦੁਆਰਾ ਸਾਂਝਾ ਕੀਤਾ ਜਾਂਦਾ ਹੈ; ਇਹ ਉਸ ਸਭਿਆਚਾਰ, ਉਪ-ਸਭਿਆਚਾਰ ਜਾਂ ਸਮੂਹ ਲਈ ਆਮ ਰਵਾਇਤਾਂ ਨੂੰ ਸ਼ਾਮਲ ਕਰਦਾ ਹੈ। ਇਨ੍ਹਾਂ ਵਿੱਚ ਕਹਾਣੀਆਂ, ਕਹਾਵਤਾਂ ਅਤੇ ਚੁਟਕਲੇ ਵਰਗੀਆਂ ਮੌਖਿਕ ਪਰੰਪਰਾਵਾਂ ਸ਼ਾਮਲ ਹਨ। ਇਹਨਾਂ ਵਿੱਚ ਭੌਤਿਕ ਸਭਿਆਚਾਰ ਸ਼ਾਮਲ ਹੈ, ਰਵਾਇਤੀ ਬਿਲਡਿੰਗ ਸ਼ੈਲੀਆਂ ਤੋਂ ਲੈ ਕੇ ਸਮੂਹ ਵਿੱਚ ਸ਼ਾਮਲ ਹੱਥਾਂ ਨਾਲ ਬਣੇ ਖਿਡੌਣਿਆਂ ਤੱਕ। ਲੋਕ-ਕਥਾਵਾਂ ਵਿੱਚ ਰਿਵਾਜਿਕ ਪੂਜਾ, ਕ੍ਰਿਸਮਿਸ ਅਤੇ ਵਿਆਹ, ਲੋਕ ਨਾਚਾਂ ਅਤੇ ਦੀਵਿਆਂ ਦੇ ਸੰਸਕਾਰ ਦੇ ਤਿਉਹਾਰਾਂ ਦੇ ਪ੍ਰਕਾਰ ਅਤੇ ਰਸਮਾਂ ਸ਼ਾਮਲ ਹਨ। ਇਹਨਾਂ ਵਿਚੋਂ ਹਰ ਇੱਕ ਨੂੰ ਇਕੱਲੇ ਜਾਂ ਸੰਯੋਜਨ ਵਿੱਚ ਇੱਕ ਲੋਕ-ਕਥਾ ਕਲਾ ਮੰਨਿਆ ਜਾਂਦਾ ਹੈ। ਜਿਵੇਂ ਕਿ ਰੂਪ ਦੀ ਤਰ੍ਹਾਂ ਜ਼ਰੂਰੀ ਹੈ, ਲੋਕਧਾਰਾਵਾਂ ਵਿੱਚ ਵੀ ਇਨ੍ਹਾਂ ਕਲਾਵਾਂ ਨੂੰ ਇੱਕ ਖਿੱਤੇ ਤੋਂ ਦੂਜੇ ਖੇਤਰ ਵਿੱਚ ਜਾਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਭੇਜਿਆ ਜਾਂਦਾ ਹੈ। ਲੋਕ-ਕਥਾ ਅਜਿਹੀ ਕੋਈ ਚੀਜ਼ ਨਹੀਂ ਹੈ ਜੋ ਆਮ ਤੌਰ 'ਤੇ ਇੱਕ ਸਕੂਲ ਦੇ ਰਸਮੀ ਪਾਠਕ੍ਰਮ ਜਾਂ ਕਲਾ ਵਿੱਚ ਅਧਿਐਨ ਕਰਕੇ ਪ੍ਰਾਪਤ ਕਰ ਸਕਦੀ ਹੈ। ਇਸ ਦੀ ਬਜਾਏ, ਇਹ ਪਰੰਪਰਾ ਇੱਕ ਵਿਅਕਤੀ ਤੋਂ ਦੂਸਰੇ ਨੂੰ ਗੈਰ ਰਸਮੀ ਤੌਰ 'ਤੇ ਜਾਂ ਤਾਂ ਜ਼ੁਬਾਨੀ ਹਿਦਾਇਤਾਂ ਜਾਂ ਪ੍ਰਦਰਸ਼ਨ ਦੁਆਰਾ ਪਾਸ ਕੀਤੀਆਂ ਜਾਂਦੀਆਂ ਹਨ। ਲੋਕਧਾਰਾ ਦੇ ਅਕਾਦਮਿਕ ਅਧਿਐਨ ਨੂੰ ਲੋਕਧਾਰਾ ਅਧਿਐਨ ਜਾਂ ਲੋਕਧਾਰਾਵਾਂ ਕਿਹਾ ਜਾਂਦਾ ਹੈ ਅਤੇ ਇਸ ਦੀ ਪੜਤਾਲ ਅੰਡਰਗ੍ਰੈਜੁਏਟ, ਗ੍ਰੈਜੂਏਟ ਅਤੇ ਪੀਐਚ.ਡੀ. ਪੱਧਰ 'ਤੇ ਕੀਤੀ ਜਾਂਦੀ ਹੈ।

"ਲੋਕ ਇੱਕ ਲਚਕੀਲਾ ਸੰਕਲਪ ਹੈ ਜੋ ਕਿਸੇ ਰਾਸ਼ਟਰ ਦਾ ਹਵਾਲਾ ਦੇ ਸਕਦਾ ਹੈ ਜਿਵੇਂ ਕਿ ਅਮੈਰੀਕਨ ਲੋਕਧਾਰਾਵਾਂ ਵਿੱਚ ਜਾਂ ਇਕੱਲੇ ਪਰਿਵਾਰ ਲਈ।"

ਫੋਕਟੇਲ ਅਜਿਹੀਆਂ ਕਹਾਣੀਆਂ ਹਨ ਜੋ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਕਲਪਨਾ ਤੋਂ ਬਾਹਰ ਆਈਆਂ ਹਨ। ਉਹ ਹਮੇਸ਼ਾ ਬੱਚਿਆਂ ਦੇ ਮਨਪਸੰਦ ਕਿਸਮ ਦਾ ਲੋਕ ਸਾਹਿਤ ਰਿਹਾ ਹੈ।

ਉਨ੍ਹਾਂ ਦੀ ਪ੍ਰਸਿੱਧੀ ਉਨ੍ਹਾਂ ਦੇ ਕਲਪਨਾਤਮਕ ਪਾਤਰਾਂ, ਉਨ੍ਹਾਂ ਦੇ ਅਲੌਕਿਕ ਤੱਤ, ਉਨ੍ਹਾਂ ਦੇ ਕੰਮ 'ਤੇ ਕੇਂਦ੍ਰਤ, ਉਨ੍ਹਾਂ ਦੀ ਨਿਆਂ ਦੀ ਸਧਾਰਨ ਭਾਵਨਾ, ਉਨ੍ਹਾਂ ਦੇ ਖੁਸ਼ਹਾਲ ਅੰਤ, ਅਤੇ ਬੁਨਿਆਦੀ ਬੁੱਧੀ ਜੋ ਉਹ ਰੱਖਦੀ ਹੈ।

ਬਹੁਤ ਸਾਰੇ ਲੋਕ ਲੋਕਤੰਤਰ ਅਤੇ ਪਰੀ ਕਥਾਵਾਂ ਨੂੰ ਪਰਿਵਰਤਨ ਯੋਗ ਸ਼ਬਦ ਵਰਤਦੇ ਹਨ, ਹਾਲਾਂਕਿ ਇਹਨਾਂ ਵਿੱਚੋਂ ਕੁਝ ਕਹਾਣੀਆਂ ਅਸਲ ਵਿੱਚ ਪ੍ਰੀਤੀਆਂ ਹਨ। "ਪਰੀ ਕਥਾਵਾਂ ਸਹੀ ਨਹੀਂ ਹਨ ਪਰ ਇਹ ਝੂਠੀਆਂ ਨਹੀਂ ਹਨ; ਉਹ ਮਨੁੱਖ ਦੇ ਹੋਂਦ ਦੀਆਂ ਜ਼ਰੂਰੀ ਘਟਨਾਵਾਂ ਅਤੇ ਹਾਲਤਾਂ ਨੂੰ ਪ੍ਰਦਰਸ਼ਿਤ ਕਰਦੇ ਹਨ।"

ਲੋਕ ਕਹਾਣੀ ਦੇ ਵਿਹਾਰਕ ਅਧਿਐਨ ਲਈ ਤੱਤਾਂ ਸਬੰਧੀ ਸੰਖੇਪ ਜਾਣਕਾਰੀ

---

**ਗੁਣ**

1. ਪਾਤਰ ਸਮਤਲ ਹਨ।
2. ਜ਼ਿਆਦਾਤਰ ਵਿਸ਼ੇਸ਼ਤਾਵਾਂ ਦੇ ਨਾਲ ਆਮ ਤੌਰ 'ਤੇ ਬਹੁਤ ਚੰਗਾ ਜਾਂ ਬਹੁਤ ਬੁਰਾ।
3. ਨਾਇਕ ਅਤੇ ਨਾਇਕਾ ਆਮ ਤੌਰ 'ਤੇ ਜਵਾਨ ਹੁੰਦੇ ਹਨ।
4. ਨਾਇਕਾ ਆਮ ਤੌਰ 'ਤੇ ਨਿਰਪੱਖ, ਦਿਆਲੂ, ਦਾਨੀ ਅਤੇ ਦੇਖਭਾਲ ਵਾਲੀ ਹੁੰਦੀ ਹੈ।
5. ਨਾਇਕ ਆਮ ਤੌਰ 'ਤੇ ਸਤਿਕਾਰਯੋਗ, ਦਲੇਰ, ਨਿਰਸੁਆਰਥ ਅਤੇ ਦੇਖਭਾਲ ਕਰਨ ਵਾਲਾ ਹੁੰਦਾ ਹੈ।
6. ਦੋਵਾਂ ਦੀ ਆਮ ਤੌਰ 'ਤੇ ਵਿਸ਼ੇਸ਼ ਯੋਗਤਾਵਾਂ ਜਾਂ ਸ਼ਕਤੀਆਂ ਹੁੰਦੀਆਂ ਹਨ।

**ਸਮਾਂ ਅਤੇ ਸਥਾਨ**

1. ਸਥਾਨ ਦਾ ਅਸਾਨੀ ਨਾਲ ਅਤੇ ਸੰਖੇਪ ਵਿੱਚ ਵਰਣਨ ਕੀਤਾ ਗਿਆ ਹੈ, ਜੋ ਸਭਿਆਚਾਰ ਦੇ ਖ਼ਾਸ ਭੂਗੋਲ ਨੂੰ ਪੂਰਾ ਕਰਦਾ ਹੈ ਜਾਂ ਇਸਦਾ ਜ਼ਿਕਰ ਨਹੀਂ ਕੀਤਾ ਜਾਂਦਾ ਪਰ ਮੰਨਿਆ ਜਾਂਦਾ ਹੈ।
2. ਸਮਾਂ ਅਤੀਤ ਵਿੱਚ ਹੈ ਸਭਿਆਚਾਰ ਦੇ ਇਤਿਹਾਸ ਵਿੱਚ ਲੀਨ ਹੁੰਦਾ ਹੈ। (ਅਕਸਰ ਬਹੁਤ ਪਹਿਲਾਂ)
3. ਸਮਾਂ ਇੱਕ ਕਲਪਨਾ ਦਾ ਸਮਾਂ ਹੁੰਦਾ ਹੈ ਇਕ ਵਾਰ ਇੱਕ ਅਵਸਥਾ ਨਿਰਧਾਰਤ ਕਰਦੀ ਹੈ ਅਤੇ ਉਹ ) ਕਹਾਣੀ ਨੂੰ ਬੰਦ ਕਰਨ ਤੋਂ ਬਾਅਦ ਸਦਾ ਖ਼ੁਸ਼ੀ ਨਾਲ ਜੀਉਂਦੇ ਹਨ।ਕਿਸੇ ਵੀ ਸਮੇਂ ਜਾਂ ਕੋਈ ਵੀ ਜਗ੍ਹਾ (, ਨਿਰਵਿਘਨ ਜਾਂ ਬੇਦਾਗ, ਜਾਂ ਬਹੁਤ ਲੰਮਾ ਸਮਾਂ ਪਹਿਲਾਂ।

**ਪਲਾਟ**

1. ਬਹੁਤ ਸੌਖਾ, ਹਾਲਾਂਕਿ ਦਿਲਚਸਪ।
2. ਵਿਚਾਰਵਟਾਂਦਰੇ ਨੂੰ ਭੜਕਾਉਣ ਵਾਲੀ ਸੋਚ।-
3. ਕਿਰਿਆ ਨਾਲ ਭਰਪੂਰ ਹੈ ਅਤੇ ਵਿਸ਼ੇਸ਼ ਅਤੇ ਸਧਾਰਨ ਪੈਟਰਨ ਦੀ ਪਾਲਣਾ ਕਰਦਾ ਹੈ। ਪਲਾਟ ਤੁਰੰਤ ਚਲਦੀ ਕਾਰਵਾਈ ਨਾਲ ਅਰੰਭ ਹੁੰਦਾ ਹੈ ਜੋ ਸਰੋਤਿਆਂ ਦੀ ਰੁਚੀ ਨੂੰ ਫੜ ਲੈਂਦਾ ਹੈ ਅਤੇ ਇਸਨੂੰ ਕਾਇਮ ਰੱਖਦਾ ਹੈ। ਮਤਭੇਦ ਅਕਸਰ ਚੰਗੇ ਅਤੇ ਮਾੜੇ ਬੁਰਾਈਆਂ ਨਾਲ ਸੰਬੰਧਿਤ ਮਹਾਨ ਕਾਰਜਾਂ ਜਾਂ ਮਨੁੱਖੀ / ਦਿਆਲਤਾ ਦੇ ਕਾਰਜਾਂ ਨਾਲ ਹੱਲ ਕੀਤੇ ਜਾਂਦੇ ਹਨ।

**ਥੀਮ**

1. ਆਮ ਤੌਰ 'ਤੇ ਸਰਵ ਵਿਆਪੀ ਸੱਚਾਈਆਂ, ਪਾਠ ਅਤੇ ਲੋਕਾਂ ਨਾਲ ਸੰਬੰਧਿਤ ਕਦਰਾਂ ਕੀਮਤਾਂ, ਉਨ੍ਹਾਂ ਦੀਆਂ ਕ੍ਰਿਆਵਾਂ, ਅਤੇ ਕਿ ਜਾਂ ਪਦਾਰਥਕ ਚੀਜ਼ਾਂ ਜੋ ਕਿ ਸਮੂਹ ਦੁਆਰਾ ਕਦਰ ਕੀਤੀਆਂ ਜਾਂਦੀਆਂ ਹਨ ਜੋ / ਲੋਕਧਾਰਾ ਤਿਆਰ ਕਰਦੇ ਹਨ।
2. ਅਕਸਰ ਕਹਾਣੀਆਂ ਦੱਸਦੀਆਂ ਹਨ ਕਿ ਉਨ੍ਹਾਂ ਨਾਲ ਕੀ ਵਾਪਰਦਾ ਹੈ ਜੋ ਸਮੂਹ ਪਰੰਪਰਾਵਾਂ ਦੀ ਪਾਲਣਾ ਨਹੀਂ ਕਰਦੇ।

**ਸ਼ੈਲੀ**

1. ਵਰਣਨ ਜਲਦੀ ਹੁੰਦੇ ਹਨ ਅਤੇ ਥੋੜ੍ਹੇ ਜਿਹੇ ਵੇਰਵੇ ਅਤੇ ਵੇਰਵੇ ਵਾਲੇ ਬਿੰਦੂ ਤੱਕ।
2. ਕਾਰਜਸ਼ੀਲਤਾ ਦੀ ਕਹਾਣੀ ਸੰਭਵ ਹੈ ਪਰ ਸੰਭਾਵਤ ਨਹੀਂ ਹੈ।
3. ਵਾਕਾਂਸ਼ਾਂ ਦਾ ਦੁਹਰਾਓ, ਤਰਕ ਅਤੇ ਕ੍ਰਮਵਾਦੀ ਸੋਚ ਦਾ ਵਿਕਾਸ (ਪਹਿਲਾਂ ਵਾਲੇ ਬੱਚਿਆਂ ਲਈ), ਅਤੇ ਵਧੇਰੇ ਸੂਝਵਾਨ ਸਾਹਿਤ ਦੀ ਸਮਝ।

**ਲਹਿਜਾ**

1. ਚੰਗਾ ਬਨਾਮ ਬੁਰਾ ਬੁਰਾਈ /
2. ਮਨੁੱਖੀ ਸ਼ਕਤੀਆਂ, ਕਾਰਜਸ਼ੀਲਤਾਵਾਂ, ਕਮਜ਼ੋਰੀਆਂ ਜਾਂ ਕਮੀਆਂ ਦਾ ਪ੍ਰਤੀਬਿੰਬ।
3. ਪਾਠਕ ਨਵੀਂ ਸਮਝ ਅਤੇ ਜਾਂ ਸਮਝ ਦੀ ਅਗਵਾਈ ਕਰਦਾ ਹ /

**ਇੱਕ ਲੋਕ ਕਹਾਣੀ ਦਾ** ਵਿਹਾਰਕ ਅਧਿਐਨ

**ਰੂਪ-ਬਸੰਤ** ਲੋਕ ਕਹਾਣੀ ਰਾਹੀਂ ਪੰਜਾਬੀ ਲੋਕ ਕਹਾਣੀ ਦੀ ਸਰੰਚਨਾ ਵਿੱਚ ਕਾਰਜਸ਼ੀਲ ਤੱਤਾਂ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਨਾਲ ਹੀ ਚਿਨ੍ਹਾਤਮਕ ਵਿਧੀ ਰਾਹੀਂ ਇਸ ਵਿਚੋਂ ਪੰਜਾਬੀ ਲੋਕ ਮਨ ਨੂੰ ਸਮਝਣ ਦਾ ਯਤਨ ਵੀ ਕੀਤਾ ਗਿਆ ਹੈ। ਕਹਾਣੀ ਤੋਂ ਸਭਿਆਚਾਰਕ ਚਿਨ੍ਹ ਵਿਗਿਆਨਕ ਵਿਧੀ ਰਾਹੀਂ ਇਹ ਸਿੱਟਾ ਨਿਕਲਦਾ ਹੈ ਕਿ ਰਾਜੇ ਦੇ ਨਾਲ ਨਾਲ ਲੋਕ ਮਨ ਵੀ

ਚੰਗਾ ਸ਼ਾਸ਼ਕ ਆਪ ਚੁਣਨ ਦੀ ਪ੍ਰਕਿਰਿਆ ਵਿਚੋਂ ਅਜਿਹੀ ਸਰੰਚਨਾ ਖੜੀ ਕਰਦਾ ਹੈ। ਕਹਾਣੀ ਦੇ ਅਨੁਸਾਰ ਉਦੇਸ਼ ਵੀ ਬਦਲ ਜਾਂਦੇ ਹਨ ਪਰ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਾਲੇ ਪਾਤਰਾਂ ਦੀ ਸਮਾਜਿਕ ਭੂਮਿਕਾ ਅਨੁਸਾਰ ਉਨ੍ਹਾਂ ਦੀਆਂ ਪ੍ਰੀਖਿਆਵਾਂ ਸਖਤ ਜਾਂ ਨਰਮ ਹੋ ਸਕਦੀਆਂ ਹਨ। ਸੋ ਕਹਾਣੀ ਅਧਿਐਨ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਪੰਜਾਬੀ ਮਨ ਵਿਸ਼ੇਸ਼ ਜੁਗਤ ਰਾਹੀਂ ਇੱਕ ਇਕ ਸਰੰਚਨਾ ਉਸਾਰਦਾ ਹੈ ਜੋ ਵਿਸ਼ੇਸ਼ ਸੰਦੇਸ਼ ਦਾ ਸੰਚਾਰ ਕਰਦੀ ਹੈ। ਜਿਸਦਾ ਸਬੰਧ ਇੱਕ ਯੋਗ ਤੇ ਚੰਗੇ ਉਤਰਾ ਅਧਿਕਾਰੀ ਦੀ ਚੋਣ ਦੀ ਨੀਤੀ ਨਾਲ ਹੈ।

**ਰੂਪ-ਬਸੰਤ**

ਰੂਪ ਬਸੰਤ ਦੀ ਲੋਕ-ਗਾਥਾ ਸਦੀਆਂ ਪੁਰਾਣੀ ਹੈ। ਇਤਿਹਾਸ ਦੀਆਂ ਪੈੜਾਂ ਇਸ ਨੂੰ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪਿੰਡ ਉੱਚਾ ਪਿੰਡ ਸੰਘੋਲ ਨਾਲ ਜਾ ਜੋੜਦੀਆਂ ਹਨ। ਇਸ ਪਿੰਡ ਦੇ ਨਾਂ ਨਾਲ ਕਈ ਦੰਦ ਕਥਾਵਾਂ ਜੁੜੀਆਂ ਹੋਈਆਂ ਹਨ। ਕਹਿੰਦੇ ਹਨ ਹਜ਼ਾਰਾਂ ਵਰ੍ਹੇ ਪਹਿਲਾਂ ਸੰਘੋਲ ਇੱਕ ਘੁੱਗ ਵਸਦਾ ਸ਼ਹਿਰ ਸੀ ਜਿਸ ਦਾ ਨਾਂ ਸੀ ਸੰਗਲਾਦੀਪ-ਰੂਪ ਬਸੰਤ ਦੇ ਪਿਤਾ ਰਾਜਾ ਖੜਗ ਸੈਨ ਦੀ ਰਾਜਧਾਨੀ।

ਰਾਜਾ ਖੜਗ ਸੈਨ ਇੱਕ ਨੇਕ ਦਿਲ, ਧਰਮੀ ਅਤੇ ਅਦਲੀ ਰਾਜੇ ਦੇ ਨਾਂ ਨਾਲ ਪ੍ਰਸਿੱਧ ਸਨ। ਉਸ ਦੇ ਰਾਜ ਵਿਚ ਪਰਜਾ ਬਹੁਤ ਸੁਖੀ ਸੀ। ਸਾਰੇ ਉਸ ਨੂੰ ਬੜਾ ਆਦਰ-ਮਾਣ ਦਿੰਦੇ ਸਨ। ਕਿਸੇ ਗੱਲ ਦੀ ਉਸ ਨੂੰ ਤੋਟ ਨਹੀਂ ਸੀ। ਔਲਾਦ ਵੱਲੋਂ ਵੀ ਉਹ ਸੰਤੁਸ਼ਟ ਸੀ। ਉਸ ਦੇ ਦੋ ਪਿਆਰੇ ਪੁੱਤਰ ਸਨ, ਰੂਪ ਤੇ ਬਸੰਤ ਜਿਨ੍ਹਾਂ ਨੂੰ ਵੇਖਿਆਂ ਭੁੱਖ ਲਹਿੰਦੀ ਸੀ। ਅੱਖਾਂ ਰੱਜ-ਰੱਜ ਜਾਂਦੀਆਂ ਸਨ। ਰੂਪ ਵੱਡਾ ਸੀ ਪੰਦਰਾਂ ਵਰ੍ਹਿਆਂ ਦਾ ਤੇ ਬਸੰਤ ਰੂਪ ਤੋਂ ਦੋ ਸਾਲ ਛੋਟਾ ਸੀ। ਖੜਗ ਸੈਨ ਆਪਣੀ ਪਿਆਰੀ ਰਾਣੀ ਰੂਪਵਤੀ ਵੱਲੋਂ ਫ਼ਿਕਰਮੰਦ ਸੀ। ਰੂਪਵਤੀ ਕੁਝ ਸਮੇਂ ਤੋਂ ਬੀਮਾਰ ਸੀ। ਰਾਜ ਦੇ ਹਕੀਮਾਂ ਨੇ ਉਸ ਦਾ ਬਹੁਤ ਇਲਾਜ ਕੀਤਾ ਪਰ ਉਹ ਅਜਿਹੀ ਮੰਜੇ ’ਤੇ ਪਈ ਕਿ ਉੱਠ ਨਾ ਸਕੀ ਤੇ ਕੁਝ ਦਿਨ ਪਾ ਕੇ ਰਾਣੀ ਸਵਰਗ ਸਿਧਾਰ ਗਈ। ਰਾਣੀ ਦੀ ਮੌਤ ਕਾਰਨ ਸਾਰੇ ਰਾਜ ਵਿੱਚ ਸੋਗ ਦੀ ਲਹਿਰ ਦੌੜ ਗਈ। ਰੂਪ ਬਸੰਤ ਆਪਣੀ ਮਾਂ ਦੇ ਵਿਯੋਗ ਵਿੱਚ ਬਹੁਤ ਰੁੰਨੇ... ਉਨ੍ਹਾਂ ਦਾ ਰੋਣ ਝੱਲਿਆ ਨਹੀਂ ਸੀ ਜਾਂਦਾ। ਖੜਗ ਸੈਨ ਆਪ ਹਾਲੋਂ-ਬੇਹਾਲ ਹੋਇਆ ਪਿਆ ਸੀ। ਉਸ ਨੂੰ ਸੁਝ ਨਹੀਂ ਸੀ ਰਿਹਾ ਕਿ ਕਿਵੇਂ ਆਪਣੇ ਆਪ ’ਤੇ ਕਾਬੂ ਪਾਵੇ? ਰਾਜ ਦੇ ਅਹਿਲਕਾਰਾਂ ਤੇ ਦਰਬਾਰੀਆਂ ਨੇ ਉਨ੍ਹਾਂ ਦੇ ਗ਼ਮ ਨੂੰ ਭੁਲਾਉਣ ਲਈ ਸ਼ੈਆਂ ਦਿਲਬਰੀਆਂ ਦਿੱਤੀਆਂ ਤੇ ਢਾਰਸਾਂ ਬਨ੍ਹਾਈਆਂ।

ਸਮਾਂ ਆਪਣੀ ਤੋਰੇ ਤੁਰਦਾ ਰਿਹਾ। ਰੂਪ ਬਸੰਤ ਜਵਾਨੀ ਦੀਆਂ ਬਰੂਹਾਂ ’ਤੇ ਪੁੱਜ ਚੁੱਕੇ ਸਨ। ਉਨ੍ਹਾਂ ਦੇ ਆਪਣੇ ਸ਼ੌਕ ਸਨ-ਰੂਪ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਸੀ ਤੇ ਬਸੰਤ ਕਬੂਤਰ ਉਡਾਉਣ ਦਾ ਸ਼ੌਕੀਨ ਸੀ। ਅੱਲ੍ਹੜ ਜਵਾਨੀ ਆਪਣੇ ਸ਼ੌਕਾਂ ’ਚ ਮਸਤ ਸੀ। ਖੜਗ ਸੈਨ ਨੂੰ ਰਾਜ ਦਰਬਾਰ ਦੇ ਕੰਮਾਂ-ਕਾਜਾਂ ਤੋਂ ਵਿਹਲ ਨਹੀਂ ਸੀ ਮਿਲਦੀ। ਇਨ੍ਹਾਂ ਰੁਝੇਵਿਆਂ ਕਰਕੇ ਰਾਣੀ ਦੇ ਵਿਯੋਗ ਨੂੰ ਉਹ ਭੁੱਲਣ ਲੱਗੇ।

ਖੜਗ ਸੈਨ ਨੂੰ ਆਪਣੀ ਰਾਣੀ ਰੂਪਵਤੀ ਨਾਲ ਬਹੁਤ ਮੁਹੱਬਤ ਸੀ। ਉਸ ਦੇ ਵਿਛੋੜੇ ਦਾ ਉਹਦੇ ਮਨ ਅਤੇ ਸਰੀਰ ’ਤੇ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਸੀ। ਖੜਗ ਸੈਨ ਰਾਜ ਦਰਬਾਰ ਵਿੱਚੋਂ ਜਦੋਂ ਆਪਣੇ ਮਹਿਲਾਂ ਨੂੰ ਆਉਂਦਾ, ਉਹਨੂੰ ਡੋਬੂ ਪੈਣ ਲੱਗ ਜਾਂਦੇ। ਰਾਣੀ ਬਿਨਾਂ ਸੁੰਨਾ ਮਹਿਲ ਵੱਢ-ਵੱਢ ਖਾਣ ਨੂੰ ਆਉਂਦਾ। ਦੋ ਢਾਈ ਵਰ੍ਹੇ ਇਸੇ ਅਵਸਥਾ ਵਿੱਚ

ਲੰਘ ਗਏ। ਆਖਰ ਉਹਦੇ ਅਮੀਰਾਂ-ਵਜ਼ੀਰਾਂ ਨੇ ਉਸ ਨੂੰ ਦੂਜੀ ਸ਼ਾਦੀ ਕਰਵਾਉਣ ਲਈ ਮਨਾ ਲਿਆ। ਰਾਜਿਆਂ ਨੂੰ ਭਲਾ ਸ਼ਾਦੀਆਂ ਦਾ ਕੀ ਘਾਟਾ! ਸੰਗਲਾਦੀਪ ਦੇ ਰਾਜਪੂਤ ਸਰਦਾਰ ਇੰਦਰਸੈਨ ਨੇ ਆਪਣੀ ਸੋਲ੍ਹਾਂ-ਸਤਾਰ੍ਹਾਂ ਵਰ੍ਹੇ ਦੀ ਪਰੀਆਂ ਵਰਗੀ ਮਲੂਕ ਧੀ ਚੰਦਰਵਤੀ ਅੱਧਖੜ ਉਮਰ ਦੇ ਰਾਜਾ ਖੜਗ ਸੈਨ ਨਾਲ ਵਿਆਹ ਦਿੱਤੀ। ਮਹਿਲਾਂ ਵਿੱਚ ਮੁੜ ਰੌਣਕਾਂ ਆ ਗਈਆਂ।

ਚੰਦਰਵਤੀ ਦੀ ਮਹਿਕਾਂ ਭਰੀ ਜਵਾਨੀ ਨੇ ਅੱਧਖੜ ਉਮਰ ਦੇ ਖੜਗ ਸੈਨ ਨੂੰ ਕੀਲ ਲਿਆ। ਮਾਂਗਵੀਂ ਜਵਾਨੀ ਨੂੰ ਉਹ ਭਲਾ ਕਿੰਨਾ ਕੁ ਸਮਾਂ ਹੰਢਾਉਂਦਾ। ਚੰਦਰਵਤੀ ਦੀ ਜਵਾਨੀ ਉਹਦੇ ਮਖਮਲੀ ਤੇ ਰੇਸ਼ਮੀ ਕੱਪੜਿਆਂ ਵਿੱਚ ਮਿਆਉਂਦੀ ਨਹੀਂ ਸੀ ਤੇ ਨਾ ਹੀ ਉਹਦਾ ਅੱਧਖੜ ਉਮਰ ਦਾ ਪਤੀ ਉਸ ਦੀਆਂ ਅੰਦਰੂਨੀ ਭਾਵੁਕ ਤੇ ਕਾਮੁਕ ਭਾਵਨਾਵਾਂ ਨੂੰ ਸੰਤੁਸ਼ਟੀ ਪ੍ਰਦਾਨ ਕਰਨ ਦੇ ਸਮਰੱਥ ਸੀ। ਹੀਰੇ ਜਵਾਹਰਾਤ ਤੇ ਹਾਰ ਸ਼ਿੰਗਾਰ ਉਸ ਦੀ ਭਾਵੁਕ ਤ੍ਰਿਸ਼ਨਾ ਨੂੰ ਤ੍ਰਿਪਤ ਨਹੀਂ ਸੀ ਕਰ ਰਹੇ। ਜਦੋਂ ਕਦੀ ਉਹ ਆਪਣੀ ਸੌਂਕਣ ਦੇ ਪੁੱਤਰਾਂ, ਰੂਪ ਤੇ ਬਸੰਤ ਵੱਲ ਵੇਖਦੀ ਤਾਂ ਇੱਕ ਅਗੰਮੀ ਖੁਸ਼ੀ ਉਹਦੇ ਅੰਦਰ ਝਰਨਾਟਾਂ ਛੇੜ ਦੇਂਦੀ। ਰੂਪ ਤੇ ਬਸੰਤ ਲੋਹੜੇ ਦੇ ਹੁਸੀਨ ਸਨ ਤੇ ਅਜੇ ਜਵਾਨੀ ਦੀਆਂ ਬਰੂਹਾਂ 'ਤੇ ਕਦਮ ਰੱਖ ਰਹੇ ਸਨ। ਉਹਦਾ ਦਿਲ ਕਰਦਾ ਉਨ੍ਹਾਂ ਨਾਲ ਹੱਸੇ, ਖੇਡੇ ਅਠਖੇਲੀਆਂ ਕਰੇ। ਉਹਦੇ ਅੰਦਰ ਇੱਕ ਖਾਹਿਸ਼ ਬੜੀ ਤੀਬਰਤਾ ਨਾਲ ਮਚਲ ਰਹੀ ਸੀ ਜਿਹੜੀ ਉਸ ਨੂੰ ਸਦੀਵੀ ਖੁਸ਼ੀ ਤੇ ਸੰਤੁਸ਼ਟਤਾ ਪ੍ਰਦਾਨ ਕਰ ਸਕਦੀ ਸੀ।

ਇੱਕ ਦਿਨ ਕੀ ਹੋਇਆ ਖੜਗ ਸੈਨ ਆਪਣੇ ਰਾਜ ਦਰਬਾਰ ਵਿੱਚ ਗਿਆ ਹੋਇਆ ਸੀ ਤੇ ਚੰਦਰਵਤੀ ਕੱਲਮ-ਕੱਲੀ ਆਪਣੇ ਮਹਿਲ ਦੀ ਖਿੜਕੀ ਵਿੱਚ ਬੈਠੀ ਹੋਈ ਬਾਹਰ ਦਾ ਨਜ਼ਾਰਾ ਮਾਣ ਰਹੀ ਸੀ। ਬਸੰਤ ਆਪਣੇ ਕਬੂਤਰਾਂ ਨਾਲ ਖੇਡ ਰਿਹਾ ਸੀ ਕਿ ਇੱਕ ਚੀਨਾ ਕਬੂਤਰ ਉੱਡ ਕੇ ਚੰਦਰਵਤੀ ਦੀ ਬਾਰੀ ਵਿੱਚ ਆਣ ਵੜਿਆ ਜਿਸ ਨੂੰ ਉਸ ਨੇ ਮਲਕੜੇ ਜਿਹੇ ਫੜ ਕੇ ਇੱਕ ਟੋਕਰੀ ਹੇਠ ਲੁਕੋ ਦਿੱਤਾ।

ਬਸੰਤ ਮਹਿਲ ਵਿੱਚ ਆਇਆ। ਉਸ ਨੂੰ ਵੇਖ ਕੇ ਚੰਦਰਵਤੀ ਗੁਲਾਬ ਦੇ ਫੁੱਲ ਵਾਂਗ ਖਿੜ ਗਈ। ਉਹ ਉਸ ਨੂੰ ਕਬੂਤਰ ਦੇਣ ਦੇ ਪੱਜ ਆਪਣੇ ਵਿਸ਼ਰਾਮ ਭਵਨ ਵਿੱਚ ਲੈ ਗਈ ਤੇ ਆਪਣੇ ਕੋਲ ਪਲੰਘ 'ਤੇ ਬਿਠਾ ਲਿਆ ਅਤੇ ਉਹਦੇ ਹੱਥਾਂ ਨੂੰ ਪੋਲੇ-ਪੋਲੇ ਪਲੋਸਦਿਆਂ ਸ਼ਹਿਦ ਜਿਹੇ ਮਿੱਠੇ ਬੋਲ ਬੋਲਦਿਆਂ ਬੋਲੀ, ''ਵੇ ਬਸੰਤ, ਤੈਨੂੰ ਕਬੂਤਰਾਂ ਨਾਲ ਖੇਡਣ ਦਾ ਸ਼ੌਕ ਐ। ਤੂੰ ਕਿੰਨਾ ਖੂਬਸੂਰਤ ਏਂ ਸੁਹਣਿਆਂ। ਮੈਂ ਤੇਰੇ 'ਤੇ ਵਾਰੀ ਜਾਨੀ ਆਂ। ਜਦ ਮੈਂ ਤੈਨੂੰ ਵੇਖਦੀ ਆਂ, ਮੇਰੀ ਜਾਨ ਈ ਕੱਢ ਲੈਨੈ! ਆਪਾਂ ਦੋਨੋਂ ਹਾਣ-ਪਰਵਾਣ ਦੇ ਆਂ। ਮੈਨੂੰ ਆਪਣੀ ਕਬੂਤਰੀ ਬਣਾ ਲੈ ਸੁਹਣਿਆਂ। ਸਾਰੀ ਜ਼ਿੰਦਗੀ ਤੇਰੀ ਬਣ ਕੇ ਰਹਾਂਗੀ।''

ਬਸੰਤ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਰਾਣੀ ਉਹਦੇ ਨਾਲ ਇਸ ਤਰ੍ਹਾਂ ਦਾ ਵਰਤਾਓ ਕਰੇਗੀ।

''ਮਾਤਾ ਜੀ, ਇਹ ਕਿਵੇਂ ਹੋ ਸਕਦੈ... ਮੈਂ ਤੁਹਾਡਾ ਪੁੱਤਰ ਆਂ। ਧਰਤ-ਅਸਮਾਨ ਫਟ ਨੀ ਜਾਣਗੇ-ਪੁੱਤਰ ਮਾਂ ਦਾ ਰੂਪ ਹੰਢਾਵੇ।''

''ਸੁਹਣਿਆਂ ਨਾ ਮੈਂ ਤੈਨੂੰ ਜਨਮ ਦਿੱਤੈ ਤੇ ਨਾ ਗੋਦ ਖਿਡਾਇਆ। ਮੈਂ ਤੇਰੀ ਮਾਂ ਨਹੀਂ... ਤੇਰੀ ਹਾਨਣ ਆਂ... ਮੇਰੀ ਜਵਾਨੀ ਵੱਲ ਵੇਖ ਤੇ ਮੈਨੂੰ ਆਪਣੀ ਬਣਾ ਲੈ, ਮੇਰੇ ਦਿਲ ਜਾਨੀਆਂ। ਮੈਂ ਚਰੋਕਣੀ ਤੇਰੇ ਦੀਦਾਰ ਨੂੰ ਤਰਸਦੀ ਪਈ ਆਂ।''

''ਮਾਂ ਮੈਨੂੰ ਅਜਿਹੀਆਂ ਗੱਲਾਂ ਨਾਲ ਭੁਚਲਾ ਨਾ... ਸਮਾਜਿਕ ਰਿਸ਼ਤੇ ਤੇ ਨੈਤਿਕ ਕਦਰਾਂ-ਕੀਮਤਾਂ ਦਾ ਘਾਣ ਸਾਡੇ ਸਮਾਜ ਨੂੰ ਕਿੱਧਰ ਲੈ ਤੁਰੇਗਾ?''

''ਮੇਰੀ ਰੂਹ ਦੇ ਹਾਣੀਆਂ-ਸਮਾਜ ਨੇ ਭਲਾ ਮੈਨੂੰ ਕੀ ਦਿੱਤੈ? ਕੱਚੀ ਕੈਲ ਨੂੰ ਅੱਧਖੜ ਬੁੱਢੜੇ ਦੇ ਲੜ ਲਾ ਕੇ ਮੇਰੀ ਜਵਾਨੀ ਰੋਲ ਦਿੱਤੀ ਐ...। ਮੋਤੀ, ਹੀਰੇ ਪੰਨੇ ਮੇਰੇ ਲਈ ਕਾਣੀ ਕੌਡੀ ਦੇ ਸਮਾਨ ਨੇ.. ਤੂੰ ਮੇਰੀ ਬਾਂਹ ਫੜ ਕੇ ਪਾਰ ਲੰਘਾ ਦੇ ਸੁਹਣਿਆ।''

''ਹੋਸ਼ ਤੋਂ ਕੰਮ ਲੈ ਮਾਤਾ ਮੇਰੀਏ। ਇਹ ਰਿਸ਼ਤਾ ਮੈਂ ਨਿਭਾ ਨਹੀਂ ਸਕਦਾ।''

''ਅਜੇ ਵੀ ਸੋਚ ਲੈ... ਜੇ ਤੂੰ ਮੇਰੀ ਗੱਲ ਨਹੀਂ ਮੰਨਣੀ ਤਾਂ ਇਸ ਦੇ ਮਾੜੇ ਨਤੀਜੇ ਭੁਗਤਣ ਲਈ ਤਿਆਰ ਹੋ ਜਾ!''

''ਮਾਤਾ ਮੈਂ ਹਰ ਸਜ਼ਾ ਭੁਗਤਣ ਲਈ ਤਿਆਰ ਹਾਂ। ਆਪਣੇ ਬਾਪ ਦੀ ਦਾੜ੍ਹੀ ਦੀ ਲਾਜ ਰੱਖਾਂਗਾ।''

ਐਨਾ ਆਖ ਬਸੰਤ ਇਕਦਮ ਮਹਿਲਾਂ ਤੋਂ ਬਾਹਰ ਹੋ ਗਿਆ। ਚੰਦਰਵਤੀ ਪਲੰਘ 'ਤੇ ਪਈ ਬਿਨਾਂ ਪਾਣੀਓਂ-ਮੱਛੀ ਵਾਂਗ ਤੜਪਣ ਲੱਗੀ।

ਬਸੰਤ ਨੇ ਰੂਪ ਨੂੰ ਆ ਕੇ ਸਾਰੀ ਹੋਈ ਬੀਤੀ ਸੁਣਾ ਦਿੱਤੀ। ਦੋਨੋਂ ਚਿੰਤਾ ਦੇ ਸਾਗਰ ਵਿੱਚ ਡੁੱਬ ਗਏ।

ਆਥਣ ਪਸਰੀ। ਹਨੇਰਾ ਗੂੜ੍ਹਾ ਹੋਇਆ। ਖੜਗ ਸੈਨ ਆਪਣੇ ਮਹਿਲਾਂ ਨੂੰ ਪਰਤਿਆ। ਸਾਰੇ ਸ਼ਮਾਦਾਨ ਗੁੱਲ, ਦੀਵਾ ਨਾ ਬੱਤੀ। ਉਹ ਅੰਦਰ ਵੜਿਆ-ਚੰਦਰਵਤੀ ਸਿਰਮੂੰਹ ਲਪੇਟੀ ਖਣਪੱਟੀ ਲਈ ਪਲੰਘ 'ਤੇ ਪਈ ਐ। ਕਮਰੇ ਦੀਆਂ ਵਸਤਾਂ ਐਧਰ-ਓਧਰ ਖਿੰਡੀਆਂ ਪਈਆਂ... ਰਾਜਾ ਭਮੱਤਰ ਗਿਆ। ਉਹਨੇ ਉਸ ਦੇ ਮੂੰਹ ਤੋਂ ਪੱਲਾ ਖਿੱਚ ਕੇ ਪਰ੍ਹੇ ਕੀਤਾ। ਰਾਣੀ ਦੇ ਚਿਹਰੇ 'ਤੇ ਘਰੂਟਾਂ ਦੇ ਨਿਸ਼ਾਨ... ਸਿਰ ਦੇ ਵਾਲ ਖਿੰਡੇ-ਪੁੰਡੇ ਜਿਵੇਂ ਕਿਸੇ ਨਾਲ ਹੱਥੋਂ ਪਾਈ ਕੀਤੀ ਹੋਵੇ। ਰਾਣੀ ਨੇ ਉਠਦੇ ਸਾਰ ਹੀ ਹਟਕੋਰਿਆਂ ਅਤੇ ਹੰਝੂਆਂ ਦੀ ਝੜੀ ਲਾ ਦਿੱਤੀ।

''ਰਾਜਨ! ਕੀ ਦੱਸਾਂ ਕੀ ਨਾ ਦੱਸਾਂ। ਲੋਹੜਾ ਮਾਰਿਐ ਤੁਹਾਡੇ ਲਾਡਲੇ ਪੁੱਤਰ ਬਸੰਤ ਨੇ। ਅੱਜ ਮਹਿਲੀਂ ਆਇਆ ਸੀ। 'ਕੱਲੀ ਵੇਖ ਉਹਨੇ ਮੇਰੇ ਨਾਲ ਹੱਥੋਂ-ਪਾਈ ਕੀਤੀ ਐ... ਮੈਂ ਬੁਰਛੇ ਕੋਲੋਂ ਆਪਣੀ ਪੱਤ ਨੂੰ ਮਸੀਂ ਬਚਾਇਐ...।'' ਚੰਦਰਵਤੀ ਨੇ ਤ੍ਰੀਆ ਚਲਿੱਤਰ ਦਾ ਅਜਿਹਾ ਬਾਣ ਚਲਾਇਆ ਕਿ ਖੜਗ ਸੈਨ ਸੋਚੀਂ ਪੈ ਗਿਆ।

''ਇਹ ਕਿਵੇਂ ਹੋ ਸਕਦੈ ਮੇਰੀ ਰਾਣੀਏਂ। ਬਸੰਤ ਅਜਿਹਾ ਨਹੀਂ ਕਰ ਸਕਦਾ... ਸੱਚੋ-ਸੱਚ ਦੱਸ?

''ਰਾਜਨ ਬਸੰਤ, ਤੁਹਾਡਾ ਪੁੱਤਰ ਐ ਨਾ। ਇਸ ਲਈ ਮੇਰੀ ਗੱਲ ਦਾ ਆਪ ਨੂੰ ਇਤਬਾਰ ਨਹੀਂ...'' ਐਨਾ ਆਖ ਚੰਦਰਵਤੀ ਜ਼ਾਰੋ-ਜ਼ਾਰ ਰੋਣ ਲੱਗ ਪਈ। ਰਾਜਾ ਉਹਦੇ ਭਾਵਾਂ ਦੇ ਵਾਰ ਨੂੰ ਸਹਿ ਨਾ ਸਕਿਆ। ਉਹ ਧੁਰ ਅੰਦਰ ਤਕ

ਤੜਪ ਉਠਿਆ। ਉਹਨੇ ਰਾਣੀ ਨੂੰ ਆਪਣੀ ਬੁੱਕਲ ਵਿੱਚ ਲੈਂਦਿਆਂ ਕਿਹਾ, ''ਮੇਰੀ ਬੇਗ਼ਮ ਮੈਨੂੰ ਤੇਰੇ 'ਤੇ ਪੂਰਾ ਭਰੋਸੇ, ਜਿਹੜਾ ਕੁਕਰਮ ਬਸੰਤ ਨੇ ਤੇਰੇ ਨਾਲ ਕੀਤੈ, ਉਹ ਮੁਆਫ਼ ਕਰਨ ਵਾਲਾ ਨਹੀਂ। ਉਸ ਨੂੰ ਅਜਿਹੀ ਸਜ਼ਾ ਦਿਆਂਗਾ ਕਿ ਲੋਕੀਂ ਰਹਿੰਦੀ ਦੁਨੀਆਂ ਤਕ ਯਾਦ ਰੱਖਣਗੇ।''

ਰਾਜੇ ਦੇ ਇਹ ਬਚਨ ਸੁਣ ਕੇ ਰਾਣੀ ਦੇ ਧੁਰ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ ਤੇ ਉਹ ਉਸ ਨੂੰ ਰੁਝਾਉਣ ਲਈ ਆਪਣਾ ਹਾਰ-ਸ਼ਿੰਗਾਰ ਕਰਨ ਲੱਗੀ। ਅਗਲੀ ਸਵੇਰ ਖੜਗ ਸੈਨ ਨੇ ਬਸੰਤ ਨੂੰ ਭਰੇ ਦਰਬਾਰ ਵਿੱਚ ਤਲਬ ਕਰ ਲਿਆ ਤੇ ਉਸ ਦਾ ਪੱਖ ਸੁਣੇ ਬਗੈਰ ਹੀ ਉਸ ਨੂੰ ਦੇਸ਼ ਨਿਕਾਲੇ ਦਾ ਹੁਕਮ ਸੁਣਾ ਦਿੱਤਾ।

ਸਾਰੇ ਦਰਬਾਰ ਵਿੱਚ ਸੰਨਾਟਾ ਛਾ ਗਿਆ। ਕਿਸੇ ਦੀ ਜੁਅਰਤ ਨਹੀਂ ਸੀ ਰਾਜੇ ਦੇ ਹੁਕਮ ਨੂੰ ਮੋੜਨ ਦੀ। ਸਾਰੇ ਦਰਬਾਰੀ ਜਾਣਦੇ ਸਨ ਕਿ ਬਸੰਤ ਬੇਕਸੂਰ ਏ। ਰੂਪ ਨੇ ਵੀ ਆਪਣੇ ਪਿਤਾ ਅੱਗੇ ਬੇਨਤੀ ਕੀਤੀ ਪਰ ਬਸੰਤ ਤਾਂ ਉਹਦੀਆਂ ਨਜ਼ਰਾਂ ਵਿੱਚ ਕਸੂਰਵਾਰ ਸੀ ਅਤੇ ਉਹ ਬਸੰਤ ਨੂੰ ਦੇਸ਼ ਨਿਕਾਲੇ ਦੀ ਸਜ਼ਾ ਦੇ ਕੇ ਆਪਣੇ ਅਦਲੀ ਰਾਜਾ ਹੋਣ ਦਾ ਧਰਮ ਨਿਭਾ ਰਿਹਾ ਸੀ।

ਬਸੰਤ ਨੂੰ ਇਹ ਆਸ ਨਹੀਂ ਸੀ ਕਿ ਉਸ ਦਾ ਪਿਤਾ ਉਹਦਾ ਪੱਖ ਜਾਣੇ ਬਿਨਾਂ ਅਜਿਹੀ ਸਜ਼ਾ ਸੁਣਾ ਦੇਵੇਗਾ। ਉਹ ਆਪਣੇ ਦਿਲ 'ਤੇ ਪੱਥਰ ਰੱਖ ਕੇ ਬੈਠ ਗਿਆ। ਉਹਨੂੰ ਵਿਛੜੀ ਮਾਂ ਦੀ ਯਾਦ ਆਈ ਤੇ ਉਹਦਾ ਗੱਚ ਭਰ ਆਇਆ। ਉਹ ਭਰੇ ਨੈਣਾਂ ਨਾਲ ਆਪਣੇ ਸ਼ਹਿਰ ਨੂੰ ਨਮਸਕਾਰ ਕਰਕੇ ਘੋੜੇ 'ਤੇ ਸਵਾਰ ਹੋ ਕੇ ਤੁਰ ਪਿਆ। ਅਜੇ ਉਹ ਕੁਝ ਕਦਮਾਂ 'ਤੇ ਹੀ ਗਿਆ ਸੀ ਕਿ ਰੂਪ ਵੀ ਘੋੜੇ ਸਮੇਤ ਉਹਦੇ ਨਾਲ ਜਾ ਰਲਿਆ ਤੇ ਬੋਲਿਆ, ''ਵੀਰੇ ਮੈਂ ਤੇਰੇ ਬਗੈਰ 'ਕੱਲਾ ਕਿਵੇਂ ਰਹਿ ਸਕਦਾਂ...ਤੇਰੇ ਨਾਲ ਹੀ ਚੱਲਾਂਗਾ।''

''ਨਾ ਰੂਪ ਵੀਰੇ ਤੂੰ ਕਿਉਂ ਕਸ਼ਟ ਝੱਲਣੇ ਨੇ, ਜੋ ਮੇਰੇ ਕਰਮਾਂ 'ਚ ਲਿਖਿਐ ਉਹ ਤਾਂ ਮੈਂ ਭੋਗਣੈ ਹੀ ਐ... ਜਾਹ, ਪਿਛਾਂਹ ਮੁੜ ਜਾ ਵੀਰੇ।''

ਰੂਪ ਜ਼ਿੱਦ ਕਰਕੇ ਬਸੰਤ ਦੇ ਨਾਲ ਹੀ ਜੰਗਲ-ਬੀਆ-ਬਾਨਾਂ ਨੂੰ ਤੁਰ ਪਿਆ। ਉਨ੍ਹਾਂ ਆਪਣੇ ਦੇਸ਼ ਦੀ ਹੱਦ ਪਾਰ ਕਰ ਲਈ ਤੇ ਗੁਆਂਢੀ ਰਾਜ ਦੇ ਜੰਗਲ ਬੇਲਿਆਂ ਵਿੱਚ ਜਾ ਵੜੇ। ਜੋ ਕੰਦ ਮੂਲ ਮਿਲਦਾ ਖਾ ਕੇ ਗੁਜ਼ਾਰਾ ਕਰ ਲੈਂਦੇ। ਰਾਤ ਨੂੰ ਕਿਸੇ ਦਰੱਖਤ ਥੱਲੇ ਟਿਕ ਜਾਂਦੇ। ਜੰਗਲੀ ਜੀਵ-ਜੰਤੂਆਂ ਤੋਂ ਬਚਣ ਲਈ ਅੱਧੀ ਰਾਤ ਤਕ ਇੱਕ ਜਣਾ ਜਾਗਦਾ ਦੂਜਾ ਸੌਂਦਾ। ਇਸ ਤਰ੍ਹਾਂ ਵਾਰੋ ਵਾਰੀ ਜਾਗਦੇ ਸੌਂਦੇ। ਇੱਕ ਸਾਲ ਤੋਂ ਵੀ ਵੱਧ ਸਮਾਂ ਉਹ ਇਸੇ ਭਟਕਣਾ ਵਿੱਚ ਭਟਕਦੇ ਰਹੇ। ਉਨ੍ਹਾਂ ਕਈ ਨਦੀਆਂ, ਦਰਿਆ, ਘਾਟੀਆਂ ਤੇ ਪਹਾੜ ਪਾਰ ਕੀਤੇ ਅਤੇ ਇੱਕ ਦਿਨ ਕੀ ਭਾਣਾ ਵਾਪਰਿਆ। ਰਾਤ ਸਮੇਂ ਰੂਪ ਸੁੱਤਾ ਪਿਆ ਸੀ ਤੇ ਬਸੰਤ ਜਾਗਦਾ ਸੀ। ਜਦੋਂ ਰੂਪ ਦੀ ਜਾਗ ਖੁੱਲ੍ਹੀ ਤਾਂ ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਬਸੰਤ ਤਾਂ ਮਰਿਆ ਪਿਆ। ਉਹਨੇ ਉਹਨੂੰ ਹਿਲਾਇਆ ਵੀ ਪਰ ਬਸੰਤ ਟਸ ਤੋਂ ਮਸ ਨਾ ਹੋਇਆ। ਰੂਪ ਸੋਚੀਂ ਪੈ ਗਿਆ ਕਰੇ ਤਾਂ ਕੀ ਕਰੇ। ਜੰਗਲ ਬੀਆ-ਬਾਨ... ਪਰਾਇਆ ਦੇਸ਼ ਕੋਈ ਮਦਦਗਾਰ ਨਹੀਂ...।

ਉਹ ਕਫ਼ਨ ਦਾ ਪ੍ਰਬੰਧ ਕਰਨ ਲਈ ਬਸੰਤ ਦੀ ਲਾਸ਼ ਨੂੰ ਦਰੱਖਤ ਥੱਲੇ ਹੀ ਛੱਡ ਕੇ ਨੇੜੇ ਦੇ ਸ਼ਹਿਰ ਨੂੰ ਤੁਰ ਪਿਆ। ਤੁਰਦਿਆਂ-ਤੁਰਦਿਆਂ ਰੂਪ ਮਿਸਰ ਦੀ ਰਾਜਧਾਨੀ ਪੁੱਜ ਗਿਆ। ਸ਼ਹਿਰ ਦੇ ਆਲੇ-ਦੁਆਲੇ ਬਹੁਤ ਵੱਡੀ ਫਸੀਲ ਸੀ ਤੇ

ਅੰਦਰ ਜਾਣ ਲਈ ਕੇਵਲ ਇੱਕੋ-ਇੱਕ ਦਰਵਾਜ਼ਾ ਸੀ। ਉਹ ਦਰਵਾਜ਼ੇ ਰਾਹੀਂ ਅੰਦਰ ਵੜਨ ਹੀ ਲੱਗਾ ਸੀ ਕਿ ਚੌਕੀਦਾਰ ਨੇ ਉਸ ਨੂੰ ਰੋਕ ਲਿਆ। ਐਨੇ ਨੂੰ ਉਥੇ ਹੋਰ ਬਹੁਤ ਸਾਰੇ ਸ਼ਾਹੀ-ਦਰਬਾਰੀ ਆ ਗਏ। ਉਨ੍ਹਾਂ ਰੂਪ ਨੂੰ ਕਿਹਾ, ''ਹੇ ਪਰਦੇਸੀ, ਨੌਜਵਾਨਾਂ ਕੱਲ੍ਹ ਸਾਡੇ ਦੇਸ਼ ਦਾ ਰਾਜਾ ਸੁਰਗਵਾਸ ਹੋ ਗਿਆ। ਪਰੰਪਰਾ ਅਨੁਸਾਰ ਸਾਰੇ ਅਧਿਕਾਰੀਆਂ ਅਤੇ ਦਰਬਾਰੀਆਂ ਨੇ ਫ਼ੈਸਲਾ ਕੀਤਾ ਕਿ ਜਿਹੜਾ ਵੀ ਪਹਿਲਾ ਯਾਤਰੀ ਅੱਜ ਸਵੇਰੇ ਸ਼ਹਿਰ ਵਿੱਚ ਵੜੇਗਾ ਉਹਨੂੰ ਰਾਜ ਸਿੰਘਾਸਣ 'ਤੇ ਬਿਠਾ ਦਿੱਤਾ ਜਾਵੇਗਾ। ਤੁਸੀਂ ਸ਼ਹਿਰ ਵਿੱਚ ਪ੍ਰਵੇਸ਼ ਕਰਨ ਵਾਲੇ ਪਹਿਲੇ ਪੁਰਸ਼ ਹੋ। ਇਸ ਕਰਕੇ ਹੁਣ ਸਾਡੇ ਰਾਜਾ ਹੋ।'' ਐਨਾ ਆਖ ਉਨ੍ਹਾਂ ਨੇ ਰੂਪ ਨੂੰ ਸ਼ਾਹੀ ਬਸਤਰ ਪਹਿਨਾ ਕੇ ਵਿਧੀਵਤ ਰਸਮਾਂ ਨਾਲ ਰਾਜ ਸਿੰਘਾਸਣ 'ਤੇ ਬਿਰਾਜਮਾਨ ਕਰ ਦਿੱਤਾ। ਰੂਪ ਹੁਣ ਮਿਸਰ ਦਾ ਰਾਜਾ ਬਣ ਗਿਆ ਸੀ ਤੇ ਉਸ ਨੂੰ ਰਾਜ ਦਰਬਾਰੀਆਂ ਨੇ ਐਨਾ ਵਿਅਸਤ ਕਰ ਦਿੱਤਾ ਕਿ ਉਹ ਕੁਝ ਪਲਾਂ ਲਈ ਬਸੰਤ ਨੂੰ ਵੀ ਭੁੱਲ ਗਿਆ। ਉਹ ਕੁਝ ਦਿਨਾਂ ਬਾਅਦ ਉਸ ਥਾਂ 'ਤੇ ਵੀ ਗਿਆ ਜਿੱਥੇ ਬਸੰਤ ਦੀ ਲਾਸ਼ ਪਈ ਸੀ। ਉਸ ਦਰੱਖਤ ਥੱਲੇ ਲਾਸ਼ ਨਾ ਵੇਖ ਕੇ ਉਹਨੇ ਇਹ ਅਨੁਮਾਨ ਲਾ ਲਿਆ ਕਿ ਬਸੰਤ ਦੀ ਲਾਸ਼ ਨੂੰ ਜੰਗਲੀ ਜਾਨਵਰ ਖਾ ਗਏ ਹੋਣਗੇ। ਉਹ ਬਸੰਤ ਦੇ ਗ਼ਮ ਨੂੰ ਆਪਣੇ ਦਿਲ ਵਿੱਚ ਸਮੋ ਕੇ ਪਰਤ ਆਇਆ ਅਤੇ ਆਪਣੇ ਰਾਜ ਦੇ ਕੰਮ-ਕਾਜ ਚਲਾਉਣ ਲੱਗਾ।

ਏਧਰ ਬਸੰਤ ਦੀ ਹੋਣੀ ਵੇਖੋ.. ਜਦੋਂ ਰੂਪ ਉਹਦੇ ਕਫ਼ਨ ਦੀ ਭਾਲ ਵਿੱਚ ਉਹਨੂੰ ਛੱਡ ਕੇ ਗਿਆ ਸੀ, ਉਸ ਦੇ ਜਾਣ ਬਾਅਦ ਹੀ ਮੰਗਲ ਨਾਥ ਨਾਂ ਦਾ ਜੋਗੀ ਕਿਧਰੋਂ ਤੁਰਦਾ-ਫਿਰਦਾ ਉਸ ਦਰੱਖਤ ਕੋਲ ਆ ਗਿਆ ਜਿੱਥੇ ਬਸੰਤ ਦੀ ਲੋਥ ਪਈ ਸੀ। ਜੋਗੀ ਨੇ ਉਸ ਨੂੰ ਹਿਲਾ-ਜੁਲਾ ਕੇ ਵੇਖਿਆ ਤੇ ਉਸ ਦੀ ਨਬਜ਼ ਵੇਖੀ। ਨਬਜ਼ ਚੱਲ ਰਹੀ ਸੀ। ਅਸਲ ਵਿੱਚ ਉਹ ਮਰਿਆ ਨਹੀਂ, ਸਿਰਫ਼ ਬੇਹੋਸ਼ ਹੋਇਆ ਸੀ। ਉਹਨੂੰ ਕਿਸੇ ਜ਼ਹਿਰੀਲੇ ਸੱਪ ਨੇ ਡਸ ਕੇ ਬੇਸੁੱਧ ਕਰ ਦਿੱਤਾ ਸੀ। ਜੋਗੀ ਨੇ ਜੰਗਲੀ ਬੂਟੀਆਂ ਦੀ ਵਰਤੋਂ ਕਰਕੇ ਉਹਨੂੰ ਹੋਸ਼ ਵਿੱਚ ਲਿਆਂਦਾ। ਬਸੰਤ ਨੇ ਜੋਗੀ ਨੂੰ ਆਪਣੀ ਸਾਰੀ ਵਿਥਿਆ ਸੁਣਾਈ। ਜੋਗੀ ਉਸ ਨੂੰ ਆਪਣੀ ਕੁਟੀਆ ਵਿੱਚ ਲੈ ਆਇਆ ਤੇ ਆਪਣੇ ਕੋਲ ਹੀ ਰੱਖ ਲਿਆ। ਬਸੰਤ ਨੇ ਵੀ ਆਪਣੇ ਜੀਵਨ ਦਾਤੇ ਨੂੰ ਆਪਣਾ ਆਪ ਸਮਰਪਿਤ ਕਰ ਦਿੱਤਾ ਤੇ ਉਹਦੀ ਸੇਵਾ ਵਿੱਚ ਲੀਨ ਹੋ ਗਿਆ। ਉਸ ਨੂੰ ਰੂਪ ਦੀ ਯਾਦ ਆਉਂਦੀ-ਸੋਚਦਾ ਪਤਾ ਨਹੀਂ ਉਸ ਨਾਲ ਕੀ ਬਣੀ ਹੋਵੇਗੀ? ਖੌਰੇ ਜਿਉਂਦਾ ਵੀ ਹੈ ਕਿ ਜੰਗਲੀ ਜਾਨਵਰਾਂ ਨੇ ਆਪਣਾ ਖਾਜਾ ਬਣਾ ਲਿਆ? ਜੋਗੀ ਕੋਲ ਰਹਿੰਦਿਆਂ ਬਸੰਤ ਨੇ ਸੱਤ ਵਰ੍ਹੇ ਲੰਘਾ ਦਿੱਤੇ।

ਬਸੰਤ ਨੂੰ ਸ਼ਿਕਾਰ ਖੇਡਣ ਦਾ ਸ਼ੌਕ ਬਚਪਨ ਤੋਂ ਹੀ ਸੀ। ਜੋਗੀ ਨੇ ਉਸ ਦੇ ਸ਼ੌਕ ਨੂੰ ਮੱਠਾ ਨਾ ਪੈਣ ਦਿੱਤਾ। ਇੱਕ ਦਿਨ ਬਸੰਤ ਘੋੜੇ 'ਤੇ ਸਵਾਰ ਇੱਕ ਸ਼ਿਕਾਰ ਮਗਰ ਲੱਗਿਆ ਬਹੁਤ ਦੂਰ ਨਿਕਲ ਗਿਆ ਤੇ ਅਚਾਨਕ ਆਏ ਹਨੇਰੀ-ਝੱਖੜ ਨੇ ਉਸ ਨੂੰ ਰਾਹ ਭੁਲਾ ਦਿੱਤਾ। ਹਨੇਰਾ ਹੋਣ ਕਰਕੇ ਉਹ ਪਿਛਾਂਹ ਜਾਣ ਜੋਗਾ ਵੀ ਨਹੀਂ ਸੀ। ਉਹਨੂੰ ਦੂਰ ਇੱਕ ਸ਼ਹਿਰ ਨਜ਼ਰ ਆਇਆ। ਉਹ ਸ਼ਹਿਰ ਦੀ ਫਸੀਲ ਦੇ ਮੁੱਖ ਦਰਵਾਜ਼ੇ 'ਤੇ ਪੁੱਜ ਗਿਆ। ਦਰਵਾਜ਼ਾ ਬੰਦ ਸੀ। ਉਸ ਨੇ ਦਰਵਾਜ਼ਾ ਖੜਕਾਇਆ ਅੰਦਰੋਂ ਚੌਕੀਦਾਰ ਨੇ ਦਰਵਾਜ਼ੇ ਦੀ ਮੋਰੀ ਰਾਹੀਂ ਆਖਿਆ, ਰਾਜੇ ਦਾ ਹੁਕਮ ਐ ਇਹ ਦਰਵਾਜ਼ਾ ਰਾਤ ਨੂੰ ਬੰਦ ਹੋ ਕੇ ਦੁਬਾਰਾ ਨਹੀਂ ਖੁੱਲ੍ਹ ਸਕਦਾ ਕਿਉਂਕਿ ਰਾਤ ਸਮੇਂ ਏਥੇ ਇੱਕ ਆਦਮਖੋਰ ਸ਼ੇਰ ਆਉਂਦੈ। ਉਹਨੇ ਪਰਜਾ ਦੇ ਬਹੁਤ ਸਾਰੇ ਬੰਦੇ ਮਾਰ ਦਿੱਤੇ ਨੇ। ਚੰਗਾ ਇਹੀ ਐ ਤੂੰ ਕਿਧਰੇ ਹੋਰ ਚਲਿਆ ਜਾ, ਦਰਵਾਜ਼ਾ ਮੈਂ ਨਹੀਂ ਖੋਲ੍ਹਣਾ।''

ਐਨਾ ਆਖ ਚੌਕੀਦਾਰ ਨੇ ਤਾਕੀ ਵੀ ਬੰਦ ਕਰ ਦਿੱਤੀ। ਬਸੰਤ ਹੁਣ ਕੀ ਕਰਦਾ। ਹਨੇਰਾ ਗੂੜ੍ਹਾ ਹੋ ਰਿਹਾ ਸੀ। ਕਾਲੀ-ਬੋਲੀ ਡਰਾਉਣੀ ਰਾਤ। ਬਸੰਤ ਨੇ ਦਰਵਾਜ਼ੇ ਦੇ ਸਾਹਮਣੇ ਹੀ ਰਾਤ ਕੱਟਣ ਦਾ ਮਨ ਬਣਾ ਲਿਆ। ਅੱਧੀ ਰਾਤ ਲੰਘੀ ਸੀ ਕਿ ਖੂੰਖਾਰ ਸ਼ੇਰ ਨੇ ਆ ਬੁਹਾੜ ਮਾਰੀ। ਬਸੰਤ ਤਾਂ ਅਜੇ ਜਾਗਦਾ ਹੀ ਪਿਆ ਸੀ। ਉਹਨੇ ਆਪਣੇ ਸ਼ਸਤਰ ਸੰਭਾਲੇ ਹੀ ਸਨ ਕਿ ਸ਼ੇਰ ਨੇ ਉਸ ’ਤੇ ਹਮਲਾ ਕਰ ਦਿੱਤਾ ਪਰ ਬਸੰਤ ਨੇ ਬੜੀ ਫੁਰਤੀ ਨਾਲ ਸ਼ੇਰ ’ਤੇ ਅਜਿਹਾ ਤਲਵਾਰ ਦਾ ਵਾਰ ਕੀਤਾ ਕਿ ਉਹ ਚੁਫ਼ਾਲ ਧਰਤੀ ’ਤੇ ਜਾ ਪਿਆ। ਸ਼ੇਰ ਨੂੰ ਮਾਰ ਮੁਕਾਣ ਉਪਰੰਤ ਬਸੰਤ ਥਕੇਵੇਂ ਕਾਰਨ ਦਰਵਾਜ਼ੇ ਦੇ ਸਾਹਮਣੇ ਹੀ ਘੂਕ ਸੌਂ ਗਿਆ।

ਸਵੇਰ ਹੋਈ ਚੌਕੀਦਾਰ ਨੇ ਸ਼ਹਿਰ ਦਾ ਮੁੱਖ ਦੁਆਰ ਖੋਲ੍ਹਿਆ। ਉਹਨੇ ਵੇਖਿਆ ਸ਼ੇਰ ਮਰਿਆ ਪਿਆ ਤੇ ਨਾਲ ਹੀ ਸ਼ੇਰ ਨੂੰ ਮਾਰਨ ਵਾਲਾ ਵੀ ਘੂਕ ਸੁੱਤਾ ਪਿਆ ਹੈ। ਉਹਨੇ ਤੁਰੰਤ ਕੋਤਵਾਲ ਨੂੰ ਬੁਲਾਇਆ। ਕੋਤਵਾਲ ਦੇ ਮਨ ਵਿੱਚ ਅਜਿਹੀ ਖੋਟ ਆਈ ਕਿ ਕਿਉਂ ਨਾ ਉਹ ਸ਼ੇਰ ਨੂੰ ਆਪਣੇ ਵੱਲੋਂ ਮਾਰਿਆ ਦੱਸ ਕੇ ਰਾਜੇ ਪਾਸੋਂ ਇਨਾਮ ਪ੍ਰਾਪਤ ਕਰ ਲਵੇ। ਉਨ੍ਹਾਂ ਨੇ ਮਤਾ ਪਕਾ ਕੇ ਸੁੱਤੇ ਪਏ ਬਸੰਤ ਨੂੰ ਵੱਢ ਟੁੱਕ ਕੇ ਬੇਹੋਸ਼ ਕਰ ਦਿੱਤਾ ਤੇ ਉਸ ਨੂੰ ਉੱਥੋਂ ਚੁੱਕ ਕੇ ਖਤਾਨਾਂ ਵਿੱਚ ਸੁੱਟ ਆਏ।

ਆਦਮਖੋਰ ਸ਼ੇਰ ਦੇ ਮਾਰੇ ਜਾਣ ਦੀ ਖ਼ਬਰ ਸੁਣ ਕੇ ਰਾਜਾ ਰੂਪ ਬਹੁਤ ਖੁਸ਼ ਹੋਇਆ। ਉਹਨੇ ਚੌਕੀਦਾਰ ਅਤੇ ਕੋਤਵਾਲ ਨੂੰ ਉਨ੍ਹਾਂ ਦੀ ਬਹਾਦਰੀ ਬਦਲੇ ਢੇਰ ਸਾਰੇ ਇਨਾਮ ਦਿੱਤੇ। ਸਾਰੇ ਸ਼ਹਿਰ ਵਿੱਚ ਕੋਤਵਾਲ ਦੀ ਬਹਾਦਰੀ ਦੇ ਚਰਚੇ ਹੋ ਰਹੇ ਸਨ। ਓਧਰ ਸ਼ੇਰ ਨੂੰ ਮਾਰਨ ਵਾਲਾ ਬਸੰਤ ਖਤਾਨਾਂ ਵਿੱਚ ਪਿਆ ਕਰਾਹ ਰਿਹਾ ਸੀ। ਕਰਨੀ ਕੁਦਰਤ ਦੀ ਕੋਈ ਤੀਜੇ ਪਹਿਰ ਇਸ ਸ਼ਹਿਰ ਦਾ ਕਾਲੂ ਘੁਮਿਆਰ ਮਿੱਟੀ ਲੈਣ ਲਈ ਖ਼ਤਾਨਾਂ ਵੱਲ ਗਿਆ। ਉਹ ਵੇਖ ਕੇ ਹੈਰਾਨ ਰਹਿ ਗਿਆ ਕਿ ਇੱਕ ਨੌਜਵਾਨ ਖਤਾਨਾਂ ਵਿੱਚ ਵੱਢਿਆ ਟੁੱਕਿਆ ਕਰਾਹ ਰਿਹਾ ਹੈ। ਉਹ ਉਸ ਨੂੰ ਉਸੇ ਵੇਲੇ ਆਪਣੇ ਖੋਤੇ ’ਤੇ ਲੱਦ ਕੇ ਘਰ ਲੈ ਆਇਆ ਤੇ ਉਹਦੀ ਤੀਮਾਰਦਾਰੀ ਕਰਨ ਲੱਗਾ। ਬਸੰਤ ਕੁਝ ਦਿਨਾਂ ਵਿੱਚ ਹੀ ਨੌਂ-ਬਰ-ਨੌਂ ਹੋ ਗਿਆ। ਘੁਮਾਰ ਤੇ ਘੁਮਾਰੀ ਕੱਲੇ ਹੀ ਘਰ ’ਚ ਰਹਿ ਰਹੇ ਸਨ। ਉਨ੍ਹਾਂ ਦੇ ਕੋਈ ਔਲਾਦ ਨਹੀਂ ਸੀ। ਉਨ੍ਹਾਂ ਨੇ ਬਸੰਤ ਨੂੰ ਆਪਣਾ ਪੁੱਤਰ ਬਣਾ ਲਿਆ। ਬਸੰਤ ਵੀ ਉਨ੍ਹਾਂ ਵੱਲੋਂ ਕੀਤੇ ਉਪਕਾਰ ਨੂੰ ਭੁੱਲਿਆ ਨਹੀਂ ਸੀ। ਉਹ ਵੀ ਸਕੇ ਪੁੱਤਰ ਵਾਂਗ ਉਨ੍ਹਾਂ ਦੇ ਕੰਮ-ਕਾਜ ਵਿੱਚ ਹੱਥ ਵਟਾਉਣ ਲੱਗਾ। ਕਈ ਮਹੀਨੇ ਗੁਜ਼ਰ ਗਏ। ਇੱਕ ਦਿਨ ਬਸੰਤ ਬਾਜ਼ਾਰ ਵਿੱਚ ਘੁੰਮ ਰਿਹਾ ਸੀ ਕਿ ਅਚਾਨਕ ਉਸ ਉੱਤੇ ਕੋਤਵਾਲ ਦੀ ਨਜ਼ਰ ਜਾ ਪਈ। ਉਹਨੇ ਪਛਾਣ ਲਿਆ ਕਿ ਇਹ ਤਾਂ ਓਹੀ ਨੌਜਵਾਨ ਹੈ ਜਿਸ ਨੇ ਸ਼ੇਰ ਨੂੰ ਮਾਰਿਆ ਸੀ। ਆਪਣੇ ਪਾਜ ਦੇ ਉਧੜਨ ਦੇ ਡਰੋਂ ਉਹਨੇ ਬਸੰਤ ਨੂੰ ਕਿਸੇ ਮਾਮਲੇ ਵਿੱਚ ਉਲਝਾਉਣ ਦਾ ਮਨ ਬਣਾ ਲਿਆ। ਉਹਨੇ ਆਪਣੇ ਸ਼ਹਿਰ ਦੀ ਇੱਕ ਵੇਸਵਾ ਪਾਸੋਂ ਬਸੰਤ ’ਤੇ ਇਲਜ਼ਾਮ ਲਗਵਾ ਦਿੱਤਾ ਕਿ ਉਹਨੇ ਉਹਦਾ ਹਾਰ ਚੋਰੀ ਕੀਤਾ ਹੈ। ਇਸ ਇਲਜ਼ਾਮ ਵਿੱਚ ਕੋਤਵਾਲ ਨੇ ਬਸੰਤ ਨੂੰ ਜੇਲ੍ਹ ਦੀ ਕੋਠੜੀ ਵਿੱਚ ਬੰਦ ਕਰਵਾ ਦਿੱਤਾ।

ਦਿਨ ਬੀਤਦੇ ਗਏ। ਝੂਠੇ ਇਲਜ਼ਾਮ ਵਿੱਚ ਬਸੰਤ ਜੇਲ੍ਹ ਦੀ ਹਵਾ ਖਾ ਰਿਹਾ ਸੀ। ਬਸੰਤ ਦੇ ਧਰਮ ਮਾਤਾ-ਪਿਤਾ ਦੀ ਵੀ ਕਿਸੇ ਇੱਕ ਨਾ ਸੁਣੀ।

ਇੱਕ ਦਿਨ ਕੀ ਹੋਇਆ ਰਾਜਾ ਰੂਪ ਦੇ ਦਰਬਾਰ ਵਿੱਚ ਇੱਕ ਸੌਦਾਗਰ ਨੇ ਆ ਅਰਜ਼ ਗੁਜ਼ਾਰੀ, ''ਰਾਜਨ ਮੈਂ ਮਦਦ ਦੀ ਆਸ ਲੈ ਕੇ ਤੁਹਾਡੇ ਪਾਸ ਆਇਆ ਹਾਂ! ਮੇਰਾ ਜਹਾਜ਼ ਸਮੁੰਦਰ ਵਿੱਚ ਫਸਿਆ ਖੜੈ। ਜੋਤਸ਼ੀਆਂ ਕਿਹਾ ਹੈ ਕਿ ਸਮੁੰਦਰ ਮਨੁੱਖ ਦੀ ਬਲੀ ਮੰਗਦਾ ਹੈ। ਬਲੀ ਦੇਣ 'ਤੇ ਚੱਲੇਗਾ। ਮੇਰੇ 'ਤੇ ਕਿਰਪਾ ਕਰੋ ਰਾਜਨ।''

ਰਾਜੇ ਰੂਪ ਨੇ ਕੋਤਵਾਲ ਨੂੰ ਬੁਲਾਇਆ ਤੇ ਕਿਸੇ ਕੈਦੀ ਨੂੰ ਸੌਦਾਗਰ ਦੇ ਹਵਾਲੇ ਕਰਨ ਦਾ ਆਦੇਸ਼ ਦੇ ਦਿੱਤਾ। ਕੋਤਵਾਲ ਲਈ ਇਸ ਤੋਂ ਵਧੀਆ ਮੌਕਾ ਹੋਰ ਕੀ ਮਿਲਣਾ ਸੀ। ਉਹਨੇ ਬਸੰਤ ਨੂੰ ਜੇਲ੍ਹਖਾਨੇ ਵਿੱਚੋਂ ਕੱਢ ਕੇ ਸੌਦਾਗਰ ਦੇ ਨਾਲ ਤੋਰ ਦਿੱਤਾ।

ਸੌਦਾਗਰ ਬਸੰਤ ਨੂੰ ਜਹਾਜ਼ 'ਤੇ ਲੈ ਆਇਆ। ਬਸੰਤ ਨੇ ਜਹਾਜ਼ ਦੇ ਇੰਜਣ ਦੇ ਕਲਪੁਰਜ਼ਿਆਂ ਨੂੰ ਆਪਣੇ ਹੱਥਾਂ ਨਾਲ ਇਧਰ ਉੱਧਰ ਘੁਮਾਇਆ ਤੇ ਜਹਾਜ਼ ਨੇ ਘੁਰਰ-ਘੁਰਰ ਕਰਨਾ ਸ਼ੁਰੂ ਕਰ ਦਿੱਤਾ ਤੇ ਹੌਲੀ-ਹੌਲੀ ਰਫ਼ਤਾਰ ਫੜ ਲਈ। ਸੌਦਾਗਰ ਬਸੰਤ ਦੀ ਸਿਆਣਪ, ਸੂਝ ਅਤੇ ਸਰੀਰਕ ਦਿੱਖ ਤੋਂ ਐਨਾ ਪ੍ਰਭਾਵਿਤ ਹੋ ਗਿਆ ਕਿ ਉਸ ਨੇ ਉਸ ਨੂੰ ਆਪਣਾ ਧਰਮ ਪੁੱਤਰ ਬਣਾ ਕੇ ਆਪਣੇ ਨਾਲ ਹੀ ਜਹਾਜ਼ 'ਤੇ ਰੱਖ ਲਿਆ। ਬਸੰਤ ਹੁਣ ਸੌਦਾਗਰ ਪੁੱਤਰ ਵਜੋਂ ਜਹਾਜ਼ 'ਤੇ ਵਿਚਰ ਰਿਹਾ ਸੀ ਤੇ ਉਹਦੇ ਲਈ ਸਮੁੰਦਰੀ ਸਫ਼ਰ ਦਾ ਆਪਣਾ ਸੁਆਦ ਸੀ। ਜਹਾਜ਼ ਕਈ ਮਹੀਨੇ ਸਮੁੰਦਰ ਦੇ ਪਾਣੀਆਂ 'ਤੇ ਤੈਰਨ ਮਗਰੋਂ ਕਾਮਰੂਪ ਦੇ ਰਾਜ ਵਿੱਚ ਪੁੱਜ ਗਿਆ। ਬੰਦਰਗਾਹ 'ਤੇ ਲੰਗਰ ਸੁਟ ਕੇ ਸੌਦਾਗਰ ਨੇ ਸ਼ਹਿਰ ਦੇ ਇੱਕ ਬਾਗ ਵਿੱਚ ਜਾ ਡੇਰੇ ਲਾਏ। ਬਸੰਤ ਬਹੁਤ ਹੀ ਖ਼ੂਬਸੂਰਤ ਤੇ ਛੈਲ-ਛਬੀਲਾ ਗੱਭਰੂ ਸੀ। ਕਾਮਰੂਪ ਦੀਆਂ ਕਈ ਖ਼ੂਬਸੂਰਤ ਮੁਟਿਆਰਾਂ ਨੇ ਉਹਨੂੰ ਮੋਹ-ਭਿੰਨੀਆਂ ਨਿਗਾਹਾਂ ਨਾਲ ਵੇਖਿਆ ਤੇ ਠੰਢੇ ਹਉਕੇ ਭਰੇ। ਇੱਕ ਦਿਨ ਸੈਰ ਕਰਦੀ ਕਾਮਰੂਪ ਦੀ ਸ਼ਹਿਜ਼ਾਦੀ ਚੰਦਰ ਬਦਨ ਆਪਣੀਆਂ ਸਹੇਲੀਆਂ ਨਾਲ ਬਾਗ ਵਿੱਚ ਪੁੱਜ ਗਈ। ਉਹਨੇ ਬਾਂਕੇ ਬਸੰਤ ਵੱਲ ਵੇਖਿਆ ਤੇ ਵੇਂਹਦਿਆਂ ਸਾਰ ਹੀ ਆਪਣਾ ਦਿਲ ਉਹਨੂੰ ਦੇ ਬੈਠੀ ਤੇ ਘਰ ਆ ਕੇ ਆਪਣੇ ਮਾਂ-ਬਾਪ ਨੂੰ ਆਖਿਆ, ''ਮੈਂ ਤਾਂ ਵਿਆਹ ਹੀ ਸੌਦਾਗਰ ਦੇ ਮੁੰਡੇ ਨਾਲ ਕਰਵਾਉਣਾ, ਨਹੀਂ ਤਾਂ ਸਾਰੀ ਉਮਰ ਕੁਆਰੀ ਰਹਾਂਗੀ।'' ਉਹਦੇ ਮਾਂ-ਬਾਪ ਆਪਣੀ ਧੀ ਦੀ ਜ਼ਿੱਦ ਅੱਗੇ ਠਹਿਰ ਨਾ ਸਕੇ ਤੇ ਉਨ੍ਹਾਂ ਨੇ ਸੌਦਾਗਰ ਨੂੰ ਬੁਲਾ ਕੇ ਚੰਦਰ ਬਦਨ ਦੀ ਸ਼ਾਦੀ ਬਸੰਤ ਨਾਲ ਕਰ ਦਿੱਤੀ। ਐਨੀ ਖ਼ੂਬਸੂਰਤ ਮੁਟਿਆਰ ਬਸੰਤ ਨੇ ਪਹਿਲਾਂ ਕਦੀ ਨਹੀਂ ਸੀ ਤੱਕੀ। ਉਹਦੇ ਮਿਰਗਾਂ ਵਰਗੇ ਨੈਣਾਂ 'ਤੇ ਬਸੰਤ ਫ਼ਿਦਾ ਹੋ ਗਿਆ ਤੇ ਉਸ ਨੇ ਮਿਰਗ ਨੈਣੀਂ ਚੰਦਰ ਬਦਨ ਨੂੰ ਤਨੋ ਮਨੋਂ ਆਪਣਾ ਬਣਾ ਲਿਆ। ਕੁਝ ਦਿਨ ਦੋਨੋਂ ਕਾਮਰੂਪ ਦੇ ਮਹਿਲਾਂ ਦਾ ਆਨੰਦ ਮਾਣ ਕੇ ਜਹਾਜ਼ 'ਤੇ ਆ ਗਏ ਤੇ ਚੰਦਰ ਬਦਨ ਆਪਣੇ ਮਾਂ ਬਾਪ ਤੋਂ ਵਿਦਾਈ ਲੈ ਕੇ ਸਮੁੰਦਰੀ ਸਫ਼ਰ 'ਤੇ ਰਵਾਨਾ ਹੋ ਗਈ। ਜਹਾਜ਼ ਹੁਣ ਵਾਪਸ ਮਿਸਰ ਵੱਲ ਨੂੰ ਪਰਤ ਰਿਹਾ ਸੀ। ਚੰਦਰ ਬਦਨ ਤੇ ਬਸੰਤ ਅਠਖੇਲੀਆਂ ਕਰਦੇ ਪਾਣੀ 'ਤੇ ਮੌਜ-ਮਸਤੀ ਮਾਣਦੇ ਰਹੇ। ਇੱਕ ਦਿਨ ਸੌਦਾਗਰ ਨੇ ਵੇਖਿਆ ਚੰਦਰ ਬਦਨ ਕੱਲਮ 'ਕੱਲੀ ਮਸਤੂਲ ਕੋਲ ਖੜੋਤੀ ਹੋਈ ਚੜ੍ਹਦੇ ਸੂਰਜ ਨੂੰ ਨਿਹਾਰ ਰਹੀ ਸੀ। ਚੜ੍ਹਦੇ ਸੂਰਜ ਦੀ ਲਾਲੀ 'ਚ ਭਿੱਜੀ ਚੰਦਰ ਬਦਨ ਉਹਨੂੰ ਘਾਇਲ ਕਰ ਗਈ। ਉਹ ਸੋਚਣ ਲੱਗਿਆ ਜੇ ਚੰਦਰ ਮੇਰੀ ਬਣ ਜਾਵੇ ਤਾਂ ਸਾਰੀ ਦੁਨੀਆਂ ਦੀ ਦੌਲਤ ਇਹਦੇ 'ਤੇ ਨਿਛਾਵਰ ਕਰ ਦਿਆਂ। ਸੌਦਾਗਰ ਨੇ ਹਰ ਹੀਲੇ ਚੰਦਰ ਬਦਨ ਨੂੰ ਆਪਣੀ ਬਨਾਉਣ ਦਾ ਮਨੋਂ-ਮਨੀ ਫ਼ੈਸਲਾ ਕਰ ਲਿਆ। ਚੰਦਰ ਬਦਨ ਤਾਂ ਸੌਦਾਗਰ ਨੂੰ ਆਪਣੇ ਸਹੁਰੇ ਦੇ ਰੂਪ ਵਿੱਚ ਚਿਤਵ ਰਹੀ ਸੀ ਤੇ ਬਸੰਤ ਆਪਣੇ ਧਰਮ ਪਿਤਾ ਦੇ ਸਮਾਨ ਉਸ ਦਾ ਆਦਰ ਮਾਣ ਕਰਦਾ ਸੀ। ਜਦੋਂ ਮਨੁੱਖ ਦੇ ਅੰਦਰ ਬਦੀ ਉਠਦੀ ਹੈ ਤਾਂ ਉਹ ਚੰਗੇ ਮਾੜੇ ਦੀ ਪਹਿਚਾਣ ਭੁੱਲ ਜਾਂਦਾ ਹੈ। ਇੱਕ ਦਿਨ ਕੀ ਹੋਇਆ ਸੌਦਾਗਰ ਤੇ

ਬਸੰਤ ਜਹਾਜ਼ ਦੇ ਤਖ਼ਤੇ 'ਤੇ ਖੜੋਤੇ ਹੋਏ ਸਨ ਕਿ ਸਮੁੰਦਰ ਵਿੱਚੋਂ ਪਾਣੀ ਦੀ ਛੱਲ ਆਈ ਤੇ ਸੌਦਾਗਰ ਨੇ ਇਕਦਮ ਬਸੰਤ ਨੂੰ ਲੱਕੋਂ ਚੁੱਕ ਕੇ ਫੁਰਤੀ ਨਾਲ ਸਮੁੰਦਰ ਵਿੱਚ ਵਗਾਹ ਮਾਰਿਆ ਤੇ ਰੌਲਾ ਪਾ ਦਿੱਤਾ ਕਿ ਬਸੰਤ ਸਮੁੰਦਰ ਵਿੱਚ ਡਿੱਗ ਕੇ ਡੁੱਬ ਗਿਆ ਹੈ ਤੇ ਨਾਲ ਹੀ ਵਿਰਲਾਪ ਕਰਨ ਲੱਗਿਆ। ਚੰਦਰ ਬਦਨ ਦਾ ਰੋ-ਰੋ ਕੇ ਬੁਰਾ ਹਾਲ ਹੋ ਰਿਹਾ ਸੀ। ਉਹ ਬਸੰਤ ਦਾ ਨਾਂ ਲੈ ਲੈ ਕੇ ਬਹੁੜੀਆਂ ਪਾ ਰਹੀ ਸੀ। ਸੌਦਾਗਰ ਵੀ ਉਸ ਨੂੰ ਧਰਵਾਸਾ ਦੇਣ ਵਿੱਚ ਕੋਈ ਕਸਰ ਨਹੀਂ ਸੀ ਛੱਡ ਰਿਹਾ। ਏਧਰ ਬਸੰਤ ਸਮੁੰਦਰ ਦੇ ਡੂੰਘੇ ਪਾਣੀਆਂ ਵਿੱਚ ਜੀਵਨ ਮੌਤ ਦੀ ਲੜਾਈ ਲੜ ਰਿਹਾ ਸੀ ਤੇ ਸਮੁੰਦਰ ਦੀਆਂ ਕਹਿਰ ਭਰੀਆਂ ਲਹਿਰਾਂ ਉਸ ਨੂੰ ਆਪਣੇ ਵਹਿਣ ਵਿੱਚ ਵਹਾਈ ਜਾ ਰਹੀਆਂ ਸਨ ਕਿ ਅਚਾਨਕ ਇੱਕ ਅਜਿਹੀ ਸੁਨਾਮੀ ਵਰਗੀ ਲਹਿਰ ਆਈ ਜਿਸ ਵਿੱਚ ਇੱਕ ਬੌਂਦਲਿਆ ਹੋਇਆ ਮਗਰਮੱਛ ਰੁੜ੍ਹਿਆ ਜਾ ਰਿਹਾ ਸੀ। ਬਸੰਤ ਨੇ ਹਿੰਮਤ ਕਰਕੇ ਉਸ ਬੌਂਦਲੇ ਹੋਏ ਮਗਰਮੱਛ ਨੂੰ ਜਾ ਜੱਫੀ ਪਾਈ ਤੇ ਮਜ਼ਬੂਤੀ ਨਾਲ ਫੜ ਲਿਆ ਤੇ ਲਹਿਰਾਂ 'ਚ ਵਹਿੰਦਾ ਹੋਇਆ ਮਗਰਮੱਛ ਉਸ ਨੂੰ ਸਮੁੰਦਰ ਦੇ ਕੰਢੇ 'ਤੇ ਲੈ ਆਇਆ ਜਿੱਥੇ ਮਾਹੀਗੀਰ ਮੱਛੀਆਂ ਪਕੜ ਰਹੇ ਸਨ। ਉਨ੍ਹਾਂ ਨੇ ਬਸੰਤ ਨੂੰ ਸਮੁੰਦਰ 'ਚੋਂ ਬਾਹਰ ਕੱਢ ਲਿਆ ਤੇ ਤੁਰੰਤ ਹੀ ਕਈ ਓਹੜ ਪੋਹੜ ਕਰਕੇ ਉਹਦੀ ਜਾਨ ਬਚਾ ਲਈ ਅਤੇ ਆਪਣੇ ਘਰ ਲੈ ਆਏ। ਮਿਸਰ ਦਾ ਇੱਕ ਮਾਲੀ, ਜੋ ਮਾਹੀਗੀਰਾਂ ਦਾ ਜਾਣੂ ਸੀ, ਅੱਗੋਂ ਉਸ ਨੂੰ ਆਪਣੇ ਘਰ ਲੈ ਆਇਆ। ਮਾਲੀ ਮਾਲ੍ਹਣ ਦੇ ਘਰ ਕੋਈ ਔਲਾਦ ਨਹੀਂ ਸੀ। ਉਹ ਉਸ ਨੂੰ ਪੁੱਤਰ ਵਾਂਗ ਸਮਝਦੇ ਹੋਏ ਉਸ ਨੂੰ ਹਰ ਪੱਖੋਂ ਖ਼ੁਸ਼ੀ ਪ੍ਰਦਾਨ ਕਰਨ ਦਾ ਯਤਨ ਕਰ ਰਹੇ ਸਨ। ਉਹ ਹੁਣ ਉਨ੍ਹਾਂ ਦੇ ਘਰ ਖ਼ੁਸ਼ੀਆਂ ਭਰੀ ਜ਼ਿੰਦਗੀ ਬਤੀਤ ਕਰ ਰਿਹਾ ਸੀ। ਮਾਲਣ ਨੂੰ ਉਸ ਨੇ ਸਾਰੀ ਹੋਈ ਬੀਤੀ ਸੁਣਾਈ। ਉਸ ਨੇ ਆਖਿਆ, ''ਪਰਮਾਤਮਾ ਉਸ ਦੀ ਸਾਰ ਲਵੇਗਾ ਤੇ ਚੰਦਰ ਬਦਨ ਉਸ ਨੂੰ ਜ਼ਰੂਰ ਮਿਲੇਗੀ।''

ਸੌਦਾਗਰ ਨੇ ਚੰਦਰ ਬਦਨ ਨੂੰ ਆਪਣੇ ਵੱਸ ਵਿੱਚ ਕਰਨ ਲਈ ਕਈ ਹੀਲੇ ਵਰਤੇ, ਡਰਾਇਆ-ਧਮਕਾਇਆ ਵੀ। ਆਖ਼ਰ ਸੌਦਾਗਰ ਤੋਂ ਖਹਿੜਾ ਛੁਡਾਉਣ ਲਈ ਇੱਕ ਦਿਨ ਚੰਦਰ ਬਦਨ ਨੇ ਚਾਲ ਚੱਲੀ, ''ਤੁਸੀਂ ਮੈਨੂੰ ਇੱਕ ਸਾਲ ਦਾ ਸਮਾਂ ਦੇਵੋ। ਇਸ ਸਮੇਂ ਦੌਰਾਨ ਜੇ ਬਸੰਤ ਜਿਉਂਦਾ ਮਿਲ ਗਿਆ ਤਾਂ ਵਾਹ ਭਲੀ, ਨਹੀਂ ਤੁਹਾਡੇ ਨਾਲ ਰੀਤੀ ਅਨੁਸਾਰ ਸ਼ਾਦੀ ਕਰਵਾ ਲਵਾਂਗੀ।''

ਸੌਦਾਗਰ ਤਾਂ ਉਹਨੂੰ ਪ੍ਰਾਪਤ ਕਰਨ ਲਈ ਇੱਕ ਸਾਲ ਤਾਂ ਕੀ ਕਈ ਸਾਲ ਉਡੀਕਣ ਲਈ ਤਿਆਰ ਸੀ।

ਜਹਾਜ਼ ਵਾਪਸੀ 'ਤੇ ਮਿਸਰ ਵੱਲ ਨੂੰ ਆ ਰਿਹਾ ਸੀ ਤੇ ਚੰਦਰ ਬਦਨ ਸੌਦਾਗਰ ਦੀ ਰੋਜ਼ ਦੀ ਛੇੜਛਾੜ ਤੋਂ ਨਿਸ਼ਚਿੰਤ ਹੋ ਕੇ ਬਸੰਤ ਦੀ ਯਾਦ 'ਚ ਖੋਈ ਸੁਪਨਮਈ ਸੰਸਾਰ ਵਿੱਚ ਖੋ ਗਈ ਸੀ ਤੇ ਉਧਰ ਬਸੰਤ ਮਾਲਣ ਦੇ ਘਰ ਜਹਾਜ਼ ਦੀ ਵਾਪਸੀ ਦੀ ਉਡੀਕ ਕਰ ਰਿਹਾ ਸੀ।

ਆਖ਼ਰ ਜਹਾਜ਼ ਮਿਸਰ ਦੇ ਸਾਹਿਲ 'ਤੇ ਆਣ ਲੱਗਾ। ਬਸੰਤ ਤਾਂ ਚੰਦਰ ਦਾ ਹਾਲ ਜਾਣਨ ਲਈ ਬੇਤਾਬ ਸੀ। ਮਾਲਣ ਫੁੱਲਾਂ ਦੇ ਹਾਰ ਤੇ ਗੁਲਦਸਤੇ ਲੈ ਕੇ ਜਹਾਜ਼ 'ਤੇ ਪੁੱਜ ਗਈ ਤੇ ਚੰਦਰ ਬਦਨ ਦੇ ਗਲ 'ਚ ਹਾਰ ਪਾਉਂਦਿਆਂ ਹੌਲੇ ਦੇਣੇ ਬੋਲੀ, ''ਬੇਟਾ, ਉਦਾਸ ਨਾ ਹੋ ਤੇਰਾ ਸੁਹਾਗ ਜਿਉਂਦਾ ਹੈ। ਬਸੰਤ ਮੇਰੇ ਘਰ ਹੈ। ਉਸ ਨੇ ਸਾਰੀ ਹੱਡਬੀਤੀ ਸੁਣਾਈ ਐ। ਉਹ ਤੇਰੀ ਯਾਦ ਵਿੱਚ ਤੜਪ ਰਿਹਾ ਹੈ। ਮੈਂ ਕੱਲ੍ਹ ਨੂੰ ਫੇਰ ਆਵਾਂਗੀ ਗੁਲਦਸਤਾ ਲੈ ਕੇ...।''

ਐਨਾ ਆਖ ਮਾਲਣ ਜਹਾਜ਼ ਤੋਂ ਪਰਤ ਆਈ ਤੇ ਚੰਦਰ ਬਦਨ ਦੇ ਚਿਹਰੇ ’ਤੇ ਅਨੂਠੀ ਖ਼ੁਸ਼ੀ ਦੀਆਂ ਲਹਿਰਾਂ ਲਹਿ-ਲਹਾਉਣ ਲੱਗੀਆਂ ਤੇ ਉਹਦੇ ਮਨ ਦਾ ਮੋਰ ਪੈਲਾਂ ਪਾਉਣ ਲੱਗਾ। ਮਾਲਣ ਨੇ ਘਰ ਆ ਕੇ ਜਦੋਂ ਬਸੰਤ ਨੂੰ ਚੰਦਰ ਬਦਨ ਦੇ ਪਤੀ ਬ੍ਰਤਾ ਧਰਮ ’ਤੇ ਕਾਇਮ ਰਹਿਣ ਦੀ ਗੱਲ ਦੱਸੀ ਤਾਂ ਉਹਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਬਸੰਤ ਨੂੰ ਇਸ ਗੱਲ ਦਾ ਤਾਂ ਪਤਾ ਲੱਗ ਗਿਆ ਸੀ ਕਿ ਰਾਜਾ ਰੂਪ ਉਹਦਾ ਭਰਾ ਹੈ। ਉਸ ਤਕ ਪਹੁੰਚ ਕਰਨ ਅਤੇ ਚੰਦਰ ਬਦਨ ਨੂੰ ਸੌਦਾਗਰ ਦੇ ਚੁੰਗਲ ਤੋਂ ਬਚਾਉਣ ਲਈ ਉਹਨੇ ਇੱਕ ਵਿਉਂਤ ਬਣਾਈ। ਉਹਨੇ ਮਾਲਣ ਹੱਥ ਇੱਕ ਸੁਨੇਹਾ ਚੰਦਰ ਬਦਨ ਨੂੰ ਭੇਜਿਆ, ‘‘ਚੰਦਰ, ਸ਼ੁਕਰ ਐ ਖ਼ੁਦਾ ਦਾ ਤੰੂ ਡੋਲੀ ਨਹੀਂ। ਸੌਦਾਗਰ ਨੂੰ ਆਖ ਕਿ ਉਹ ਤੇਰੇ ਨਾਲ ਵਿਆਹ ਕਰਾਉਣ ਤੋਂ ਪਹਿਲਾਂ ਤੈਨੂੰ ਰੂਪ ਬਸੰਤ ਦੀ ਕਥਾ ਸੁਣਾਉਣ ਦਾ ਪ੍ਰਬੰਧ ਕਰੇ।’’

ਮਾਲਣ ਗੁਲਦਸਤਾ ਭੇਟ ਕਰਨ ਦੇ ਪੱਜ ਬਸੰਤ ਦਾ ਸੁਨੇਹਾ ਚੰਦਰ ਬਦਨ ਨੂੰ ਦੇ ਆਈ। ਉਹਨੇ ਸੌਦਾਗਰ ਨੂੰ ਆਖਿਆ, ‘‘ਮਾਲਕ, ਮੈਂ ਤੁਹਾਨੂੰ ਹੋਰ ਤੜਪਾਉਣਾ ਨਹੀਂ ਚਾਹੁੰਦੀ, ਵਿਆਹ ਕਰਾਉਣ ਲਈ ਹੁਣੇ ਤਿਆਰ ਹਾਂ। ਵਿਆਹ ਤੋਂ ਪਹਿਲਾਂ ਰੀਤੀ ਅਨੁਸਾਰ ਮੈਂ ਰੂਪ ਬਸੰਤ ਦੀ ਕਥਾ ਸੁਣਨਾ ਚਾਹੁੰਦੀ ਹਾਂ। ਤਦ ਹੀ ਵਿਆਹ ਸੰਪੂਰਨ ਹੋਵੇਗਾ।’’ ‘‘ਚੰਦਰ ਤੇਰੀ ਇਹ ਮੰਗ ਵੀ ਪੂਰੀ ਹੋ ਜਾਵੇਗੀ, ਤੇਰੇ ਲਈ ਤਾਂ ਮੈਂ ਪਹਾੜ ਵੀ ਖ਼ੁਣ ਸਕਦਾ ਹਾਂ। ਅੱਜ ਹੀ ਰਾਜਾ ਰੂਪ ਦੇ ਦਰਬਾਰ ’ਚ ਜਾ ਕੇ ਇਸ ਦਾ ਪ੍ਰਬੰਧ ਕਰਦਾ ਹਾਂ।’’

ਸੌਦਾਗਰ ਨੇ ਰਾਜਾ ਰੂਪ ਦੇ ਦਰਬਾਰ ਵਿੱਚ ਜਾ ਅਰਜ਼ ਗੁਜ਼ਾਰੀ। ਰੂਪ ਤਾਂ ਆਪ ਇਹ ਕਥਾ ਸੁਣਨ ਲਈ ਉਤਾਵਲਾ ਸੀ। ਉਹਨੇ ਸਾਰੇ ਰਾਜ ਵਿੱਚ ਡੌਂਡੀ ਪਿਟਵਾ ਦਿੱਤੀ ਕਿ ਜਿਹੜਾ ਵਿਅਕਤੀ ਰਾਜ ਦਰਬਾਰ ਵਿੱਚ ਆ ਕੇ ਰੂਪ ਬਸੰਤ ਦੀ ਕਥਾ ਸੁਣਾਵੇਗਾ ਉਹਨੂੰ ਮੂੰਹ ਮੰਗਿਆ ਇਨਾਮ ਮਿਲੇਗਾ।

ਅਗਲੀ ਭਲਕ ਮਾਲੀ ਨੇ ਰਾਜਾ ਰੂਪ ਦੇ ਦਰਬਾਰ ਵਿੱਚ ਹਾਜ਼ਰ ਹੋ ਕੇ ਅਰਜ਼ ਕੀਤੀ, ‘‘ਮਹਾਰਾਜ ਮੇਰੀ ਬੇਟੀ ਰੂਪ ਬਸੰਤ ਦੀ ਕਥਾ ਜਾਣਦੀ ਹੈ। ਉਹਨੇ ਕਦੇ ਪਰਾਏ ਮਰਦ ਦਾ ਮੂੰਹ ਨਹੀਂ ਵੇਖਿਆ। ਮੇਰੇ ਘਰ ਤੋਂ ਸਾਰੇ ਰਾਹ ਵਿੱਚ ਕਨਾਤਾਂ ਲਗਵਾ ਦੇਵੋ। ਉਹ ਡੋਲੀ ’ਚ ਬੈਠ ਕੇ ਤੁਹਾਡੇ ਦਰਬਾਰ ’ਚ ਹਾਜ਼ਰ ਹੋਵੇਗੀ ਤੇ ਕਥਾ ਸੁਣਾਵੇਗੀ।

ਬਸੰਤ ਨੂੰ ਡਰ ਸੀ ਕਿ ਪਹਿਲਾਂ ਵਾਂਗ ਕੋਤਵਾਲ ਉਹਨੂੰ ਪਛਾਣ ਨਾ ਲਵੇ। ਇਸ ਲਈ ਉਹਨੇ ਆਪਣਾ ਭੇਸ ਬਦਲ ਕੇ ਰਾਜ ਦਰਬਾਰ ਵਿੱਚ ਜਾਣ ਦੀ ਵਿਉਂਤ ਬਣਾਈ ਸੀ।

ਸਾਰੇ ਰਾਹ ਵਿੱਚ ਕਨਾਤਾਂ ਲੱਗ ਗਈਆਂ। ਮਾਲ੍ਹਣ ਨੇ ਬਸੰਤ ਦਾ ਸਿਰ ਗੁੰਦ ਕੇ ਉਸ ਨੂੰ ਇੱਕ ਖ਼ੂਬਸੂਰਤ ਮੁਟਿਆਰ ਦੇ ਰੂਪ ਵਿੱਚ ਸ਼ਿੰਗਾਰ ਦਿੱਤਾ ਤੇ ਕਹਾਰ ਉਸ ਨੂੰ ਡੋਲੀ ਵਿੱਚ ਬਿਠਾ ਕੇ ਰਾਜ ਦਰਬਾਰ ਵਿੱਚ ਲੈ ਆਏ।

ਰਾਜ ਦਰਬਾਰ ਵਿੱਚ ਖ਼ੂਬ ਰੌਣਕਾਂ ਸਨ। ਰਾਜਾ ਰੂਪ ਰਾਜ ਸਿੰਘਾਸਣ ’ਤੇ ਬਿਰਾਜਮਾਨ ਸੀ। ਸੌਦਾਗਰ ਅਤੇ ਹੋਰ ਅਹਿਲਕਾਰ ਰਾਜੇ ਦੇ ਨਾਲ ਸੁਸ਼ੋਭਤ ਸਨ ਤੇ ਚੰਦਰ ਬਦਨ ਰਾਜ ਮਹਿਲ ਦੇ ਚਿਲਮਨ ਵਿੱਚ ਬੈਠੀ ਹੋਈ ਸੀ।

ਮਾਲਣ ਦੀ ਧੀ ਨੇ ਕਥਾ ਸ਼ੁਰੂ ਕਰਨ ਲਈ ਰਾਜਾ ਰੂਪ ਪਾਸੋਂ ਆਗਿਆ ਮੰਗੀ, ‘‘ਮਹਾਰਾਜ ਆਗਿਆ ਹੋਵੇ ਤਾਂ ਕਥਾ ਸ਼ੁਰੂ ਕਰਾਂ।’’

''ਆਗਿਆ ਹੈ! ਨਿਰਵਿਘਨ ਸੁਣਾਓ!'' ਰੂਪ ਨੇ ਹੱਥ ਖੜ੍ਹਾ ਕਰਕੇ ਆਗਿਆ ਦੇ ਦਿੱਤੀ। ਮਾਲਣ ਦੀ ਧੀ ਬਣੇ ਬਸੰਤ ਨੇ ਜਦੋਂ ਵੈਰਾਗਮਈ ਬੋਲਾਂ ਵਿੱਚ ਰੂਪ ਬਸੰਤ ਦੀ ਕਥਾ ਸ਼ੁਰੂ ਕੀਤੀ ਤਾਂ ਸਾਰੇ ਦਰਬਾਰ ਵਿੱਚ ਸੰਨਾਟਾ ਛਾ ਗਿਆ। ਉਸ ਨੇ ਆਪਣੇ ਪਿੰਡੇ 'ਤੇ ਹੰਢਾਈ ਕਥਾ ਨੂੰ ਅਜਿਹੇ ਮਾਰਮਿਕ ਸ਼ਬਦਾਂ ਵਿੱਚ ਬਿਆਨ ਕੀਤਾ ਕਿ ਰਾਜਾ ਰੂਪ ਦੀਆਂ ਅੱਖੀਆਂ ਵਿੱਚੋਂ ਵੈਰਾਗ ਦੇ ਅੱਥਰੂਆਂ ਦੀਆਂ ਧਾਰਾਂ ਵਹਿ ਤੁਰੀਆਂ। ਕਥਾ ਸੁਣਦਿਆਂ ਜਦੋਂ ਉਸ ਨੇ ਆਪਣੇ ਰਾਜ ਦੇ ਕੋਤਵਾਲ, ਚੌਕੀਦਾਰ ਅਤੇ ਵੇਸਵਾ ਦੇ ਬਸੰਤ ਪ੍ਰਤੀ ਅਪਣਾਏ ਵਤੀਰੇ ਦਾ ਬਿਰਤਾਂਤ ਸੁਣਿਆ ਤਾਂ ਉਸ ਨੇ ਉਨ੍ਹਾਂ ਨੂੰ ਉਸੇ ਵਕਤ ਗ੍ਰਿਫ਼ਤਾਰ ਕਰਨ ਦਾ ਹੁਕਮ ਸੁਣਾ ਦਿੱਤਾ।

ਕਥਾ ਸੁਣ ਰਹੇ ਸੌਦਾਗਰ ਦੇ ਦਿਲ ਨੂੰ ਉਦੋਂ ਹੀ ਕਾਂਬਾ ਛਿੜ ਪਿਆ ਜਦੋਂ ਮਾਲਣ ਦੀ ਧੀ ਨੇ ਬਸੰਤ ਨੂੰ ਬਲੀ ਦੇਣ ਲਈ ਸੌਦਾਗਰ ਦੇ ਹਵਾਲੇ ਕਰਨ ਦਾ ਕਿੱਸਾ ਸ਼ੁਰੂ ਕੀਤਾ। ਜਦੋਂ ਰਾਜਾ ਰੂਪ ਨੇ ਸੌਦਾਗਰ ਵੱਲੋਂ ਚੰਦਰ ਬਦਨ ਨੂੰ ਆਪਣੀ ਬਣਾਉਣ ਖਾਤਰ ਬਸੰਤ ਨੂੰ ਸਮੁੰਦਰ ਵਿੱਚ ਸੁੱਟਣ ਦਾ ਬਿਰਤਾਂਤ ਸੁਣਿਆ ਤਾਂ ਉਹ ਇਕਦਮ ਅੱਗ ਬਗੂਲਾ ਹੋ ਗਿਆ ਤੇ ਤੁਰੰਤ ਹੀ ਸੌਦਾਗਰ ਨੂੰ ਹੱਥਕੜੀਆਂ ਲਾਉਣ ਦੇ ਆਦੇਸ਼ ਦੇ ਦਿੱਤੇ।

ਰੂਪ ਦੀ ਹਾਲਤ ਹੁਣ ਵੇਖੀ ਨਹੀਂ ਸੀ ਜਾਂਦੀ ਤੇ ਭੁੱਬਾਂ ਮਾਰ-ਮਾਰ ਰੋ ਰਿਹਾ ਸੀ। ''ਦਿਲ ਥੋੜ੍ਹਾ ਨਾ ਕਰ ਰਾਜਨ! ਬਸੰਤ ਡੁੱਬਿਆ ਨਹੀਂ! ਜਿਉਂਦਾ ਹੈ।'' ਮਾਲਣ ਦੀ ਧੀ ਨੇ ਕਥਾ ਅਗਾਂਹ ਤੋਰੀ, ''ਰਾਜਨ ਕੁਦਰਤ ਦੇ ਰੰਗ ਨਿਆਰੇ ਨੇ। ਬਸੰਤ ਨੇ ਹਿੰਮਤ ਨਾ ਹਾਰੀ ਉਹ ਸਮੁੰਦਰ ਦੀਆਂ ਖ਼ੂਨੀ ਛੱਲਾਂ ਨਾਲ ਘੋਲ ਕਰਦਾ ਹੋਇਆ ਸਾਗਰ ਦੇ ਕੰਢੇ ਆਣ ਲੱਗਾ ਜਿੱਥੇ ਮਾਹੀਗੀਰ ਮੱਛੀਆਂ ਫੜ ਰਹੇ ਸਨ। ਉਨ੍ਹਾਂ ਨੇ ਬੇਸੁੱਧ ਬਸੰਤ ਨੂੰ ਹੋਸ਼ ਵਿੱਚ ਲਿਆਂਦਾ ਤੇ ਉਹ ਹੁਣ ਮਾਲਣ ਦੀ ਧੀ ਦੇ ਭੇਸ ਵਿੱਚ ਤੁਹਾਨੂੰ ਕਥਾ ਸੁਣਾ ਰਿਹਾ ਹੈ।''

ਕਥਾ ਦਾ ਆਖਰੀ ਵਾਕ ਸੁਣਦੇ ਸਾਰ ਹੀ ਰਾਜਾ ਰੂਪ ਆਪਣੇ ਸਿੰਘਾਸਣ ਤੋਂ ਇਕਦਮ ਉੱਠ ਖੜ੍ਹਾ ਹੋਇਆ ਤੇ ਦੌੜ ਕੇ ਬਸੰਤ ਨੂੰ ਆ ਗਲਵੱਕੜੀ ਪਾਈ! ਦੋਨੋਂ ਕਾਫ਼ੀ ਸਮਾਂ ਹਉਕੇ ਤੇ ਸਿਸਕੀਆਂ ਭਰਦੇ ਰਹੇ।... ਸਾਰੇ ਰਾਜ ਦਰਬਾਰੀਆਂ ਦੀਆਂ ਅੱਖੀਆਂ ਨਮ ਸਨ। ਚੰਦਰ ਬਦਨ ਨੂੰ ਵੀ ਹਰਮ ਵਿੱਚੋਂ ਬੁਲਾ ਲਿਆ ਗਿਆ। ਬਸੰਤ ਤੇ ਚੰਦਰ ਬਦਨ ਆਪੋ ਵਿੱਚ ਮਿਲ ਕੇ ਸਰਸ਼ਾਰ ਹੋ ਗਏ। ਖ਼ੁਸ਼ੀਆਂ ਦਾ ਕੋਈ ਪਾਰਾ-ਵਾਰ ਨਹੀਂ ਸੀ। ਰਾਜਧਾਨੀ ਵਿੱਚ ਦੀਪਮਾਲਾ ਕੀਤੀ ਗਈ ਤੇ ਖੈਰਾਤਾਂ ਵੰਡੀਆਂ ਗਈਆਂ।

ਰਾਜਾ ਰੂਪ ਦੇ ਹੁਕਮ 'ਤੇ ਬਸੰਤ ਦੇ ਧਰਮ ਮਾਤਾ-ਪਿਤਾ ਘੁਮਾਰ ਤੇ ਘੁਮਾਰੀ ਅਤੇ ਮਾਲੀ-ਮਾਲ੍ਹਣ ਨੂੰ ਢੇਰ ਸਾਰੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਉਪਰੰਤ ਬਸੰਤ ਦੇ ਜੀਵਨ ਦਾਤੇ ਜੋਗੀ ਮੰਗਲ ਨਾਥ ਦੀ ਭਾਲ ਕਰਕੇ ਉਸ ਨੂੰ ਵੀ ਰਾਜ ਦਰਬਾਰ ਵਿੱਚ ਸ਼ਾਹੀ ਸਨਮਾਨ ਨਾਲ ਨਿਵਾਜਿਆ ਗਿਆ। ਕੋਤਵਾਲ, ਚੌਕੀਦਾਰ, ਵੇਸਵਾ ਅਤੇ ਸੌਦਾਗਰ ਨੂੰ ਸਖ਼ਤ ਸਜ਼ਾਵਾਂ ਭੁਗਤਣ ਲਈ ਜੇਲ੍ਹ ਭੇਜ ਦਿੱਤਾ ਗਿਆ।

ਕੁਝ ਸਮਾਂ ਮਿਸਰ ਦੀ ਰਾਜਧਾਨੀ 'ਚ ਰਹਿਣ ਮਗਰੋਂ ਰੂਪ ਤੇ ਬਸੰਤ ਆਪਣੇ ਪਿਤਾ ਨੂੰ ਮਿਲਣ ਲਈ ਸੰਗਲਾਦੀਪ ਆਏ। ਖੜਗ ਸੈਨ ਹੁਣ ਬੁੱਢਾ ਹੋ ਚੁੱਕਿਆ ਸੀ ਅਤੇ ਚੰਦਰਵਤੀ ਕਈ ਵਰ੍ਹੇ ਪਹਿਲਾਂ ਆਪਣੇ ਅੰਤਹਿਕਰਣ ਦੀ ਆਵਾਜ਼ ਸੁਣ ਕੇ ਪਸ਼ਚਾਤਾਪ ਵਿੱਚ ਮਹੁਰਾ ਚੱਟ ਕੇ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਚੁੱਕੀ ਸੀ। ਦੋਹਾਂ ਪੁੱਤਰਾਂ ਨੂੰ ਮਿਲ

ਕੇ ਖੜਗ ਸੈਨ ਦੇ ਝੁਰੜਾਏ ਚਿਹਰੇ ’ਤੇ ਖ਼ੁਸ਼ੀ ਦੀ ਲਹਿਰ ਦੌੜ ਗਈ। ਉਸ ਨੇ ਬਸੰਤ ਨੂੰ ਸੰਗਲਾਦੀਪ ਦਾ ਰਾਜ-ਭਾਗ ਸੰਭਾਲ ਦਿੱਤਾ ਤੇ ਆਪ ਬਣ-ਪ੍ਰਸਤ ਧਾਰਨ ਕਰ ਲਿਆ। ਕੁਝ ਦਿਨਾਂ ਮਗਰੋਂ ਰੂਪ ਮਿਸਰ ਦੀ ਰਾਜਧਾਨੀ ਨੂੰ ਪਰਤ ਆਇਆ।